
ਸਿਰਜਣਾ
ਜਨਵਰੀ-ਮਾਰਚ 2026
219
50 ਰੁਪਏ

# ਸਿਰਜਣਾ

**219**

ਜਨਵਰੀ-ਮਾਰਚ 2026

ਸੰਪਾਦਕ : ਰਘਬੀਰ ਸਿੰਘ
**Editor : Raghbir Singh**

1728, ਸੈਕਟਰ 43-ਬੀ,
ਚੰਡੀਗੜ੍ਹ-160 043
ਫੋਨ : +91-172-2601693

***SIRJANA***
*1728, Sector 43-B,*
*Chandigarh-160 043*
*INDIA*
*Phone : +91-172-2601693*
*E-mail :*
*sirjanasahitak@gmail.com*

**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**

## ਇਸ ਅੰਕ ਵਿਚ

ਸੰਪਾਦਕੀ/ਦੇਵ ਦਾ ਵਿਛੋੜਾ/1
ਰਾਜਾ ਸਾਦਿਕ ਉੱਲਾ/ਛੇ ਕਵਿਤਾਵਾਂ/3
ਦੇਵਿੰਦਰ ਬਿਮਰਾ/ਕਵਿਤਾ/ਜੈ ਜੈ ਬੋਲ/6
ਗੁਰਿੰਦਰਜੀਤ/ਤਿੰਨ ਕਵਿਤਾਵਾਂ/7
ਜਸਵੰਤ ਦੀਦ/ਯਾਦ/ਹਨ੍ਹੇਰੇ 'ਚ ਖੁੱਭਿਆ ਕੱਚ-ਸੁਰਜੀਤ ਪਾਤਰ/9
ਜਤਿੰਦਰ ਸਿੰਘ ਹਾਂਸ/ਕਹਾਣੀ/ਨਰ-ਮੇਧ ਯੱਗ/23
ਲਾਲ ਸਿੰਘ/ਕਹਾਣੀ/ਰੂ-ਬ-ਰੂ/30
ਅੰਬਰ ਹੁਸੈਨੀ/ਕਹਾਣੀ/ਆਹ ਕੋਈ ਮਸਲਾ?…/47
ਅਨੇਮਨ ਸਿੰਘ/ਕਹਾਣੀ/ਬੁਗਚੂ/53
ਬਲਬੀਰ ਪਰਵਾਨਾ/ਲੇਖ/'ਰੌਲ਼ਿਆਂ ਵੇਲੇ' ਦੀ ਰਚਨਾ ਪ੍ਰਕਿਰਿਆ/63
ਗੁਰਦੇਵ ਸਿੰਘ ਸਿੱਧੂ/ਲੇਖ/ਗ਼ਦਰੀ ਐਜੂਕੇਸ਼ਨਲ ਵਜ਼ੀਫੇ/70
ਵਰਿਆਮ ਸਿੰਘ ਸੰਧੂ ਦੀ ਕਾਵਿ-ਉਡਾਰੀ
'ਵਰ੍ਹਿਆਂ ਪਿੱਛੋਂ'/ਰਾਜਿੰਦਰਪਾਲ ਸਿੰਘ/78
ਚੰਦਰ ਮੋਹਨ/ਰਿਵਿਊ/ਮਨਕਥੀਆਂ/84
ਹਰਿੰਦਰ ਸਿੰਘ ਬਰਾੜ/ਰਿਵਿਊ/ਹਵੇਲੀਆਲ਼ਾ/87
ਜੇ ਬੀ ਸੇਖੋਂ/ਰਿਵਿਊ/ਮੌਸਮ ਠੀਕ ਨਹੀਂ/89
ਦਵਿੰਦਰ ਸਿੰਘ ਬੋਹਾ/ਰਿਵਿਊ/ਤੇਰੇ ਕਰਕੇ/92
ਪਰਗਟ ਸਿੰਘ ਬਰਾੜ/ਰਿਵਿਊ/ਰਾਵੀ ਤੋਂ
ਘੱਗਰ ਵਾਇਆ ਸਤਲੁਜ/94

ਟਾਈਟਲ ਤਸਵੀਰ : ਦੇਵ (1947-2025)

ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ
ਵਿਦੇਸ਼-ਹਵਾਈ ਡਾਕ ਰਾਹੀਂ : ਪੰਜ ਸਾਲ : 100 ਅਮਰੀਕਨ ਡਾਲਰ

*ਸੰਪਾਦਕੀ*

# *ਦੇਵ ਦਾ ਵਿਛੋੜਾ*

*ਦੇਵ ਦੇ ਸਦੀਵੀ ਵਿਛੋੜਾ ਦੇ ਜਾਣ ਦੀ ਖ਼ਬਰ ਪੰਜਾਬੀ ਸਾਹਿਤ ਜਗਤ ਲਈ ਬਹੁਤ ਵੱਡੇ ਸਦਮੇ ਵਾਲੀ ਘਟਨਾ ਹੈ। ਸੱਤ ਦਸੰਬਰ ਨੂੰ ਉਹ ਸਵਿਟਜ਼ਰਲੈਂਡ ਦੀ ਰਾਜਧਾਨੀ ਬਰਨ ਦੇ ਲਾਗੇ ਰੁਬੀਗਨ ਨਾਉਂ ਦੇ ਪਿੰਡ ਵਿਚਲੇ ਆਪਣੇ ਸਟੂਡੀਉ ਨੁਮਾ ਘਰ ਵਿਚ ਮਰਿਆ ਪਾਇਆ ਗਿਆ। ਹੋਰ ਵੀ ਵੱਡੀ ਤ੍ਰਾਸਦੀ ਵਾਲੀ ਗੱਲ ਇਹ ਕਿ ਇਕੱਲੇ ਰਹਿੰਦਿਆਂ ਹੋਣ ਕਰਕੇ ਉਸਦੀ ਮੌਤ ਦਾ ਕਈ ਦਿਨਾਂ ਤਕ ਪਤਾ ਹੀ ਨਾ ਚੱਲਿਆ। ਸੁਰਜੀਤ ਪਾਤਰ ਤੋਂ ਮਗਰੋਂ ਇਕ ਸਾਲ ਦੇ ਵਕਫੇ ਨਾਲ ਹੀ ਇਕ ਹੋਰ ਸਿਖਰਲੇ ਸਿਰਜਕ ਦਾ ਅਚਾਨਕ ਵਿਛੜ ਜਾਣਾ ਸੱਚਮੁੱਚ ਬਹੁਤ ਦੁਖਦਾਈ ਹੈ।*

*ਕਵਿਤਾ ਅਤੇ ਚਿੱਤਰਕਾਰੀ ਦੋਹਾਂ ਹੀ ਖੇਤਰਾਂ ਵਿਚ ਪ੍ਰਤਿਭਾਸ਼ੀਲ ਹੋਣਾ ਕਿਸੇ ਵਿਰਲੇ ਦੇ ਹੀ ਹਿੱਸੇ ਆਉਂਦਾ ਹੈ। ਦੇਵ ਨੂੰ ਦੋਹਾਂ ਵਿਚ ਨਿਪੁੰਨਤਾ ਹਾਸਲ ਸੀ ਅਤੇ ਦੋਹਾਂ ਖੇਤਰਾਂ ਵਿਚ ਹੀ ਉਸਦੀ ਨਿਵੇਕਲੀ ਪਛਾਣ ਸੀ। ਅੱਖਰਕਾਰੀ ਤੇ ਪੂਰਬੀ ਸਭਿਆਚਾਰਕ ਚਿੰਨ੍ਹਾਂ ਦੇ ਆਧੁਨਿਕ ਪੱਛਮੀ ਸ਼ੈਲੀ ਨਾਲ ਸੁਮੇਲ 'ਚੋਂ ਉਪਜੀ ਉਸਦੀ ਚਿੱਤਰਕਾਰੀ ਦੇਸ਼-ਦੇਸ਼ਾਂਤਰਾਂ ਦੇ ਕਿਸੇ ਵੀ ਹੋਰ ਚਿੱਤਰਕਾਰ ਦੀ ਰਚਨਾ ਨਾਲ ਮੇਲ ਨਹੀਂ ਖਾਂਦੀ ਅਤੇ ਆਪਣੀ ਵਿਲੱਖਣਤਾ ਸਦਕਾ ਸਿਰਫ ਦੇਵ ਦੀ ਹੀ ਕਲਾ ਕਿਰਤ ਹੋਣ ਵਜੋਂ ਪਛਾਣੀ ਜਾਂਦੀ ਹੈ। ਇਉਂ ਹੀ ਦੇਵ ਦੀ ਕਵਿਤਾ ਹੈ; ਨਵੇਂ ਬਿੰਬਾਂ, ਸਹਿਜ ਬੁਣਤੀ ਤੇ ਵੱਖਰੀ ਤਰ੍ਹਾਂ ਦੀ ਪੇਸ਼ਕਾਰੀ ਸਹਿਤ, ਪੰਜਾਬੀ ਦੇ ਹੋਰ ਕਿਸੇ ਵੀ ਕਵੀ ਦੀ ਰਚਨਾ ਨਾਲੋਂ ਅਸਲੋਂ ਅੱਡਰੀ ਤੇ ਨਿਆਰੀ। ਚਿੱਤਰਕਾਰੀ ਲਈ ਤਾਂ ਖ਼ੈਰ ਕਿਸੇ ਭਾਸ਼ਾ ਦੀ ਮੁਥਾਜੀ ਨਹੀਂ ਹੁੰਦੀ, ਪਰ ਕਵੀ ਹੋਣ ਬਾਰੇ ਦੇਵ ਦਾ ਕਹਿਣਾ ਸੀ ਕਿ ਉਹ 'ਪੰਜਾਬੀ ਕਵੀ' ਨਹੀਂ, ਸਿਰਫ ਕਵੀ ਹੈ ਜੋ ਪੰਜਾਬੀ ਵਿਚ ਕਵਿਤਾ ਲਿਖਦਾ ਹੈ। ਉਸਦਾ ਇਹ ਕਥਨ ਉਸ ਵਿਲੱਖਣਤਾ ਵਿਚੋਂ ਨਿਕਲਦਾ ਸੀ ਜੋ ਸਾਹਿਤ ਤੇ ਕਲਾ ਦੇ ਨਾਲ ਉਸਦੀ ਤਰਜ਼-ਏ-ਜ਼ਿੰਦਗੀ ਦਾ ਵੀ ਲੱਛਣ ਸੀ।*

*ਆਜ਼ਾਦੀ ਹਾਸਲ ਹੋਣ ਅਤੇ ਦੇਸ਼-ਵੰਡ ਵਾਲੇ ਸਾਲ 1947 ਵਿਚ ਜਗਰਾਉਂ ਵਿਚ ਜਨਮੇ ਦੇਵ ਨੇ ਆਪਣੇ ਬਚਪਨ ਦੇ ਵਰ੍ਹੇ ਪਰਿਵਾਰ ਨਾਲ ਕੇਨੀਆ ਵਿਚ ਬਿਤਾਏ ਸਨ। ਜਵਾਨੀ ਵਿਚ ਪੈਰ ਧਰਨ 'ਤੇ ਉਹ ਇਕੱਲਾ ਹੀ ਦੇਸ਼ ਪਰਤ ਆਇਆ ਸੀ। ਉਸਨੇ ਵਿਧੀਵਤ ਰੂਪ ਵਿਚ ਕੋਈ ਉਚੇਰੀ ਸਿੱਖਿਆ ਗ੍ਰਹਿਣ ਨਹੀਂ ਸੀ ਕੀਤੀ। ਨਾ ਹੀ ਉਸਨੇ ਚਿੱਤਰਕਾਰੀ ਦੇ ਖੇਤਰ ਵਿਚ ਰਸਮੀ ਤੌਰ 'ਤੇ ਕੋਈ ਸਿੱਖਿਆ ਜਾਂ ਸਿਖਲਾਈ ਲਈ ਸੀ। ਪਰ ਕਈ ਭਾਸ਼ਾਵਾਂ ਵਿਚ ਕੁਸ਼ਲਤਾ ਸਮੇਤ ਸਾਹਿਤ ਤੇ ਪੇਂਟਿੰਗ ਦੇ ਨਾਲ ਨਾਲ ਉਸਨੂੰ ਅਨੇਕਾਂ ਵਿਸ਼ਿਆਂ ਦਾ ਗੂੜ੍ਹ ਗਿਆਨ ਹਾਸਲ ਸੀ।*

*'ਸਿਰਜਣਾ' ਅਤੇ ਦੇਵ ਦਾ ਸਾਹਿਤਕ ਸਫ਼ਰ ਲਗਪਗ ਇਕੋ ਸਮੇਂ ਸ਼ੁਰੂ ਹੋਇਆ ਸੀ। ਸਾਲ 1965 ਵਿਚ 'ਸਿਰਜਣਾ' ਦਾ ਪ੍ਰਕਾਸ਼ਨ ਆਰੰਭ ਹੋ ਚੁੱਕਿਆ ਸੀ। ਅਤੇ ਦੇਵ ਦੀ ਪਹਿਲੀ ਕਵਿਤਾ 1966 ਵਿਚ 'ਸਿਰਜਣਾ' ਵਿਚ ਛਪੀ ਸੀ। ਉਦੋਂ ਤੋਂ ਹੀ 'ਸਿਰਜਣਾ' ਤੇ ਦੇਵ ਇਕੋ ਸਮੇਂ ਪੰਜਾਬੀ ਸਾਹਿਤ-ਜਗਤ ਵਿਚ ਅਗਾਂਹ ਵਧਦੇ ਗਏ ਸਨ। ਛੇ ਦਹਾਕਿਆਂ ਦੇ ਲੰਮੇ ਸਾਹਿਤਕ ਸਫਰ ਦੌਰਾਨ ਦੇਵ ਨਾਲ ਸੰਪਾਦਕ ਸਿਰਜਣਾ ਦੀ ਸਾਂਝ ਵੀ ਗੂੜ੍ਹੀ ਹੁੰਦੀ ਗਈ ਜੋ ਪੱਕੀ ਪੀਡੀ ਦੋਸਤੀ ਦੀ ਤੰਦ ਵਿਚ ਵਟ ਗਈ ਸੀ।*

*ਦੇਸ਼ ਵਿਚ ਰਹਿੰਦਿਆਂ ਮੁੱਢਲੇ ਸਾਲਾਂ ਵਿਚ ਥੋੜ੍ਹਾ ਬਹੁਤ ਸੰਘਰਸ਼ ਕਰਨ ਤੋਂ ਮਗਰੋਂ ਜਦੋਂ ਦੇਵ ਕੁਝ ਪਛਾਣ ਬਣਾਉਣ ਦੇ ਸਮਰੱਥ ਹੋਇਆ ਤਾਂ ਉਹ ਸਵਿਟਜ਼ਰਲੈਂਡ ਉਡਾਰੀ ਮਾਰ ਗਿਆ।*

*ਸਵਿਟਜ਼ਰਲੈਂਡ ਪਰਵਾਸ ਤੋਂ ਪਹਿਲਾਂ ਉਹ ਆਪਣੀ ਨਿਵੇਕਲੀ ਤਰਜ਼-ਏ-ਜ਼ਿੰਦਗੀ ਦੇ ਨਿਸ਼ਾਨ ਛੱਡ ਚੁੱਕਾ ਸੀ। ਮਾਪਿਆਂ ਤੇ ਭੈਣ ਭਰਾਵਾਂ ਵਾਲੇ ਇੰਗਲੈਂਡ ਵਸਦੇ ਮੁੱਢਲੇ ਪਰਿਵਾਰ ਵੱਲੋਂ ਤਾਂ ਉਹ ਕਿਸੇ ਕਾਰਨ ਪਹਿਲਾਂ ਹੀ ਉਪਰਾਮ ਸੀ। ਦੇਸ ਵਿਚ ਹੁੰਦਿਆਂ ਉਸਨੇ ਆਪਣੇ ਤੋਂ ਚੋਖੀ ਵਡੇਰੀ ਉਮਰ ਦੀ ਔਰਤ ਨਾਲ ਸ਼ਾਦੀ ਕੀਤੀ। ਪਤਨੀ ਨਾਲ ਅਤੇ ਅਗਾਂਹ ਉਸ ਤੋਂ ਆਪਣੇ ਪੁੱਤਰ ਨਾਲ ਵੀ ਰਵਾਇਤੀ ਸਮਾਜਕ ਰਿਸ਼ਤਾ ਉਹ ਨਿਭਾਅ ਨਹੀਂ ਸੀ ਸਕਿਆ। ਤੋੜ ਵਿਛੋੜਾ ਕਰਕੇ ਆਪਣੇ ਕਲਾਤਮਕ ਖੰਭ ਖਿਲਾਰਦਾ ਹੋਇਆ ਉਹ ਉਡਾਰੀ ਮਾਰ ਗਿਆ ਸੀ।*

*ਸਵਿਟਜ਼ਰਲੈਂਡ ਰਹਿੰਦਿਆਂ ਚਿੱਤਰਕਾਰ ਵਜੋਂ ਦੇਵ ਨੂੰ ਸੱਚਮੁੱਚ ਬਹੁਤ ਵੱਡੀ ਪਛਾਣ ਮਿਲੀ। ਯੂਰਪ ਦੇ ਵੱਖ ਵੱਖ ਸ਼ਹਿਰਾਂ ਵਿਚ ਉਸਦੀਆਂ ਕਲਾ ਕਿਰਤਾਂ ਦੀਆਂ ਸਮੇਂ ਸਮੇਂ ਪ੍ਰਦਰਸ਼ਨੀਆਂ ਲੱਗਦੀਆਂ ਰਹਿੰਦੀਆਂ ਸਨ ਅਤੇ ਬਹੁਤ ਚੰਗੇ ਮੁੱਲ 'ਤੇ ਉਸਦੇ ਚਿੱਤਰ ਖਰੀਦੇ ਵੀ ਜਾਂਦੇ ਸਨ। ਵਿਅਕਤੀਗਤ ਖਰੀਦਾਰਾਂ ਵੱਲੋਂ ਵੀ, ਸੰਸਥਾਵਾਂ ਤੇ ਵਪਾਰਕ ਅਦਾਰਿਆ ਵੱਲੋਂ ਵੀ। ਨਾਮਵਰ ਗੈਲਰੀਆਂ ਨਾਲ ਉਸਦੇ ਕਾਂਟਰੈਕਟ ਸਨ ਜੋ ਕਲਾਕਾਰ ਵਜੋਂ ਉਸਨੂੰ ਪ੍ਰੋਮੋਟ ਕਰਦੀਆਂ ਉਸਦੇ ਚਿੱਤਰਾਂ ਦੀਆਂ ਨੁਮਾਇਸ਼ਾਂ ਲਾਉਂਦੀਆਂ ਸਨ।*

*ਸਮਾਜਕ ਰਿਸ਼ਤਿਆਂ ਵਾਂਗ ਹੀ ਆਪਣੇ ਦੇਸ਼ ਜਾਂ ਵਤਨ ਦਾ ਦੇਵ ਦਾ ਸੰਕਲਪ ਵੀ ਯਕੀਨਨ ਰਵਾਇਤੀ ਧਾਰਨਾਵਾਂ ਨਾਲ ਮੇਲ ਨਹੀਂ ਸੀ ਖਾਂਦਾ। ਕਿਸੇ ਦੇਸ਼ ਦਾ ਨਾਗਰਿਕ ਹੋਣ ਨਾਲੋਂ ਖਾਨਾਬਦੋਸ਼ੀ ਵਾਲੀ ਬਿਰਤੀ ਉਸਨੂੰ ਵਧੇਰੇ ਆਪਣੇ ਵੱਲ ਖਿੱਚਦੀ ਸੀ। ਇਸ ਸਭ ਕੁਝ ਦੇ ਬਾਵਜੂਦ ਪੰਜਾਬ ਦੀ ਧਰਤੀ ਨਾਲ ਉਸਦਾ ਮੋਹ ਅਨੇਕਾਂ ਰੂਪਾਂ ਵਿਚ ਪ੍ਰਗਟ ਹੁੰਦਾ ਸੀ। ਬਹੁਤਾ ਸਮਾਂ ਉਹ ਇਕੱਲਤਾ ਵਿਚ ਗੁਜ਼ਾਰਦਾ ਸੀ। ਅਤੇ ਇਕੱਲਤਾ ਦੇ ਅਜਿਹੇ ਸਮੇਂ ਪੰਜਾਬ ਉਸਦੇ ਅੰਗ ਸੰਗ ਹੁੰਦਾ ਸੀ; ਪੰਜਾਬੀ ਭਾਸ਼ਾ, ਸਾਹਿਤ, ਸਭਿਆਦਾਰ ਤੇ ਇਤਿਹਾਸ ਦੀਆਂ ਆਪਣੀਆਂ ਸਾਰੀਆਂ ਪਛਾਣਾਂ ਸਮੇਤ। 'ਜਗਰਾਵਾਂ ਠੰਢੀਆਂ ਛਾਵਾਂ' ਵਾਲਾ ਦੇਬੀ ਉਦੋਂ ਪੂਰੀ ਮਾਸੂਮੀਅਤ ਤੇ ਵੈਰਾਗ ਦਾ ਨਮੂਨਾ ਬਣਿਆ ਹੁੰਦਾ ਸੀ। ਏਸੇ ਅਵਸਥਾ 'ਚੋਂ ਉਗਮੀ ਉਸਦੀ ਪੰਜਾਬੀ ਵਿਚ ਲਿਖੀ ਕਵਿਤਾ ਥੋੜ੍ਹੇ ਥੋੜ੍ਹੇ ਸਾਲਾਂ ਦੇ ਵਕਫੇ ਨਾਲ ਛਾਪੇ ਚੜ੍ਹਦੀ ਰਹਿੰਦੀ। ਸਾਲ ਨਹੀਂ ਤਾਂ ਦੋ ਕੁ ਸਾਲ ਮਗਰੋਂ ਭਾਰਤ ਤੇ ਪੰਜਾਬ ਦੀਆਂ ਆਪਣੀਆਂ ਫੇਰੀਆਂ ਵਿਚ ਉਹ ਆਪਣੀ ਚਿੱਤਰਕਾਰ ਵਾਲੀ ਹੋਂਦ ਨੂੰ ਤਾਂ ਲਗਪਗ ਸਵਿਟਜ਼ਰਲੈਂਡ ਹੀ ਛੱਡ ਆਉਂਦਾ ਸੀ। ਪੰਜਾਬ ਤੇ ਦਿੱਲੀ ਵਿਚ ਉਹ ਸਿਰਫ ਆਪਣੇ ਕਵੀ ਆਪੇ ਨੂੰ ਲੈ ਕੇ ਹਾਜ਼ਰ ਹੁੰਦਾ ਸੀ ਅਤੇ ਪੰਜਾਬੀ ਵਿਚ ਗੱਲ ਬਾਤ ਕਰ ਸਕਣ ਦੀ ਆਪਣੀ ਭੁੱਖ ਤ੍ਰਿਪਤ ਕਰ ਕੇ ਵਾਪਸ ਪਰਤਦਾ ਸੀ।*

*ਦੋ ਕੁ ਸਾਲਾਂ ਤੋਂ ਇਹਨਾਂ ਮਿਲਣੀਆਂ ਦੌਰਾਨ ਅਤੇ ਫੋਨ ਉੱਤੇ ਗੱਲਬਾਤ ਰਾਹੀਂ ਉਹ ਆਪਣੀ ਇਕੱਲਤਾ ਤੇ ਉਦਾਸੀ ਦਾ ਜ਼ਿਕਰ ਕਰਨ ਲੱਗਾ ਸੀ, ਜਿਹੋ ਜਿਹੀ ਗੱਲ ਪਹਿਲਾਂ ਉਸ ਨੇ ਕਦੇ ਨਹੀਂ ਸੀ ਕੀਤੀ। ਡਾ. ਰੇਣੁਕਾ ਸਿੰਘ ਤੇ ਡਾ. ਸਾਧੂ ਸਿੰਘ ਵਰਗੇ ਉਸਦੇ ਨਿਕਟਵਰਤੀ ਵੀ ਦੇਵ ਦੀ ਇਸ ਮਾਨਸਿਕ ਹਾਲਤ ਤੋਂ ਜਾਣੂੰ ਤੇ ਚਿੰਤਤ ਸਨ।... ਅਤੇ ਫਿਰ ਅਚਾਨਕ ਉਸਦੇ ਤੁਰ ਜਾਣ ਦੀ ਇਹ ਦੁਖਦ ਖ਼ਬਰ ਆ ਗਈ।*

*ਦੇਵ ਆਪਣੇ ਪਿੱਛੇ ਸੈਂਕੜੇ ਕਲਾ ਕਿਰਤਾਂ ਅਤੇ ਅੱਧੀ ਦਰਜਨ ਤੋਂ ਵੱਧ ਕਾਵਿ ਪੁਸਤਕਾਂ ਦੇ ਰੂਪ ਵਿਚ ਭਰਪੂਰ ਵਿਰਾਸਤ ਛੱਡ ਗਿਆ ਹੈ। ਸਾਹਿਤ ਅਕਾਦਮੀ ਪੁਰਸਕਾਰ ਅਤੇ ਪੰਜਾਬ ਸਰਕਾਰ ਦੇ ਸ਼੍ਰੋਮਣੀ ਪੁਰਸਕਾਰ ਸਮੇਤ ਦੋਹਾਂ ਖੇਤਰਾਂ ਵਿਚ ਵੱਡੇ ਇਨਾਮਾਂ ਨਾਲ ਉਸਦੀ ਦੇਣ ਨੂੰ ਪਛਾਣਿਆ ਤੇ ਸਨਮਾਨਿਆ ਗਿਆ ਹੈ। ਵਿਅਕਤੀ ਵਜੋਂ ਉਸਨੂੰ ਚਾਹੁਣ ਵਾਲਿਆਂ ਦੀ ਵੀ ਕੋਈ ਘਾਟ ਨਹੀਂ।*

*ਆਪਣੀਆਂ ਸ਼ਰਤਾਂ ਉੱਤੇ ਜੀਣ ਥੀਣ ਵਾਲੇ ਇਸ ਅਸਾਧਾਰਨ ਮਨੁੱਖ ਦੀ ਯਾਦ ਨੂੰ ਸਦ ਨਮਸਕਾਰ! ਪਾਠਕ ਕਿੰਨੇ ਦਹਾਕਿਆਂ ਤੋਂ 'ਸਿਰਜਣਾ' ਦੇ ਸਰਵਰਕ 'ਤੇ ਦੇਵ ਦੀ ਕਲਾ ਕਿਰਤ ਵੇਖਦੇ ਆਏ ਹਨ। ਦੇਵ ਦੇ ਵਿਛੋੜਾ ਦੇ ਜਾਣ ਪਿੱਛੋਂ ਵੀ ਉਹ ਛਪਦੀਆਂ ਰਹਿਣਗੀਆਂ ਅਤੇ ਇੰਝ .ਗੈਰਹਾਜ਼ਰੀ ਵਿਚ ਵੀ ਦੇਵ ਸਿਰਜਣਾ ਦੇ ਪਾਠਕਾਂ ਦੇ ਅੰਗ ਸੰਗ ਰਹੇਗਾ। 000*

# ਰਾਜਾ ਸਾਦਿਕ ਉੱਲਾ: ਛੇ ਕਵਿਤਾਵਾਂ

## ਕਈ ਵਾਰੀ

ਕਈ ਵਾਰੀ ਕਿਸੇ ਫੂਹੜੀ ‘ਤੇ ਬੈਠਿਆਂ
ਇਕ ਹਾਸਾ ਜਿਹਾ ਖਿੜ ਪਿਆ
ਤੇ ਕਿਸੇ ਹੋਰ ਦੀ ਜੰਝ ਨਾਲ ਢੁੱਕਿਆਂ
ਅਸੀਂ ਆਪ ਈ ਵਿਦਿਆ ਹੋਏ
ਈਦ ਦਿਹਾੜੇ ਅੰਦਰਾਂ ਵਿਚ ਈ
ਸੁੱਤਿਆਂ ਰਹਿ ਗਏ
ਤੇ ਜਦੋਂ ਆਲ਼-ਦੁਆਲ਼ੇ
ਸ਼ਾਵਾ ਦੀਆਂ ਤਾਲੀਆਂ ਦੇ ਫੁੱਲ ਝੜੇ
ਅਸੀਂ ਕਿਸੇ ਨਿਮਾਣੇ ਜਿਹੇ ਦੇਂਹ ਦੀ ਉਂਗਲ਼ ਫੜ ਕੇ
ਕਿਸੇ ਬੇ-ਨਾਵੀਂ ਜਿਹੀ ਰਾਹ ‘ਤੇ ਟੁਰ ਪਏ...
ਜੀਆਂ ਨਾਲ ਖਹਿੰਦਿਆਂ
ਤੇ ਐਵੇਂ ਹੀ ਬੇਸੁਆਦੀਆਂ ਕਹਿੰਦਿਆਂ
ਕੋਈ ਕੁਚੱਜੀ ਜਿਹੀ ਰਹਿ ਗਈ
ਤੇ ਸਮਝੋ, ਬਹੁਤੀ ਜਿਹੜੀ ਲੰਘ ਗਈ ਏ
ਅੱਧੀ ਰਹਿੰਦੀ ਦੇ ਕੰਨ ਵਿਚ
ਕੋਈ ਬੇਮਲੂਮੀ ਜਿਹੀ ਗੱਲ ਕਹਿ ਗਈ
ਬਾਕੀ ਕਿਸੇ ਹੋਰ ਦੀ ਜੰਞੇ ਢੁੱਕਣਾ
ਯਾ ਲੱਗਦਿਆਂ ਲਾਨਿਆਂ ਦੀ ਫੂਹੜੀ ‘ਤੇ ਪਿਆ ਸੁੱਕਣਾ
ਇੰਝ ਈ ਏ, ਜਿਵੇਂ ਦੂਰ ਪਰਦੇਸੋਂ
ਚੋਖਾ ਆਹਰ ਕਰ ਕੇ ਘਰ ਆਵਣਾ
ਤੇ ਸਗਵੀਆਂ ਅੱਖਾਂ ਨਾਲ
ਵਰ੍ਹੇ ਦੇ ਵਰ੍ਹੇ ਦਿਹਾੜੇ ਵੀ
ਅਗਲੇ ਅੰਦਰ ਵਿਚ ਡਾਹੀਆਂ ਮੰਜੀਆਂ ‘ਤੇ
ਹਿਕ ਗੂੜ੍ਹੀ ਤਾਣ ਕੇ ਸੌਂ ਜਾਣਾ 00

## ਬਾਰਾਂ ਮਾਂਹ – ਸਾਵਣ

ਮੂਨਸੂਨ ਦੀਆਂ ਜਲ-ਪਰੀਆਂ ਨੇ
ਸਿਰ-ਪਿੱਟ ਮਰਨਾ ਵਿਚ ਪਹਾੜਾਂ
ਵੈਣ ਕਰੇਂਦੀਆਂ ਠੰਢੀਆਂ-ਠਾਰ ਹਵਾਵਾਂ
ਛਮ-ਛਮ ਵਸਦਾ ਨੀਰੋ-ਨੀਰ ਸਮੁੰਦਰ

ਅੰਬਰ ‘ਤੇ ਲਿਸ਼ਕਾਰੇ, ਚਾਰ ਚੁਫੇਰੇ ਖਿੱਲਰੇ ਰਹਿਣੇ
ਜਲ-ਥਲ ਹੋਣ ਦਾ ਵੇਲ਼ਾ ਆ ਢੁੱਕਿਆ ਏ
ਕਾਂਗਾਂ ਹੁਣ ਚੜ੍ਹੀਆਂ ਕਿ ਚੜ੍ਹੀਆਂ
ਲੈ ਜਾਵਣਗੀਆਂ ਰੋੜ੍ਹ-ਰਾੜ੍ਹ ਕੇ, ਕੰਢਿਆਂ ਉੱਗੀਆਂ ਕਾਹੀਆਂ
ਪਾਰ-ਉਰਾਰ ਨੂੰ
ਹਿਕ-ਮਿਕ ਹੋਣ ਦੀ ਖੁਲ੍ਹ ਡੁਲ੍ਹ ਹੋ ਜਾਣੀ ਏਂ
ਖੁਲ੍ਹਾ ਸਾਗਰ ਹਿਕ-ਮਿਕ ਹੁੰਦੀ ਕੁਲ ਖੁਦਾਈ
ਤੋੜ ਜ਼ਮੀਨਾਂ ਦੀ ਹੱਦ ਮੁੱਕਣ ਤਾਈਂ
ਪਰ ਫੰਡਦੀ ਏ, ਜਲ-ਪਰੀਆਂ ਦੀ ਨਵੀਂ ਉਡਾਰੀ
ਅੰਬਰ ‘ਤੇ ਲਿਸ਼ਕਾਰੇ
ਸ਼ਾ ਮਿਲਣੇ ਨੇ ਸਾਨੂੰ
ਸਾਵਣ ਯਾਰ ਗਵਾਚੇ 00

## ਉਂਘਲਾਟ

ਅਸੀਂ ਲੁਕ-ਲੁਕ ਅੰਦਰੀਂ ਰੋਏ
ਉਨ੍ਹਾਂ ਦਿਨਾਂ ਨੂੰ
ਜਿਹੜੇ ਕਦੀ ਨਾ ਪੂਰੇ ਹੋਏ
ਉਹ ਰਾਤਾਂ ਜੋ ਤੋੜ ਨਾ ਸਰਘੀ ਚੜ੍ਹੀਆਂ
ਪੋਲੀ ਪੈਰੀਂ ਹੋਰ ਕਿਸੇ ਸੰਗ ਰਲ਼ੀਆਂ
ਜਾਗ ਮਧੋਲ਼ੇ ਸੁਫਨੇ
ਗੁਜ਼ਰੇ ਦੇਂਹ ਦੀ ਕਾਰ ਪਲੀਤੀ
ਕਿਹੜੇ ਦੇਂਹ ਨੇ ਧੋਣੀ
ਗੁੱਝਿਆਂ ਕੰਮਾਂ ਅੰਦਰ ਰੁੱਝਿਆਂ
ਸਾਰ ਨਾ ਹੋਈ ਸਾਨੂੰ
ਸ਼ਾਮ ਕਲਾਵਾ ਭਰਿਆ
ਰਾਤ ਚੜ੍ਹੀ ਉਂਘਲਾਟ ਅਜਿਹੀ
ਕੋਈ ਆਣ ਜਗਾਵੇ ਸੁੱਤਿਉਂ
ਸਰਘੀ ਤਾਰਾ ਉੱਘੜਨ ਵਾਲਾ
ਰਾਤ ਚੜ੍ਹੀ ਮੁੜ ਸੌਣਾ
ਮੰਜੀਆਂ ਉੱਤੇ ਬੈਠ ਲੰਘਾਈਏ
ਦੇਂਹ ਚੜ੍ਹੇ ਦਾ ਰੋਣਾ 00

## ਰਾਵੀ ਦਾ ਪੁ.ਲ

(ਘਰੋਂ ਸ਼ਹਿਰ ਪਰਤਣ ‘ਤੇ)

ਉਡਦੀ ਕਾਰ ਦੇ ਪਹੀਏ ਸਾਨੂੰ
ਪਰਤ ਪਿਛਾਂਹ ਹੁਣ ਜਾਣ ਨਹੀਂ ਦਿੰਦੇ
ਚੰਮ ਸੜਨ ਦੀ ਬੋਅ ਆਉਂਦੀ ਏ

ਤਾਰਕੋਲ ਦੀਆਂ ਸੜਕਾਂ ਉੱਤੇ, ਅਸੀਂ ਲਕੀਰਾਂ ਹੋਏ
ਕੱਢ ਖੜੀਆਂ ਨੇ ਬੁੱਕਲ਼ਾਂ ਵਿਚੋਂ, ਨਿੱਘੀਆਂ ਸ਼ਾਮਾਂ
ਲਾਰੰਸਪੁਰ ਦਾ ਸੂਟ ਤੇ ਸਾਡੇ, ਅੰਦਰੋਂ ਕਾਂਬੇ ਕੱਢ ਨਹੀਂ ਸਕਦਾ
ਸ਼ਾਮੀਂ ਪਰਤਣ ਵਾਲੀਆਂ, ਚਿੜੀਆਂ ਦੀ ਇਹ ਚੂੰ-ਚੂੰ
ਅੱਜ ਤੇ ਭੈੜੀ ਲਗਦੀ ਨਹੀਂ
ਦੂਰ ਅਸਮਾਨੀਂ ਤਰਦੇ ਚਿੱਟੇ ਬਗਲੇ
ਲੀਕ ਜਿਹੀ ਇਕ ਛੱਡ ਜਾਂਦੇ ਨੇ, ਨੀਲੇ ਅੰਬਰ ਉੱਤੇ
ਪੋਹ ਮਾਂਹ ਦੇ ਪਹਿਲੇ ਮੀਂਹ ਦੀ ਕਿਣ-ਮਿਣ
ਕੀ ਧੁੱਦਲ਼ 'ਤੇ ਕਣੀਆਂ ਪੈਂਦੀਆਂ, ਵੇਖੀਆਂ ਨੇ
ਹੱਥੀਂ ਪਾਈਆਂ ਗੁੰਝਲਾਂ ਦਾ
ਹੁਣ ਸਿਰਾ ਫੜਾਈ ਦੇ ਜਾਵੇ, ਤੇ ਅੱਖਾਂ ਪੱਟੀਏ
ਜਿਉਂ ਰਾਵੀ ਦਾ ਪੁਲ਼ ਲੰਘਿਆ
ਅਸੀਂ ਆਪ ਤੋਂ ਵਿਦਿਆ ਹੋਏ
ਜਿਉਂ ਜਿਉਂਦੇ ਜਿਉਂ ਮੋਏ 00

## ਘੁੰਡ

ਨਿੱਕੀਆਂ ਨਿੱਕੀਆਂ ਗੱਲਾਂ ਉੱਤੇ, ਅੜੀਆਂ ਕਰਦੇ ਰਹਿਣਾ
ਨਾਲ ਸ਼ਰੀਕਾਂ ਹੱਸਣਾ ਵਸਣਾ, ਫਾਹੀਆਂ ਲਾ ਲਾ ਬਹਿਣਾ
ਇਕ ਦੂਜੇ ਦੀਆਂ ਸਿਫਤਾਂ ਕਰਨਾ, ਟੋਹ ਵਿਚ ਲੱਗਿਆਂ ਰਹਿਣਾ
ਇਕ ਦੂਜੇ ਤੋਂ ਲੁਕਣਾ ਛੁਪਣਾ
ਇਕ ਦੂਜੇ ਨੂੰ ਹੱਸ-ਹੱਸ ਮਿਲ਼ਦੇ ਅਂਦਰ ਪੇਟਾ ਲੈਂਦੇ
ਆਪਣਾ ਤੇ ਸਭ ਸੱਚ ਪਿਆ ਥੀਂਦਾ
ਬਾਕੀ ਕੂੜ ਕੜੱਲ ਏ
ਦੂਜੇ ਦੀ ਸਭ ਮਾੜ ਮਰੇੜੀ
ਲੱਖ ਅੱਖ ਦਿਲ ਕੂੰ ਭਾਵੇ
ਆਪਣੀ ਤੋਂ ਅਸਾਂ ਪਰਦਾ ਕੀਤਾ
ਆਵੇ ਘੁੰਡ ਕੋਈ ਚਾਵੇ 00

## ਉਡੀਕ

ਜੇ ਨਾ ਆਈਆਂ ਸਾਉਣੀ ਕਾਂਗਾਂ
ਜੇ ਨਾ ਝੁੱਲੀ ਚੇਤ ਹਵਾ
ਜੇ ਅੰਬੀਆਂ 'ਤੇ ਬੂਰ ਨਾ ਫੁੱਟਿਆ
ਜੇ ਕੂੰਜਾਂ ਦੇ ਡਾਰ ਨਾ ਪਰਤੇ
ਜੇ ਕਿੱਕਰਾਂ 'ਤੇ ਪੱਤ-ਝੜ ਆਇਆ
ਬੂਹੇ ਲੱਗੀਆਂ ਅੱਖੀਆਂ ਢੋ ਲਈਂ
ਹੁਣ ਪਰਤਣ ਦੇ ਵੇਲ਼ੇ ਕੋਈ ਨਾ 000

## ਦੇਵਿੰਦਰ ਬਿਮਰਾ: ਕਵਿਤਾ: ਜੈ ਜੈ ਬੋਲ

ਰੋਟੀ ਖਾ ਜਾਂ ਭੁੱਖਾ ਰਹਿ
ਤੇੜ ਭਾਵੇਂ ਕੱਪੜਾ ਨੋ ਹੋਵੇ
ਦੇਹ ਵੀ ਤੇਰੀ ਥੱਕੀ ਹੋਵੇ
ਖੇਤਾਂ ਵਿਚ ਤੂੰ ਜਿੰਦੜੀ ਰੋਲ
ਜੈ ਜੈ ਬੋਲ

ਕਰ ਰੱਜ ਰੱਜ ਘੋਟਾਲ਼ੇ
ਬਣ ਸੱਚਾ ਸੌਦਾਗਰ, ਭਾਵੇਂ ਘੱਟ ਤੂੰ ਤੋਲ
ਜੈ ਜੈ ਬੋਲ

ਚੱਕ ਦੋਨਾਲੀ ਜਾਂ ਤਲਵਾਰ
ਠੋਕ ਕਿਸੇ ਦੀ ਛਾਤੀ ਵਿਚ ਗੋਲ਼ੀ, ਫਾੜ ਦੇ ਢੋਲ
ਜੈ ਜੈ ਬੋਲ

ਠੱਗੀ ਠੋਰੀ ਨੂੰ ਅਪਨਾ ਲੈ
ਪਿਆਰ ਮੁਹੱਬਤ ਨੂੰ ਠੋਕਰ ਮਾਰ
ਜੈ ਜੈ ਬੋਲ

ਛੱਡ ਪੜ੍ਹਾਈਆਂ ਛੱਪਰ ਪਾ ਲੈ
ਭਗਵੇਂ ਬਸਤਰ ਨਵੇਂ ਸੁਆ ਲੈ
ਖਾਕ ਮੜ੍ਹੀਆਂ ਦੀ ਵਿਚਮ ਫਿਰ ਆਪਾ ਟੋਲ਼
ਜੈ ਜੈ ਬੋਲ

ਕਿਸੇ ਤਰ੍ਹਾਂ ਦੀ ਮੰਗ ਨਾ ਕਰ
ਵੋਟਾਂ ਦੇ ਤੂੰਅੰਦਰ ਵੜ ਜਾ
ਵੋਟਾ ਅੱਗੇ ਸੀਸ ਝੁਕਾ ਦੇ
ਸ਼ਾਪਣੇ ਮਾਪੇ ਰਿਸ਼ਤੇ ਭੁੱਲ ਜਾ
ਬੱਚਿਆਂ ਦੀ ਤੂੰ ਜਿੰਦੜੀ ਰੋਲ਼
ਜੈ ਜੈ ਬੋਲ

ਉੱਚੀ ਉੱਚੀ ਨਾਅਰੇ ਮਾਰ
ਜੈ ਜੈ ਬੋਲ, ਤੂੰ ਜੈ ਜੈ ਬੋਲ 000

***(ਫੋਨ: +91-98141-18345)***

# ਗੁਰਿੰਦਰਜੀਤ: ਲੋਕ ਰੰਗ: ਤਿੰਨ ਕਵਿਤਾਵਾਂ

## ਛੱਲੀ

ਮੇਰੇ ਜੋਬਨਾਂ 'ਤੇ ਛੁੱਟ ਪਈਆਂ ਲਾਲੀਆਂ, ਤੇ ਰੁੱਤ ਹੈ ਬਹਾਰ ਮਿੱਤਰਾ
ਲੂੰਆਂ ਵਗਣ ਤੇ ਟਾਂਡੇ ਬੜੇ ਮਾੜਕੂ, ਮੇਰਾ ਝੱਲਦੇ ਨਾ ਭਾਰ ਮਿੱਤਰਾ

ਗੁੱਝੇ ਚਰ੍ਹੀ ਦੇ ਇਸ਼ਾਰਿਆਂ ਤੋਂ ਮੱਚ ਕੇ, ਮੈਂ ਤੇਰੇ ਪਿੱਛੇ ਲੜਦੀ ਰਹੀ
ਤੈਨੂੰ ਪੁੰਨੂੰ ਦੇ ਲਿਬਾਸ ਵਿਚ ਤੱਕ ਕੇ, ਮੈਂ ਰੇਤ ਵਿਚ ਸੜਦੀ ਰਹੀ
ਕਾਹਤੋਂ ਹਾੜ੍ਹੀਆਂ ਦੇ ਭੱਠ ਪਿਆ ਝੋਕਦੈਂ, ਮੈਂ ਸਾਉਣੀ ਦੀ ਬਹਾਰ ਮਿੱਤਰਾ...

ਮੈਂ ਟਾਂਡੇ ਸੰਗ ਲੱਗੀਆਂ ਵਿਸਾਰ ਕੇ, ਵੇ ਪਿਆਰ ਤੇਰਾ ਸੇਕਦੀ ਰਹੀ
ਤੈਨੂੰ ਪੈਲ਼ੀਆਂ 'ਚ ਘੁੰਮਦੇ ਫਿਰਦੇ ਨੂੰ, ਪੱਬ ਚੱਕ ਵੇਖਦੀ ਰਹੀ
ਮੇਰੇ ਸਿਰ 'ਤੇ ਸੁਨਹਿਰੀ ਤਾਜ ਸੋਭਦਾ, ਮੈਂ ਹਰੀ ਭਰੀ ਨਾਰ ਮਿੱਤਰਾ...

ਮੈਨੂੰ ਵੈਰੀਆਂ ਮਸ਼ੀਨਾਂ ਵਿਚ ਕੁੱਟਿਆ, ਸੱਜਣਾਂ ਮੈਂ 'ਗੁੱਲ' ਹੋ ਗਈ
ਸਾਡਾ ਦਿਨੋਂ-ਦਿਨ ਜਾਵੇ ਨਾਤਾ ਟੁੱਟਿਆ, ਵੇ ਐਸੀ ਕਿਹੜੀ ਭੁੱਲ ਹੋ ਗਈ
ਤੇਰੇ ਚੁਲ੍ਹਿਆਂ 'ਤੇ ਕੋਲਿਆਂ ਨੂੰ ਤਰਸੇ, ਮੈਂ ਸੱਜਰੀ ਜਵਾਰ ਮਿੱਤਰਾ...

ਲਾ ਬੋਲੀਆਂ ਮੰਡੀ 'ਚ ਮੈਨੂੰ ਤੋਲਣਾ, ਵੇ ਲੋਕਾਂ ਦਾ ਵਪਾਰ ਹੋ ਗਿਆ
ਮੇਰੀ ਜ਼ਿੰਦਗੀ ਗੁਦਾਮਾਂ ਵਿਚ ਰੋਲਣਾ, ਨਿੱਤ ਦਾ ਵਿਹਾਰ ਹੋ ਗਿਆ
ਨਹੀਉਂ ਖਾਦਾਂ ਤੇ ਦਵਾਈਆਂ ਚੰਨਾ ਮੰਗਦੀ, ਮੈਂ ਲੋਚਾਂ ਤੇਰਾ ਪਿਆਰ ਮਿੱਤਰਾ...

ਮੇਰੇ ਜੋਬਨਾਂ 'ਤੇ ਛੁੱਟ ਪਈਆਂ ਲਾਲੀਆਂ, ਤੇ ਰੁੱਤ ਹੈ ਬਹਾਰ ਮਿੱਤਰਾ
ਲੂੰਆਂ ਵਗਣ ਤੇ ਟਾਂਡੇ ਬੜੇ ਮਾੜਕੂ, ਮੇਰਾ ਝੱਲਦੇ ਨਾ ਭਾਰ ਮਿੱਤਰਾ

## ਸਾਉਣ ਮਹੀਨਾ

ਸਾਉਣ ਮਹੀਨੇ ਪਈਆਂ ਜਦ ਬਾਰਸ਼ਾਂ, ਗੋਡੇ ਗੋਡੇ ਘਾਹ ਹੋ ਗਿਆ
ਬਲ਼ਦਾਂ ਨੇ ਮਾਰੀਆਂ ਟਪੂਸੀਆਂ, ਕਿੱਲਾ ਝੱਟ ਵਾਹ ਹੋ ਗਿਆ

ਵੱਗ ਮੱਝੀਆਂ ਦੇ ਚਰਨੇ ਨੂੰ ਛੱਡ ਕੇ, ਜੁਆਕ ਪਿੱਪਲ਼ਾਂ 'ਤੇ ਚੜ੍ਹ ਗਏ
ਮਹਿਰੂਆਂ ਨੇ ਘੱਤੀਆਂ ਵਹੀਰਾਂ, ਚਰ੍ਹੀਆਂ ਦੇ ਵਿਚ ਵੜ ਗਏ
ਕੱਟਿਆਂ ਨੇ ਮਾਰ-ਮਾਰ ਟੁੱਭੀਆਂ, ਹੁੱਟ ਨੂੰ ਨਹਾ ਕੱਢਿਆ
ਝੋਟਿਆਂ ਤੇ ਬਲ਼ਦਾਂ ਦੀ ਵੱਜ ਪਈ, ਛੋਲਿਆਂ ਮੈਦਾਨ ਛੱਡਿਆ
ਉਲ਼ਾਂਮਿਆਂ ਨੇ ਗਿੱਚੀਆਂ ਮਰੋੜੀਆਂ, ਹਵਾ ਦਾ ਔਖਾ ਸਾਹ ਹੋ ਗਿਆ ...

-ਟਿੰਡਾਂ ਵੀ ਮਾਯੂਸ ਹੋ-ਹੋ ਮੁੜੀਆਂ, ਝੋਨੇ 'ਚ ਤਰੇੜਾਂ ਪੈ ਗਈਆਂ
ਨਲ਼ਕੇ ਵੀ ਫੁੱਸ-ਫੁੱਸ ਕਰਦੇ, ਮੌਨਸੂਨਾਂ ਕਿੱਥੇ ਰਹਿ ਗਈਆਂ
ਗੁੱਡੀਆਂ ਜੋ ਫੂਕੀਆਂ ਬਥੇਰੀਆਂ, ਕੁੜੀਆਂ ਨੇ ਰੱਬ ਲੁੱਟਿਆ
ਗਲ਼ੀਆਂ 'ਚ ਸਤਲੁਜ ਗੱਜਿਆ, ਭਾਦਰੋਂ ਦਾ ਵੰਨ੍ਹ ਟੁੱਟਿਆ
ਕੰਜਕਾਂ ਪਟੋਲਿਆਂ ਨੂੰ ਕੱਜਿਆ, ਗੁੱਡੇ-ਗੁੱਡੀ ਦਾ ਵਿਆਹ ਹੋ ਗਿਆ...

ਪੱਟਾਂ ਦੀਆਂ ਕੀਤੀਆਂ ਜੀ ਮਾਲਸ਼ਾਂ, ਮੱਸਲਾਂ ਦੇ ਮੂੰਹ ਹੱਸ ਪਏ
ਪਟਕੇ ਦੀ ਕੁਸ਼ਤੀ 'ਚ ਮਿੱਤਰੋ, ਕੁੰਢੀਆਂ ਦੇ ਸਿੰਗ ਫਸ ਗਏ
ਘੁੰਮ-ਘੁੰਮ ਨੱਚੀਆਂ ਜਲੇਬੀਆਂ, ਪਕੌੜਿਆਂ ਫਿਜ਼ਾਵਾਂ ਭਰੀਆਂ
ਦੰਦਾਂ ਨਾਲ ਖਿੱਚੀਆਂ ਟਰਾਲੀਆਂ, ਅੰਬਰੀਂ ਚੰਡੋਲਾਂ ਚੜ੍ਹੀਆਂ
ਛਿੰਝ ਦੀਆਂ ਰੌਣਕਾਂ ਸਵੱਲੀਆਂ, ਲੰਮਾ ਜਾਫੀ ਢਾਹ ਹੋ ਗਿਆ

ਸਾਉਣ ਮਹੀਨੇ ਪਈਆਂ ਜਦ ਬਾਰਸ਼ਾਂ, ਗੋਡੇ ਗੋਡੇ ਘਾਹ ਹੋ ਗਿਆ
ਬਲ਼ਦਾਂ ਨੇ ਮਾਰੀਆਂ ਟਪੂਸੀਆਂ, ਕਿੱਲਾ ਝੱਟ ਵਾਹ ਹੋ ਗਿਆ

## ਅੰਬ ਚੂਪਦਿਆਂ

ਫਿਕਰ ਪ੍ਰਾਹੁਣੇ ਹੋਵੰਦੇ, ਉੱਡ ਜਾਵਣ ਲਾ ਕੇ ਖੰਭ
ਜਦ ਵਿਚ ਖਿਆਲੀਂ ਪਰਤਦੇ, ਚੂਪਣ ਵਾਲੇ ਅੰਬ

ਧੀਆਂ ਹੱਥ ਕਰੋਸ਼ੀਏ, ਸਲਾਈਆਂ ਸੋਹਣ ਨ੍ਰਿੱਤ
ਭਾਜੀ ਵਾਲਾ ਗੱਜਿਆ, ਗਾਵੇ ਜਿਵੇਂ ਕਬਿੱਤ
ਜਪੁ ਜੀ ਜਪ-ਜਪ ਰਿੜਕਦੀ, ਮੱਖਣ ਪਾਕ ਪਵਿੱਤ
ਤੇਰਾ ਤੇਰਾ ਤੋਲਦੇ, ਹੱਥ ਨਾ ਜਾਵਣ ਕੰਬ...

ਬਦ-ਖੋਏ ਦੇ ਰਸ ਭਰੀ, ਸ਼ਗਨਾਂ ਦੀ ਮਠਿਆਈ
ਨਾੜੀਆਂ ਅੰਦਰ ਜੰਮ ਗਈ, ਸੁਸਤ ਜਿਹੀ ਧਿੰਦਿਆਈ
ਦਿਲ-ਪਾੜਵੀਂ ਸਰਜਰੀ, ਧੜਕਣ ਛੱਡ ਛਡਾਈ
ਜੁਆਕਾਂ ਹੱਥੀਂ ਬੋਤਲਾਂ, ਨਸ਼ਿਆਂ ਲੱਦੇ ਬੰਬ...

ਬਾਤਾਂ ਛੱਡ ਪੁਰਾਣੀਆਂ, ਨਵੀਂ ਲਗਾ ਕੋਈ ਹੇਕ
ਅੱਗੇ ਵਧ ਪ੍ਰਯੋਗ ਕਰ, ਪਿੱਛੇ ਮੁੜ ਨਾ ਵੇਖ
ਕਰਤਾ ਕਰੂ ਸਵੱਲੀਆਂ, ਜੇ ਲਿਖੀਏ ਸੱਚੇ ਲੇਖ
ਇਕ ਛਰਾਟੇ ਨਾਲ ਵੀ, ਭਰ ਜਾਂਦੇ ਨੇ ਛੰਭ
ਫਿਕਰ ਪ੍ਰਾਹੁਣੇ ਹੋਵੰਦੇ, ਉੱਡ ਜਾਵਣ ਲਾ ਕੇ ਖੰਭ
ਜਦ ਵਿਚ ਖਿਆਲੀਂ ਪਰਤਦੇ, ਚੂਪਣ ਵਾਲੇ ਅੰਬ 000

***(ਈਮੇਲ: guri@khalsa.com ਫੋਨ: +1-514-572-3605)***

## ਜਸਵੰਤ ਦੀਦ: ਯਾਦ : ਹਨ੍ਹੇਰੇ 'ਚ ਖੁੱਭਿਆ ਕੱਚ-ਸੁਰਜੀਤ ਪਾਤਰ

'ਪੰਜਾਬ ਅਤੇ ਟੈਗੋਰ ਦੀ ਸਾਂਝ' ਇਸ ਮਜ਼ਮੂਨ 'ਤੇ ਇਕ ਟੀਵੀ ਫੀਚਰ ਦੀ ਸਕ੍ਰਿਪਟ ਡਿਸਕਸ ਕਰਨ ਲਈ ਸੁਰਜੀਤ ਪਾਤਰ ਆਇਆ ਹੋਇਆ ਸੀ ਅਤੇ ਕਵੀ ਦਰਬਾਰ ਲਈ ਹੋਰ ਕੁਝ ਕਵੀਆਂ ਨਾਲ ਮਨਜੀਤ ਟਿਵਾਣਾ ਆਈ ਬੈਠੀ ਸੀ। ਪਾਤਰ ਤੇ ਮੈਂ ਕਮਰੇ 'ਚ ਬੈਠੇ ਸਾਂ ਤਾਂ ਮਨਜੀਤ ਟਿਵਾਣਾ ਆ ਧਮਕੀ।

- ਪਾਤਰ, ਮੈਂ ਤੇਰਾ ਇੰਟਰਵਿਊ ਕਰਨਾ'। ਮਨਜੀਤ ਕਹਿੰਦੀ- ਤੁਸੀਂ ਚਾਹ ਮੰਗਵਾਵੋ ਮੈਂ ਪਾਤਰ ਦਾ ਇੰਟਰਵਿਊ ਸ਼ੁਰੂ ਕਰਦੀ ਹਾਂ।' ਮਨਜੀਤ ਦਾ ਡਾਢਾਪਣ ਮੈਨੂੰ ਚੰਗਾ ਲਗਦਾ। ਅੱਜ ਵੀ ਲੱਗਾ। ਮਨਜੀਤ ਨੇ ਲੀਕਾਂ ਵਾਲਾ ਸਫੇਦ ਰਜਿਸਟਰ ਕੱਢ ਲਿਆ, ਕਾਲ਼ਾ ਪੈਨ ਖੋਲ੍ਹ ਲਿਆ, ਜਿਵੇਂ ਜੱਜ ਆਪਣੀ ਕੁਰਸੀ 'ਚ ਮੁਜਰਮ ਦੇ ਸਵਾਲਾਂ ਦੇ ਜਵਾਬ ਨੋਟ ਕਰਨ ਲੱਗਾ ਹੋਵੇ। ਜੱਜ ਮਨਜੀਤ ਟਿਵਾਣਾ ਨੇ ਮੁਜਰਮ ਸੁਰਜੀਤ ਪਾਤਰ ਨੂੰ ਪਹਿਲਾ ਸੁਆਲ ਕੀਤਾ- ਕੀ ਤੂੰ ਮੇਰੇ ਸਵਾਲਾਂ ਦੇ ਜਵਾਬ ਸੱਚ ਸੱਚ ਦੇ ਸਕਦਾ ਏਂ?'

ਮੁਜਰਮ ਪਾਤਰ ਦਾ ਜੁਆਬ- ਸੱਚ ਤਾਂ ਉਹ ਬੋਲ ਸਕਦਾ ਜੀਹਦਾ ਅੱਗਾ ਨਾ ਪਿੱਛਾ।'

ਮਨਜੀਤ ਟਿਵਾਣਾ ਦੇ ਹੱਥਲਾ ਰਜਿਸਟਰ ਢਿੱਲਾ ਪੈ ਗਿਆ, ਕਲਮ ਟੇਢੀ ਹੋ ਗਈ। ਮੱਥੇ ਤਿਊੜੀ ਪਾ ਕੇ ਕਹਿੰਦੀ -ਲੈ ਇਹ ਕੀ ਗੱਲ ਹੋਈ?' ਮੈਂ ਹੱਸ ਕੇ ਕਿਹਾ- ਬੱਸ ਹੋ ਗਿਆ ਮਨਜੀਤ ਤੇਰਾ ਇੰਟਰਵਿਊ ਪੂਰਾ। ਹੋਰ ਤੈਨੂੰ ਕੀ ਚਾਹੀਦਾ?' ਮਨਜੀਤ ਟਿਵਾਣਾ ਕਹਿੰਦੀ -ਤੁਹਾਡਾ ਮੂਡ ਨਹੀਂ ਇੰਟਰਵਿਊ ਦੇਣ ਦਾ। ਤੁਸੀਂ ਕਰੋ ਆਪਣਾ ਕੰਮ।' ਕਹਿ ਕੇ ਮਨਜੀਤ ਚਾਹ ਉਡੀਕੇ ਬਿਨਾਂ ਮੇਰੇ ਰੋਕਣ ਦੇ ਬਾਵਜੂਦ ਵੀ ਚਲੇ ਗਈ। ਮੇਰਾ ਨਹੀਂ ਖਿਆਲ ਮਨਜੀਤ ਟਿਵਾਣਾ ਦਾ ਉਹ ਇੰਟਰਵਿਊ ਅੱਜ ਤਕ ਪੂਰਾ ਹੋਇਆ ਹੋਵੇ!

ਪਾਤਰ ਦੇ ਅੰਤਮ ਸਸਕਾਰ ਦੀਆਂ ਤਸਵੀਰਾਂ ਵੇਖ ਕੇ ਮੈਨੂੰ ਪਾਤਰ ਦਾ ਉਹੀ ਜਵਾਬ ਫੇਰ ਯਾਦ ਆਇਆ- ਸੱਚ ਤਾਂ ਉਹ ਬੋਲ ਸਕਦਾ ਜੀਹਦਾ ਅੱਗਾ ਨਾ ਪਿੱਛਾ।' ਨਾਲ ਈ ਉਹਦੀਆਂ ਮੁਹਾਵਰੇ-ਦਾਰ ਮਸ਼ਹੂਰੋ-ਮਾਰੂਫ਼ ਸ਼ਾਇਰੀ ਦੀਆਂ ਸਤਰਾਂ ਯਾਦ ਆਈਆਂ-

*ਏਨਾ ਸੱਚ ਨਾ ਬੋਲ, ਕਿ 'ਕੱਲਾ ਰਹਿ ਜਾਵੇਂ*
*ਚਾਰ ਕੁ ਬੰਦੇ ਛੱਡ ਲੈ, ਮੋਢਾ ਦੇਣ ਲਈ।*

ਜਦੋਂ ਇਹ ਸਤਰਾਂ ਕਹਿਣ ਵਾਲੇ ਸੁਰਜੀਤ ਪਾਤਰ ਦੀ ਅਰਥੀ ਨਿਕਲੀ ਤਾਂ ਸ਼ਾਇਦ ਈ ਕੋਈ ਬੰਦਾ ਹੋਵੇ ਜਿਹੜਾ ਉਸਦੀ ਅਰਥੀ ਨੂੰ ਮੋਢਾ ਦੇਣ ਨਾ ਪਹੁੰਚਿਆ ਹੋਵੇ। ਕੋਈ ਘਰ ਬੈਠਾ ਉਹਦੀ ਅਰਥੀ ਦੇ ਨਾਲ ਸੀ, ਕੋਈ ਲੁਧਿਆਣੇ ਸ਼ਮਸ਼ਾਨ ਘਾਟ ਵੱਲ ਜਾਂਦੀ ਉਹਦੀ ਮ੍ਰਿਤਕ-ਦੇਹ ਵਾਲੀ ਹਾਰੀ-ਸ਼ੰਗਾਰੀ ਮੋਟਰ ਦੇ ਨਾਲ। ਸੰਤਰੀ ਤੋਂ ਲੈ ਮੰਤਰੀ ਤਕ। ਤੇ ਮੰਤਰੀ ਤੋਂ ਲੈ ਮੁੱਖ ਮੰਤਰੀ ਤਕ।

ਅੰਤਮ ਸਸਕਾਰ ਦੀਆਂ ਉਸਦੀਆਂ ਰੰਗੀਨ ਤਸਵੀਰਾਂ ਦੇਖ ਕੇ ਲਗਦਾ ਸੀ ਜਿਵੇਂ ਇਸ ਰਸਮ ਦਾ ਲਾਈਵ ਟੈਲੀਕਾਸਟ ਚੱਲ ਰਿਹਾ ਹੋਵੇ।

ਕੀ ਸੱਚੀਂ ਕੋਈ ਸੱਚ ਬੋਲ ਸਕਦਾ? ਨਾ ਅੱਗੇ ਨਾ ਪਿੱਛੇ ਵਾਲਾ ਵੀ? ਕੀ ਚਾਰ ਕੁ ਬੰਦੇ ਛੱਡੇ ਜਾ ਸਕਦੇ? ਸੱਚ ਹੈ ਕੀ ਆਖਰ?

ਮੇਰੇ ਖਿਆਲ ਅਨੁਸਾਰ ਜਾਂ ਇਹ ਕਹੋ ਕਿ ਸਾਡੇ ਵੇਲ਼ਿਆਂ 'ਚ ਕੋਈ ਹੋਰ ਸ਼ਾਇਰ/ਲੇਖਕ ਐਸਾ ਨਹੀਂ ਜੀਹਦੇ ਚਹੇਤੇ ਏਨੀ ਵੱਡੀ ਗਿਣਤੀ 'ਚ ਹੋਣ। ਮੇਰੇ ਤਾਂ ਜੀਵਨ ਵਿਚ ਵੀ ਐਸਾ ਕੋਈ ਸ਼ਖ਼ਸ ਮੈਨੂੰ ਨਜ਼ਰ ਨਹੀਂ ਪੈਂਦਾ ਜਿਹੜਾ ਏਡਾ ਸਾਊ ਸੁਭਾਅ ਮਿਲਾਪੜਾ ਅਤੇ ਬਿਨ-ਦੁਸ਼ਮਣ ਹੋਵੇ। ਸ਼ਾਇਦ

ਅਜਿਹਾ ਹੋਣਾ ਪਾਤਰ ਦੀ ਲੋੜ ਸੀ। ਲੋੜ ਤੁਹਾਡਾ ਸੁਭਾਅ ਬਣ ਜਾਂਦੀ। ਪਾਪੂਲਰ ਹੋਣ ਲਈ ਕਲਾ ਦੇ ਨਾਲ ਪਾਪੂਲੈਰਿਟੀ ਕਾਇਮ ਰੱਖਣ ਦੀ ਕਲਾ ਵੀ ਨਿਭਾਉਣੀ ਪੈਂਦੀ।

ਪਾਤਰ ਨੇ ਇਹ ਕਲਾ ਆਖਰੀ ਦਮ ਤਕ ਨਿਭਾਈ।

ਆਪਣੀ ਆਖਰੀ ਰਾਤ (11 ਮਈ 2024) ਉਹ ਇਸੇ ਕਲਾ ਨੂੰ ਨਿਭਾਉਣ ਵਿਚ ਮਸਰੂਫ਼ ਸੀ।

14 ਜਨਵਰੀ 1945 ਨੂੰ ਕਪੂਰਥਲੇ ਜ਼ਿਲ੍ਹੇ ਦੇ ਪਿੰਡ ਪੱਤੜ ਕਲਾਂ ਜਨਮਿਆਂ ਸੁਰਜੀਤ 'ਹੁੰਜਣ' ਰਣਧੀਰ ਕਾਲਿਜ ਕਪੂਰਥਲੇ ਪੜ੍ਹਦਿਆਂ ਸੁਰਜੀਤ 'ਪੱਤੜ' ਹੋ ਗਿਆ ਤੇ ਪਟਿਆਲੇ ਯੂਨੀਵਰਸਿਟੀ ਜਾ ਕੇ ਹੋ ਗਿਆ ਸੁਰਜੀਤ 'ਪਾਤਰ'। ਮੱਧਵਰਗੀ ਪਰਿਵਾਰ ਦਾ ਸਾਦਾ ਦਿੱਖ ਵਾਲਾ ਕਵੀ ਸੁਰਜੀਤ ਪਾਤਰ, ਕਦੀ ਕਵੀ ਬਣ ਕੇ ਨਹੀਂ ਵਿਚਰਿਆ। ਨਾ ਵੱਡਾ ਅਹੁਦੇਦਾਰ, ਨਾ ਸਰਕਾਰੀ ਮੋਹਰ ਵਾਲਾ, ਨਾ ਉੱਚ ਦੁਮਾਲੜਾ। ਹਾਲਾਂ ਕਿ ਉਹ ਇਹ ਸਭ ਕੁਝ ਸੀ। ਸ਼ਿਵ ਕੁਮਾਰ ਕਵੀਆਂ ਵਾਲੀਆਂ ਆਦਤਾਂ ਕਰਕੇ ਪਛਾਣਿਆ ਜਾਂਦਾ ਸੀ। ਪਾਸ਼ ਦੀ ਚਾਲ ਢਾਲ ਨਕਸਲੀ ਕਵੀਆਂ ਵਾਲੀ ਸੀ। ਪਾਤਰ ਨੂੰ ਦੇਖ ਕੇ ਲਗਦਾ ਜਿਵੇਂ ਕੋਈ ਬਿਜਲੀ ਮਹਿਕਮੇ ਦਾ ਮੀਟਰ ਰੀਡਰ ਹੋਵੇ। ਪੁਰਾਣੇ ਸਾਈਕਲ 'ਤੇ ਲੱਗੀ ਫੌਜੀ ਕਾਠੀ 'ਤੇ ਸਵਾਰ ਇਹ ਦਰਮਿਆਨੇ ਕੱਦ ਦਾ ਸਾਧਾਰਨ ਬੰਦਾ ਹੁਣੇ ਤੁਹਾਡੇ ਮੀਟਰ ਦੀ ਰੀਡਿੰਗ ਲਏਗਾ, ਬਿੱਲ ਕੱਟ ਕੇ ਤੁਹਾਡੇ ਲੱਕੜ ਦੇ ਦਰਵਾਜੇ 'ਚ ਫਸਾਏਗਾ, ਚਲਾ ਜਾਏਗਾ। ਉਹ ਇਹੀ ਕਰਦਾ ਸੀ। ਲੋਕਾਂ ਦੇ ਮਨਾਂ ਦੀ ਰੀਡਿੰਗ ਲੈਂਦਾ, ਰੀਡਿੰਗ ਕਵਿਤਾ 'ਚ ਪਰੋ ਦਿੰਦਾ ਤੇ ਤੁਹਾਡੇ ਮਨ ਦੀਆਂ ਝੀਤਾਂ 'ਚ ਆਪਣੀ ਕਵਿਤਾ ਦੇ ਸੁਰ ਭਟਕਦੇ ਛੱਡ ਜਾਂਦਾ। ਆਪ ਆਪਣੇ ਪੁਰਾਣੇ ਸਾਇਕਲ ਨੂੰ ਲੱਗੀ ਨਵੀਂ ਕਵਿਤਾ ਦੀ ਟੱਲੀ ਵਜਾ ਅਗਲੇ ਮੀਟਰ ਕੋਲ ਚਲੇ ਜਾਂਦਾ। ਹੱਥਾਂ 'ਚ ਮਨ ਮਸਤਕ ਦਾ ਬਿੱਲ ਫੜੀ ਪਾਠਕ ਨੂੰ ਵਿਲਕਦਾ ਛੱਡ ਜਾਂਦਾ। ਆਖਰੀ ਦਮ ਤਕ ਕਵੀ-ਪਾਤਰ ਪਾਠਕ-ਮਨ ਦੀਆਂ ਝੀਤਾਂ ਭਰਦਾ ਰਿਹਾ। ਪੰਜਾਬੀ ਦਾ ਸਭ ਤੋਂ ਵੱਧ ਪਾਪੂਲਰ ਕਵੀ, ਪੰਜਾਬੀ ਦਾ ਪੀ ਐਚਡੀ ਪ੍ਰੋਫੈਸਰ, ਸਾਹਿਤ ਅਕਾਦਮੀ ਅਵਾਰਡ ਵਿਨਰ, ਸਰਸਵਤੀ ਪੁਰਸਕਾਰ ਵਿਜੇਤਾ, ਕਈ ਅਦਾਰਿਆਂ ਦਾ ਅਹੁਦੇਦਾਰ, ਪਦਮ ਸ਼੍ਰੀ ਸੁਰਜੀਤ ਪਾਤਰ, ਇਕ ਰਾਤ ਚੁੱਪ ਚੁਪੀਤਾ ਇਕ ਆਮ ਸਾਧਾਰਨ ਬੰਦੇ ਵਾਂਗ ਇਕ ਦਮੀ ਹੋ ਕੇ ਲੋਪ ਹੋ ਗਿਆ। ਪਰ ਉਸ ਦੇ ਮਰਨ ਬਾਅਦ ਲੱਗਾ ਉਹ ਆਮ ਨਹੀਂ ਸੀ। ਜਾਂ ਕਹੋ ਕਿ ਉਸਨੂੰ ਖਾਸ ਬਣਾ ਕੇ ਪੇਸ਼ ਕੀਤਾ ਗਿਆ। ਆਮ ਨੂੰ ਖਾਸ ਬਣਾ ਬਣਾ ਰੱਖਣ ਨਾਲ ਉਸਦੀ ਅਸਲੀ ਆਭਾ ਖਤਮ ਹੋਣੀ ਸ਼ੁਰੂ ਹੋ ਜਾਂਦੀ। ਪਾਤਰ ਦੀ ਅਸਲੀ ਆਭਾ ਉਸਦੀ ਸਾਦਗੀ ਸੀ। ਉਹ ਉਸੇ ਆਭਾ 'ਚ ਪਰਤੇਗਾ। ਆਪਣੇ ਆਪ।

ਮੈਂ ਉਸ ਨਾਲ ਢਾਬੇ ਤੋਂ ਲੈ ਕੇ ਹਾਤੇ ਤੇ ਹਾਤੇ ਤੋਂ ਲੈ ਕੇ ਫਾਇਵ ਸਟਾਰ ਹੋਟਲ ਤਕ ਸੰਗਤ ਕੀਤੀ, ਦਾਰੂ ਪੀਤੀ,ਸੰਵਾਦ ਰਚਾਏ। ਉਹ ਨਸ਼ਈ ਨਹੀਂ ਹੁੰਦਾ ਸੀ। ਪੀਵੀ ਜਾਂਦਾ ਪੀਵੀ ਜਾਂਦਾ। ਸਿਰਫ਼ ਮੱਥੇ ਦੀਆਂ ਤਿਊੜੀਆਂ ਬਦਲਦੀਆਂ। ਮੱਥਾ ਜਾਗਦਾ ਰਹਿੰਦਾ, ਆਪ ਚੁੱਪ ਚਾਪ ਸੌਂ ਜਾਂਦਾ। ਨਾ ਬੁੜਬੜਾਉਂਦਾ ਨਾ ਹਿਲਦਾ ਨਾ ਜੁਲਦਾ। ਅਗਲੀ ਸਵੇਰ ਚੱਲ ਓ ਪਾਤਰ ਅਗਲੇ ਸ਼ਹਿਰ।

ਪਹਿਲੀ ਦਾਰੂ ਪਾਤਰ ਨਾਲ ਮੈਂ ਜਲੰਧਰ ਬੱਸ ਅੱਡੇ ਦੇ ਸਾਹਮਣੇ ਗਹਿਮਾ ਗਹਿਮ ਦੇਸੀ ਹਾਤੇ 'ਚ ਸਾਂਝੀ ਕੀਤੀ। ਨਾਲ ਸਾਡੇ ਦੁਰਗਾ ਦੱਤ ਸਵੀਤੋਜ। ਸਵੀਤੋਜ ਨੇ ਚਾਰ ਪੰਜ ਮੋਟੇ ਪੈੱਗ ਪੀ ਕੇ ਮੋਟੇ ਡੇਲਿਆਂ 'ਚ ਜਗਦੇ ਲਾਲ ਡੋਰਿਆਂ ਵਾਲੇ ਰੋਅਬ ਨਾਲ ਹਾਤੇ ਵਿਚ ਬੈਠੇ ਹੋਰ ਸ਼ਰਾਬੀਆਂ ਨੂੰ ਮੁਖ਼ਾਤਬ ਹੋ ਕੇ ਕਿਹਾ -ਜਦੋਂ ਸੁਰਜੀਤ ਪਾਤਰ ਨੇ ਹੀ ਕਹਿ ਦਿੱਤਾ ਕਿ ਸਵਿਤੋਜ ਵੱਡਾ ਕਵੀ ਹੈ, ਹੋਰ ਦੱਸੋ ਹੁਣ ਤੁਹਾਨੂੰ ਕੇਲਾ ਚਾਹੀਦਾ?'

ਪਾਤਰ ਦੇ ਉਸ ਐਲਾਨ ਤੋਂ ਬਾਅਦ ਦੁਰਗਾ ਦੱਤ ਲਗਾਤਾਰ ਦਾਰੂ ਪੀਣ ਕਾਰਨ ਜਲਦੀ ਹੀ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਮਰ ਗਿਆ।

ਅਮਰਜੀਤ ਗਰੇਵਾਲ ਤੇ ਪਾਤਰ ਘਿਓ ਖਿਚੜੀ ਮਿੱਤਰ ਸਨ। ਗਰੇਵਾਲ ਮੁਹੱਬਤ 'ਚੋਂ ਵੀ ਰਾਜਨੀਤੀ ਦੇਖ ਲੈਂਦਾ, ਪਾਤਰ ਰਾਜਨੀਤੀ 'ਚੋਂ ਵੀ ਮੁਹੱਬਤ ਲੱਭਣ ਲੱਗ ਪੈਂਦਾ। ਪਰ ਉਹਨਾਂ ਦਾ ਕੇਂਦਰੀ ਨੁਕਤਾ ਸਾਂਝਾ ਸੀ। ਲੁਧਿਆਣਾ। ਉਹਨਾਂ ਲੁਧਿਆਣੇ ਨੂੰ ਦਿੱਲੀ ਦੇ ਬਰਾਬਰ ਖੜ੍ਹਾ ਕਰੀ

ਰੱਖਿਆ। ਨੂਰ ਦਿੱਲੀ 'ਕੱਠ ਕਰਦਾ, ਗਰੇਵਾਲ ਲੁਧਿਆਣਿਓਂ ਫਾਇਰ ਕਰ ਦਿੰਦਾ। ਠਾਹ ਠਾਹ ਦਗੜ ਦਗੜ। ਫੌਜਾਂ ਰੁੱਝੀਆਂ ਰਹਿੰਦੀਆਂ। ਫੌਜੀ ਮਰਦੇ ਰਹਿੰਦੇ, ਨੇਤਾ ਨਵੇਂ ਪੁਲ ਬਣਾ ਦਿੰਦੇ।

ਅਮਰਜੀਤ ਗਰੇਵਾਲ ਦੀ ਅੱਖ ਪਛਾਣ ਲੈਂਦੀ, ਕਿਹੜੇ ਨਵੇਂ ਖਾੜਕੂ ਭਰਤੀ ਕਰਨੇ।

ਪੀ ਏ ਯੂ ਲੁਧਿਆਣੇ ਗਰੇਵਾਲ-ਪਾਤਰ ਨੇ ਨਵ-ਕਵਿਤਾ ਉਤਸਵ ਰੱਖਿਆ। ਸੰਨ ਸ਼ਾਇਦ 1985? ਇਹ ਸਾਡੇ ਵੇਲ਼ਿਆਂ ਦੀ ਨਵੀਂ ਪੰਜਾਬੀ ਕਵਿਤਾ ਦਾ ਪਹਿਲਾ ਨਵ ਕਵਿਤਾ ਉਤਸਵ ਸੀ। ਪਹਿਲਾ ਅਸਲੀ ਤੇ ਵੱਡਾ। ਜਿਵੇਂ ਵਲੈਤ ਦੀ ਪਹਿਲੀ ਪੰਜਾਬੀ ਕਾਨਫ਼ਰੰਸ। ਚੁਣ ਚੁਣ ਰੱਖੇ ਨਵੇਂ ਕਵੀ। ਮੈਨੂੰ ਇਕ ਤਰ੍ਹਾਂ ਲਾੜਾ ਬਣਾ ਕੇ ਪੇਸ਼ ਕੀਤਾ। ਨਾਲ ਗੁਰਪ੍ਰੀਤ, ਦੇਵਨੀਤ, ਜ਼ਫਰ, ਸ਼ਮੀਲ, ਅੰਬਰੀਸ਼, ਸਵੀ ਤੇ ਹੋਰ ਅਨੇਕ ਨਵੇਂ ਨਾਮ ਜੋ ਬਾਅਦ 'ਚ ਪੰਜਾਬੀ ਕਵਿਤਾ ਦਾ ਮੂੰਹ-ਮੱਥਾ ਵੀ ਬਣੇ। ਪਾਤਰ ਦੀ ਫਰਾਖ-ਦਿਲੀ ਕਿ ਉਸਨੇ ਨਵੇਂ ਕਵੀਆਂ ਲਈ ਨਵੀਂ ਨਜ਼ਮ ਲਿਖੀ ਤੇ ਪੜ੍ਹੀ – *ਉਹ ਆ ਗਏ ਨੇ ਮੈਂ ਹੁਣ ਚਲਦਾਂ ਹਾਂ'*। ਫੇਰ ਲਿਖਿਆ –*ਕੀ ਕਵੀਆਂ ਦਾ ਆਉਣਾ ਜਾਣਾ'*।

ਪਾਤਰ ਸੋਚ ਸਮਝ ਕੇ ਪੱਬ ਧਰਨ ਵਾਲਾ ਬੰਦਾ ਸੀ। ਭਾਵਕ ਵੀ ਪਰ ਅੰਦਰੋਂ ਕਿਤੇ ਅਣਖੀਲਾ ਵੀ।

ਉਹਦੀ ਇਹ ਅਣਖ ਮੈਂ ਦੋ ਵਾਰ ਅੱਖੀਂ ਦੇਖੀ। ਇਕ ਕਵੀ ਜਗਤਾਰ ਨਾਲ ਖਹਿ, ਦੂਜੀ ਡਾ. ਨੂਰ ਨਾਲ ਟੱਕਰ।

ਕਵੀ ਜਗਤਾਰ ਨਾਲ ਉਸਦੀ ਰੁਸਵਾਈ ਦਾ ਪਤਾ ਮੈਨੂੰ ਪਾਤਰ ਦੇ ਲਿਖੇ ਇਕ ਖ਼ਤ ਰਾਹੀਂ ਮਿਲਿਆ।

ਪਾਤਰ ਦੀ ਰੁਸਵਾਈ ਵਾਲੇ ਇਸ ਬੰਦੇ ਦੀ ਖਿਝ ਅਤੇ ਕਿਚ ਕਿਚ ਤੋਂ ਬਾਅਦ ਮੈਂ ਉਸਤੇ ਡਾਕੂਮੈਂਟਰੀ ਕਰਨ ਦਾ ਫੈਸਲਾ ਲਿਆ। ਸਕ੍ਰਿਪਟ ਲਿਖਣ ਲਈ ਪਾਤਰ ਨੂੰ ਕਿਹਾ। ਕੰਮ ਲਟਕਿਆ ਰਿਹਾ। ਪਾਤਰ ਤਾਂ ਕਦੇ ਏਨਾ ਢਿੱਲਾ ਨਹੀਂ ਵਗਦਾ। ਇਸ ਵਾਰ ਸਕ੍ਰਿਪਟ ਕਿਉਂ ਨਹੀਂ ਭੇਜ ਰਿਹਾ? ਆਖਰ ਪਾਤਰ ਦਾ ਖ਼ਤ ਆਣ ਬਹੁੜਿਆ:

*ਲੁਧਿਆਣਾ*

*2.10.96*

*ਪਿਆਰੇ ਦੀਦ,*

*ਆਪਣੀ ਖਿਝ ਕਾਰਣ ਅੱਜਕਲ ਜਗਤਾਰ ਨੂੰ ਹੋਰ ਵੀ ਛੋਟਾ ਕਵੀ ਸਮਝ ਰਿਹਾ ਹਾਂ। ਜਾਣਦਾ ਹਾਂ ਇਹ ਮੇਰਾ ਛੋਟਾਪਨ ਹੈ, ਪਰ ਇਹ ਹੈ, ਤੇ ਅਜੇ ਇਸ ਉਤੇ ਮੇਰਾ ਵੱਸ ਨਹੀਂ ਚੱਲ ਰਿਹਾ।*

*ਇਸ ਕਾਰਣ ਤੇਰੀ ਦਸਤਾਵੇਜ਼ੀ ਨਾਲ ਵੀ ਇਨਸਾਫ਼ ਨਹੀਂ ਕਰ ਸਕਾਂਗਾ।*

*ਜੇ ਕੁਝ ਹੋਰ ਵਕਤ ਹੁੰਦਾ ਤਾਂ ਸ਼ਾਇਦ ਆਪਣੇ ਛੋਟੇਪਨ ਤੋਂ ਉੱਪਰ ਉੱਠ ਕੇ ਸਭ ਕੁਝ ਰੈਸ਼ਨਲਾਈਜ਼ ਕਰ ਲੈਂਦਾ – ਪਰ ਇਕ ਹੋਰ ਕੰਮ ਵਿਚ ਉਲਝਿਆ ਹੋਇਆ ਹਾਂ, ਜਿਸ ਲਈ ਦਸ ਪੰਦਰਾਂ ਦਿਨ ਚਾਹੀਦੇ ਹਨ ਤੇ 17 ਨੂੰ ਮੈਂ ਜਾਣਾ। ਇਸ ਲਈ ਪਿਆਰੇ ਦੋਸਤ, ਮੈਨੂੰ ਮਾਫ਼ ਕਰ ਦੇਵੀਂ। ਤੂੰ ਜਾਣਦਾ ਹੈਂ ਮੈਨੂੰ ਤੇਰੀ ਦੋਸਤੀ ਪਿਆਰੀ ਹੈ ਤੇ ਤੇਰੇ ਲਈ ਸਕ੍ਰਿਪਟ ਲਿਖਣਾ ਵੀ ਮੈਨੂੰ ਕਵਿਤਾ ਲਿਖਣ ਵਾਂਗ ਲਗਦਾ ਹੈ।*

*ਪਰਵਾਰ ਲਈ ਪਿਆਰ ਤੇ ਦੁਆਵਾਂ।*

*ਤੇਰਾ, ਸੁਰਜੀਤ ਪਾਤਰ*

*ਆਵਾਜ਼ ਆਏਗੀ ਅਜੇ – ਬਹੁਤ ਖ਼ੂਬਸੂਰਤ ਕਵਿਤਾਵਾਂ ਹਨ ਵਿਲੱਖਣ, ਮਨ ਦੀਆਂ ਡੂੰਘੀਆਂ ਪਰਤਾਂ ਚੋਂ ਉੱਠੀਆਂ ਤੇ ਡੂੰਘੀਆਂ ਪਰਤਾਂ ਨੂੰ ਛੂੰਹਦੀਆਂ – ਇਨ੍ਹਾਂ ਨਾਲ ਪੰਜਾਬੀ ਕਵਿਤਾ ਨੂੰ ਹੋਰ ਅਲੋਕਾਰ ਸੁਹਜ, ਸੋਚਾਂ ਤੇ ਅਹਿਸਾਸਾਂ ਦੀ ਗਹਿਰਾਈ ਨਸੀਬ ਹੋਈ ਹੈ, ਮੁਬਾਰਕ।*

ਪਾਤਰ ਨੂੰ ਮਿਲੇ ਸਾਹਿਤ ਅਕਾਦਮੀ ਇਨਾਮ ਵੇਲੇ ਇਸ ਉਸਤਾਦ ਗ਼ਜ਼ਲਗੋ ਨੇ ਕਿਹਾ ਸੀ– 'ਗਾਉਣ ਵਜਾਉਣ ਵਾਲੇ ਅੱਗੇ ਆਈ ਜਾਂਦੇ'।

ਸਾਹਿਤ ਅਕਾਦਮੀ ਦੇ ਇਨਾਮ ਤੋਂ ਖੁੰਝੇ ਜਾਂ ਲੇਟ ਹੋ ਗਏ ਸਾਹਿਤਕਾਰ ਏਸੇ ਭਾਸ਼ਾ 'ਚ ਬੋਲਦੇ। ਜਦ ਉਹਨਾਂ ਨੂੰ ਮਿਲ ਜਾਂਦਾ ਫਿਰ ਇਹ ਸਿੱਧ ਕਰਨ 'ਚ ਲੱਗ ਜਾਂਦੇ ਕਿ ਇਨਾਮ ਸਿਰਫ਼ ਉਸੇ ਨੂੰ ਠੀਕ ਮਿਲਿਆ, ਬਾਕੀ ਸਭ ਗ਼ਲਤ।

ਸਾਡੇ ਇਕ ਪਹਾੜੀਆ ਡਾਇਰੈਕਟਰ ਹੁੰਦਾ ਸੀ–ਨੇਤਰ ਸਿੰਘ ਰਾਵਤ। ਉਹ ਹਿੰਦੀ ਦਾ ਲੇਖਕ ਤੇ 'ਦਿਨਮਾਨ' ਦਾ ਸਾਬਕਾ ਸੰਪਾਦਕ ਵੀ ਸੀ। ਪਾਨ ਚੱਬਦਾ ਉਹ ਮੂੰਹ 'ਚ ਆਈ ਚੂਨੇ ਕੱਥੇ ਦੀ ਲਾਲ ਪਿਚਕਾਰੀ ਮਾਰ ਕੇ ਕਹਿੰਦਾ –ਯੇ ਸਾਲੇ ਚੂਤੀਆ ਲੇਖਕ ਮਰ ਮਰ ਕੇ ਏਕ ਆਧ ਕਿਤਾਬ ਲਿਖਤੇ ਹੈਂ, ਇਨਾਮ ਲੇਤੇ ਹੈਂ, ਔਰ ਫਿਰ ਸਾਰੀ ਉਮਰ ਉਸਕੀ ਜੁਗਾਲੀ ਕਰਤੇ ਹੈਂ'।

ਸਕ੍ਰਿਪਟ ਲਿਖਣ ਤੋਂ ਪਾਤਰ ਦੇ ਇਨਕਾਰ ਕਰਕੇ ਗ਼ਜ਼ਲਗੋ ਮੇਰੇ ਨਾਲ ਵੀ ਨਰਾਜ਼ ਹੋ ਗਿਆ। ਮੈਂ ਕਿਹਾ ਤੇਰੀ ਮਰਜੀ। ਏਸ ਕੰਮ ਤੋਂ ਦੁਖੀ ਹੋ ਕੇ ਮੈਂ ਜੀਂਦੇ ਲੇਖਕਾਂ 'ਤੇ ਫਿਲਮਾਂ ਬਣਾਉਣ ਦਾ ਕੰਮ ਬੰਦ ਕਰ ਦਿੱਤਾ। ਸਵਰਗਵਾਸੀ ਲੇਖਕਾਂ 'ਤੇ ਫੀਚਰ ਬਣਾਉਣ ਲੱਗ ਪਿਆ। ਪੂਰਨ ਸਿੰਘ, ਭਾਈ ਵੀਰ ਸਿੰਘ, ਵਿਰਕ, ਮੀਸ਼ਾ। ਮੈਂ ਕਿਹਾ ਮਰੇ ਬੰਦੇ ਤਾਂ ਧਰਨਾ ਲਾਉਣੋਂ ਰਹੇ। ਇਕ ਦਿਨ ਭੂਸ਼ਨ ਧਿਆਨਪੁਰੀ ਰਿਕਾਰਡਿੰਗ ਲਈ ਆਇਆ। ਕਹਿੰਦਾ– ਦੀਦ ਕੀ ਹੁਣ ਤੂੰ ਲੇਖਕਾਂ ਤੋਂ ਪਿੱਛਾ ਛੁਡਾ ਲਏਂਗਾ? ਮੈਂ ਕਿਹਾ ਹੁਣ ਮੇਰੇ ਕੋਲ਼ ਸਿੱਧਾ ਜਵਾਬ ਹੈ –ਮੈਂ ਜੀਂਦੇ ਲੇਖਕਾਂ 'ਤੇ ਫਿਲਮਾਂ ਬਣਾਉਣੀਆਂ ਬੰਦ ਕਰ ਦਿੱਤੀਆਂ ਨੇ'। ਭੂਸ਼ਨ ਆਪਣੀ ਥੱਥ ਮਾਰਦੀ ਮੁਸਕਰਾਹਟ ਨਾਲ ਕਹਿੰਦਾ – ਏਦਾਂ ਨਹੀਂ ਬਚ ਸਕਦਾ ਤੂੰ, ਤੇਰੇ ਕੋਲ਼ ਸੁਖਪਾਲ ਵੀਰ ਸਿੰਘ ਹਸਰਤ ( ਉਦੋਂ ਹਸਰਤ ਜੀਂਦਾ ਸੀ) ਆਇਆ ਲੈ, ਉਹਨੇ ਕਹਿਣਾ –ਭਾਅ ਜੀ ਅਸੀਂ ਮਰਿਆਂ ਵਰਗੇ ਈ ਹਾਂ, ਸਾਡੇ 'ਤੇ ਬਣਾਓ ਡਾਕੂਮੈਂਟਰੀ'।

ਇਹਨਾਂ ਡੌਕੂਮੈਂਟਰੀਆਂ ਨੇ ਮੇਰੇ ਖਿਲਾਫ ਧਰਨਾ ਲਵਾ ਦਿੱਤਾ। ਮੇਰੇ ਖਿਲਾਫ ਜ਼ਿੰਦਾਬਾਦ ਮੁਰਦਾਬਾਦ ਹੋ ਗਈ। ਕੁਦਰਤੀ, ਧਰਨੇ ਵਾਲੇ ਦਿਨ ਪਾਤਰ ਰਿਕਾਰਡਿੰਗ ਲਈ ਆਇਆ, ਕਹਿੰਦਾ –ਦੀਦ ਅੱਜ ਤੋਂ ਤੂੰ ਵੱਡਾ ਆਦਮੀ ਬਣ ਗਿਆ ਸਮਝ'। ਸਾਡਾ ਠਹਾਕਾ ਧਰਨੇ ਨਾਲ ਖਹਿ ਕੇ ਲੰਘਿਆ।

ਪਾਤਰ ਨੂੰ ਜਦ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ ਤਾਂ ਉਸਦੀਆਂ ਦੋ ਕਿਤਾਬਾਂ ਲਿਸਟ ਵਿਚ ਸਨ। 'ਹਨ੍ਹੇਰੇ ਵਿਚ ਸੁਲਗਦੀ ਵਰਣਮਾਲਾ' (ਕਵਿਤਾਵਾਂ) 'ਹਵਾ ਵਿਚ ਲਿਖੇ ਹਰਫ਼' (ਗ਼ਜ਼ਲਾਂ)। ਮੈਂ ਕੁਦਰਤੀ ਉਸ ਵਰ੍ਹੇ ਅਡਵਾਇਜ਼ਰੀ ਬੋਰਡ ਦਾ ਮੈਂਬਰ ਸਾਂ। ਅੰਮ੍ਰਿਤਾ ਪ੍ਰੀਤਮ ਜਾਂ ਸ਼ਾਇਦ ਦੁੱਗਲ ਚੇਅਰਪਰਸਨ ਸੀ। ਮੇਰੇ ਕੋਲ਼ ਪਾਤਰ ਦੀਆਂ ਦੋਵੇਂ ਕਿਤਾਬਾਂ ਵਾਲੀ ਲਿਸਟ ਆਈ। ਹੋਰ ਵੀ ਕੁਝ ਕਿਤਾਬਾਂ ਸਨ। ਮੈਂ ਪਾਤਰ ਦਾ ਨਾਮ ਲਿਖਣਾ ਸੀ। ਉਸੇ ਦਿਨ ਪਾਤਰ ਰਿਕਾਰਡਿੰਗ ਲਈ ਆਇਆ ਤਾਂ ਮੈਂ ਬਹਾਨੇ ਨਾਲ ਪੁੱਛਿਆ– ਪਾਤਰ ਜੇ ਤੈਨੂੰ ਨੋਬਲ ਪ੍ਰਾਇਜ਼ ਦੇਣਾ ਹੋਵੇ ਤਾਂ ਤੇਰੀ ਕਵਿਤਾਵਾਂ ਦੀ ਕਿਤਾਬ ਨੂੰ ਦਈਏ ਕਿ ਗਜ਼ਲਾਂ ਦੀ? ਪਾਤਰ ਹੱਸ ਕੇ ਕਹਿੰਦਾ –ਕਵਿਤਾਵਾਂ।' ਫੇਰ ਸਹਿਜ ਹੋ ਕੇ ਕਹਿੰਦਾ– 'ਹਨ੍ਹੇਰੇ ਵਿਚ ਸੁਲਗਦੀ ਵਰਣਮਾਲਾ'। ਮੈਂ ਕਿਹਾ –ਗ਼ਜ਼ਲਾਂ ਕਿਉਂ ਨਹੀਂ? ਕਹਿੰਦਾ– ਕਵਿਤਾ ਵਿਚ ਕਵਿਤਾ ਦੀ ਸਰਦਾਰੀ ਬਣੀ ਰਹੇਗੀ।' ਮੈਂ ਓਸੇ ਦਿਨ ਸਿਰਫ਼ ਇਕ ਕਿਤਾਬ ਦਾ ਨਾਮ ਰੀਕਮੈਂਡ ਕਰਕੇ ਸਾਹਿਤ ਅਕਾਡੇਮੀ ਨੂੰ ਭੇਜਿਆ –'ਹਨ੍ਹੇਰੇ ਵਿਚ ਸੁਲਗਦੀ ਵਰਣਮਾਲਾ'। ਕੁਝ ਮਹੀਨਿਆਂ ਬਾਅਦ ਖਬਰ ਆਈ–ਸੰਨ 1993 ਦਾ ਸਾਹਿਤ ਅਕਾਦਮੀ ਅਵਾਰਡ ਸੁਰਜੀਤ ਪਾਤਰ ਦੀ ਵਰਣਮਾਲਾ ਨੂੰ। ਇਨਾਮ ਘੋਸ਼ਿਤ ਹੋਣ ਬਾਅਦ ਮੈਨੂੰ ਪ੍ਰੇਮ ਪ੍ਰਕਾਸ਼ ਨੇ ਦੱਸਿਆ –ਇਸ ਵਾਰ ਪ੍ਰੇਮ ਤੇ ਬਲਵੰਤ ਗਾਰਗੀ ਫਾਇਨਲ ਜਿਊਰੀ ਮੈਂਬਰ ਸਨ। ਉਹਨਾਂ ਦੋਹਾਂ ਨੇ ਪਾਤਰ ਦੇ ਨਾਮ 'ਤੇ ਮੋਹਰ ਲਾਈ।

ਮੈਨੂੰ ਸਾਹਿਤ ਅਕਾਦਮੀ ਦਾ ਅਵਾਰਡ ਮਿਲਣ ਤੋਂ ਪਹਿਲਾਂ ਮੇਰਾ ਨਾਮ ਤਿੰਨ ਚਾਰ ਵਾਰ ਆਉਂਦਾ ਰਿਹਾ। ਇਕ ਵਾਰ ਪਾਤਰ ਤੇ ਪ੍ਰੇਮ ਪ੍ਰਕਾਸ਼ ਦੋਹਾਂ ਨੇ ਮੇਰਾ ਨਾਮ ਰਿਕਮੈਂਡ ਕਰਕੇ ਭੇਜਿਆ ਪਰ ਇਨਾਮ ਜਿਊਰੀ ਨੇ ਕਿਸੇ ਹੋਰ ਲੇਖਕ ਨੂੰ ਦਿੱਤਾ। ਪਾਤਰ ਨੇ ਮੈਨੂੰ ਜਦ ਦੱਸਿਆ ਤਾਂ ਮੈਂ ਕਿਹਾ –ਪਾਤਰ ਇਸ ਤੋਂ ਵੱਡਾ ਇਨਾਮ ਕੀ ਹੈ ਜੇ ਪਾਤਰ ਤੇ ਪ੍ਰੇਮ ਪ੍ਰਕਾਸ਼ ਇਕੋ ਵੇਲ਼ੇ ਮੇਰੀ ਕਿਤਾਬ ਨੂੰ

ਰਿਕਮੈਂਡ ਕਰਦੇ ਨੇ। ਫੇਰ ਮੈਨੂੰ ਡਾ. ਅਤਰ ਸਿੰਘ ਦੀ ਕਹੀ ਗੱਲ ਯਾਦ ਆਈ ਕਿ – ਸਾਹਿਤ ਅਕਾਦਮੀ ਦਾ ਅਵਾਰਡ ਤਾਂ ਗੁਰਦਵਾਰੇ ਦੇ ਕੜਾਹ ਵਰਗਾ। ਜੇ ਲਾਇਨ ’ਚ ਲੱਗ ਗਏ ਓ ਤਾਂ ਗੱਫਾ ਮਿਲ ਈ ਜਾਣਾ’। ਫੇਰ ਸਤਿਆਰਥੀ ਦਾ ਕਿਹਾ ਵੀ ਯਾਦ ਆਇਆ – ਸਾਹਿਤ ਅਕਾਦਮੀ ਤਾਂ ਮੈਂ ਨਾ ਮਾਨੂ , ਮੈਂ ਨਾ ਮਾਨੂ ਦਾ ਖੇਲ੍ਹ। ਜਦ ਇਹ ਮੰਨ ਗਈ ਤਾਂ ਖੇਲ੍ਹ ਖ਼ਤਮ।

ਮੈਂ, ਦਫ਼ਤਰ-ਘਰ ਦਾ ਘੱਟਾ ਮਿੱਟੀ ਲਾਹੁਣ, ਕਦੀ ਪਹਾੜਾਂ ਨੂੰ ਨਿਕਲ ਜਾਂਦਾ, ਕਦੀ ਦੱਖਣ ਕਦੀ ਦਿੱਲੀ। ਦਿੱਲੀ ਪੰਜਾਬ ਭਵਨ। ਮੈਂ ਮੀਡੀਏ ਦਾ ਬੰਦਾ ਹੋਣ ਕਰਕੇ ਉੱਥੇ ਰੁਕ ਜਾਂਦਾ। ਮੰਡੀ ਹਾਊਸ ਦੀਆਂ ਰੌਣਕਾਂ। ਦੋ ਕਰਮਾਂ ‘ਤੇ ਪ੍ਰਸਾਰ ਭਾਰਤੀ ਦਾ ਹੈੱਡ ਆਫਿਸ। ਸਾਹਮਣੇ ਸਾਹਿਤ ਅਕਾਦਮੀ ਦਾ ਦਫਤਰ। ਤ੍ਰਿਵੇਣੀ ਕਲਾ ਸੰਗਮ। ਨੈਸ਼ਨਲ ਸਕੂਲ ਆਫ਼ ਡਰਾਮਾ। ਨਾਟਕ ਦੇਖੋ। ਕਦੀ ‘ਤੁਗਲਕ’ ਕਦੀ ‘ਅਸ਼ਾੜ ਕਾ ਏਕ ਦਿਨ’। ਮੈਂ ਕਦੀ ਕਦਾਈਂ ਐਵੇਂ ਦਿੱਲੀ ਪੰਜਬ ਭਵਨ ਬੁੱਕ ਕਰਵਾ ਲੈਂਦਾ। ਕੋਈ ਕੰਮ ਨਹੀਂ। ਬੱਸ ਅਵਾਰਗੀ। ਏਦੋਂ ਵੱਧ ਸੋਹਣੀ ਸੇਫ ਜਗ੍ਹਾ ਹੋਰ ਕੀ ਹੋ ਸਕਦੀ ਭਲਾ?

ਇਕ ਰਾਤ ਮੈਂ ਇਸੇ ਪੰਜਾਬ ਭਵਨ ਦੇ ਨੁੱਕਰੀ-ਕਮਰੇ ’ਚ ਪਿਆ ਸਾਂ ਕਿ ਨਾਲਦੇ ਕਮਰੇ ’ਚੋਂ ਕਿਸੇ ਤਰੁਨਮ-ਨੁਮਾ ਆਵਾਜ਼ ਦੀ ਗੁਣਗੁਣਾਹਟ ਹੋਈ। ਮੈਂ ਨੀਂਦ ’ਚ ਸਾਂ। ਪਾਸਾ ਲਿਆ। ਸੌਂ ਗਿਆ। ਸਵੇਰੇ ਅੱਖ ਖੁੱਲ੍ਹੀ। ਫੇਰ ਗੁਣਗੁਣਾਹਟ। ਮੈਂ ਦੀਵਾਰ ਨੂੰ ਕੰਨ ਲਾ ਕੇ ਸੁਣਿਆ। ਕੋਈ ਔਰਤ ਗੁਣਗੁਣਾਹਟ ਦਾ ਹੁੰਗਾਰਾ ਭਰ ਰਹੀ ਸੀ। ਤਰੁਨਮ ਜਾਰੀ। ਰੂਹ ਨੂੰ ਧੂ ਪਾਉਣ ਵਾਲੀ। ਮੈਂ ਸੋਚਿਆ ਇਹ ਕੋਈ ਭਈਆ ਸਫਾਈ ਕਰਮਚਾਰੀ, ਨਾਲੇ ਝਾੜੂ ਦੇਈ ਜਾਂਦਾ ਨਾਲੇ ਗਾਈ ਜਾਂਦਾ। ਕਿੰਨਾ ਸੁਰੀਲਾ ਸਫਾਈ ਕਰਮਚਾਰੀ? ਫੇਰ ਮੈਂ ਮੁਸਕਰਾ ਕੇ ਮਨ ਹੀ ਮਨ ਕਿਹਾ –ਸਾਲ਼ਾ ਸੁਰਜੀਤ ਪਾਤਰ ਵਰਗੀ ਵਾਜ ਕੱਢਦਾ’। ਪਰ ਗੀਤ ਦੇ ਬੋਲ ਸਮਝ ਨਹੀਂ ਸੀ ਪੈ ਰਹੇ। ਕੰਧ ’ਚ ਕੰਨ ਘਸੋੜਨ ਤਕ ਗਿਆ ਮੈਂ।

ਤਿਆਰ ਹੋ ਕੇ ਮੈਂ ਮੰਡੀ ਹਾਊਸ ਦਾ ਗੇੜਾ ਦੇਣ ਲਈ ਕਮਰੇ ’ਚੋਂ ਬਾਹਰ ਆ ਗਿਆ। ਕਮਰਾ ਲਾਕ ਕੀਤਾ। ਲੋਹੇ ਦੇ ਭਾਰੇ ਕੀ-ਰਿੰਗ ’ਚ ਮਹਫੂਜ਼ ਚਾਬੀ ਹੱਥ ’ਚ ਫੜੀ ਮੈਂ ਲਿਫਟ ਕੋਲ਼ ਪੁੱਜਾ। ਸਾਹਮਣੇ ਪਾਤਰ ਖੜ੍ਹਾ ਸੀ। ਨਾਲ ਉਸਦੇ ਉਸਦੀ ‘ਗ਼ਜ਼ਲ’। ਪਾਤਰੀ-ਜੱਫੀ ’ਚ ਆ ਗਿਆ ਮੈਂ। ਹਲਕੇ ਹਾਸੇ ਦੀ ਫੁਹਾਰ। ਹੈਰਾਨਗੀ ਤੇ ਹਿਚਕਚਾਹਟ ’ਚ ਮੈਂ ਪਾਤਰ ਤੇ ‘ਗ਼ਜ਼ਲ’ ਦੋਹਾਂ ਦਾ ਹਾਲ ਚਾਲ ਪੁੱਛਿਆ ਤੇ ਅਸੀਂ ਸੰਜੀਦਗੀ ’ਚ ਹੋਣ ਦਾ ਮਿੰਨੀ-ਨਾਟਕ ਕਰਨ ਤੋਂ ਬਾਅਦ ਲਿਫਟ ’ਚ ਸਵਾਰ ਹੋ ਕੇ ਫਸਟ ਫਲੋਰ ਤੋਂ ਗ੍ਰਾਉਂਡ ਫਲੋਰ ਤੇ ਆ ਕੇ ਰਾਤ ਨੂੰ ਮਿਲਣ ਦਾ ਵਾਅਦਾ ਕਰਕੇ ਅੱਡ ਹੋ ਗਏ।

ਰਾਤ ਨੂੰ ਪਾਤਰ ਕਮਰਾ ਛੱਡ ਗਿਆ।

ਇਤਫ਼ਾਕਨ ਦੋ ਕੁ ਸਾਲਾਂ ਬਾਅਦ ਮੈਂ ਤੇ ਪਾਤਰ ਫੇਰ ਪੰਜਾਬ ਭਵਨ ਦੀ ਲਿਫਟ ਕੋਲ਼ ਟੱਕਰ ਗਏ। ਪਾਤਰੀ-ਜੱਫੀ ਇਸ ਵਾਰ ਢਿੱਲੀ ਸੀ। ਪਰ ਮੁਸਕਰਾਹਟ ਓਹੀ। ਇਸ ਵਾਰ ਪਾਤਰ ਇਕੱਲਾ ਸੀ ਪਰ ਮੇਰੇ ਨਾਲ ਮੇਰੀ ‘ਗ਼ਜ਼ਲ’ (ਟੀਵੀ ਐਕਟਰੈੱਸ) ਸੀ।

ਮੈਂ ਪਾਤਰ ਨਾਲ ਰਾਤ ਨੂੰ ਮਿਲਣ ਦਾ ਵਾਅਦਾ ਕੀਤੇ ਬਗ਼ੈਰ ਐਕਟਰੈੱਸ ਨਾਲ ਟੈਕਸੀ ’ਚ ਬੈਠ ਕੇ ਸ਼ੂਟਿੰਗ ਲਈ ਚਲਾ ਗਿਆ।

ਨੂਰ ਦਾ ਫ਼ੋਨ ਆਇਆ – ਬਾਬਿਓ ਸਾਹਿਤ ਅਕੈਡਮੀ ਵੱਲੋਂ ਆਲ ਇੰਡੀਆ ਪੋਇਟਸ ਮੀਟ ਰੱਖਣੀ ਹੈ ਲੁਧਿਆਣੇ। ਹਰ ਭਾਸ਼ਾ ਦਾ ਇਕ ਕਵੀ। ਪੰਜਾਬੀ ’ਚੋਂ ਸਿਰਫ਼ ਜਸਵੰਤ ਦੀਦ। ਇਕ ਸੈਸ਼ਨ ਵਿਚ ਪ੍ਰਧਾਨਗੀ ਭਾਸ਼ਨ ਵੀ ਜਸਵੰਤ ਦੀਦ ਦਾ। ਮੈਂ ਕਿਹਾ– ਨੂਰ ਸਾਬ੍ਹ, ਇਹ ਪ੍ਰਧਾਨਗੀਆਂ-ਸ਼ਰਧਾਨਗੀਆਂ ਮੈਨੂੰ ਕਿੱਥੇ ਕਰਨੀਆਂ ਆਉਂਦੀਆਂ? ਭਾਸ਼ਨ ਮੈਂ ਕਦੀ ਕੀਤਾ ਨਹੀਂ। ਵੈਸੇ ਵੀ ਪੰਜਾਬੀ ਪ੍ਰਧਾਨ, ਸਕੱਤਰ, ਭਮੱਕੜਾਂ ਵਾਂਗ ਤੁਰੇ ਫਿਰਦੇ।

ਡਾ. ਨੂਰ– ਬਾਬਿਓ ਪੰਜਾਬੀ ਦੀ ਰੀਪਰੈਜ਼ਨਟੇਸ਼ਨ ਵਧੀਆ ਹੋਣੀ ਚਾਹੀਦੀ। ਮੇਰੇ ਕਹੇ ‘ਤੇ ਆ ਜਾਉ’।

ਇਹ ਮੇਰੀ ਜ਼ਿੰਦਗੀ ਦੀ ਪਹਿਲੀ ਤੇ ਆਖਰੀ ਪ੍ਰਧਾਨਗੀ ਸੀ। ਮੈਂ ਲਿਖਤੀ ਪ੍ਰਧਾਨਗੀ-ਭਾਸ਼ਨ

ਪੜ੍ਹਿਆ, ਸਿਰਲੇਖ ਰੱਖਿਆ– ਮੇਰੀ ਪਹਿਲੀ ਪ੍ਰਧਾਨਗੀ।

ਰੌਲ਼ਾ ਪੈ ਗਿਆ। ਕਹਿੰਦੇ – ਭਾਸ਼ਨ ਅਸ਼ਲੀਲ ਹੈ। ਕਿਉਂਕਿ ਭਾਸ਼ਨ ਦੇ ਸ਼ੁਰੂ ’ਚ ਹੀ ਮੈਂ ਕਿਹਾ ਸੀ– ਮੇਰਾ ਇਹ ਪਹਿਲਾ ਪ੍ਰਧਾਨਗੀ ਭਾਸ਼ਨ ਪਹਿਲੀ ਵਾਰੀ ਕਰਨ ਵਾਲੇ ਸੰਭੋਗ ਵਰਗਾ ਹੈ। ਕੱਚਾ ਵੀ ਤੇ ਅਦਭੁਤ ਵੀ’। ਦੂਜੇ ਦਿਨ ਇਕ ਅਖਬਾਰ ਨੇ ਮੇਰੇ ਖਿਲਾਫ ਲਿਖਿਆ। ਅਗਲੇ ਮਹੀਨੇ ਵਾਇਆ ਵਲੈਤ ਨਵੇਂ ਨਿਕਲੇ ਇਕ ਪੰਜਾਬੀ ‘ਡੀਲਕਸ-ਪਰਚੇ’ ਨੇ ਪੂਰਾ ਸੰਪਾਦਕੀ ਪੰਨਾ ਮੇਰੇ ਇਸ ਪ੍ਰਧਾਨਗੀ ਭਾਸ਼ਨ ਦੇ ਖਿਲਾਫ ਲਿਖ ਕੇ ਮੈਨੂੰ ਨਿਵਾਜਿਆ।

ਪਾਤਰ ਨੇ ਹੱਸਦੇ ਨੇ ਮੈਨੂੰ ਸਟੇਜੋਂ ਉਤਰਦੇ ਨੂੰ ਜੱਫੀ ’ਚ ਲਿਆ।

ਅਚਾਨਕ ਇਕ ਖੁਸਰ-ਫੁਸਰ ਸ਼ੁਰੂ ਹੋ ਗਈ। ਨੂਰ ਨੇ ਸਟੇਜ ‘ਤੇ ਖਲੋ ਕੇ ਮੋਟੇ ਢਿੱਡ, ਛੋਟੇ ਕੱਦ ਨਾਲ ਮਾਈਕ ‘ਤੇ ਅਨਾਊਂਸ ਕੀਤਾ– ਹੁਣੇ ਇਕ ਬਹੁਤ ਵੱਡੀ ਖੁਸ਼ਖਬਰੀ ਮਿਲੀ ਹੈ ਕਿ ਇਸ ਵਾਰ ਦਾ ਸਰਸਵਤੀ ਪੁਰਸਕਾਰ ਸੁਰਜੀਤ ਪਾਤਰ ਦੇ ਨਾਮ ਘੋਸ਼ਤ ਹੋ ਗਿਆ ਹੈ’। ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਲੋਕਾਂ ਨੇ ਪਾਤਰ ਨੂੰ ਵਧਾਈਆਂ ਨਾਲ ਲੱਦ ਦਿੱਤਾ। ਸ੍ਰੀਮਤੀ ਭੁਪਿੰਦਰ ਕੌਰ ਪਾਤਰ ਨੂੰ ਮੈਂ ਦੂਜੀ ਵਾਰ ਖੁੱਲ੍ਹਾ ਮੁਸਕਰਾਉਂਦੇ ਦੇਖਿਆ। ਇਕ ਵਾਰ ਜਦ ਅਸੀਂ ਪਾਤਰ ਦੇ ਘਰ ਸ਼ੂਟਿੰਗ ਵਾਲਾ ਕੈਮਰਾ ਲੈ ਕੇ ਰਸੋਈ ’ਚ ਕੰਮ ਕਰਦਿਆਂ ਦੋ ਲਾਡਲੇ ਪੁੱਤਰਾਂ (ਮਨਰਾਜ,ਅੰਕੁਰ) ਦੀ ਮਾਂ ਮਿਸਿਜ਼ ਪਾਤਰ ਨੂੰ ਇੰਟਰਵਿਊ ਕੀਤਾ। ਦੂਜਾ ਅੱਜ। ਲੋਕਾਂ ਮਿਸਿਜ਼ ਪਾਤਰ ਨੂੰ ਪਾਤਰ ਨਾਲੋਂ ਵੱਧ ਮੁਬਾਰਕਾਂ ਦਿੱਤੀਆਂ। ਬਹੁਤੀਆਂ ਕਵਿਤਾਵਾਂ ਤਾਂ ਆਖਰ ਬੰਦਾ ਘਰ ਵਾਲੀਆਂ ਸਦਕੇ ਹੀ ਲਿਖਦਾ!

ਨੂਰ ਨੇ ਸਟੇਜ ਤੋਂ ਉੱਤਰ ਕੇ ਭਰੇ ‘ਕੱਠ ’ਚ ਦੱਸਿਆ – ਇਸ ਵਾਰ ਮੈਂ ਇਸ ਬੋਰਡ ਦਾ ਚੇਅਰਮੈਨ ਸੀ। ਫੈਸਲਾ ਪਾਤਰ ਦੇ ਹੱਕ ’ਚ ਠੋਕ ਕੇ ਕਰਵਾਇਆ ਮੈਂ ’।

ਠੋਕ ਕੇ ਪਾਤਰ ਦੇ ਹੱਕ ’ਚ ਫੈਸਲੇ ਕਰਵਾਉਣ ਵਾਲੇ ਨੂਰ ਦੇ ਖਿਲਾਫ ਹੀ ਇਕ ਵਾਰ ਪਾਤਰ ਠੋਕ ਵਜਾ ਕੇ ਖੜ੍ਹਾ ਹੋ ਗਿਆ। ਪਾਤਰ ਨੂੰ ਮੈਂ ਦੂਜੀ ਵਾਰ ਬੰਦੇ ਦੇ ਰੂਪ ’ਚ ਦੇਖਿਆ। ਮੈਨੂੰ ਉਸ ‘ਤੇ ਪਿਆਰ ਆਇਆ। ਮਾਣ ਹੋਇਆ। ਆਖਰ ਉਹ ਦੋਸਤ ਸੀ। ਭਾਵੇਂ ਟੀਵੀ ਕਰਕੇ ਭਾਵੇਂ ਕਵਿਤਾ ਕਰਕੇ। ਪਹਿਲੀ ਵਾਰ ਉਦੋਂ ਜਦੋਂ ਉਸਨੇ ‘ਉਸਤਾਦ ਗ਼ਜ਼ਲਗੋ’ ‘ਤੇ ਸਕ੍ਰਿਪਟ ਲਿਖਣ ਤੋਂ ਇਨਕਾਰ ਕੀਤਾ, ਦੂਜੀ ਵਾਰ ਅੱਜ ਜਦੋਂ ਉਹ ਨੂਰ ਦੇ ਖਿਲਾਫ ਡਟ ਕੇ ਖੜ੍ਹਾ ਹੋ ਗਿਆ। ਨੂਰ ਸਾਹਿਤ ਅਕਾਦਮੀ ਦੀ ਰਾਸ਼ਟਰੀ ਪ੍ਰਧਾਨਗੀ ਲਈ ਇਕ ਉਰਦੂ-ਹਿੰਦੀ-ਜੁਗਾੜੀ ਲੇਖਕ ਲਈ ਵੋਟਾਂ ਮੰਗ ਰਿਹਾ ਸੀ। ਪਾਤਰ ਨੂਰ ਦੇ ਵਿਰੋਧੀ ਧੜੇ ਨਾਲ ਜਾ ਖੜ੍ਹਾ ਹੋਇਆ। ਮਹਾਸ਼ਵੇਤਾ ਦੇਵੀ ਵਰਮਾ ਦੇ ਗਰੁੱਪ ਨਾਲ। ਨੂਰ ਦੇ ਮੁੰਡੇ ਜਾਂ ਸ਼ਾਇਦ ਕੁੜੀ ਦਾ ਵਿਆਹ ਸੀ। ਮੈਂ ਵੀ ਨਿਮੰਤਰਤ ਸਾਂ। ਉਸੇ ਦਿਨ ਇਲੈਕਸ਼ਨ ਸਨ। ਨੂਰ ਨੂੰ ਕਿਸੇ ਨੇ ਕੰਨ ’ਚ ਕਿਹਾ -ਪਾਤਰ ਤੁਹਾਡੇ ਖਿਲਾਫ ਖੜ੍ਹਾ ਹੋ ਗਿਆ’। ਨੂਰ ਦਾ ਮੁੰਡੇ/ਕੁੜੀ ਦੇ ਵਿਆਹ ਵਾਲਾ ਨੂਰ ਇਕ ਦਮ ਤ੍ਰੇਲੀ ’ਚ ਬਦਲ ਗਿਆ। ਨੂਰ ਵਿਆਹ ਵਾਲਾ ਨੂਰ ਬਰਕਰਾਰ ਰੱਖਣ ਲਈ ਹੁਕਮਰਾਨ ਅੰਦਾਜ਼ ’ਚ ਬੋਲਿਆ -ਅੱਜ ਤੋਂ ਪਾਤਰ ਸਾਡੇ ਤੋਂ ਗਿਆ’।

ਨੂਰ-ਧੜਾ ਜਿੱਤਿਆ। ਮਹਾਸ਼ਵੇਤਾ-ਪਾਤਰ ਧੜਾ ਹਾਰਿਆ। ਇਹ ਦਿਨ ਭਾਰਤੀ ਸਾਹਿਤ ਅਕਾਦਮੀ ਦੀ ਅੱਧੋਗਤੀ ਦੇ ਦਿਨ ਵਜੋਂ ਹਮੇਸ਼ਾ ਲਈ ਜਾਣਿਆ ਜਾਂਦਾ ਰਹੇਗਾ। ਨੂਰ ਨੇ ਪੰਜਾਬੀ ਦੀ ਡੋਰ ਅਸਾਹਿਤਕਾਰਾਂ/ਨੀਮ-ਲੇਖਕਾਂ ਦੇ ਹੱਥ ਦੇ ਦਿੱਤੀ। ਉਦੋਂ ਦੀ ਪੰਜਾਬੀ-ਪਤੰਗ ਕਦੀ ਕਿੱਕਰਾਂ ’ਚ ਫਸ ਜਾਂਦੀ, ਕਦੀ ਮਲ੍ਹੇ ਝਾੜੀਆਂ ’ਚ, ਕਦੇ ਮੈਂ ਕੰਡਿਆਲੀ ਥੋਹਰ ਵੇ ਸੱਜਣਾ...

ਅਜੀਤ ਕੌਰ, ਪਾਤਰ ਵਰਗੇ ਖੁੱਡੇ ਲਾਈਨ ਲੱਗ ਗਏ, ਰੰਗ ਬਰੰਗੇ ਮੁਰਗੇ ਮੁਰਗੀਆਂ ਬਨੇਰਿਆਂ ਤੇ ਸਜ-ਧਜ ਕੇ ਬੈਠ ਗਏ।

ਨੂਰ, ਦਿੱਲੀ ਹਮਲੇ ਤੋਂ ਬਾਅਦ ਪੰਜਾਬ ਆ ਧਮਕਿਆ। ਲੁਧਿਆਣੇ ਅਕਾਡਮੀ ‘ਤੇ ਕਬਜ਼ਾ ਜਮਾਉਣ ਖਾਤਰ ਆਪਣਾ ਗ੍ਰੋਹ ਤਿਆਰ ਕਰ ਲਿਆ। ਜੋਰੀਂ ਮੰਗੇ ਦਾਨ। ਪਾਤਰ ਦਾ ਅਮਰਜੀਤ ਗਰੇਵਾਲ ਵਾਲਾ ਘਿਉ-ਖਿਚੜੀ ਮਿੱਤਰ-ਕੌਲਾ ਕੋਕੜੂਆਂ ਨਾਲ ਭਰ ਗਿਆ। ਦੋਸਤੀਆਂ ਦੁਸ਼ਮਣੀਆਂ

’ਚ ਬਦਲ ਗਈਆਂ।

ਅਸਲ ਵਿਚ ਦੋਸਤੀ ਦੇ ਅੰਦਰ ਹੀ ਦੁਸ਼ਮਣੀ ਲੁਕੀ ਹੁੰਦੀ। ਜਿਵੇਂ ਜਨਮ ਦੇ ਅੰਦਰ ਮੌਤ। ਜਦੋਂ ਦਾਅ ਲਗਦਾ ਦੁਸ਼ਮਣੀ ਦੋਸਤੀ ਨੂੰ ਦਬੋਚ ਲੈਂਦੀ, ਜਿਵੇਂ ਮੌਤ ਜਨਮ ਨੂੰ। ਪਾਤਰ ਰਿਸ਼ਤਿਆਂ ਦੇ ਚੌਕ ’ਚ ਹੈਰਾਨ ਖਲੋਤਾ ਦੋਸਤੀ ਦੇ ਇਸ ਕਾਲ਼ੇ ਝੱਖੜ ਵੰਨੀਂ ਬਿਟਰ ਬਿਟਰ ਝਾਕਿਆ। ਵਾਵਰੋਲੇ ਦੇ ਐਨ ਵਿਚਕਾਰ ਸ਼ਾਇਦ ਸਿਰਫ ਡਾ. ਸੁਰਜੀਤ, ਦਿਸ਼ਾ-ਟੋਂਹਦੇ ਪਾਤਰ ਦਾ ਹੱਥ ਫੜੀ ਖਲੋਤਾ ਸੀ। ਇਸੇ ਆਸਰੇ ਪਾਤਰ ਇਹ ਮੂੰਹਜ਼ੋਰ ਸਾਜ਼ਿਸ਼ੀ ਹਨ੍ਹੇਰੀ ਵੀ ਪਾਰ ਕਰ ਗਿਆ। ਨੂਰ-ਗ੍ਰੋਹ ਦੇ ਲਾਮ ਲਸ਼ਕਰ ਸਾਹਮਣੇ ਪਾਤਰ ਆਪਣੇ ਪ੍ਰਸ਼ੰਸਕਾਂ ਦੀਆਂ ਵੋਟਾਂ ਨਾਲ ਭਰੇ ਬਕਸਿਆਂ ਨਾਲ ਜੇਤੂ ਘੋਸ਼ਿਤ ਹੋਇਆ। ਲੁਧਿਆਣੇ ਅਕਾਡਮੀ ਦੀ ਪ੍ਰਧਾਨਗੀ ਦੀ ਕੁਰਸੀ ’ਚ ਬਿਰਾਜਮਾਨ ਹੋ ਗਿਆ।

ਇਹਨਾਂ ਪ੍ਰਧਾਨਗੀਆਂ ਦੇ ਭੁੱਸ ਨੇ ਸ਼ਾਇਰ-ਪਾਤਰ ਨੂੰ ਸੱਟ ਮਾਰੀ। ਨੂਰ-ਟੋਲਾ ਤਾਂ ਬਣਿਆ ਹੀ ਇਹਨਾਂ ਕੰਮਾਂ ਖਾਤਰ ਸੀ। ਸ਼ਾਇਰ ਪਾਤਰ, ਪਾਲਿਟੀਸ਼ਨ ਨਹੀਂ ਸੀ। ਪਰ ਭੋਲ਼ਾ ਵੀ ਨਹੀਂ ਸੀ। ਸਾਧਾਰਨ ਬੰਦਿਆਂ ਵਰਗਾ ਟੇਢਾ-ਮੇਢਾ ਸੀ। ਏਨਾ ਹਰ ਕੋਈ ਹੁੰਦਾ। ਕੋਈ ਦੀਂਹਦਾ ਕੋਈ ਨਹੀਂ। ਪਾਤਰ ਅੱਧਾ ਦਿਸ ਪੈਂਦਾ ਅੱਧਾ ਲੁਕਿਆ ਰਹਿ ਜਾਂਦਾ। ਇਸੇ ਲਈ ਕਈ ਵਾਰ ਉਹ ਇਨਾਮਾਂ ਦੇ ਮੋੜ-ਮੁੜੱਈਆਂ ਵਿਚ ਵੀ ਫਸਿਆ ਰਿਹਾ।

ਅਸਲ ਵਿਚ ਪਾਤਰ ਆਮ ਆਦਮੀ ਦਾ ਪ੍ਰਤੀਕ ਸੀ। ਸੱਚਾ-ਝੂਠਾ ਮਿਕਸ। ਸ਼ੈਤਾਨ ਸ਼ਰੀਫ ਬਦਮਾਸ਼। ਨੀਲਾ ਹਰਾ ਪੀਲਾ। ਉਹਦੇ ਨਾਲ ਹਰ ਗ਼ਰੀਬ ਗੁਰਬੇ ਨੂੰ ਪਿਆਰ ਹੋ ਜਾਂਦਾ। ਵੱਡੇ ਵੱਡੇ ਕੱਦਾਂ ਵਾਲੇ ਇਸ ਮਾੜਚੂ ਜੇਹੇ ਬੰਦੇ ਅੱਗੇ ਝੁਕ ਝੁਕ ਜਾਂਦੇ। ਜੱਟ ਇਸ ਤਖਾਣ ਦਾ ਪਾਣੀ ਭਰਦੇ। ਲਾਲੋ ਦੇ ਘਰ ਮਲਕ ਭਾਗੋ। ਪਰ ਕਈ ਵਾਰ ਇਹ ਲਾਲੋ, ਮਲਕ ਭਾਗੋ ਬਣਨ ਦੇ ਚੱਕਰ ’ਚ ਨਾ ਮਲਕ ਰਹਿੰਦਾ ਨਾ ਲਾਲੋ। ਕੁਰਸੀਆਂ ਸ਼ੋਹਰਤਾਂ ਨੇ ਨਿੱਕਾ ਜਿਹਾ ਬੰਦਾ ਭੰਨ ਛੱਡਿਆ।

ਪਾਤਰ ਨੇ ਲਗਪਗ ਸਾਰੀ ਉਮਰ ਪ੍ਰੋ, ਮੋਹਨ ਸਿੰਘ ਦੀ ਕਿਰਪਾ ਨਾਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ ਪੜ੍ਹਾਇਆ। ਪਰ ਲਗਦਾ ਹੀ ਨਹੀਂ ਕਿ ਉਹ ਸ਼ਾਇਰੀ ਕਰਨ ਤੋਂ ਇਲਾਵਾ ਵੀ ਕੁਝ ਹੋਰ ਕਰਦਾ ਸੀ?

ਪ੍ਰੇਮ ਪ੍ਰਕਾਸ਼ ਨੇ ਪਾਤਰ ਨੂੰ ਪੁੱਛਿਆ- ਪਾਤਰ ਤੇਰੀ ਕਿੰਨੀ ਉਮਰ ਹੋ ਗਈ?

ਪਾਤਰ ਕਹਿੰਦਾ- ਕੋਈ ਦਿਲ ਠਾਰਨ ਵਾਲੀ ਗੱਲ ਕਰ।

ਪਾਤਰ ਪੈਸੇ ਲਈ, ਸ਼ੋਹਰਤ ਲਈ ਜਾਂ ਆਪਣੇ ਅੰਦਰ ਦੀ ਅੱਚਵੀ ਮੇਟਣ ਲਈ ਦੇਸ ਬਦੇਸ ਘੁੰਮਦਾ। ਜਾਂ ਸ਼ਾਇਦ ਬਚਪਨ ’ਚ ਰੋਟੀ-ਪੈਸੇ ਲਈ ਪਰਦੇਸ ਰੁਲ਼ਦੇ ਪਿਤਾ ਵਾਲਾ ਕੰਪਲੈਕਸ ਤੋੜਨ ਜਾਂਦਾ। ਘੁੰਮਦੇ ਘੁਮਾਉਂਦੇ ਕੈਨੇਡਾ ਪਾਤਰ ਦਾ ਅੱਡਾ ਬਣ ਗਿਆ। ਕਨੇਡੇ ਉਹ ਗੁਰਦਾਸ ਮਾਨ ਵਾਂਗ ਸਟੇਜਾਂ ਲਾਉਣ ਲੱਗ ਪਿਆ, ਜਾਂ ਲੋਕ ਲਵਾਉਣ ਲੱਗ ਪਏ। ਡਾਲਰਾਂ-ਤਾੜੀਆਂ ਨਾਲ ਜੇਬਾਂ ਭਰਨ ਲੱਗ ਪਈਆਂ।

- ਕਨੇਡਾ ’ਚ ਸਟੇਜਾਂ ਲਾਉਣ ਦੇ ਕੰਮ ਦੀ ਕੀ ਲੋੜ ਸੀ?’ ਮੈਂ ਕਿਹਾ
- ਦੋਸਤ ਮਿੱਤਰ ਜਾਂ ਮੈਨੂੰ ਸੱਦਣ ਵਾਲੇ ਮੈਨੂੰ ਘਰ ਘਰ ਲਈ ਫਿਰਦੇ। ਦੋ ਪੈੱਗ ਪਲ਼ਾ ਕੇ ਕਹਿੰਦੇ ‘ਹੋ ਜਾਏ ਪਾਤਰ ਸਾਬ੍ਹ ਇਕ ਗ਼ਜ਼ਲ’। ਇਸ ਬਿਮਾਰੀ ਦਾ ਇਹੀ ਇਲਾਜ ਸੀ।

ਪ੍ਰੇਮ ਪ੍ਰਕਾਸ਼ ਨੇ ‘ਲਕੀਰ’ ’ਚ ਲਿਖਿਆ- ਅਗਲੀ ਵਾਰ ਪਾਤਰ ਕਨੇਡਾ ਤੂੰਬੀ ਨਾਲ ਲੈ ਕੇ ਜਾਏਗਾ।

ਹੌਲ਼ੀ ਹੌਲ਼ੀ ਸੱਚੀਂ ਵਾਜੇ ਢੋਲਕੀਆਂ ਵਾਲੇ ਨਾਲ ਜਾਣ ਲੱਗ ਪਏ।

ਉਹਦੀ ਇਕ ਵੀਡੀਉ ਵਿਚ ਪਾਤਰ ਅੱਖਾਂ ਮੀਟੀ ਬੈਠਾ ਗਾ ਰਿਹਾ ਤੇ ਲੋਕ ਉਹਦੇ ਵਾਜੇ ‘ਤੇ ਡਾਲਰ ਪੌਂਡ ਰੱਖ ਉਹਨੂੰ ਮੱਥਾ ਟੇਕੀ ਅੱਗੇ ਲੰਘੀ ਜਾ ਰਹੇ ਨੇ। ਕੈਸਾ ਜਲੌ , ਕੈਸਾ ਗੁਰ ਪਰਤਾਪ। ਕੈਸਾ ਵਰ ਕੈਸਾ ਸਰਾਪ।

ਦਰਅਸਲ, ਮਧਵਰਗੀ ਬੰਦੇ ਦੀਆਂ ਅਨੇਕ ਕਮਜ਼ੋਰ ਕੜੀਆਂ ਹੁੰਦੀਆਂ। ਆਰਥਿਕਤਾ ’ਚ

ਫਸੀ ਉਸਦੀ ਉਂਗਲ਼ ਉਸਦਾ ਝੱਗਾ ਖਿੱਚਦੀ ਰਹਿੰਦੀ। ਉਸਦਾ ਕੱਜਣ ਪੂਰਾ ਨਾ ਪੈਂਦਾ। ਇਹ ਟੇਢੀ ਖਿੱਚ ਉਸਦੀਆਂ ਅੰਤੜੀਆਂ ਤਣਾਉ-ਗ੍ਰਸਤ ਕਰੀ ਰੱਖਦੀ। ਇਹ ਟੇਢੀ ਤੋਟ ਉਸਨੂੰ ਮ੍ਰਿਗਜਲੀਆਂ ਦਿਖਾਈ ਰੱਖਦੀ। ਪਾਤਰ ਵਰਗੇ, ਮੇਰੇ ਵਰਗੇ ਉਸੇ ਲਿਸ਼ਕੋਰ ਦੇ ਚੁੰਧਿਆਏ ਕਨੇਡਾ ਵਲੈਤ ਮਰੀਕਾ ਹਾਰਮੋਨੀਅਮ, ਕੈਮਰੇ, ਕਲਮਾਂ ਚੱਕੀ ਤੁਰੇ ਫਿਰਦੇ। ਪਾਤਰ ਕਹਿੰਦਾ- *ਇਹ ਜੋ ਵਿਦੇਸਾਂ 'ਚ ਰੁਲਦੇ ਨੇ ਰੋਟੀ ਲਈ*...ਮੇਰੇ ਵਰਗੇ ਛੱਜੂ ਖੱਜਲ਼ ਹੋ ਆਪਣੇ ਚੁਬਾਰੇ ਮੁੜ ਆਉਂਦੇ।

ਪਾਤਰ ਸੁਰਜੀਤ ਅਜੇ ਦੂਜੀ ਜਮਾਤ 'ਚ ਹੀ ਪੜ੍ਹਦਾ ਸੀ ਕਿ ਪਿਤਾ ਗਿਆਨੀ ਹਰਭਜਨ ਸਿੰਘ ਆਪਣੀ ਪਹਿਲੀ ਮੁਸਾਫਰੀ ਲਈ ਜੰਜੀਬਾਰ (ਅਫਰੀਕਾ) ਚਲੇ ਗਏ। ਪਰਦੇਸ ਬਾਲ ਮਨ 'ਚ ਉਦਾਸੀ ਤੇ ਉਡੀਕ ਨਾਲ ਭਰ ਗਿਆ। ਪਰਦੇਸੀ ਪਿਤਾ ਨੇ ਗੁਰਬਾਣੀ ਦੇ ਮਹਾਂਵਾਕਾਂ ਨਾਲ ਜੜੀਆਂ ਚਿੱਠੀਆਂ ਦੇਸ ਬੈਠੇ ਪਰਿਵਾਰ ਨੂੰ ਲਿਖੀਆਂ। ਕੀਰਤਨੀਏ ਪਰਿਵਾਰ ਦੀਆਂ ਉਦਾਸ ਰੂਹਾਨੀ ਸੁਰਾਂ ਪਾਤਰ ਦੇ ਲਹੂ 'ਚ ਰਚ ਰਸ ਗਈਆਂ। ਉਹ ਜਦ ਅੱਖਾਂ ਬੰਦ ਕਰ ਆਪਣੀ ਤਰੁਨੰਮ ਚ ਉਤਰਦਾ ਤਾਂ ਲਗਦਾ ਉਹ ਪਰਦੇਸੀ ਪਊਣਾਂ 'ਚੋਂ ਇਲਾਹੀ ਸੁਰਾਂ ਚੁਣਨ ਖਾਤਰ ਸ਼ਾਇਰੀ ਦੇ ਅਨੰਤ ਵਹਾਉ 'ਚ ਉਤਰ ਰਿਹਾ ਹੈ। ਇਹ ਉਤਾਰ ਸਰੋਤਿਆਂ ਦੀਆਂ ਅੱਖਾਂ ਨਮ ਕਰ ਦਿੰਦਾ, ਹੋਂਠ ਵਾਹ ਵਾਹ ਨਾਲ ਭਰ ਦਿੰਦਾ। ਪਾਤਰ ਆਪਣਾ ਦਰਦ ਖੁੱਲ੍ਹ ਕੇ ਕਦੇ ਨਾ ਦੱਸਦਾ। ਨਾ ਅੱਖਰਾਂ ਨੂੰ, ਨਾ ਕਵਿਤਾ ਨੂੰ, ਨਾ ਮਿੱਤਰਾਂ ਨੂੰ। ਤੇ ਅੰਤ: *'ਖੋਲ੍ਹ ਦਿੰਦਾ ਦਿਲ ਜੇ ਤੂੰ ਲਫਜ਼ਾਂ ਦੇ ਵਿਚ ਯਾਰਾਂ ਦੇ ਨਾਲ, ਖੋਲ੍ਹਣਾ ਪੈਂਦਾ ਨਾ ਏਦਾਂ ਅੱਜ ਔਜ਼ਾਰਾਂ ਦੇ ਨਾਲ"।* ਇਸੇ ਸਹਿਮ ਅੰਦਰ ਪਾਤਰ ਦੀ ਸ਼ਾਇਰੀ ਆਧੁਨਿਕ ਮਨੁੱਖ ਦੀਆਂ ਨੁੱਕਰਾਂ ਨਾਲ ਖਹਿਣ ਦੀ ਬਜਾਇ ਉਸਦੀਆਂ ਨੁੱਕਰਾਂ ਝਾੜ ਕੇ ਉਸਨੂੰ ਤਰੁਨਮੀ ਬਣਾ ਕੇ ਸਰੋਤਾਈ-ਰੋਮਾਂਸ 'ਚ ਤਬਦੀਲ ਕਰ ਲੈਂਦੀ। ਉਹ ਨੁੱਕਰਾਂ ਨੂੰ ਰੰਦਾ ਮਾਰ ਦਿੰਦਾ, ਸਤਰਾਂ ਨੂੰ ਗੁਣੀਏ 'ਚ ਕਰ ਦਿੰਦਾ। ਗੱਲ ਗੋਲ਼ ਹੋ ਜਾਂਦੀ।

ਬੰਦ ਅੱਖਾਂ ਅੰਦਰ ਭਟਕਦੀ ਇਸ ਰੂਹ ਨੇ, ਕੈਨੇਡਾ ਪਾਤਰ ਦੇ ਅਨੇਕ ਸ਼ਰਧਾਲੂ ਪੈਦਾ ਕੀਤੇ। ਇਹ 'ਅਨੇਕ' ਪਾਠਕ ਨਹੀਂ ਸਨ। ਸਰੋਤੇ ਸਨ। ਇਹਨਾਂ 'ਚੋਂ 99% ਨੇ ਉਸਦੀ ਕੋਈ ਕਿਤਾਬ ਤਾਂ ਕੀ ਕੋਈ ਕਵਿਤਾ ਵੀ ਨਹੀਂ ਪੜ੍ਹੀ ਹੋਣੀ।

ਮੇਰਾ ਇਕ ਵਾਕਫਕਾਰ ਮੇਰਾ ਮਿੱਤਰ ਬਣ ਗਿਆ। ਉਸਨੇ ਮੈਨੂੰ ਕੈਨੇਡਾ ਦੇ ਆਲੀਸ਼ਾਨ ਘਰ ਵਿਚ ਕੋਵਿਡ ਦੇ ਬਾਵਜੂਦ ਵੀ ਡਿਨਰ 'ਤੇ ਬੁਲਾ ਲਿਆ। ਪੈੱਗ ਤੇ ਪੈੱਗ। ਮੁਰਗੇ ਤੇ ਮੁਰਗਾ। ਦੇਹ ਪਾਤਰ ਤੇ ਪਾਤਰ ਦਾ ਸ਼ਿਅਰ। ਮੈਂ ਘੁੱਟ ਭਰਨ ਲੱਗਾਂ, ਉਹ ਕਹੇ -ਜਿੱਦਾਂ ਪਾਤਰ ਦਾ ਸ਼ਿਅਰ ਹੈ। ਮੈਂ ਮੁਰਗੇ ਨੂੰ ਹੱਥ ਲਾਵਾਂ, ਉਹ ਕਹੇ -ਜਿਵੇਂ ਪਾਤਰ ਦਾ ਸ਼ਿਅਰ ਹੈ। ਹਰ ਗੱਲ 'ਤੇ ਪਾਤਰ ਦਾ ਸ਼ਿਅਰ। ਮੈਂ ਉਸਦੇ ਘਰੋਂ ਡਿਨਰ ਕੀਤੇ ਬਗ਼ੈਰ ਦੌੜ ਆਇਆ। ਮੈਂ ਕਿਹਾ- ਤੈਨੂੰ ਪਾਤਰ ਹੋਇਆ ਹੋਇਆ।

ਇਕ ਵਾਰ ਐਡਮੈਨਟਨ ਕਿਸੇ ਦਾਰੂ ਰੱਜੇ ਪਾਠਕ ਨੇ ਪਾਤਰ ਨਾਲ ਪੰਗਾ ਲੈ ਲਿਆ। ਨਾਲ ਸਾਧੂ ਭਾਅ ਤੇ ਪਾਤਰ-ਭਗਤ ਕਾਮਰੇਡ ਵਿਰਕ। ਗੱਲ ਹੱਥੋ ਪਾਈ ਤਕ ਪਹੁੰਚ ਗਈ। ਪਾਤਰ ਦਾਰੂ-ਰੱਜੇ ਪਾਠਕ ਨੂੰ ਕਹਿੰਦਾ- ਜੇ ਦੋ ਹੱਥ ਕਰਨੇ ਤਾਂ ਮਿਰਨਾ ਆਜਾ, ਜੇ ਬਹਿਸਣਾ ਤਾਂ ਸਾਧੂ ਭਾਅ ਨਾਲ।

ਪਾਤਰ ਦੇ ਸ਼ਰਧਾਲੂ, ਅੰਧ ਭਗਤਾਂ ਤੋਂ ਵੀ ਅੱਗੇ ਤਕ ਜਾਂਦੇ। ਇਹ ਪਾਤਰ ਦੀ ਮਿਕਨਾਤੀਸੀ ਸ਼ਖ਼ਸੀਅਤ ਤੇ ਗਾਇਕੀ ਦੇ ਜਾਦੂ ਦਾ ਕਮਾਲ ਕਹੋ ਜਾਂ ਭਗਤਾਂ ਦੀ ਆਸਥਾ, ਪਰ ਇਹ ਸੀ / ਹੈ / ਤੇ ਸ਼ਾਇਦ ਰਹੇ ਵੀ। ਉਸਦੀ ਗਾਇਕੀ ਦਾ / ਤਰੁਨਮ ਦਾ ਅਸਰ ਏਨਾ ਗਾਹੜਾ ਸੀ ਕਿ ਚੰਗੇ ਭਲੇ ਉਸਦੇ ਖਿਲਾਫ ਬੰਦੇ ਵੀ ਉਸਦੀ ਗਾਇਕੀ ਸੁਣ ਕੇ ਸਿਰ ਮਾਰਨ ਲੱਗ ਜਾਂਦੇ। ਮੈਂ ਆਪ ਕਈ ਵਾਰ ਰਸੋਈ ਵਿਚ ਚਾਹ ਬਣਾਉਂਦਿਆਂ ਜਾਂ ਐਵੇਂ ਕਿਸੇ ਗ਼ੈਬੀ ਲੋਰ 'ਚ ਪਾਤਰ ਦੀਆਂ ਸਤਰਾਂ ਪਾਤਰ ਦੀ ਤਰਜ਼ 'ਤੇ ਗੁਣਗੁਨਾਣ ਲੱਗ ਪੈਂਦਾ। ਕਈ ਵਾਰ ਵੈਰਾਗੀ ਧੁਨ 'ਚ ਗਾਉਂਦਾ ਗਾਉਂਦਾ ਘੁੱਪ ਹਨੇਰੇ 'ਚ ਹੰਝੂ ਵਹਾਉਣ ਲੱਗ ਪੈਂਦਾ। ਨਾਲੇ ਹੰਝੂ ਕੇਰਦਾ ਨਾਲੇ ਪਾਤਰ ਨੂੰ ਅਪਣੱਤ ਤੇ ਮੋਹ ਨਾਲ ਬੁਦਬਦਾ ਕੇ ਕਹਿੰਦਾ- ਲਿਖਦਾ ਤਾਂ ਕਮਾਲ ਹੈ ਨਾ ਕੰਜਰ!' ਪੰਜਾਬੀ 'ਚ ਇਹ ਕੰਵਲ਼ ਪਾਉਣ ਵਾਲਾ ਸ਼ਿਵ ਤੋਂ ਬਾਅਦ ਪਾਤਰ ਹੀ ਹੋਇਆ। ਜਜ਼ਬੇ ਨੂੰ ਅੱਖਾਂ ਥੀਂ ਵਹਾ ਦੇਣਾ ਹਾਰੀ ਸਾਰੀ ਦਾ ਕੰਮ ਨਹੀਂ। ਪਰ

ਇਸ ਕਿਸਮ ਦੀ ਸ਼ਾਇਰੀ, ਸਿਰਫ ਸ਼ਾਇਰ ਦੀ ਨਹੀਂ ਸਗੋਂ ਪਾਠਕ /ਸਰੋਤੇ ਦੀ ਵੀ ਉਨੀ ਹੀ ਲੋੜ ਹੁੰਦੀ। ਜਿਵੇਂ 'ਸ਼ਨੀਵਾਰ-ਇ' ਕਹਿ ਕੇ ਤਾਂਬੇ ਦਾ ਪੈਸਾ ਸਰ੍ਹੋਂ ਦੇ ਤੇਲ ਵਾਲ਼ੇ ਡੋਲ੍ਹੂ 'ਚ ਪਵਾ ਲੈਣਾ ਸ਼ਨੀਵਾਰ-ਇ ਕਹਿਣ ਵਾਲੇ ਦੀ ਹੀ ਨਹੀਂ, ਦਾਨ ਕਰਨ ਵਾਲੇ ਸ਼ਨੀ-ਭਗਤਾਂ ਦੀ ਵੀ ਉਨੀ ਹੀ ਲੋੜ ਹੁੰਦੀ। ਕਵਿਤਾ ਇਸੇ ਤਰ੍ਹਾਂ ਹੀ ਲੋਕ-ਉਕਤੀਆਂ ਵਿਚ ਬਦਲ ਜਾਂਦੀ। ਪਾਤਰ ਨੇ ਵੀ ਪੰਜਾਬੀ 'ਚ ਇਹ ਮੁਕਾਮ ਹਾਸਲ ਕੀਤਾ।

ਪਾਤਰ ਮੂਲ ਰੂਪ ਵਿਚ ਸੁਣਿਆ ਜਾਣ ਵਾਲਾ ਕਵੀ ਹੈ। ਉਸਦੇ ਸ਼ਿਅਰ ਲੋਕਾਂ ਨੂੰ ਜ਼ੁਬਾਨੀ ਯਾਦ ਨੇ, ਉਸਦੀ ਕਵਿਤਾ ਕਿਸੇ ਵਿਰਲੇ ਟਾਵੇਂ ਨੂੰ। ਇਹ ਵਿਰਲੇ ਟਾਵੇਂ ਹੀ ਅਸਲੀ ਪਾਤਰ ਨੂੰ ਲੱਭਦੇ ਰਹੇ/ ਰਹਿਣਗੇ।

ਪਾਤਰ ਦੇ ਭਗਾਨੇ 'ਚ ਜਦੋਂ ਵੀ ਫੂਕ ਭਰਦੀ, ਗੁਰਬਚਨ ਆਪਣੀ ਜੇਬ 'ਚੋਂ ਬਰੀਕ ਚਿੰਤਨੀ-ਸੂਈ ਕੱਢਕੇ ਫੁੱਲ ਫੁੱਲੇ ਭਗਾਨੇ 'ਚ ਖੋਭ ਦਿੰਦਾ। ਪਾਤਰ ਤਾੜੀਆਂ ਦੀਆਂ ਝੋਲ਼ੀਆਂ ਭਰ ਭਰ ਲੈ ਕੇ ਘਰ ਮੁੜਦਾ, ਗੁਰਬਚਨ ਭਰੀ ਝੋਲ਼ੀ 'ਚ ਪੁੱਠਾ ਹੱਥ ਮਾਰ ਕੇ ਸਭ ਡੋਹਲ ਦਿੰਦਾ। ਡੁਲ੍ਹੇ ਬੇਰਾਂ ਦਾ ਬਹੁਤ ਕੁਝ ਵਿਗੜ ਜਾਂਦਾ। ਪਾਤਰ ਕਹਿੰਦਾ -ਹੱਦ ਹੁੰਦੀ ਯਾਰ ਹਰ ਗੱਲ ਦੀ।'

ਵਿਰੋਧੀ-ਚੂੰਢੀ ਕਲਾਕਾਰ ਨੂੰ ਜਾਗਦਾ ਰੱਖਦੀ। ਗੁਰਬਚਨ ਕਈ ਵਾਰ ਚੂੰਢੀ ਦੀ ਥਾਂ ਧੱਫਾ ਮਾਰ ਦਿੰਦਾ। ਪਾਤਰ ਖਿਝ ਨਾਲ ਆਪਣਾ ਪਰਨਾ ਝਾੜਦਾ। ਉਸ ਅੰਦਰ ਲੁਕਿਆ ਕੀੜਾ ਉਸਨੂੰ ਤੰਗ ਕਰਦਾ। ਅਗਲੀ ਵਾਰ ਉਹ ਨਵੀਂ ਕਿਰਤ ਲੈ ਕੇ ਆਉਂਦਾ। ਤਾੜੀਆਂ 'ਚੋਂ ਉਹਦੀ ਗ਼ਜ਼ਲ ਨਿਕਲਦੀ। ਚੂੰਢੀ ਧੱਫੇ 'ਚੋਂ ਤਾਕਤਵਰ ਕਵਿਤਾ।

ਕਵੀ ਕੋਲ਼ ਵਿਰੋਧ ਦਾ ਜੁਆਬ ਤਕੜੀ ਕਵਿਤਾ ਹੁੰਦੀ।

ਇਕ ਵਾਰ ਡਾ. ਹਰਿਭਜਨ ਸਿੰਘ ਦੀ ਰੀਕਾਰਡਿੰਗ ਕੀਤੀ ਰੇਡੀਓ ਜਲੰਧਰ 'ਤੇ।

– ਤੁਸੀਂ ਏਨੇ ਲੇਖਕਾਂ ਬਾਰੇ ਲਿਖਿਆ, ਪਾਤਰ ਬਾਰੇ ਕਿਉਂ ਚੁੱਪ ਹੋ?

– ਅਸਲ ਵਿਚ ਗੱਲ ਇਹ ਏ ਬਈ ਦੀਦ, ਇਹ ਜਿਹੜੀ ਗ਼ਜ਼ਲ ਹੈ ਨਾ ਪੰਜਾਬੀ ਵਿਚ, ਇਹ ਪੰਜਾਬੀ ਸੁਭਾਅ ਨਹੀਂ ਹੈ ਸਾਡਾ। ਪਾਤਰ ਦੀ ਗ਼ਜ਼ਲ ਬਾਰੇ ਵੀ ਮੇਰਾ ਇਹੀ ਖਿਆਲ ਹੈ ਕਿ ਨਾਚੀ ਹੈ ਤਾਂ ਨਾਚ ਹੈ, ਨਾਚੀ ਨਹੀਂ ਤਾਂ ਨਾਚ ਨਹੀਂ। ਪਾਤਰ ਆਪ ਪੇਸ਼ ਕਰੇ ਆਪਣੀ ਗ਼ਜ਼ਲ ਤਾਂ ਠੀਕ ਹੈ, ਜੇ ਪਾਤਰ ਗ਼ੈਰਹਾਜ਼ਰ ਹੈ ਤਾਂ ਉਹਦੀ ਗ਼ਜ਼ਲ ਵੀ ਗ਼ੈਰਹਾਜ਼ਰ'। ਹਰਿਭਜਨ ਸਿੰਘ ਨੇ ਆਪਣੀਆਂ ਮੁਸਕਰਾਉਂਦੀਆ ਮੁੱਛਾਂ ਵਿਚ ਦੀ ਇਹ ਗੱਲ ਆਖੀ ਤਾਂ ਉਹਦੀ ਸਫੇਦ ਦੂਧੀਆ ਦਾਹੜੀ ਅੰਦਰੋਂ ਇਕ ਚਾਂਦੀ-ਰੰਗੀ ਲੀਕ ਸੋਨੇ ਵਾਂਗ ਚਮਕੀ।

ਅਜੇ ਵੀ ਸੁਆਲ ਓਥੇ ਹੀ ਖੜ੍ਹਾ।

ਡਾ. ਸਾਧੂ ਸਿੰਘ 'ਪਾਤਰ ਕਾਵਿ ਦੀ ਅੰਤਰ ਯਾਤਰਾ' 'ਚ ਪਾਤਰ ਨੂੰ ਸਮਝੌਤਾਵਾਦੀ ਕਹਿੰਦਾ।

ਡਾ. ਹਰਿਭਜਨ ਸਿੰਘ, ਗੁਰਬਚਨ, ਡਾ. ਸਾਧੂ ਸਿੰਘ ਵਰਗੇ ਇਹ ਲੋਕ ਪਾਤਰ ਦੇ ਦੋਖੀ ਨਹੀਂ। ਕ੍ਰਿਸ਼ਨ, ਗੀਤਾ ਵਿਚ, ਅਰਜੁਣ ਨੂੰ ਦੋਸਤੀ-ਰਹਿਤ ਹੋਣ ਦੀ ਮੱਤ ਦਿੰਦਾ ਹੈ। ਸਾਹਿਤ/ਸਾਹਿਤਕਾਰ ਨੂੰ ਇਸ ਅਨਿਵਾਰੀ-ਮੱਤ ਦੀ ਲੋੜ।

ਇਸੇ ਮੱਤ ਅੰਦਰੋਂ ਅਸਲੀ ਪਾਤਰ ਨੂੰ ਉਸਦੇ ਜ਼ਹੀਨ ਪਾਠਕ, ਸੁਹਿਰਦ ਲੇਖਕ, ਮੇਰੇ ਵਰਗੇ, ਤੇ ਪਾਤਰ ਖੁਦ ਆਪ ਵੀ ਅਸਲੀ ਪਾਤਰ ਨੂੰ ਲੱਭ ਰਹੇ ਸਨ।

ਜਾਤੀ ਵਿਰੋਧ ਛੋਟੇ ਬੰਦੇ ਕਰਦੇ। ਜਿਹਨਾਂ ਪੱਲੇ ਰਚਨਾ ਦਾ ਦਾਣਾ ਵੀ ਨਾ ਹੁੰਦਾ। ਰੱਜੀ-ਪੁੱਜੀ ਆਲੋਚਨਾ ਨਾ ਵਿਰੋਧ 'ਚ ਹੁੰਦੀ ਨਾ ਹੱਕ 'ਚ। ਰਚਨਾ ਦੀਆਂ ਨਾੜਾਂ ਥੀਂ ਲਹੂ ਵਾਂਗ ਲੰਘਦੀ ਜਾਂਦੀ। ਰਚਨਾ ਸੰਸਾਰ 'ਚ ਨਵੇਂ ਸਾਹਾਂ ਦੀ ਰਫਤਾਰ ਭਰਦੀ ਜਾਂਦੀ। ਰਚਨਾ ਤੇ ਰਚਨਾਕਾਰ ਨੂੰ ਨਵੀਂ ਰੌਸ਼ਨੀ 'ਚ ਲਿਆ ਖੜ੍ਹਾ ਕਰਦੀ। ਰਚਨਾ ਤੇ ਰਚਨਾਕਾਰ ਦੋਵੇਂ ਚੁੰਧਿਆ ਜਾਂਦੇ। ਅੱਖ ਖੋਲ੍ਹਦੇ ਤਾਂ ਗਿਆਨ ਦਾ ਕੰਟੂਰ ਜਗਣ ਲੱਗਦਾ।

ਰੇਡੀਓ ਜਲੰਧਰ 'ਤੇ ਇਕ ਵਾਰ ਮੈਂ ਪ੍ਰੋਗਰਾਮ ਸ਼ੁਰੂ ਕੀਤਾ-'ਪਰਦੇ ਉਹਲੇ'। ਇਸ ਵਿਚ ਮੈਂ

ਇਕ ਕਵੀ ਨੂੰ ਬੁਲਾਉਂਦਾ ਜੋ ਆਪਣੀ ਕਵਿਤਾ ਬਾਰੇ ਬੋਲਦਾ ਤੇ ਕਵਿਤਾਵਾਂ ਸੁਣਾਉਂਦਾ। ਇਕ ਸਮਕਾਲੀ ਉਲਟ-ਖਿਆਲੀ ਕਵੀ ਜਾਂ ਆਲੋਚਕ ਨੂੰ ਬੁਲਾਉਂਦਾ। ਦੋਹਾਂ ਦਾ ਸੰਵਾਦ ਰਚਾਉਂਦਾ। ਸ਼ੁਰੂਆਤ ਪਾਤਰ ਤੋਂ ਕੀਤੀ। ਪਾਤਰ ਕਵੀ। ਉਲਟ ਖਿਆਲੀ ਕਵੀ/ਆਲੋਚਕ: ਮਿੰਦਰ। ਪਾਤਰ ਨੇ ਆਪਣੀ ਮਸ਼ਹੂਰ ਨਜ਼ਮ '*ਲੱਗੀ ਨਜ਼ਰ ਪੰਜਾਬ ਨੂੰ*' ਪੜ੍ਹੀ। ਮਿੰਦਰ ਨੇ ਇਸ ਨਜ਼ਮ ਦੇ ਹਵਾਲੇ ਨਾਲ ਕਿਹਾ- ਪਾਤਰ ਏਡੇ ਵੱਡੇ ਦੁਖਾਂਤ ਜਾਂ ਘਟਨਾ ਨੂੰ ਏਡੇ ਛੋਟੇ ਨਜ਼ਰੀਏ ਨਾਲ ਦੇਖਦਾ ਹੈ ਕਿ ਆਮ ਬੰਦੇ ਨੂੰ ਇਹ ਗੱਲ ਸੁਆਦ ਤਾਂ ਦਿੰਦੀ ਹੈ ਪਰ ਮਸਲੇ ਨੂੰ ਗ਼ੈਰ ਸੰਜੀਦਾ ਕਰ ਦਿੰਦੀ ਹੈ। ਹੁਣ ਦੱਸੋ ਕਿ ਪੰਜਾਬ ਸੰਕਟ ਦਾ ਹੱਲ ਇਹ ਹੈ ਕਿ ਇਸਤੋਂ ਮਿਰਚਾਂ ਵਾਰ ਕੇ ਸੁੱਟ ਦਿਉ? ਇਸ ਨਾਲ ਮਸਲਾ ਹੱਲ ਹੋ ਜਾਏਗਾ'? ਇਸਦੇ ਬਰਾਬਰ ਮਿੰਦਰ ਦੀ ਨਜ਼ਮ '*ਮੈਂ ਕਿਧਰੇ ਗਿਆ ਵੀ ਨਹੀਂ, ਮੇਰੇ ਮੋਢੇ ਤੇ ਬੰਦੂਕ ਕੌਣ ਧਰ ਗਿਆ ਹੈ?*' ਪੜ੍ਹੀ ਗਈ। ਇਸ ਪ੍ਰੋਗਰਾਮ ਬਾਰੇ ਕਈ ਵਿਚਾਰ ਸੋਚਾਂ ਪੈਦਾ ਹੋਈਆਂ। ਸੰਦੇਹ ਸੁਆਲ 'ਚ ਤਬਦੀਲ ਹੋਇਆ-ਪੰਜਾਬੀ ਵਿਚ ਗੰਭੀਰ ਤੇ ਗਹਿਰੀ ਨਜ਼ਮ ਦਾ ਕੀ ਥਾਂ ਹੈ? ਸੁਆਲ ਦਾ ਇਕ ਜੁਆਬ, ਦਸ ਹੋਰ ਸੁਆਲ ਪੈਦਾ ਕਰਦਾ। ਕਵਿਤਾ ਇਹਨਾਂ ਸੁਆਲਾਂ ਜੁਆਬਾਂ ਦੀ ਖਾਲੀ ਕੈਨਵਸ। ਇਹੀ ਯੋਗ-ਮਾਇਆ ਕਵਿਤਾ ਦੀ।

ਪਾਤਰ ਨੂੰ ਪਤਾ ਸੀ ਉਹ ਮਸ਼ਹੂਰ ਕਵੀ ਹੈ, ਹਰਮਨ ਪਿਆਰਾ ਵੀ। ਉਹ 'ਅਲੋਕਾਰ' ਕਵੀ ਹੈ, ਇਸ 'ਤੇ ਉਸ ਨੂੰ ਹਮੇਸ਼ਾ ਸ਼ੱਕ ਰਿਹਾ। ਸ਼ੱਕ ਸੱਚਾ ਸੀ। 'ਅਲੋਕਾਰ' ਹੋਣ ਲਈ ਉਹ ਸਭ ਛੱਡਣਾ ਪੈਂਦਾ ਜੋ ਪਾਤਰ ਨੇ ਜਾਣੇ ਅਣਜਾਣੇ ਫੜੀ ਰੱਖਿਆ। ਪੂਰਨ ਸਿੰਘ ਨੇ ਪੰਜਾਬੀ ਕਵਿਤਾ ਨੂੰ ਜਿਸ ਰੋਗ ਤੋਂ ਮੁਕਤ ਕਰਵਾ ਕੇ ਪੰਜਾਬੀ ਕਵਿਤਾ ਨੂੰ ਟੈਗੋਰ ਜਾਂ ਵਿਟਮੈਨ ਦੇ ਬਰਾਬਰ ਖਿੱਚ ਕੇ ਲਿਆਂਦਾ, ਪਾਤਰ ਨੇ ਉਸ ਬੁਲੰਦੀ ਨੂੰ ਸੱਟ ਮਾਰ ਕੇ ਢਹਿ ਢੇਰੀ ਕਰਨ ਦਾ ਨਿਕੰਮਾ ਕੰਮ ਵਿੱਢ ਦਿੱਤਾ। ਪਾਤਰ ਆਪਣੀਆਂ ਕੁਝ ਕਵਿਤਾਵਾਂ ਆਸਰੇ ਪੰਜਾਬੀ ਸਾਹਿਤ ਵਿਚ ਚਿਰ-ਜੀਵੀ ਬਣਿਆ ਰਹੇਗਾ। ਪਾਤਰ ਦੀ ਸਮਰੱਥਾ 'ਘਰਰ ਘਰਰ', 'ਬੁੱਢੀ ਜਾਦੂਗਰਨੀ' , ਜਾਂ 'ਨੰਦ ਕਿਸ਼ੋਰ' ਵਰਗੀਆਂ ਕਵਿਤਾਵਾਂ 'ਚ ਪਈ ਹੈ। '*ਮੇਰੀ ਮਾਂ ਨੂੰ ਮੇਰੀ ਕਵਿਤਾ ਸਮਝ ਨਾ ਆਈ*' ਕਹਿਣ ਵਾਲੇ ਪਾਤਰ ਦੀ ਇਹ ਸਮਰੱਥਾ ਜੇ ਤਾੜੀਆਂ 'ਚ ਨਾ ਫਸਦੀ ਤਾਂ ਹੋ ਸਕਦਾ ਪੰਜਾਬੀ 'ਚ ਪੂਰਨ ਸਿੰਘ ਤੋਂ ਬਾਅਦ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਪਾਤਰ ਦੇ ਨਾਮ ਦੇ ਨਗਾੜੇ ਵੱਜਦੇ।

ਵੈਸੇ ਤਾਂ ਸ਼ੇਕਸਪੀਅਰ ਨੂੰ ਵੀ ਆਮ ਅੰਗਰੇਜ਼ ਨਹੀਂ ਸਮਝਦਾ। ਇੰਗਲੈਂਡ ਵਿਚ ਇਕ ਅੰਗਰੇਜ਼ ਮਾਲੀ ਨੂੰ ਮੈਂ ਸ਼ੇਕਸਪੀਅਰ ਬਾਰੇ ਪੁੱਛਿਆ ਤਾਂ ਉਸਦਾ ਜੁਆਬ ਸੀ -ਇਹ ਸ਼ੇਕਸਪੀਅਰ ਕੌਣ ਹੈ? ਪੰਜਾਬੀ ਵਿਚ ਵੀ ਪੂਰਨ ਸਿੰਘ ਦਾ ਨਾਮ ਲਵੋ ਤਾਂ ਪੂਰਨ ਭਗਤ ਜਾਂ ਭਗਤ ਪੂਰਨ ਸਿੰਘ ਨੂੰ ਤਾਂ ਲੋਕ ਜਾਣਦੇ ਹੋ ਸਕਦੇ ਨੇ, ਪਰ ਕਵੀ ਪੂਰਨ ਸਿੰਘ ਨੂੰ ਕਵੀ ਜਾਂ ਸਾਹਿਤ ਦੇ ਪਾਠਕ ਹੀ ਜਾਣਦੇ ਨਿਕਲਣਗੇ। ਪਾਤਰ ਨੂੰ ਇਸ ਸੰਦਰਭ ਵਿਚ ਵੀ ਸਮਝਣਾ ਪਏਗਾ।

ਪਾਤਰ ਜਿਸਨੂੰ ਇਕ ਵਾਰ ਮਿਲ ਲੈਂਦਾ, ਨਾ ਉਹ ਪਾਤਰ ਨੂੰ ਭੁੱਲਦਾ ਨਾ ਪਾਤਰ ਉਹਨੂੰ ਭੁੱਲਦਾ।

ਪਾਤਰ ਕੋਲ਼ ਦੋ ਤਿੰਨ ਵਾਰ ਮੈਂ ਵੀ ਰਿਹਾ ਹੋਵਾਂਗਾ। ਪਰ ਮੇਰੇ ਕੋਲ਼ ਕਦੀ ਪਾਤਰ ਵੀ ਰਾਤ ਰਿਹਾ ਹੋਵੇ ਮੈਨੂੰ ਯਾਦ ਨਹੀਂ ਸੀ। ਪਾਤਰ ਦੀ ਮੌਤ ਬਾਅਦ ਮੇਰੇ ਛੋਟੇ ਬੇਟੇ ਰਾਜੇ ਨੇ ਮੈਨੂੰ ਕਿਹਾ -ਤੁਹਾਨੂੰ ਯਾਦ ਨਹੀਂ ਪਾਤਰ ਅੰਕਲ ਆਪਣੇ ਕੋਲ਼ ਇਕ ਰਾਤ ਰਹੇ ਸੀ ਤੇ ਸਵੇਰੇ ਉੱਠਕੇ ਉਹਨਾਂ ਮੈਨੂੰ ਗੀਤ ਗਾਉਣ ਲਈ ਕਿਹਾ ਸੀ। ਮੈਨੂੰ ਯਾਦ ਆਇਆ ਕਿ ਪਾਤਰ ਨੇ ਮੇਰੇ ਬੁੱਕ ਰੈਕ 'ਚ ਪਈ ਸ਼ਿਵ ਦੇ ਸੰਪੂਰਨ ਕਾਵਿ ਵਾਲੀ ਕਿਤਾਬ ਖੋਲ੍ਹ ਕੇ ਰਾਜੇ ਨੂੰ ਕੋਈ ਕਵਿਤਾ ਪੜ੍ਹਨ ਲਈ ਵੀ ਕਿਹਾ। ਜਿਹੜਾ ਕੰਮ ਮੈਂ ਨਹੀਂ ਕਰ ਸਕਿਆ ਸੀ ਉਹ ਪਾਤਰ ਸਦਾ ਲਈ ਇਕ ਯਾਦ ਵਜੋਂ ਰਾਜੇ ਕੋਲ਼ ਛੱਡ ਗਿਆ ਸੀ : ਪੰਜਾਬੀ ਕਿਤਾਬਾਂ ਪੜ੍ਹਨ ਦੀ ਲਲ੍ਹਕ।

ਮੈਂ ਪਾਤਰ ਕੋਲ਼ ਰਾਤ ਰੁਕਿਆ ਤਾਂ ਅੱਧੀ ਰਾਤ ਪਾਤਰ ਆਪਣੇ ਘਰ ਦੇ ਬੂਹੇ ਬੰਦ ਕਰਦਾ ਫਿਰੇ। ਉੱਚੀ ਦੇਣਾ ਨਾਲ ਦੇ ਵੇਹੜੇ 'ਚੋਂ ਵਾਜ ਆਈ – ਮੈਂ ਮਾਰ ਦੇਣਾ ਏਸ ਸਾਲ਼ੇ ਨੂੰ। ਬਾਹਰ ਨਿਕਲ ਜਰਾ। ਤੂੰ ਹੈਂ ਕੀ? ਕਵਿਤਾ ਮੇਰੇ ਵਰਗੀ ਲਿਖ ਕੇ ਤਾਂ ਦਿਖਾ। ਗਾਉਣਾ ਸਾਨੂੰ ਵੀ ਆਉਂਦਾ'। ਫੇਰ

ਉਹ ਬੰਦਾ ਉੱਚੀ ਵਾਜ 'ਚ ਬੇਸੁਰੀ ਸ਼ਰਾਬੀ ਹੀਰ ਗਾਉਣ ਲੱਗ ਪਿਆ। ਮੈਂ ਬੂਹੇ ਥਾਂਣੀ ਝਾਕ ਕੇ ਦੇਖਿਆ ਇਕ ਪੀਲ਼ੇ ਪਟਕੇ ਵਾਲਾ ਸਰਦਾਰ ਨਾਲ ਦੇ ਵੇਹੜੇ 'ਚ ਗਾਉਂਦੀ ਹੀਰ ਸਮੇਤ ਘੁੰਮ ਰਿਹਾ ਸੀ। ਪਾਤਰ ਨੇ ਬੂਹੇ ਬੰਦ ਕਰ ਦਿੱਤੇ। ਮੈਂ ਕਿਹਾ -ਇਹ ਤਾਂ ਆਪਣਾ ਉਹ ਕਵੀ ਲੱਗਦਾ। ਪਾਤਰ ਅੱਧਾ ਕੁ ਹੱਸਿਆ ਅੱਧਾ ਕੁ ਖਿਝਿਆ -ਓਹੀ ਐ ਪਾਗ਼ਲ। ਇਹਨੂੰ ਏਸ ਰੁੱਤੇ ਦੌਰੇ ਪੈਂਦੇ ਨੇ। ਪਰ ਕੀ ਕਰੀਏ ਹੁਣ ਮਿੱਤਰ ਵੀ ਹੈ ਤੇ ਗੁਆਂਢੀ ਵੀ'। ਮੈਂ ਕਿਹਾ ਇਹ ਤਾਂ ਸੱਚੀਂ ਕਤਲ ਕਰ ਸਕਦਾ। ਫੇਰ ਮੈਂ ਤੇ ਪਾਤਰ ਕਤਲਾਂ ਤੇ ਕਾਤਲਾਂ ਦੀਆਂ ਗੱਲਾਂ ਗਈ ਰਾਤ ਤਕ ਕਰਦੇ ਰਹੇ।

ਅਗਲੀ ਸਵੇਰ ਉਹ ਕਾਤਲ ਮੈਨੂੰ ਮਿਲਣ ਪਾਤਰ ਦੀ ਬੈਠਕ 'ਚ ਆਣ ਬੈਠਾ। ਪਰ ਉਸਨੂੰ ਰਾਤ ਦੀ ਘਟਨਾ ਬਾਰੇ ਕੁਝ ਯਾਦ ਨਹੀਂ ਸੀ। ਸਿਰਫ਼ ਮੈਂ ਹੀ ਉਸਨੂੰ ਮਜ਼ਾਕ ਨਾਲ ਕਿਹਾ- ਸੁਖਚੈਨ, ਤੂੰ ਤਾਂ ਪਾਤਰ ਨਾਲੋਂ ਵੀ ਵਧੀਆ ਗਾਉਂਦਾ ਏਂ ਯਾਰ ! ਉਹ ਗੇਅਰ ਬਦਲਵਾਂ ਹਾਸਾ ਹੱਸਦਾ ਕਹਿੰਦਾ – ਟੀਵੀ ਵਾਲੇ ਬੰਦੇ ਮਜ਼ਾਕ ਬੜਾ ਕਰਦੇ।

ਸ਼ਿਮਲੇ ਦੂਰਦਰਸ਼ਨ ਡਾਇਰੈਕਟਰ ਹੁੰਦਿਆਂ ਮੈਂ ਇਕ ਯਾਦਗਾਰੀ ਪ੍ਰੋਗਰਾਮ ਕਰਵਾਇਆ -ਰੰਗ ਸ਼ਬਦ ਸੰਗੀਤ। ਪਾਤਰ ਦੀ ਸ਼ਮੂਲੀਅਤ ਨਾਲ ਰੰਗ ਗੂਹੜੇ ਹੋ ਗਏ।

ਅਗਲੀ ਵਾਰੀ ਤ੍ਰੈ-ਭਾਸ਼ੀ ਕਵੀ ਦਰਬਾਰ ਰੱਖਿਆ, ਪਾਤਰ ਲਾਰਾ ਲਾ ਗਿਆ। ਕਵੀ ਉਸਨੂੰ ਆਖਰੀ ਪਲ ਤਕ ਉਡੀਕਦੇ ਰਹੇ। ਸੁਖਵਿੰਦਰ ਅੰਮ੍ਰਿਤ ਕਹਿੰਦੀ- ਆਉਣਗੇ ਆਉਣਗੇ ਪਾਤਰ ਸਾਬ੍ਹ ਜ਼ਰੂਰ ਆਉਣਗੇ'। ਮੈਂ ਕਿਹਾ ਬਈ ਜ਼ਰੂਰ ਆਉਣਗੇ, ਜੇ ਸੁਖਵਿੰਦਰ ਅੰਮ੍ਰਿਤ ਕਹਿ ਰਹੀ ਹੈ ਤਾਂ ਜ਼ਰੂਰ ਆਉਣਗੇ। ਕਵੀ ਦਰਬਾਰ ਸ਼ੁਰੂ ਹੋ ਗਿਆ, ਪਾਤਰ ਨਹੀਂ ਆਇਆ। ਕਵੀ ਦਰਬਾਰ ਖਤਮ ਹੋ ਗਿਆ, ਪਾਤਰ ਨਹੀਂ ਆਇਆ। ਰਾਤ ਨੂੰ ਸਾਰੇ ਪੰਜਾਬੀ ਕਵੀ ਆਪੋ ਆਪਣੇ ਗਲਾਸ ਫੜੀ ਡਿੱਨਰ ਹਾਲ 'ਚ ਖਲੋਤੇ ਸਨ ਕਿ ਕਿਸੇ ਨੇ ਕਿਹਾ -ਅੱਜ ਦੇ ਕਵੀ ਦਰਬਾਰ ਦੀ ਸਭ ਤੋਂ ਵਧੀਆ ਗੱਲ ਕੀ ਸੀ? ਸੁਖਵਿੰਦਰ ਅੰਮ੍ਰਿਤ ਕਹਿੰਦੀ – ਸਭ ਤੋਂ ਵਧੀਆ ਗੱਲ ਇਹ ਸੀ ਕਿ ਪਾਤਰ ਸਾਬ੍ਹ ਨੂੰ ਕਿਸੇ ਨੇ ਵੀ ਮਿੱਸ ਨਹੀਂ ਕੀਤਾ।

ਪਾਤਰ ਜਿੰਨੀ ਮਰਜ਼ੀ ਵਧੀਆ ਕਵਿਤਾ ਪੜ੍ਹ ਦਿੰਦਾ ਉਸਨੂੰ ਯਕੀਨ ਨਾ ਆਉਂਦਾ ਕਿ ਉਹਦੀ ਕਵਿਤਾ ਜੰਮ ਗਈ ਹੈ? ਕਵਿਤਾ ਦਾ ਰੰਗ ਜਮਾਉਣ ਲਈ ਉਹ ਮਾਈਕ 'ਤੇ ਆਪਣਾ ਤਰੁਨਮੀ ਗਲ਼ਾ ਹਲਕੇ ਜਹੇ ਖੰਗੂਰੇ ਨਾਲ ਸਾਫ ਕਰਦਾ, ਫਿਰ ਕੰਨ 'ਤੇ ਹੱਥ ਰੱਖੇ ਬਗ਼ੈਰ ਭਰੀ ਮਹਿਫਲ 'ਚ ਛਾ ਜਾਂਦਾ। ਫੇਰ ਮੁਕਰਰ, ਦੁਵੁਰਰ। ਇਕ ਹੋਰ ਇਕ ਹੋਰ, ਨਾਲ ਹਵਾ ਉਸਨੂੰ ਉਡਾਈ ਤੁਰੀ ਜਾਂਦੀ , ਉਹ ਧੁਰ ਅਸਮਾਨੀਂ ਜਾ ਪੁੱਜਦਾ। ਮਹਿਫਲ ਜੰਮਦੀ। ਪਾਤਰ ਘਰ ਜਾ ਕੇ ਆਪਣੀ ਡਾਇਰੀ 'ਚ ਅਗਲੇ ਮੁਸ਼ਾਇਰੇ ਦੀ ਬੁਕਿੰਗ ਤਰੀਕ ਲਿਖ ਲੈਂਦਾ।

ਕਦੀ ਮੈਂ ਰਿਕਾਰਡਿੰਗ ਲਈ ਫ਼ੋਨ ਕਰਦਾ, ਪਾਤਰ ਹੱਸ ਕੇ ਕਹਿੰਦਾ ਇਕ ਮਿੰਟ ਹੋਲਡ ਕਰ ਦੀਦ, ਮੈਂ ਡਾਇਰੀ ਦੇਖ ਕੇ ਦੱਸਦਾਂ। ਕਦੀ ਕਦੀ ਉਹ ਗੁਰਦਾਸ ਮਾਨ ਨਾਲੋਂ ਵੀ ਵੱਧ ਬੁੱਕ ਹੋਇਆ ਹੁੰਦਾ। ਮੈਂ ਕਹਿੰਦਾ- ਕੋਈ ਨਾ ਅਗਲੇ ਮਹੀਨੇ ਸਹੀ'। ਫੇਰ ਸੋਚਦਾ ਸਾਡਾ ਇਹ ਏਡਾ ਵਧੀਆ ਸ਼ਾਇਰ ਕਿਹੜੇ ਪਾਸੇ ਲੱਗਾ ਫਿਰਦਾ?

ਪਾਤਰ ਕੋਲ਼ ਮੁੱਖ ਬੰਦ ਲਿਖਵਾਉਣ ਵਾਲੇ ਨਿੱਕੇ ਤੋਂ ਲੈ ਕੇ ਮੋਟੇ ਲੇਖਕਾਂ ਤਕ ਦੀਆਂ ਲਾਇਨਾਂ ਲੱਗੀਆਂ ਰਹਿੰਦੀਆਂ। ਜਿਵੇਂ ਕਿਸੇ ਨੇਤਾ ਕੋਲੋਂ ਅੜੇ ਥੁੜੇ ਕੰਮ ਕਢਵਾਉਣ ਲਈ ਬਰਾਂਡੇ 'ਚ ਲੋਕ ਖੇਸੀਆਂ ਕੰਬਲ਼ਾਂ ਦੀਆਂ ਬੁੱਕਲ਼ਾਂ ਮਾਰੀ ਕੜਾਕੇ ਦੀ ਠੰਡ 'ਚ ਬੈਠੇ ਹੁੰਦੇ। ਨੇਤਾ ਠੱਪੇ ਲਈ ਜਾਂਦਾ, ਵੋਟਾਂ ਵਧਾਈ ਜਾਂਦਾ। ਪਾਤਰ ਕਿਸੇ ਨੂੰ ਨਾਂਹ ਨਾ ਕਰਦਾ। ਜੋ ਜੀਅ ਆਏ ਸੋ ਮੁੱਖ ਬੰਦ ਲਿਖਵਾ ਕੇ ਜਾਏ। ਸ਼ਾਇਦ ਪਾਤਰ ਪੰਜਾਬੀ ਦੇ ਸਭ ਤੋਂ ਵੱਧ ਮੁੱਖ ਬੰਦ ਲਿਖਣ ਵਾਲਾ ਲੇਖਕ ਹੋਵੇ! ਉਸਦੇ ਇਸ ਕਾਰਜ ਨੇ ਨਾ ਕਿਸੇ ਦਾ ਕੁਝ ਸੰਵਾਰਿਆ, ਨਾ ਵਿਗਾੜਿਆ।

ਇਕ ਵਾਰ ਡਾ. ਹਰਿਭਜਨ ਸਿੰਘ ਨੇ 'ਆਰਸੀ' ਦੇ ਆਪਣੇ ਕਾਲਮ ਵਿਚ ਅੰਮ੍ਰਿਤਸਰ ਦੇ ਇਕ ਕਵੀ ਦੀ ਕਿਤਾਬ 'ਡੁੱਬਦੇ ਸੂਰਜ ਨਹੀਂ ਦੇਖੀਦੇ' ਬਾਰੇ ਲੇਖ ਲਿਖਿਆ। ਗੁੱਡਾ ਬੰਨ੍ਹ ਦਿੱਤਾ। ਕਿਤਾਬ

ਵੀ ਚੰਗੀ ਸੀ। ਰਾਜਬੀਰ ਰਾਜਬੀਰ ਹੋ ਗਈ। ਰਾਜਬੀਰ ਇਸ ਤਰੀਫ਼ ਨਾਲ ਅਸਮਾਨੋਂ ਉਪਰ ਉੱਡ ਗਿਆ। ਮੁੜਿਆ ਈ ਨਾ। ਪਾਤਰ ਨਾਲ ਮੈਂ ਇਸ ਕਿਤਾਬ ਬਾਰੇ ਤੇ ਹਰਿਭਜਨ ਸਿੰਘ ਦੀ ਤਾਰੀਫ ਬਾਰੇ ਗੱਲ ਕੀਤੀ ਤਾਂ ਪਾਤਰ ਨੇ ਗੰਭੀਰਤਾ ਨਾਲ ਕਿਹਾ – ਇਕ ਅੱਧੀ ਕਵਿਤਾ ਜਾਂ ਕਿਤਾਬ ਹਰ ਚੰਗਾ ਕਵੀ ਲਿਖ ਸਕਦਾ, ਪਰ ਕਵਿਤਾ ਵਿਚ ਸਸਟੇਨ ਕਰਨਾ ਜ਼ਿਆਦਾ ਮਹੱਤਵ ਪੂਰਨ ਹੈ। ਇਸਦੀ ਲਗਾਤਾਰਤਾ ਬਣਾਈ ਰੱਖਣੀ'। ਪਾਤਰ ਦੀ ਇਹ ਗੱਲ ਮਾਅਨਾ-ਖੇਜ਼ ਸੀ/ ਹੈ।

ਪਾਤਰ ਨੇ ਡਾ. ਅਖਵਾਉਣ ਲਈ ਪੀ ਐੱਚਡੀ ਵੀ ਕੀਤੀ। ਮੈਂ ਵੀ ਕੀਤੀ। ਪਾਤਰ, ਹਰਜੀਤ (ਦੂਰਦਰਸ਼ਨ) ਤੇ ਮੈਨੂੰ, ਪੀ ਐੱਚਡੀ ਦੀ ਡਿਗਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਇਕੋ ਦਿਨ, ਇਕੋ ਵੇਲ਼ੇ ਮਿਲੀ। ਅਸੀਂ ਤਿੰਨਾਂ ਨੇ ਸਟੇਜ 'ਤੇ ਖੜ੍ਹੇ ਹੋ ਕੇ ਮੂਰਤ ਵੀ ਖਿਚਵਾਈ। ਪੀ ਐੱਚਡੀ ਦੀ ਡਿਗਰੀ ਦੀ ਧੇਲਾ ਕੀਮਤ ਨਾ ਪਈ। ਨਾ ਅਕਲ ਵਿਚ ਵਾਧੇ ਲਈ, ਨਾ ਰੁਤਬੇ ਵਿਚ। ਕਵਿਤਾ ਵਿਚ ਤਾਂ ਡਿਗਰੀਆਂ ਸ਼ਿਗਰੀਆਂ ਦਾ ਮੁੱਲ ਕੌਡੀ ਵੀ ਨੀ ਹੁੰਦਾ। ਸ਼ਿਵ ਕੁਮਾਰ, ਪਾਸ਼, ਨਾਨਕ ਸਿੰਘ, ਅੰਮ੍ਰਿਤਾ ਪ੍ਰੀਤਮ, ਨੰਦ ਲਾਲ ਨੂਰਪੁਰੀ, ਬਿਨ-ਡਿਗਰੀ ਲੇਖਕ। ਉੱਤੋਂ ਲਾਲ ਸਿੰਘ ਦਿਲ ਮਸੀਂ ਦਸਮੀਂ ਪਾਸ, ਪਰ ਭੁੱਖੇ ਢਿੱਡਾਂ ਦੀ ਕਵਿਤਾ ਲਿਖਦਾ ਤਾਂ ਸਦੀਆਂ ਤੋਂ ਚਲੇ ਆ ਰਹੇ ਆਰੀਆਂ ਨੂੰ ਇਕ ਸਤਰ 'ਚ ਲਪੇਟ ਲੈਂਦਾ।

ਪੰਜਾਬੀ ਗਾਇਕੀ 'ਚ ਪਏ ਕੂੜੇ ਨੂੰ ਸਾਫ ਕਰਨ ਲਈ ਮੈਂ ਟੀਵੀ 'ਤੇ ਸਾਹਿਤਕ ਗੀਤਕਾਰੀ ਦਾ ਪ੍ਰੋਗਰਾਮ ਸ਼ੁਰੂ ਕੀਤਾ। ਅੰਮ੍ਰਿਤਾ, ਪੂਰਨ ਸਿੰਘ, ਹਰਿਭਜਨ ਸਿੰਘ ਵਰਗੇ ਲੇਖਕਾਂ ਦੇ ਗੀਤ ਇਕ ਚੰਗੇ ਕੰਪੋਜ਼ਰ ਕੋਲ਼ੋਂ ਕੰਪੋਜ਼ ਕਰਵਾਏ। ਪਾਤਰ ਦੀ ਗ਼ਜ਼ਲ ਉਸਨੂੰ ਸੰਗੀਤ ਬੱਧ ਕਰਨ ਲਈ ਦਿੱਤੀ। ਮਹੀਨਾ ਭਰ ਉਸ ਨੇ ਲਾ ਦਿੱਤਾ। ਕੰਮ ਸਿਰੇ ਨਾ ਲੱਗਾ। ਇਕ ਦਿਨ ਕੁਦਰਤੀ ਪਾਤਰ ਰਿਕਾਰਡਿੰਗ ਲਈ ਆਇਆ ਹੋਇਆ ਸੀ। ਮੈਂ ਤੇ ਪਾਤਰ ਦੂਰਦਰਸ਼ਨ ਦੇ ਹਰੇ ਘਾਹ ਦੇ ਮੈਦਾਨ 'ਚ ਡੁੱਬਦੇ ਸੂਰਜ ਹੇਠ ਚਹਿਲ ਕਦਮੀ ਕਰ ਰਹੇ ਸਾਂ ਕਿ ਮੈਨੂੰ ਸਾਹਮਣੇ ਆਉਂਦਾ ਕੰਪੋਜ਼ਰ ਦਿਸ ਪਿਆ। ਮੈਂ ਆਵਾਜ਼ ਮਾਰੀ। ਪੁੱਛਿਆ – ਰਤਨ ਸਾਬ੍ਹ ਉਸ ਗੀਤ ਦਾ ਕੀ ਬਣਿਆ? ਕਹਿੰਦਾ – ਸਰ ਮੈਨੂੰ ਇਹ ਦੱਸੋ ਪਈ ਇਹ ਸੂਰਜ ਲੇਖਕ ਦੇ ਪਿਓ ਦਾ ਪਈ ਜਦੋਂ ਲੇਖਕ ਚਾਹੇ ਚੜ੍ਹ ਜਾਵੇ, ਜਦੋਂ ਚਾਹੇ ਡੁੱਬ ਜਾਵੇ?' ਓਸ ਵਿਚਾਰੇ ਸੰਗੀਤਕਾਰ ਨੂੰ ਪਤਾ ਨਹੀਂ ਸੀ ਕਿ ਜਿਸ ਲੇਖਕ ਦਾ ਇਹ ਗੀਤ ਹੈ ਉਹ ਸੁਰਜੀਤ ਪਾਤਰ ਹੈ ਜੋ ਮੇਰੇ ਨਾਲ ਖੜ੍ਹਾ ਹੈ। ਮੈਂ ਗੱਲ ਖੋਲ੍ਹੀ ਤਾਂ ਸਾਡਾ ਤਿੰਨਾਂ ਦਾ ਹਾਸਾ ਨਾ ਬੰਦ ਹੋਵੇ। ਸੰਗੀਤਕਾਰ ਗੀਤਕਾਰ ਕੋਲ਼ੋਂ ਮਾਫ਼ੀਆਂ ਮੰਗੀ ਜਾਵੇ। ਗੀਤਕਾਰ ਪ੍ਰੋਡਯੂਸਰ ਵੱਲ ਦੇਖ ਕੇ ਕਹਿੰਦਾ -ਚਲੋ ਮੈਂ ਇਸਦੀ ਤਰਜ਼ ਸਮਝਾਉਂਦਾ ਹਾਂ। ਪਾਤਰ ਨੇ ਡੁੱਬਦੇ ਸੂਰਜ ਨਾਲ ਘਾਹ ਦੇ ਮੈਦਾਨ 'ਚ ਟਹਿਲਦਿਆਂ ਧੁਨ ਬਣਾਈ- *ਮੇਰਾ ਸੂਰਜ ਡੁੱਬਿਆ ਹੈ ਤੇਰੀ ਸ਼ਾਮ ਨਹੀਂ ਹੈ*। ਮੈਂ ਅੱਧੀ ਰਾਤ ਕਾਲ਼ਜੇ ਛੇਕ ਕਰਦੀ ਹੇਕ ਨਾਲ ਹੰਝੂ ਕੇਰਦਾ ਰਿਹਾ- *ਮੇਰਾ ਨਾ ਫਿਕਰ ਕਰੀਂ, ਜੀਅ ਕੀਤਾ ਤਾਂ ਮੁੜ ਆਵੀਂ, ਸਾਨੂੰ ਤਾਂ ਰੂਹਾਂ ਨੂੰ ਆਰਾਮ ਨਹੀਂ ਹੈ*।'

ਬੇਆਰਾਮ ਰੂਹਾਂ ਦੀ ਚਿੱਤਰਕਾਰੀ ਕੌਣ ਕਰੇ?

ਇਕ ਸ਼ਾਮ ਪਾਤਰ ਨਾਲ ਸਿਰਫ਼ ਦਿਲ ਦੀਆਂ ਗੱਲਾਂ ਕਰਨ ਦੀ ਮਿਥੀ। ਨੋ ਟੀਵੀ ਟਾਕ। ਗੁਲ ਚੌਹਾਨ ਦੇ ਕਹਿਣ ਵਾਂਗ ਵਿਚ ਤੀਜਾ ਖਿਡਾਰੀ ਵੀ ਪਾ ਲਿਆ ਜਾਵੇ। ਤੀਜਾ ਖਿਡਾਰੀ ਸਵਰਨਜੀਤ ਸਵੀ। ਫੋਨ 'ਤੇ ਸ਼ਾਮ ਤੈਅ ਹੋਈ। ਸਵੀ ਤੇ ਪਾਤਰ ਨੇ ਲੁਧਿਆਣੇ ਦੀ ਇਕ ਸਾਦਾ ਤੇ ਨਿਵੇਕਲ਼ੀ ਜੇਹੀ ਬਾਰ (ਅੰਗਰੇਜ਼ੀ ਹਾਤਾ) ਲੱਭ ਲਈ। ਮੈਂ ਜਲੰਧਰੋਂ ਲਿਆਂਦੀ ਆਪਣੀ ਕਾਰ ਇਕ ਪਾਸੇ ਲਾ ਦਿੱਤੀ। ਪਾਤਰ ਸਵੀ ਤੇ ਮੈਂ ਕਰੀਬ ਡੁੱਬ ਚੁੱਕੇ ਸੂਰਜ ਦੇ ਹਨ੍ਹੇਰੇ ਹੇਠ ਪ੍ਰਥਮ ਪੈੱਗ ਨਾਲ ਹੌਲ਼ੀ ਹੌਲ਼ੀ ਖਿੜਨ ਲੱਗੇ। ਤੀਜੇ ਪੈੱਗ ਤਕ ਪਹੁੰਚ ਕੇ ਅਸੀਂ ਆਪੋ ਆਪਣੇ ਹਨੇਰੇ ਫਰੋਲਣ ਲੱਗ ਪਏ। ਪਾਤਰ ਮੇਰੇ ਨਾਲੋਂ ਦਸ ਸਾਲ ਵੱਡਾ, ਮੈਂ ਸਵੀ ਨਾਲੋਂ। ਸਵੀ ਛੋਟਾ ਪਾਤਰ ਵੱਡਾ। ਮੈਂ ਅੱਧ ਵਿਚਕਾਰ। ਪਰ ਦੁੱਖ ਫਾਸਲੇ ਮੇਟ ਦਿੰਦਾ। ਉਮਰਾਂ ਦਾ ਲਿਹਾਜ ਕੋਈ ਨਾ। ਬੱਗੀ ਦਾਹੜੀ 'ਚੋਂ ਹੰਝੂ ਕਿਰਨ ਲੱਗ ਜਾਂਦੇ। ਮੁੱਛ ਫੁੱਟ ਗੱਭਰੂ ਦਾ ਚਿਹਰਾ, ਕੱਚੀ ਉਮਰ ਦਾ ਹਉਕਾ, ਹੰਝੂਆਂ ਨਾਲ ਭਿਉਂ ਦਿੰਦਾ। ਤਿੰਨਾਂ

ਉਮਰਾਂ ਵਾਲੇ ਸਾਡੇ ਤਿੰਨ ਚਿਹਰੇ ਹਨ੍ਹੇਰੇ ਨੇ ਦਬੋਚ ਲਏ। ਦੁੱਖਾਂ ਦੀ ਗੰਠੜੀ, ਸਿਮ ਸਿਮ ਖੁੱਲ੍ਹ ਜਾ। ਗੱਲ ਘਰਾਂ ਅੰਦਰਲੀ ਘੁੱਪ ਹਨੇਰੀ ਗੁਫਾ ਤਕ ਜਾ ਪਹੁੰਚੀ। ਹਨ੍ਹੇਰਾ ਗੂਹੜਾ ਤੇ ਸਖਤ ਹੋਈ ਜਾਵੇ। ਫਿਸ਼ ਐਂਡ ਚਿਪਸ ਠੰਡੇ ਹੋਣ ਲੱਗਣ ਤਾਂ ਅਗਲੇ ਗਲਾਸ ਦੀ ਵਾਰੀ ਆ ਜਾਏ। ਗੱਲਾਂ ਘਰੋਂ ਨਿਕਲ ਦਿਲਾਂ ਨੂੰ ਕੁਰੇਦਣ ਤਕ ਪੁੱਜ ਗਈਆਂ। ਅਸੀਂ ਤਿੰਨੋਂ ਇਕ ਵੇਵ ਲੈਂਥ 'ਤੇ ਆ ਜੁੜੇ। ਆਪੋ ਆਪਣੀ ਚੁੱਪ ਹੇਠ ਦੱਬੇ ਗਏ। ਕੱਸੀਆਂ ਅੱਖਾਂ ਅੰਦਰੋਂ ਚਸ਼ਮੇ ਫੁੱਟਣ ਦੀ ਬਜਾਇ ਇਕ ਇਕ ਨਿੱਗਰ ਹੰਝੂ ਤਿੰਨੋਂ ਬੰਦਿਆਂ ਦੀਆਂ ਅੱਖਾਂ ਅੰਦਰ ਇਉਂ ਅਟਕ ਗਿਆ ਜਿਵੇਂ ਨੰਗੇ ਪੈਰੀਂ ਚੱਲਦੇ ਕਿਸੇ ਪਾਂਧੀ ਦੀ ਸਖ਼ਤ ਅੱਡੀ 'ਚ ਕੱਚ ਦੀ ਭਿਅੰਕਰ ਨੁੱਕਰ ਖੁੱਭ ਗਈ ਹੋਵੇ। ਜਿਸ ਨਾਲ ਨਾ ਖੂਨ ਨਿਕਲਿਆ ਨਾ ਟੀਸ ਉੱਭਰੀ, ਬੱਸ ਹੋਂਠ ਪੀਚੇ ਗਏ। ਤੇ ਅੱਖਾਂ ਦੇ ਰੈਟੀਨੇ ਅੰਦਰੋਂ ਆਪੋ ਆਪਣੇ ਕੱਚ ਦਾ ਟੁਕੜਾ ਹੰਝੂ ਬਣ ਲਿਸ਼ਕਣ ਲੱਗਾ। ਤਿੰਨ ਮੁਸਾਫਰ ਤਿੰਨ ਹੰਝੂ। ਰਾਤ ਘਣੀ। ਚੁੱਪ ਘਣੀ। ਤੇ ਮੇਰਾ ਅਚਾਨਕ ਹਾਸਾ ਫੁੱਟ ਪਿਆ। ਪਾਤਰ ਸਣੇ ਹੰਝੂ ਮੁਸਕਰਾ ਪਿਆ। ਇਕ ਵਾਰ ਫਿਰ ਖਿੜ ਗਏ 'ਸੂਰਜ ਮੁਖੀ ਅੰਧੇਰੇ ਕੇ'।

–ਸਾਬ੍ਹ ਬਾਰ ਬੰਦ ਕਰਨ ਦਾ ਟਾਈਮ ਹੋ ਗਿਆ '। ਵੇਟਰ ਨੇ ਸਾਨੂੰ ਕਿਸੇ ਹੋਰ ਜਹਾਨ ਚਲੇ ਗਿਆਂ ਨੂੰ ਮੁੜ ਆਉਣ ਲਈ ਕਿਹਾ।

ਅਸੀਂ ਹੈਰਾਨ ਘੜੀਆਂ ਵੱਲ ਦੇਖਿਆ। ਪਾਤਰ ਕਹਿੰਦਾ – ਇਕ ਇਕ ਆਖਰੀ।

ਆਖਰੀ ਆਖਰੀ ਅਸੀਂ ਇਕੋ ਇਕ ਡੀਕ ਨਾਲ ਖਿੱਚਿਆ ਜਿਵੇਂ ਅੱਡੀ 'ਚ ਖੁੱਭਿਆ ਕੱਚ ਦਾ ਭਿਅੰਕਰ ਟੁਕੜਾ ਪੀਚੇ ਹੋਂਠਾਂ ਵਾਲੇ ਮੁਸਾਫਰ ਨੇ ਇਕੋ ਝਟਕੇ ਨਾਲ ਕੱਢ ਕੇ ਦੂਰ ਰੁੱਖ ਦੀ ਕਿਸੇ ਕਾਲ਼ੀ ਨੁੱਕਰ 'ਚ ਵਗਾਹ ਮਾਰਿਆ ਹੋਵੇ।

ਬਾਰ ਬੰਦ ਹੋ ਗਈ। ਲੱਗਾ ਜਿਵੇਂ ਪੰਜਾਬ ਬੰਦ ਹੋ ਗਿਆ ਹੋਵੇ। ਜਿਵੇਂ ਲੁਧਿਆਣਾ ਭਾਂ ਭਾਂ ਕਰਨ ਲੱਗ ਪਿਆ ਹੋਵੇ। ਜਿਵੇਂ ਘਰਾਂ ਦੇ ਦਰਵਾਜ਼ੇ ਹਮੇਸ਼ਾ ਲਈ ਬੰਦ ਹੋ ਗਏ ਹੋਣ।

ਯਾਦ ਨਹੀਂ ਮੈਂ ਉਸ ਰਾਤ ਕੀਹਦੇ ਘਰ ਸੁੱਤਾ? ਪਾਤਰ ਦੇ, ਸਵੀ ਦੇ ਕਿ ਆਪਣੇ? ਪਰ ਏਨਾ ਯਾਦ ਹੈ ਕਿ ਕੱਚ ਦਾ ਇਕ ਟੁਕੜਾ ਅਜੇ ਵੀ ਮੇਰੀ ਅੱਡੀ 'ਚ ਰੜਕਦਾ।

ਪਾਤਰ ਦੇ ਟੁਕੜੇ ਬਾਰੇ ਸੋਚਦਾ ਹਾਂ ਤਾਂ ਸੋਚਦਾਂ ਕਿ ਕੀ ਮਰਨ ਬਾਅਦ ਵੀ ਮਰਨ ਵਾਲੇ ਦੀ ਅੱਡੀ 'ਚ ਕੱਚ ਦਾ ਟੁਕੜਾ ਰੜਕਦਾ ਰਹਿੰਦਾ ਹੋਵੇਗਾ?

ਕਦੀ ਲਗਦਾ ਪਾਤਰ ਕੋਈ ਸਧਿਆ ਹੋਇਆ ਬੰਦਾ ਸੀ। ਬੋਧੀ। ਤਪੀ ਤਪੱਸਵੀ। ਉਹ ਏਨੇ ਠਹਿਰਾਉ 'ਚ ਗੱਲ ਕਰਦਾ ਕਿ ਤੁਲਾ ਰਾਸ਼ੀ ਦੀ ਅਡੋਲ ਤੱਕੜੀ ਬਣ ਜਾਂਦਾ। ਨਾ ਪਾਂਸਕ ਏਧਰ ਨਾ ਮਾਸਾ ਉਧਰ। ਪਰ ਨੇੜੇ ਦੇਖਿਆਂ ਪਤਾ ਲੱਗਦਾ ਇਹ ਮਲੂਕ ਜਿੰਦੜੀ ਤਾਂ ਤਾ ਉਮਰ ਪੱਤੇ ਵਾਂਗ ਕੰਬਦੀ ਰਹੀ। ਡੋਲਦੀ ਤਵਾਜ਼ਨ ਬਣਾਉਂਦੀ। ਸਾਰੀ ਉਮਰ ਤੱਕੜੀ ਡਾਵਾਂ ਡੋਲ। ਤੇ ਧੁਰ ਦਰਗਾਹੋਂ ਸੱਦਾ। ਇਹੀ ਹੈ ਜੀਵਨ। ਇਸੇ 'ਚ ਕਵੀ ਭਟਕਦਾ। ਇਸੇ ਭਟਕਣ 'ਚੋਂ ਅੱਖਰ ਸ਼ਬਦ ਸਤਰ ਜੋੜਦਾ। ਆਪਣਾ ਆਪ ਤੋੜਦਾ। ਤੇ ਲੋਕ ਕਹਿੰਦੇ ਵਾਹ! ਆਖਰ ਆਪਣੇ ਹੀ ਰੁੱਖ ਦੀ ਇਕੱਲਤਾ ਨਾਲੋਂ ਟੁੱਟ ਕੇ ਅਨੰਤ ਖਲਾਅ 'ਚ ਜਾ ਸਮੋਈ ਇਹ ਕੰਪਾਹਟ, ਜਿੱਥੇ ਹਨ੍ਹੇਰੇ ਅਤਿ ਸੰਘਣੇ, ਨਾ ਜੁਗਨੂੰ ਕੰਮ ਕਰਦੇ ਨਾ ਸਾਹਾਂ ਦੀ ਆਵਾਜ਼। ਧੁੰਦੂਕਾਰੇ 'ਚੋਂ ਕਵਿਤਾ।

ਪਾਤਰ ਦੀ ਮੌਤ ਦੇਵਤਿਆ ਦੀ ਮੌਤ ਵਰਗੀ। ਜਗਦੇ ਕੰਟੂਰ ਵਾਲੀ। ਸ਼ਾਂਤ। ਚੁੱਪ। ਅੱਖ ਮੀਟੀ ਤੇ ਹਮੇਸ਼ਾ ਲਈ ਮੀਟ ਲਈ। ਸੌਂ ਗਿਆ ਸੁਰਜੀਤ ਪਾਤਰ। ਹੁਣ ਬੋਲੀ ਜਾਉ ਜੋ ਬੋਲਣਾ। ਲਿਖੀ ਜਾਉ ਜੋ ਲਿਖਣਾ।

ਹਮੇਸ਼ਾ ਲਈ ਸੌਂ ਗਏ ਸੁਰਜੀਤ ਪਾਤਰ ਨੂੰ ਵੀ ਲੋਕਾਂ ਸੌਂਣ ਨਾ ਦਿੱਤਾ। ਢੋਲ ਢਮੱਕਾ। ਕਦੀ ਮੁੱਖ ਮੰਤਰੀ ਦਾ ਮੋਢਾ, ਕਦੀ ਫੁੱਲਾਂ ਲੱਦੀ ਮੋਟਰ ਦਾ ਭੋਂਪੂ। ਇਹ ਆਲੀਸ਼ਾਨ ਅਰਥੀ ਸ਼ਾਇਦ ਪਾਤਰ ਦੀ ਇੱਛਾ ਸੀ। ਜਾਂ ਉਹਦੇ ਚਾਹੁਣ ਵਾਲਿਆਂ ਦੀ। ਇਹ ਉਸਦੀ ਕਵਿਤਾ ਨਾਲ ਵੱਜੀਆਂ ਤਾੜੀਆਂ ਵਾਲਾ ਹੀ ਮਸਲਾ ਸੀ। ਮਿਡਿਉਕ੍ਰਿਟੀ ਦਾ ਜਲੌਅ। ਪਾਤਰ ਦੀ ਮੋਟਰ ਬੰਦ ਹੋਈ ਤਾਂ ਲੋਕ ਪਾਤਰ ਦੇ

ਤਪੇ ਤੰਦੂਰ 'ਤੇ ਆਪਣੀ ਈਗੋ ਦੀਆਂ ਰੋਟੀਆਂ ਸੇਕਣ ਲੱਗ ਪਏ। ਲੇਖਾਂ ਦੀਆਂ ਲੜੀਆਂ ਬੰਨ੍ਹ ਛੱਡੀਆਂ। ਸਵੈ-ਮੋਹ ਦੀਆਂ ਲੇਖ ਲੜੀਆਂ ਮੁਰਗਾ ਮਾਰਕਾ ਪਟਾਕਿਆਂ ਵਾਂਗ ਚੱਲੀਆਂ। ਅਗਲੀ ਸਵੇਰ ਕਈ ਸੱਜਣ ਦੋਸਤੀਆਂ ਦੀ ਢੇਰੀ ਲਾ ਕੇ ਵੇਚਣ ਲੱਗ ਪਏ। ਪਾਤਰ ਫੇਰ ਤਾੜੀਆਂ ਦੇ ਢੇਰ ਥੱਲੇ ਦੱਬਿਆ ਗਿਆ। ਕਈ ਮਰੇ ਪਾਤਰ ਨੂੰ ਵੀ ਠੂੰਗੇ ਮਾਰਨ ਲੱਗ ਪਏ। ਕਾਵਾਂ ਰੌਲ਼ੀ ਵਾਤਾਵਰਣ ਗੰਧਲਾ ਕਰਦੀ ਰਹੀ। ਪਾਤਰ ਦਾ ਇਕ ਕਾਂਟੇਦਾਰ, ਇਸ ਖੋਹ-ਖਿਚ ਤੋਂ ਤੰਗ ਆਇਆ, ਕਹਿੰਦਾ- ਏਦੂੰ ਤਾਂ ਪਾਤਰ ਨਾ ਈ ਮਰਦਾ ਤਾਂ ਚੰਗਾ ਸੀ। ਇਕ ਕਹਿੰਦਾ-ਪਾਤਰ ਦੇ ਮਰਨ ਬਾਅਦ ਸਮਝ ਨਹੀਂ ਆਉਂਦੀ ਕੀਹਦੇ ਖਿਲਾਫ਼ ਲਿਖੀਏ? ਪਾਤਰ ਦੇ ਕਫਨ ਅੰਦਰ ਕਦੀ ਮੁਸਕਰਾਹਟ ਕਦੀ ਤਿਊੜੀ।

ਅਜੇ ਤਾਂ ਪਾਤਰ ਨੂੰ ਲੋਕਾਂ ਮੇਲਿਆਂ ਮਸ਼ਾਵਿਆਂ ਤਕ ਖ਼ੁਆਰ ਕਰਨਾ। ਪ੍ਰੋ. ਮੋਹਨ ਸਿੰਘ ਇਹਨਾਂ ਮੇਲਿਆਂ ਨੇ ਫੇਡ ਆਊਟ ਕਰ ਦਿੱਤਾ। ਪੰਜਾਬ ਇਹਨਾਂ ਮੇਲਿਆਂ ਤੇ ਬੁੱਤਾਂ ਨਾਲ ਹੀ ਸੰਤੁਸ਼ਟ ਹੋਈ ਤੁਰਿਆ ਜਾਂਦਾ। ਸ਼ਾਇਦ ਪਾਤਰ ਵੀ ਕਿਸਾਨ ਅੰਦੋਲਨ ਨੂੰ ਇਸੇ ਲਈ 'ਮੇਲਾ' ਕਹਿ ਬੈਠਾ? ਪਾਸ਼ ਨੂੰ ਵੀ 'ਲਹਿਰੀਆਂ' ਨੇ ਉਹ ਕੱਜਣ ਪਾਇਆ ਹੋਇਆ ਜੀਹਦੇ ਉਹ ਖ਼ੁਦ ਖਿਲਾਫ਼ ਸੀ। ਸ਼ਿਵ ਕੁਮਾਰ ਆਪਣੇ ਵਜਦ ਆਸਰੇ ਉੜਿਆ ਫਿਰਦਾ। ਸ਼ਿਵ-ਪਾਸ਼ ਦਾ ਸਮਨਵੈ ਪਾਤਰ ਹੌਲ਼ੀ ਹੌਲ਼ੀ ਆਪਣੇ ਮਲੂਕ ਜਿਸਮ ਤੋਂ ਇਹ ਫਜ਼ੂਲ ਤਾੜੀਆਂ ਝਾੜੇਗਾ। ਪਰਨੇ ਵਿਚਲਾ ਕੀੜਾ ਛੰਡੇਗਾ। ਚੁੱਪ ਖਾਮੋਸ਼ ਕਿਸੇ ਬੋਧਿ ਬਿਰਖ ਹੇਠ ਬੈਠੇਗਾ। ਆਪਣੀ ਤਰੁਨਮ 'ਚ ਆਪ ਮੰਤਰ ਮੁਗਧ ਹੋਇਆ ਬਾਹਰ ਦੇ ਰੌਲ਼ੇ ਤੋਂ ਕੱਟਿਆ, 'ਸੂਰਜ ਮੰਦਰ ਦੀਆਂ ਪੌੜੀਆਂ' ਚੜ੍ਹੇਗਾ, ਅਸਲੀ ਅੱਖਰ ਸ਼ਬਦ ਨਾਲ ਜੁੜੇਗਾ। ਇਕ ਨਰੋਈ ਦੇਹੀ ਵਾਂਗ ਵੇਈਂ 'ਚੋਂ

ਬਾਹਰ ਨਿਕਲੇਗਾ। ਕਾਂਤੀ-ਯੁਕਤ ਇਕ ਮਧੁਰ ਅਵਾਜ਼ ਅਨੰਤ ਵਗਦੀ ਨਦੀ ਕਿਨਾਰੇ ਸੁਰਖ ਹੋ ਕੇ ਫੈਲੇਗੀ- *ਬਲਦਾ ਬਿਰਖ ਹਾਂ, ਬਸ ਸ਼ਾਮ ਤੀਕ ਹਾਂ।* ਫੇਰ ਇਹੀ ਆਵਾਜ਼ ਨਵੀਂ ਸ਼ਕਲ ਅਖਤਿਆਰ ਕਰੇਗੀ- *ਮੈਂ ਤਾਂ ਨਹੀਂ ਰਹਾਂਗਾ ਮੇਰੇ ਗੀਤ ਰਹਿਣਗੇ।*'

ਪਾਤਰ ਦੇ ਜਾਣ ਨਾਲ ਕਵੀ ਦਰਬਾਰ ਸੁੰਨੇ ਹੋ ਗਏ ਨੇ। ਮਹਿਫਲਾਂ ਉਦਾਸ। ਕੁਰਸੀਆਂ ਨਿੱਕੀਆਂ ਲੱਗਣ ਲੱਗ ਪਈਆਂ ਨੇ। ਤੇ ਹੁਣ ਸ਼ਾਇਦ ਪਾਤਰ ਦੇ ਨਾ ਆਉਣ 'ਤੇ ਕੋਈ ਨਹੀਂ ਕਹਿ ਸਕੇਗਾ-ਕਿ ਪਾਤਰ ਨੂੰ ਕਿਸੇ ਨੇ ਮਿੱਸ ਨਹੀਂ ਕੀਤਾ। ਪਰ ਇਹ ਲੋਕ ਬੜੀ ਜ਼ਾਲਮ ਚੀਜ਼ ਨੇ। ਬਹੁਤ ਜਲਦ ਭੁੱਲ ਜਾਂਦੇ ਗੀਤ। ਤਰੁਨਮ। ਤਰਾਨੇ। ਸਿਰਫ ਇਹਨਾਂ ਅੱਥਰੇ ਘੋੜਿਆਂ 'ਤੇ ਕਾਠੀਆਂ ਪਾਉਣ ਵਾਲੇ ਸਮਿਆਂ ਦੀ ਵਿੱਥ ਪਾਰ ਕਰਦੇ। ਦੇਖੋ ਪਾਤਰੀ-ਘੋੜਾ ਕੀ ਕਰਦਾ?

ਦੌੜਦੇ ਘੋੜੇ ਦੀਆਂ ਟਾਪਾਂ ਸੁਣਦਾ ਸੋਚਦਾਂ – ਕਿ ਕੀ ਬੰਦੇ ਦੀ ਅੱਡੀ 'ਚ ਖੁੱਭਿਆ ਕੱਚ ਦਾ ਟੁਕੜਾ ਅੱਗ 'ਚ ਸੁਆਹ ਹੋ ਜਾਂਦਾ? ਜਾਂ ਅਸਤ ਸਮਝ ਜਲ-ਪਰਵਾਹ ਕਰ ਦਿੱਤਾ ਜਾਂਦਾ? ਜਾਂ ਅਗਲੇ ਜਨਮ ਫੇਰ ਉਹੀ ਕੱਚ ਦਾ ਟੁਕੜਾ ਨਵਾਂ ਜਨਮ ਲੈ ਲੈਂਦਾ? ਕੀ ਕਵਿਤਾ ਸਦੀਆਂ ਤੋਂ ਇਸ ਕੱਚ ਦੇ ਸਦੀਵ-ਟੁਕੜੇ ਬਾਰੇ ਹੀ ਨਹੀਂ ਲਿਖੀ ਜਾ ਰਹੀ? ਕਿ ਕਵਿਤਾ ਆਪ ਹੀ ਕੱਚ ਦਾ ਉਹ ਰੰਗੀਨ ਟੁਕੜਾ? ਕਿ ਕਵੀ ਹੀ ਹੈ ਉਹ ਨੋਕਦਾਰ ਕੱਚ ਦਾ ਸਖਤ ਨੀਲਾ ਟੁਕੜਾ ਜੋ ਉਹ ਆਪਣੀ ਹੀ ਅੱਡੀ 'ਚ ਡੂੰਘੇ ਖੁੱਭੇ ਸਖ਼ਤ ਮਾਸ 'ਚੋਂ ਕੱਢ ਰੁੱਖ ਦੀ ਕਿਸੇ ਕਾਲ਼ੀ ਨੁੱਕਰ 'ਚ ਵਗਾਹ ਮਾਰਦਾ, ਤੇ ਅਗਲੇ ਜਨਮ ਫਿਰ ਹੈਰਾਨ ਹੋ ਜਾਂਦਾ ਕਿ ਇਹ ਟੁਕੜਾ ਤਾਂ ਮੈਂ ਪਿਛਲੇ ਜਨਮ ਹਨ੍ਹੇਰੇ ਦੀ ਵੱਖੀ 'ਚ ਵਗਾਹ ਮਾਰਿਆ ਸੀ, ਇਹ ਫੇਰ ਕਿੱਥੋਂ ਆ ਪ੍ਰਗਟਿਆ? ਸ਼ਾਇਦ ਬੁੱਧ ਜਿਸ ਬਿਰਖ ਹੇਠ ਬੋਧੀ ਹੋਇਆ ਸੀ ਉਸ ਰੁੱਖ ਦੀ ਜੜ੍ਹ ਵਿਚੋਂ ਵੀ ਇਹੀ ਨੁਕੀਲੇ ਕੱਚ ਦਾ ਟੁਕੜਾ ਲਿਸ਼ਕਿਆ ਸੀ ਤੇ ਬੁੱਧ ਨੇ ਕਿਹਾ ਸੀ- ਮੈਨੂੰ ਗਿਆਨ ਦੀ ਰੌਸ਼ਨੀ ਲੱਭ ਪਈ ਹੈ। 000

***(801-M , Jalandhar Heights-2 , JALANDHAR-144 005***
***ਈਮੇਲ: deedjaswant@yahoo.com***
***ਫੋਨ: +91-89680-41424)***

# ਜਤਿੰਦਰ ਸਿੰਘ ਹਾਂਸ: ਕਹਾਣੀ: ਨਰ-ਮੇਧ ਯੱਗ

ਗੁਰੂ ਨਗਨ ਗਿਰੀ ਜਿਸ ਦੀ ਕੁਟੀਆ ਜਾਣ ਦੀ ਕਿਸੇ ਔਰਤ ਨੂੰ ਆਗਿਆ ਨਹੀਂ। ਉਹਦੀ ਕੁਟੀਆ 'ਚ ਜਗ ਰਹੀ ਅਖੰਡ-ਜੋਤ ਦਾ ਸਾਰੇ ਡੇਰੇ ਅਤੇ ਆਲ਼ੇ ਦੁਆਲ਼ੇ ਦੇ ਸਾਰੇ ਨਗਰਾਂ ਚ ਪ੍ਰਕਾਸ਼ ਹੈ।

ਗੰਗਾ ਦੀ ਕੁਟੀਆ ਵਿਚ ਜੋਤ ਜਗ ਰਹੀ ਸੀ। ਪਰ ਉਹਨੂੰ ਸਾਰਾ ਸੰਸਾਰ ਹਨੇਰ ਜਾਪਦਾ। ਉਹਦੀਆਂ ਛਾਤੀਆਂ 'ਚੋਂ ਆਪ ਮੁਹਾਰੇ ਦੁੱਧ ਵਗਣ ਲੱਗਦਾ। ਉਹਦੇ ਗੇਰੂਏ ਚੋਉ਼ਲੇ ਨੂੰ ਭਿਓਂ ਦਿੰਦਾ। ਚੋਉ਼ਲਾ ਸੁੱਕ ਕੇ ਆਕੜ ਜਾਂਦਾ। ਗੰਗਾ ਬੇਚੈਨ ਮਨ ਨੂੰ ਸ਼ਾਂਤ ਕਰਨ ਲਈ ਸ਼ਾਂਤੀ ਪਾਠ ਕਰਨ ਲੱਗਦੀ।

*ਉਸ ਧਿਰ ਸ਼ਾਂਤੀ, ਅੰਤਰਿਖਸ ਸ਼ਾਂਤੀ, ਪ੍ਰਿਥਵੀ ਸ਼ਾਂਤੀ।*

ਗੰਗਾ ਦੇ ਮਨ ਦੀ ਤਾਰ ਤਾਂ ਉਸੇ ਥਾਂ ਵੱਜੀ ਜਾਂਦੀ, "ਮੇਰਾ ਬੱਚਾ ਜਿਉਂਦਾ... ਜਿਉਂਦਾ, ਮੇਰਾ ਬੱਚਾ।"

ਗੰਗਾ ਮਨ ਸਮਝਾ ਕੇ ਸੰਤਾਂ ਦੇ ਚਰਨਾਂ ਨਾਲ ਜੋੜਨਾ ਚਾਹੁੰਦੀ, ਪਰ ਮਮਤਾ ਛਲਕਦੀ, ਕਦੀ ਅੱਖਾਂ 'ਚੋਂ, ਕਦੀ ਛਾਤੀ 'ਚੋਂ। ਉਹਦੀ ਬਿਰਤੀ ਭੰਗ ਹੋ ਜਾਂਦੀ। ਉਹ ਫਿਰ ਉੱਚੀ ਉੱਚੀ ਪਾਠ ਕਰਨ ਲੱਗੀ:*ਸ਼ਾਂਤੀ ਮਾਂ-ਮਾ, ਸਾਂਤੀ ਰਿਧੀ, ਓਮ ਸ਼ਾਂਤੀ-ਸ਼ਾਂਤੀ ਜੈ।*

ਅੱਧੀ ਰਾਤ ਬੀਤ ਗਈ। ਗੰਗਾ ਨੂੰ ਨੀਂਦ ਨਾ ਆਈ। ਗੁਰੂ ਨਗਨ ਗਿਰੀ ਦੀ ਕੁਟੀਆ 'ਚੋਂ ਬੱਚਾ ਰੋਣ ਦੀ ਆਵਾਜ਼ ਉਹਦੇ ਦਿਲ ਨੂੰ ਡੋਬੂ ਪਾ ਰਹੀ ਸੀ। ਕਦੀ ਲੱਗਦਾ ਆਵਾਜ਼ ਬੱਚੇ ਦੇ ਰੋਣ ਦੀ ਨਹੀਂ, ਬਿੱਲੀ ਦੇ ਰੋਣ ਦੀ ਹੈ। ਚੇਲੇ ਮਹੰਤਗਿਰੀ ਨੇ ਉਹਨੂੰ ਸਮਝਾਇਆ ਵੀ ਸੀ, "ਕੋਈ ਬੱਚਾ ਨਹੀਂ ਰੋ ਰਿਹਾ, ਐਵੇਂ ਤੇਰੇ ਮਨ ਦਾ ਭਰਮ ਏ ਦੇਵੀ।"

ਬੇਚੈਨ ਗੰਗਾ ਜਿਵੇਂ ਭਖਦੇ ਕੋਲਿਆਂ 'ਤੇ ਪਈ ਹੋਵੇ। ਉਹ ਸ਼ਾਂਤੀ ਪਾਠ ਕਰਦੀ ਆਪਣੀ ਕੁਟੀਆ ਚ ਘੁੰਮਣ ਲੱਗੀ। ਆਲ਼ੇ 'ਚ ਜਗਦੀ-ਜੋਤ ਅੱਗੇ ਹੱਥ ਜੋੜ ਕੇ ਖੜਗੀ। ਫਿਰ ਦਰਵਾਜ਼ਾ ਖੋਹਲ ਕੇ ਉਧਰ ਨੂੰ ਤੁਰ ਪਈ, ਜਿੱਧਰੋਂ ਬੱਚਾ ਰੋਣ ਦੀ ਆਵਾਜ਼ ਆ ਰਹੀ ਸੀ। ਇਸ ਡੇਰੇ 'ਚ ਤੀਵੀਆਂ ਰਾਤ ਨੀ ਰਹਿ ਸਕਦੀਆਂ। ਗੰਗਾ ਹੀ ਸੀ, ਜਿਸਨੂੰ ਡੇਰੇ ਦੇ ਇਕ ਕੋਨੇ 'ਚ ਕੁਟੀਆ 'ਚ ਰਹਿਣ ਦੀ ਆਗਿਆ ਮਿਲੀ ਹੋਈ ਸੀ। ...ਅੱਗੇ ਕਾਫੀ ਦੂਰ ਚੇਲੇ ਮਹੰਤ ਗਿਰੀ ਅਤੇ ਚੇਲੇ ਲੱਕੜ ਦਾਸ ਦੀਆਂ ਕੁਟੀਆਂ ਨੇ। ਉਹ ਤੋਂ ਅੱਗੇ ਵੱਡੇ ਹਾਲ ਵਿਚ ਕਈ ਸਾਧੂ ਬਾਹਰੋਂ ਆ ਕੇ ਠਹਿਰੇ ਹੋਏ ਨੇ। ਉਹ ਸਾਰੇ ਸੁੱਤੇ ਪਏ ਸਨ।

ਗੁਰੂ ਨਗਨ ਗਿਰੀ ਦੀ ਕੁਟੀਆ ਇਹਨਾਂ ਤੋਂ ਬਹੁਤ ਦੂਰ ਬਾਬੇ ਨਿਗਾਹੇ ਦੀ ਸਮਾਧ ਤੋਂ ਅੱਗੇ ਸੀ। ਤੁਰੀ ਜਾ ਰਹੀ ਗੰਗਾ ਵਿਚ 'ਪਉਣ' ਆ ਗਈ। ਉਹਦੇ ਸਿਰ ਘੁਮਾ ਕੇ ਖੇਡਦੀ-ਖੇਡਦੀ ਦੇ ਵਾਲ਼ ਖੁੱਲ੍ਹ ਗਏ। ਜਦੋਂ 'ਪਉਣ' ਆਉਂਦੀ ਉਹ ਸਰੀਰ ਨੂੰ ਤੋੜ-ਤੋੜ ਸਿੱਟਦੀ ਸੁੱਧ-ਬੁੱਧ ਖੋਅ ਬੈਠਦੀ।

ਸਵੇਰੇ ਜਦੋਂ ਗੰਗਾ ਦੀ ਜਾਗ ਖੁੱਲ੍ਹੀ ਰੱਬ ਜਾਣੇ ਉਹਨੂੰ ਕੁਟੀਆ 'ਚ ਕੌਣ ਪਾ ਗਿਆ, ਜਾਂ ਆਪ ਹੀ ਜਾ ਪਈ ਸੀ। 'ਪਉਣ' ਆਉਣ ਤੋਂ ਬਾਅਦ ਉਹਦੇ ਕੁਝ ਵੀ ਯਾਦ ਨਹੀਂ ਸੀ। ਉਹਦਾ ਚੋਉ਼ਲਾ ਵੀ ਬਦਲਿਆ ਹੋਇਆ ਸੀ। ਪੈਰ ਦੱਖਣ ਵੱਲ ਸੀ। ਉਹਦੇ ਗੁਰੂ ਜੀ ਦੇ ਪ੍ਰਵਚਨ ਖਿਆਲ 'ਚ ਆਏ, "ਦੱਖਣ ਵੱਲ ਪੈਰ ਕਰਕੇ ਨਹੀਂ ਪੈਣਾ, ਉੱਧਰ ਜਮਾਂ ਦਾ 'ਵਾਸਾ ਏ। ਰਾਖਸ਼ ਬੁੱਧੀ ਹੀ ਦੱਖਣ ਵੱਲ ਪੈਰ ਕਰਕੇ ਸੌਂਦਾ। ਉਹਨੇ ਕੁਟੀਆ 'ਚ ਪਈ ਨੇ, ਡੇਰੇ 'ਚ ਗ਼ੈਰ ਲੋਕਾਂ ਦੀਆਂ ਆਵਾਜ਼ਾਂ ਸੁਣੀਆਂ।

* * *

ਚੇਲੇ ਮਹੰਤ ਗਿਰੀ ਨੇ ਅੰਮ੍ਰਿਤ ਵੇਲ਼ੇ ਉੱਠ ਕੇ ਇਸ਼ਨਾਨ ਕੀਤਾ। ਬਾਬੇ ਨਿਗਾਹੇ ਦੀ ਸਮਾਧ ਵੱਲ

ਧੂਫ ਬੱਤੀ ਕਰਨ ਅਤੇ ਅਖੰਡ ਜੋਤ ਵਿਚ ਦੇਸੀ ਘਿਓ ਪਾਉਣ ਨਿਕਲਿਆ। ਉਹ ਅੜਕ ਕੇ ਡਿੱਗਦਾ-ਡਿੱਗਦਾ ਬਚਿਆ। ਅੱਖਾਂ-ਟੱਡ ਕੇ ਨੇੜੇ ਹੋ ਕੇ ਦੇਖਿਆ। ਕੀ ਸ਼ੈਆ ਜਿਸ ਨਾਲ ਉਹ ਅੜਕਿਆ? ਉਹਦੇ ਹੋਸ਼ ਘੁੰਮ ਗਏ। ਖ਼ੂਨ ਨਾਲ ਲੱਥ-ਪੱਥ ਮਨੁੱਖੀ ਲੱਤ ਸੀ। ਅੱਗੇ ਦੂਜੀ ਲੱਤ 'ਤੇ ਬਾਂਹ ਪਈਆਂ ਸਨ। ਪੂਰਾ ਮਨੁੱਖੀ ਸਰੀਰ ਹੀ ਟੁਕੜਿਆਂ ਵਿਚ ਖਿਲਰਿਆ ਪਿਆ ਸੀ। ਕਿਸੇ ਜ਼ਾਲਮ ਨੇ ਡੇਰੇ ਚ ਅਧਰਮ ਕਰ ਦਿੱਤਾ। ਨੇੜੇ ਹੀ ਗੁਰੂ ਨਗਨ ਗਿਰੀ ਦੀਆਂ ਖੜਾਵਾਂ ਪਈਆਂ ਸੀ। ਉਹ ਘਬਰਾਹਟ 'ਚ "ਗੁਰੂ ਜੀ ਦਾ ਕਿਸੇ ਨੇ ਕਤਲ ਕਰ ਦਿੱਤਾ" ਚੀਕਦਾ ਰੁਕਿਆ। ਸੰਭਲ਼ ਗਿਆ। ਉਹਨੇ ਪਤਾ ਨਹੀਂ ਕੀ ਦੇਖ ਲਿਆ। ਉੱਥੇ ਦਿਸਦੇ ਸਬੂਤ ਮਿਟਾਉਣ ਲੱਗਾ।

ਜੀਹਨਾਂ ਵੀ ਨਗਨ ਗਿਰੀ ਦੀ ਲਾਸ਼ ਦੇਖੀ ਸੋਚਿਆ... ਕਿਤੇ ਗੁਰੂ ਜੀ ਦੀ ਲੀਲ੍ਹਾ ਤਾਂ ਨਹੀਂ। ਪਹਿਲਾਂ ਵੀ ਅਨੇਕ ਵਾਰ ਰਾਤ ਨੂੰ ਉਹਨਾਂ ਦੇ ਸਰੀਰ ਦੇ ਅੰਗ ਡੇਰੇ 'ਚ ਖਿਲਰੇ ਪਏ ਹੁੰਦੇ। ਸਵੇਰੇ ਦੇਖਦੇ ਤਾਂ ਉਹ ਧੂਣੀ ਤਪਾਈ ਬੈਠੇ ਹੁੰਦੇ। ਨਗਨ ਗਿਰੀ ਦੇ ਚਮਤਕਾਰਾਂ ਦੀਆਂ ਕਹਾਣੀਆਂ ਉਹਦੇ ਪਿੰਡ ਆਉਣ ਨਾਲ ਹੀ ਚੱਲ ਪਈਆਂ ਸੀ। ਪਿੰਡ ਦੇ ਬਾਹਰ-ਬਾਹਰ ਢੱਕੀ ਵੱਲ ਵੱਡ-ਵਡੇਰੇ ਬਾਬੇ ਨਿਗਾਹੇ ਦੀ ਸਮਾਧ ਸੀ। ਉੱਥੇ ਸੁੱਖਾਂ ਵਰ ਆਉਂਦੀਆਂ। ਘਰ ਦੀ ਕੱਢੀ ਸ਼ਰਾਬ ਅਤੇ ਪਤਾਸਿਆਂ ਦਾ ਪ੍ਰਸ਼ਾਦ ਚੜ੍ਹਦਾ। ਉੱਥੇ ਪਿੰਡੇ 'ਤੇ ਸਵਾਹ ਮਲ਼ੀ ਅਲਫ-ਨੰਗਾ, ਮੋਨਧਾਰੀ ਸਾਧ ਆ ਬੈਠਾ। ਉਹ ਜੇਠ ਹਾੜ੍ਹ ਦੇ ਦਿਨਾਂ ਵਿਚ ਧੂਣੀਆਂ ਸੇਕਦਾ। ਪਿੰਡ 'ਚ ਗਜਾ ਕਰਨ ਵੀ ਨਾ ਜਾਂਦਾ। ਸ਼ਰਧਾਵਾਨ ਰੋਟੀ ਟੁੱਕ ਦੀ ਸੇਵਾ ਉਹਦੇ ਕੋਲ਼ ਪਹੁੰਚਾ ਆਉਂਦੇ। ਜਦ ਲੋੜ ਹੁੰਦੀ ਛਕ-ਛਕਾ ਲੈਂਦਾ। ਪਿੰਡ 'ਚ ਗੱਲ ਫੈਲ ਗਈ, "ਬਾਬਾ ਗੰਗੋਤਰੀ ਧਾਮ ਹਿਮਾਲਿਆ ਤੋਂ ਤਪੱਸਿਆ ਕਰ ਕੇ ਆਇਆ।"

ਪਾਖਰ ਟਿੰਡਾ ਤੇ ਉਹਦੀ ਜੁੰਡੀ ਦੇ ਯਾਰ ਜਿਹੜੇ ਬਾਬੇ ਨਗਾਹੇ ਦੀ ਸਮਾਧ ਦੀ ਦੇਖਭਾਲ ਕਰਦੇ ਉੱਥੇ ਚੜ੍ਹਦਾ ਚੜ੍ਹਾਵਾ, ਖਾਸ ਕਰ ਘਰ ਦੀ ਕੱਢੀ ਸ਼ਰਾਬ ਦਾ ਪ੍ਰਸ਼ਾਦ, ਜਿਸਨੂੰ ਉਹ ਹਰ ਰੋਜ਼ ਛਕਦੇ, ਰੰਗਾਂ 'ਚ ਰਹਿੰਦੇ। ਨਗਨ ਨੇ ਉੱਥੇ ਆ ਕੇ ਜਿਵੇਂ ਉਹਨਾਂ ਦੇ ਢਿੱਡ 'ਤੇ ਲੱਤ ਮਾਰਤੀ ਹੋਵੇ। ਉਹਨਾਂ ਨਗਨ ਨੂੰ ਧਮਕਾਇਆ, "... ਤੁਰਜਾ-ਤੁਰਜਾ ਸਾਧਾ, ਭਲੀ ਵੱਤ ਨਾਲ ਤੁਰ ਜਾ, ਇਹ ਇੱਜਤਦਾਰ ਧੀਆਂ-ਭੈਣਾਂ ਵਾਲਿਆਂ ਦਾ ਪਿੰਡ ਆ। ਇੱਥੇ ਤੇਰਾ ਲੁੱਚਪਣਾ ਨਹੀਂ ਚੱਲਣਾ। ਜਿਹੜੀਆਂ ਧੂਣੀਆਂ ਸੇਕਦੈਂ, ਇਹਨਾਂ 'ਚ ਸਿੱਟ ਕੇ ਭੋਗ ਪਾ ਦਿਆਂਗੇ। ਜਾਹ ਤੁਰਜਾ ਭਲੀ ਵੱਤ ਨਾਲ ਤੁਰ ਜਾਹ।"

ਉਹ ਨਗਨ ਦਾ ਪਿਛਲਾ ਖੁਰਾ-ਖੋਜ ਲੱਭ ਲਿਆਏ। ਲੋਕਾਂ ਕੋਲ਼ ਉਹਦਾ ਕੱਚਾ ਚਿੱਠਾ ਲੈ ਬੈਠਦੇ, "ਇਹ ਪਖੰਡੀ ਨੰਗਾ ਸਾਧ ਕਿਸੇ ਗੰਗੋਤਰੀ-ਧਾਮ ਤੋਂ ਨਹੀਂ ਆਇਆ। ਮਾਲਵੇ ਦਾ। ਇਹ ਦੋ ਭਾਈ ਨੇ। ਜਮੀਨ ਥੋੜ੍ਹੀ ਸੀ। ਵਿਆਹ ਨਹੀਂ ਹੋਇਆ। ਇਹਦਾ ਬੜਾ ਭਾਈ ਐਬੀ-ਵੈਲੀ ਆ। ਇਹਨੂੰ ਮੁੱਲ ਦੀ ਤੀਵੀ ਲਿਆਉਣ ਦਾ ਲਾਰਾ ਲਾ ਕੇ ਇਹਦੇ ਹਿੱਸੇ ਦੀ ਜਮੀਨ ਵਿਕਾਤੀ। ਦੁਆਬੇ 'ਚੋਂ ਤੀਵੀ ਲੈਣ ਚਲੇ ਗਏ। ਇਹਦੇ ਵੈਲੀ ਭਾਈ ਨੇ ਇਕ ਬਦਮਾਸ਼ ਹੋਰ ਨਾਲ ਰਲਾ ਲਿਆ। ਸਕੀਮ ਬਣਾਈ ਇਹ ਤੋਂ ਪੈਸੇ ਲੁੱਟ ਕੇ ਦਰਿਆ ਚ ਰੋੜ੍ਹ ਆਵਾਂਗੇ। ਦਰਿਆ ਕੋਲ ਜਾ ਕੇ ਇਹਨੇ ਉਹਨਾਂ ਦੇ ਇਰਾਦੇ ਭਾਂਪ ਲਏ। ਚੋਰ-ਭਲਾਈ ਦੇ ਕੇ ਭੱਜ ਲਿਆ। ਉਹ ਦੋਵੇਂ ਪਿੱਛੇ ਭੱਜੇ। ਜਦੋਂ ਨੇੜੇ ਆਇਆ ਕਰਨ ਇਹ ਰੁਪਈਏ ਸਿੱਟ ਦਿਆ ਕਰੇ। ਉਹ ਰੁਪਈਏ ਸਾਂਭ ਕੇ ਫਿਰ ਇਹਦੇ ਪਿੱਛੇ ਭੱਜ ਲਿਆ ਕਰਨ। ਆਖਰ ਹਾਰ ਕੇ ਜਦੋਂ ਇਹਨੇ ਕੱਪੜੇ ਵੀ ਲਾਹ ਕੇ ਸਿੱਟ 'ਤੇ ਜਮਾ ਨੰਗਾ ਹੋ ਕੇ ਭੱਜਿਆ, ਤਾਂ ਉਹਨਾਂ ਨੇ ਇਹਦੀ ਜਾਨ ਬਖਸ਼ੀ। ਬਈ ਇਸ ਨੰਗ ਤੋਂ ਹੋਰ ਅਸੀਂ ਕੀ ਲੈਣਾ। ਕਈ ਰਾਤਾਂ ਇਹਨੇ ਸਿਵਿਆਂ 'ਚ ਕੱਟੀਆਂ। ਉੱਥੋਂ ਹੀ ਸਵਾਹ ਮਲ਼ੀ ਤੇ ਇੱਥੇ ਆ ਗਿਆ। ਇਹ ਤੀਵੀ ਦੀ ਤਮ੍ਹਾਂ ਦਾ ਮਾਰਿਆ ਹੋਇਆ। ਹੁਣ ਧੂਣੀਆਂ-ਤਪਾਈ ਮੋਨ-ਵਰਤ ਧਾਰੀ ਬੈਠਾ। ਕਿਸੇ ਗੰਗੋਤਰੀ-ਗੰਗੂਤਰੀ ਤੋਂ ਨਹੀਂ ਆਇਆ। ਚਲੋ ਜੇ ਗੰਗਾ ਜਾ ਵੀ ਆਇਆ ਤਾਂ ਕੀ ਆ, ਜੇ ਕੁੱਤਾ ਕਪਾਹ 'ਚੀਂ ਲੰਘ ਗਿਆ, ਰਜਾਈ ਤਾਂ ਨਹੀਂ ਭਰਾ ਲਿਆਇਆ।"

ਕੁਝ ਕੁ ਦਿਨਾਂ 'ਚ ਪਾਖਰ ਟਿੰਡੇ ਦੀ ਸੱਜਰ ਸੂਈ ਮੱਝ ਨੁਕਸਾਨੀ ਗਈ। ਨਾਲ ਦੇ ਸਾਥੀਆਂ ਦੇ

ਟੱਬਰ ਬਿਮਾਰ ਹੋ ਗਏ। ਉਹ ਆ ਕੇ ਨਗਨ ਦੇ ਚਰਨੀ ਢਹਿ ਪਏ। ਬਾਬੇ ਨਿਗਾਹੇ ਦੀ ਸਮਾਧ ਤੋਂ ਥੋੜ੍ਹੀ ਹਟਮੀ ਉਹਦੀ ਕੁਟੀਆ ਬਣਾ ਦਿੱਤੀ। ਪਿੰਡ ਚੋਂ ਢਾਲ਼ ਇਕੱਠੇ ਕਰਕੇ ਜਲੇਬੀਆਂ-ਪੂੜਿਆਂ ਅਤੇ ਘਰ ਦੀ ਕੱਢੀ ਸ਼ਰਾਬ ਦਾ ਲੰਗਰ ਕਈ ਦਿਨ ਚਲਾਉਂਦੇ ਰਹੇ। ਤਾਂ ਕਿਤੇ ਜਾ ਕੇ ਉਹਨਾਂ ਦਾ ਭਲਾ ਹੋਇਆ।

* * *

ਨਗਨ ਗਿਰੀ ਨੇ ਮੋਨ ਵਰਤ ਖੋਹਲਿਆ ਪ੍ਰਵਚਨ ਕਰਨ ਲੱਗਾ, "ਸੰਤ ਸ਼ਬਦ ਸੱਚ ਤੋਂ ਬਣਿਆ। ਮੈਂ ਕਾਹਦਾ ਸੰਤ ?"

"ਨਗਨ ਨਵ-ਜਨਮੇ ਬੱਚੇ ਦਾ ਮਹਾਦੇਵ ਦਾ ਸਰੂਪ ਆ। ਜਿਵੇਂ ਬੱਚੇ ਦਾ ਮਨ ਨਿਰਮਲ, ਛਲ-ਕਪਟ,ਕਾਮ-ਕ੍ਰੋਧ, ਲੋਭ ਵਰਗੇ ਵਿਕਾਰਾਂ ਤੋਂ ਰਹਿਤ ਹੁੰਦਾ।"

-"ਕਰਤਾਰ ਬੰਦੇ ਨੂੰ ਵਸਤਰਹੀਣ ਭੇਜਦਾ। ਮੈਂ ਕਿਉਂ ਉਹਦੇ ਹੁਕਮ ਤੋਂ ਬਾਹਰ ਹੋਵਾਂ।"

-"ਔਰਤ ਨਰਕ ਦਾ ਦੁਆਰ ਹੈ। ਜਿਹੜੀ ਨਾਰੀ ਮੇਰੀ ਕੁਟੀਆ ਵੱਲ ਆਊ ਰਾਮ-ਕਾਰ ਟੱਪੂ, ਉਹ ਸੱਪਣੀ ਦੀ ਜੂਨੇ ਪਊ...।"

ਉਹਨੇ ਆਪਣੀ ਖੂੰਡੀ ਨਾਲ ਕੁਟੀਆ ਦੁਆਲ਼ੇ ਰਾਮ-ਕਾਰ ਕੱਢ ਲਈ ਸੀ। ਉਹ ਧੂਣੀਆਂ ਤਾਪਦਾ ਇਹੋ ਜਿਹੇ ਪ੍ਰਵਚਨ ਕਰਦਾ ਰਹਿੰਦਾ। ਉਹਦੀ ਮਹਿਮਾ ਪੂਰੇ ਇਲਾਕੇ 'ਚ ਖਿਲਰ ਗਈ। ਜੀਹਨੂੰ ਸੰਤ ਜੀ ਗਾਲ੍ਹ ਕੱਢ ਦੇਣ ਉਹਦੀ ਕੁਲ ਤਰ ਜਾਂਦੀ। ਜੇ ਲੱਤ ਮਾਰ ਦੇਣ ਤਾਂ ਉਹਦੀਆਂ ਸੱਤ ਪੀੜ੍ਹੀਆਂ ਦਾ ਪਾਰ ਉਤਾਰਾ ਹੋ ਜਾਵੇ। ਚੇਲਾ ਮਹੰਤ ਗਿਰੀ ਤੇ ਲੱਕੜ ਦਾਸ ਡੇਰੇ ਦਾ ਸਾਰਾ ਪ੍ਰਬੰਧ ਸੰਭਾਲ਼ਦੇ। ਹੋਰ ਸਾਧ ਵੀ ਆ ਕੇ ਕਈ ਕਈ ਦਿਨ ਡੇਰੇ 'ਚ ਠਹਿਰ ਜਾਂਦੇ। ਸੰਗਤਾਂ ਦਾ ਤਾਂ ਅੰਤ ਹੀ ਨਹੀਂ ਸੀ।

ਸਾਰੇ ਹੈਰਾਨ ਸਨ ਏਨੀ ਕਰਨੀ ਵਾਲੇ ਸੰਤਾਂ ਨੂੰ ਕੌਣ ਮਾਰ ਗਿਆ? ਐਡਾ ਪਾਪ! ਘੋਰ ਪਾਪ! ਕਿੱਥੇ ਭਰਾਂਗੇ ਅਸੀਂ?" ਮਹੰਤਗਿਰੀ ਨੇ ਲੱਕੜ ਦਾਸ ਅਤੇ ਹੋਰ ਸਾਧਾਂ ਨੂੰ ਸਰਪੰਚ ਨੂੰ ਦੱਸ ਕੇ ਥਾਣੇ ਇਤਲਾਅ ਕਰਨ ਭੇਜ ਦਿੱਤਾ।

* * *

ਡੇਰੇ ਦਾ ਮਾੜਾ ਸਮਾਂ ਉਦੋਂ ਸ਼ੁਰੂ ਹੋ ਗਿਆ ਜਦੋਂ, 'ਤੀਵੀ ਨੂੰ ਨਰਕ ਦਾ ਦੁਆਰ' ਕਹਿਣ ਵਾਲਾ ਨਗਨ ਗਿਰੀ ਗੰਗਾ ਨੂੰ ਡੇਰੇ ਲਿਆਇਆ। ਨਗਨ ਗਿਰੀ ਅੱਧੀ ਰਾਤ ਨਹਿਰ 'ਚ ਇਸਨਾਨ ਕਰਨ ਜਾਂਦਾ। ਉਸ ਵੇਲ਼ੇ ਰਸਤੇ 'ਚ ਨਾ ਕੋਈ ਬੰਦਾ, ਨਾ ਬੰਦੇ ਦੀ ਜਾਤ। ਨਾ ਚਿੜੀ ਨਾ ਜਨੌਰ। ਕੋਈ ਵੀ ਉਹਦੇ ਮੱਥੇ ਨਾ ਲੱਗਦਾ। ਲੋਕ ਕਹਿੰਦੇ ਨਗਨ ਗਿਰੀ ਨਹਿਰ ਦੇ ਪਾਣੀ 'ਤੇ ਤੁਰ ਲੈਂਦਾ। ਕਦੇ ਪਾਣੀ ਉੱਤੇ ਸਮਾਧੀ ਲਾ ਕੇ ਬੈਠਾ ਹੁੰਦਾ। ਇਹ ਡੁੱਬਦਾ ਨਹੀਂ।

ਇਸ਼ਨਾਨ ਕਰਨ ਗਏ ਨਗਨ ਦੀ ਬਿਰਤੀ ਉਦੋਂ ਭੰਗ ਹੋਈ ਜਦ ਕਿਸੇ ਦੀ ਨਹਿਰ ਚ ਛਾਲ ਮਾਰਨ ਦੀ 'ਛਲੱਪ' ਦੀ ਆਵਾਜ਼ ਆਈ। ਉਹਨੇ ਚੰਨ ਚਾਨਣੀ 'ਚ ਦੇਖਿਆ ਨਹਿਰ 'ਚ ਤੀਵੀਂ ਗੋਤੇ ਖਾ ਰਹੀ ਸੀ। ਉਹ ਧਰਮ ਸੰਕਟ 'ਚ ਫਸ ਗਿਆ। ਡੁੱਬਦੀ ਤੀਵੀਂ ਨੂੰ ਬਚਾਵੇ ਜਾਂ ਆਪਣਾ ਧਰਮ ਬਚਾਵੇ। ਆਖਰੀ ਵਾਰ ਜਦੋਂ ਉਹ ਪਾਣੀਓਂ ਬਹਾਰ ਉਛਲੀ, ਨਗਨ ਨੇ ਵਾਲ਼ਾਂ ਤੋਂ ਫੜ ਕੇ ਕੰਢੇ 'ਤੇ ਲਿਆਂਦਾ। ਮਨ ਚ ਸੋਚਦਾ, 'ਜਾਨ ਬਚਾਉਣ ਤੋਂ ਵੱਡਾ ਕਿਹੜਾ ਧਰਮ ਹੋ ਸਕਦਾ।'

ਜਦੋਂ ਕੁੜੀ ਸੁਰਤ ਸਿਰ ਹੋਈ, ਨੰਗਾ ਬੰਦਾ ਦੇਖ ਕੇ ਘਬਰਾ ਗਈ। ਬਾਂਹ ਛੁਡਾ ਕੇ ਨਹਿਰ ਵੱਲ ਭੱਜਣ ਲੱਗੀ, "ਤੁਸੀਂ ਲੋਕ...ਤੁਸੀਂ ਲੋਕ, ਨਾ ਜਿਉਣ ਦਿੰਨੇ ਓਂ ਨਾ ਮਰਨ। ਕਿਉਂ ਬਚਾਈ... ਕਿਉਂ ਬਚਾਈ ਮੇਰੀ ਜਾਨ?"

ਨਗਨ ਨੇ ਕਰੜਾਈ ਨਾਲ ਉਹਦਾ ਗੁੱਟ ਫੜ ਲਿਆ, ਇਕ ਤਰ੍ਹਾਂ ਧੂੰਹਦਾ ਹੋਇਆ ਡੇਰੇ ਵੱਲ ਲੈ ਤੁਰਿਆ। 'ਨਗਨ ਗੁਰੂ ਤਾਂ ਤੀਵੀਂ ਦਾ ਪਰਛਾਵਾਂ ਵੀ ਨਹੀਂ ਲੈਂਦਾ', ਦਾ ਤਾਜ ਉਹਦੇ ਸਿਰ 'ਤੇ

ਸਜਿਆ ਹੋਇਆ ਸੀ। ਉਹੀ ਨਗਨ ਪਾਣੀ ਨਾਲ ਭਿੱਜੀ ਤੀਵੀਂ ਨੂੰ ਗੁੱਟ ਤੋਂ ਫੜੀ ਡੇਰੇ ਵੱਲ ਜਾ ਰਿਹਾ ਸੀ। ਉਹਦੀ ਵਰ੍ਹਿਆਂ ਦੀ ਤਪੱਸਿਆ ਭੰਗ ਹੁੰਦੀ ਲੱਗੀ। ਕੁੜੀ ਵਸਤਰਹੀਣ ਬੰਦਾ ਦੇਖ ਕੇ ਡਰੀ। ਪਰ ਉਹਦਾ ਗੁੱਟ ਇੰਨੇ ਜ਼ੋਰ ਨਾਲ ਫੜਿਆ ਹੋਇਆ ਸੀ ਕਿ ਮਗਰ ਤੁਰਨ ਤੋਂ ਬਿਨਾਂ ਉਸ ਕੋਲ਼ ਕੋਈ ਚਾਰਾ ਵੀ ਨਹੀਂ ਸੀ। ਉਹ ਚੁੱਪ ਚਾਪ ਤੁਰੀ ਜਾ ਰਹੀ ਸੀ। ਸ਼ਾਇਦ ਉਹਨੇ ਸੋਚ ਲਿਆ ਸੀ, "ਜ਼ਿੰਦਗੀ 'ਚ ਜੋ ਉਸ ਨਾਲ ਹੋਇਆ ਅਤੇ ਮੌਤ ਤੋਂ ਵੱਡਾ ਹੋਰ ਕੋਈ ਕੀ ਕਰ ਸਕਦਾ।"

ਨਗਨ ਗਿਰੀ ਨੇ ਡੇਰੇ ਜਾ ਕੇ ਮਹੰਤ ਗਿਰੀ ਨੂੰ ਉਠਾਇਆ ਤੇ ਕਿਹਾ, "ਇਹ ਕੰਨਿਆ ਗੰਗਾ ਮਾਂ ਨੇ ਭੇਜੀ ਆ, ਇਹਦਾ ਖਿਆਲ ਰੱਖੀਂ।"

ਫੇਰ ਪਰ੍ਹਾਂ ਸੱਦ ਕੇ ਸਮਝਾਇਆ, "ਪਤਾ ਕਰੋ ਇਹ ਕੌਣ ਆ? ਤੇ ਕਿੱਥੋਂ ਆਈ ਆ?"

ਮਹੰਤ ਗਿਰੀ ਅਚੰਭਿਤ ਰਹਿ ਗਿਆ ਸੀ। ਗੁਰੂ ਜੀ ਦਾ ਇਹ ਕੀ ਕੌਤਕ ਸੀ। ਜਿਹਨਾਂ ਦੇ ਨੇੜੇ ਆਈ ਤੀਵੀਂ ਭਸਮ ਹੋ ਜਾਵੇ, ਉਹ ਪਾਣੀ ਨਾਲ ਭਿੱਜੀ ਤੀਵੀਂ ਦੀ ਬਾਂਹ ਫੜੀ ਖੜ੍ਹੇ ਨੇ।

"ਸੱਤ ਬਚਨ।" ਕਹਿ ਕੇ ਉਹ ਕੁੜੀ ਨੂੰ ਕੁਟੀਆ ਵਿਚ ਲੈ ਗਿਆ। ਉਦੋਂ ਤਕ ਕੁੜੀ ਸਾਰੀ ਗੱਲ ਸਮਝ ਚੁੱਕੀ ਸੀ ਤੇ ਸ਼ਾਂਤ ਸੀ।

ਨਗਨ ਗਿਰੀ ਫਿਰ ਨਹਿਰ 'ਤੇ ਇਸ਼ਨਾਨ ਕਰਨ ਚਲਾ ਗਿਆ।

* * *

"... ਗੁਰੂ ਜੀ ਕੁੜੀ ਕੁਆਰੀ ਆ। ਉਹਦੀ ਕੁੱਖ 'ਚ ਉਹਦੇ ਪ੍ਰੇਮੀ ਦੇ ਪਿਆਰ ਦੀ ਨਿਸ਼ਾਨੀ ਪਲ਼ ਰਹੀ ਆ। ਪ੍ਰੇਮੀ ਵੀ ਉਸੇ ਦੇ ਪਿੰਡ ਦਾ। ਜਦੋਂ ਉਹਨੂੰ ਕੁੜੀ ਦੇ ਪੈਰ ਭਾਰੀ ਹੋਣ ਬਾਰੇ ਪਤਾ ਲੱਗਾ, ਉਹ ਪਿੰਡੋਂ ਭੱਜ ਗਿਆ। ਕੁੜੀ ਨੂੰ ਚਾਰੇ ਪਾਸੇ ਹਨੇਰਾ ਜਾਪਿਆ। ਉਹ ਨਹਿਰ ਚ ਛਾਲ਼ ਮਾਰ ਕੇ ਜੀਵਨ ਲੀਲ੍ਹਾ ਖਤਮ ਕਰਨਾ ਚਾਹੁੰਦੀ ਸੀ। ਗੁਰੂ ਜੀ, ਨਾ ਉਹ ਆਪਦਾ ਨਾਮ ਦੱਸਦੀ ਆ। ਨਾ ਪਿੰਡ ਦਾ ਨਾਮ ਦੱਸਦੀ ਆ। ...ਇਹ ਤਾਂ ਆਪਾਂ ਨੇ ਮਰਿਆ ਸੱਪ ਗਲ਼ ਪਾ ਲਿਆ। ...ਕੀ ਕਰੀਏ... ਕਿੱਥੇ ਭੇਜੀਏ।" ਚੇਲੇ ਮਹੰਤ ਗਿਰੀ ਨੇ ਨਗਨ ਗਿਰੀ ਨੂੰ ਸਾਰੀ ਰਾਮ ਕਹਾਣੀ ਦੱਸੀ।

ਨਗਨ ਬਹੁਤ ਚਿਰ ਬੇਚੈਨ ਘੁੰਮਦਾ ਰਿਹਾ। ਜਿਵੇਂ ਮੋਨ ਵਰਤ ਹੀ ਧਾਰ ਲਿਆ ਹੋਵੇ। ਫਿਰ ਉਹ ਕੁਟੀਆ 'ਚ ਜਾ ਬਿਰਾਜਿਆ।

ਸ਼ਾਮ ਨੂੰ ਮਹੰਤ ਗਿਰੀ ਨੇ ਸੁਣਿਆ। ਨਗਨ ਗਿਰੀ ਕਿਸੇ ਦੇ ਤਰਲੇ ਕੱਢ ਰਿਹਾ ਸੀ:

"ਰੱਬ ਦਾ ਵਾਸਤਾ ਮੰਨ ਜਾਓ।"

"ਉਹ ਦੇਵੀ ਆ, ਗੰਗਾ ਮਾਂ ਨੇ ਭੇਜੀ ਆ।"

"ਮੰਨ ਜਾਓ, ਜਿੰਨਾ ਚਿਰ ਇਹਦੇ ਘਰ ਦਾ ਥਹੁ-ਪਤਾ ਨਹੀਂ ਲੱਗਦਾ। ਉਨਾ ਚਿਰ ਇੱਥੇ ਰੱਖਣ ਦੀ ਇਜਾਜ਼ਤ ਦੇ ਦਿਓ।"

"ਮੰਨ ਜਾਓ, ਮੰਨ ਜਾਓ... ਮੈਂ ਹੱਥ ਜੋੜਦਾਂ।"

ਮਹੰਤ ਨੇ ਸੋਚਿਆ, ਕੁਟੀਆ 'ਚ ਗੁਰੂ ਜੀ ਤੋਂ ਸਿਵਾ ਕੋਈ ਨਹੀਂ। ਉਹ ਗੰਗਾ ਨੂੰ ਡੇਰੇ 'ਚ ਰੱਖਣ ਦੀ ਇਜਾਜ਼ਤ ਖੁਦ ਤੋਂ ਹੀ ਮੰਗ ਰਿਹਾ ਸੀ।

ਨਗਨ ਬੇਹਾਲ ਹੋਇਆ ਕੁਟੀਆ 'ਚੋਂ ਆਇਆ। ਮਹੰਤ ਨੂੰ ਕਿਹਾ, "ਗੰਗਾ ਨਾਂ ਏ ਇਹਦਾ। ਇਹਨੂੰ ਡੇਰੇ 'ਚ ਰੱਖਣ ਦੀ ਇਜਾਜ਼ਤ ਮਿਲ ਗਈ। ਡੇਰੇ ਦੇ ਇਕ ਕੋਨੇ 'ਚ ਇਹਦੀ ਕੁਟੀਆ ਪਾ ਦਿਓ।"

ਗੰਗਾ ਦਾ ਵੱਖਰੀ ਕੁਟੀਆ 'ਚ ਰਹਿਣ ਦਾ ਪ੍ਰਬੰਧ ਕਰ ਦਿੱਤਾ।

* * *

ਗੰਗਾ ਡੇਰੇ ਦੇ ਮਾਹੌਲ 'ਚ ਢਲ਼ ਰਹੀ ਸੀ। ਉਸ ਵਿਚ 'ਪਉਣ' ਆ ਜਾਂਦੀ। ਉਹ ਸਿਰ ਘਮਾਉਂਦੀ ਖੇਡਣ ਲੱਗਦੀ। ਉਹਦੇ ਵਾਲ਼ ਖੁੱਲ੍ਹ ਜਾਂਦੇ। ਕੋਈ ਸ਼ੈਅ ਉਹਦੇ ਸਰੀਰ ਨੂੰ ਚੱਕ-ਚੱਕ

ਮਾਰਦੀ। ਉਹ ਬੇਸੁੱਧ ਹੋ ਕੇ ਡਿੱਗ ਜਾਂਦੀ। ਇਕ ਦਿਨ ਇਸੇ ਤਰ੍ਹਾਂ 'ਖੇਡਦੀ' ਦੇ ਜੰਮਣ ਪੀੜਾਂ ਉੱਠ ਖੜ੍ਹੀਆਂ। ਮਹੰਤ ਗਿਰੀ ਪਿੰਡੋਂ ਦਾਈ ਲਿਆਇਆ। ਉਹਦੇ ਆਉਂਦੀ ਨੂੰ ਬੱਚਾ ਜਨਮ ਲੈ ਚੁੱਕਾ ਸੀ। ਜਦੋਂ ਗੰਗਾ ਨੂੰ ਹੋਸ਼ ਆਈ, ਉਹ ਬੱਚਾ ਲੱਭਣ ਲੱਗੀ। ਮਹੰਤ ਗਿਰੀ ਨੇ ਉਹਦੇ ਸਿਰ 'ਤੇ ਹੱਥ ਰੱਖਦਿਆਂ ਦੱਸਿਆ, "ਬੱਚਾ ਮਰਿਆ ਹੋਇਆ ਸੀ ਦੇਵੀ। ... ਡੇਰੇ 'ਚ ਲਾਸ਼ ਰੱਖਣ ਦੀ ਇਜਾਜ਼ਤ ਨਹੀਂ। ...ਉਹਨੂੰ ਸਮਾਧੀ ਦੇ ਦਿੱਤੀ।"

ਗੰਗਾ ਦੀ ਮਮਤਾ ਕਿੱਥੇ ਮੰਨਦੀ। ਉਹਨੇ ਪਹਿਲਾਂ ਤਾਂ ਸਾਰਾ ਡੇਰਾ ਫਰੋਲ ਮਾਰਿਆ। ਫਿਰ ਨਗਨ ਨੂੰ ਬੇਨਤੀ ਕੀਤੀ। ਗੁਰੂ ਨੇ ਹੱਥ ਅਸਮਾਨ ਵੱਲ ਕਰ ਕੇ ਕਿਹਾ, "ਸਭ ਦਾਤੇ ਦੀ ਲੀਲ੍ਹਾ। ਜੀਹਦਾ ਸੀ, ਉਹ ਲੈ ਗਿਆ।"

ਗੰਗਾ ਨੂੰ ਪਹਿਲੀ ਵਾਰ ਨਗਨ 'ਤੇ ਗ਼ੁੱਸਾ ਆਇਆ। ...ਭਗਤਾਂ ਦੀ ਤਾਂ ਰੱਬ ਵੀ ਨਹੀਂ ਮੋੜਦਾ। ... ਇਕ ਮਾਸੂਮ ਨੂੰ ਨਹੀਂ ਬਚਾ ਸਕਿਆ?... ਕਾਹਦਾ ਗੁਰੂ ਆਂ ਤੂੰ? ਉਹਨੇ ਮਨ 'ਚ ਸੋਚਿਆ।

ਉਹਨੂੰ ਲੱਗਾ ਨਗਨ ਗੁਰੂ ਝੂਠ ਬੋਲਦਾ। ਬੱਚਾ ਉਹਦੀ ਕੁਟੀਆ 'ਚ ਹੈ। ਉੱਥੋਂ ਉਹਦੇ ਰੋਣ ਦੀ ਆਵਾਜ਼ ਉਹਦੇ ਕੰਨਾਂ ਚ ਪੈਂਦੀ ਰਹਿੰਦੀ। ਗੰਗਾ ਨੂੰ ਲੱਗਿਆ ਸੀ, ਗੁਰੂ ਜੀ ਨੇ, "ਜੀਹਦਾ ਸੀ ਉਹ ਲੈ ਗਿਆ।" ਕਹਿ ਕੇ ਕੁਟੀਆ ਵੱਲ ਹੱਥ ਕੀਤਾ ਹੈ।

ਉਹ ਚੀਕਦੀ, "ਪਾਪੀਓ! ਉਹ ਮੇਰੀ ਜਾਨ ਆ। ਪਾਪੀਓ! ਉਹਦਾ ਮੂੰਹ ਤਾਂ ਦਿਖਾ ਦਿੰਦੇ, ਮੇਰੀ ਮੇਰੀ ਅੰਦਰ ਦੇ ਟੁਕੜੇ ਦਾ। ... ਮੇਰਾ ਬੱਚਾ ਭੁੱਖ ਨਾਲ ਵਿਲਕ ਰਿਹਾ... ਮੇਰੇ ਪਿੰਡ ਦੇ ਲੋਕ ਤੇ ਮਾਪੇ ਤਾਂ ਉਹਦੀ ਜਾਨ ਦੇ ਦੁਸ਼ਮਣ ਸੀ। ਹੁਣ ਤੁਸੀਂ ਉਹਨੂੰ ਖੋਹ ਲਿਆ... ਮੈਂ ਤੱਤੜੀ ਤਾਂ ਉਹਦਾ ਮੂੰਹ ਵੀ ਨਹੀਂ ਦੇਖ ਸਕੀ... ਸਾਰੀ ਦੁਨੀਆ ਕਿਉਂ ਉਸ ਮਸੂਮ ਦੀ ਜਾਨ ਦੀ ਦੁਸ਼ਮਣ ਬਣਗੀ...।

ਇਕ ਰਾਤ ਜਦੋਂ ਨਗਨ ਨਹਿਰ 'ਚ ਇਸ਼ਨਾਨ ਕਰਨ ਗਿਆ ਤਾਂ ਗੰਗਾ ਉਹਦੀ ਕੁਟੀਆ ਕੋਲ ਜਾਣ ਦਾ 'ਗੁਨਾਹ' ਕਰ ਬੈਠੀ। ਉਹਨੇ ਕੁਟੀਆ ਦੁਆਲ਼ੇ ਗੇੜੇ ਕੱਢੇ। ਨਗਨ ਗੁਰੂ ਜੀ ਦੇ ਪ੍ਰਵਚਨ ਉਹਦੇ ਕੰਨਾਂ ;ਚ ਗੂੰਜਦੇ ਰਹੇ, "ਜਿਹੜੀ ਤੀਵੀਂ ਰਾਮ-ਕਾਰ ਟੱਪੂ, ਉਹ ਭਸਮ ਹੋ ਜੂ... ਸੱਪਣੀ ਦੀ ਜੂਨੇ ਪਊਗੀ।"

ਜਿਉਂ ਹੀ ਉਹ ਰਾਮ-ਕਾਰ ਟੱਪ ਕੇ ਕੁਟੀਆ 'ਚ ਜਾਣ ਦੀ ਕੋਸ਼ਿਸ਼ ਕਰਦੀ, ਉਹਦੀਆਂ ਅੱਖਾਂ ਅੱਗੇ ਹਨੇਰਾ ਛਾ ਜਾਂਦਾ। ਉਹਨੂੰ ਕੁਝ ਹੋਣ ਲੱਗਦਾ। ਉਹ ਰੋਂਦੀ ਪਤਾ ਨਹੀਂ ਕਿਵੇਂ ਆਪਣੀ ਕੁਟੀਆ 'ਚ ਵਾਪਸ ਆਈ। ਬਹੁਤ ਚਿਰ 'ਖੇਡਦੀ' ਰਹੀ। ਸਵੇਰ ਤਕ ਬੇਸੁੱਧ ਹੋ ਕੇ ਪਈ ਰਹੀ।

* * *

ਡੇਰੇ ਚ ਉਥਲ-ਪੁਥਲ ਦੇ ਦਿਨ ਸਨ। ਅਚਾਨਕ ਨਗਨ ਗਿਰੀ ਨੇ 'ਜੱਗ' ਦਾ ਐਲਾਨ ਕਰ ਦਿੱਤਾ। ਆਲ਼ੇ-ਦੁਆਲ਼ੇ ਦੂਰ-ਦੁਰਾਡਿਓਂ ਡੇਰਿਆਂ 'ਚੋਂ ਸਾਧੂ ਸੰਤਾਂ ਨੂੰ ਸੱਦੇ ਦਿੱਤੇ। ਇਲਾਕੇ ਦੇ ਹਜ਼ਾਰਾਂ ਸ਼ਰਧਾਲੂਆਂ ਨੇ ਨਤਮਸਤਕ ਕੀਤਾ। ਸੰਗਤਾਂ ਨੂੰ ਗੁਰੂ ਜੀ ਨੇ ਕਿਹਾ, "ਜਦੋਂ ਮੈਂ ਦੇਹ ਤਿਆਗੀ। ਤੁਸੀਂ ਸਮਾਧੀ ਦੇ ਦਿਓ। ਹੋਰ ਕੋਈ ਰਸਮ ਨਾ ਕਰਿਓ।"

ਸਾਰੇ ਉਹਦੀ ਇਸ ਗੱਲ 'ਤੇ ਹੈਰਾਨ। ਉਹ ਤਾਂ ਚੰਗੇ ਭਲੇ ਨੇ।

ਸਾਰਾ ਦਿਨ ਹਵਨ ਪੂਜਾ ਹੁੰਦੀ ਰਹਿੰਦੀ। ਦੇਸੀ ਘਿਓ ਦੀਆਂ ਜਲੇਬੀਆਂ, ਦਿਨੇ ਭੋਲ਼ੇ ਨਾਥ ਦਾ ਪ੍ਰਸ਼ਾਦ 'ਭੰਗ'. ਸ਼ਾਮ ਨੂੰ ਬਾਬੇ ਨਿਗਾਹੇ ਦੀ ਸਮਾਧ ਤੇ ਚੜ੍ਹਾਈ ਘਰਦੀ ਕੱਢੀ ਦਾਰੂ ਦਾ 'ਪ੍ਰਸ਼ਾਦ' ਵਰਤਦਾ।

ਕਵਾਲ ਨਗਨ ਗਿਰੀ ਦੀ ਮਹਿਮਾ ਚ ਕਵਾਲੀਆਂ ਗਾਉਂਦੇ।

*... ਤੇਰੇ ਲਾਈ ਨਾ ਗੱਦੀ ਨੂੰ ਲੱਗੇ*
*ਤੇਰਾ ਨਗਨ ਗੁਰੂ ਹੁਣ ਗੱਜੇ*

*ਹੁਣ ਹਾਜ਼ਰ ਹੋ ਜਾ, ਮੇਰੇ ਭੋਲ਼ੇ ਬਾਬਾ*
*ਦਰਸ਼ਨ ਦੇ ਕੇ, ਬੇੜੀ ਨੂੰ ਲਾ ਦੇ ਪਾਰ ਵੇ...।*

ਨਗਨ ਗਿਰੀ ਰੰਗ ਤਮਾਸੇ ਛੱਡ ਕੇ ਕੁਟੀਆ ਚ ਚਲਿਆ ਗਿਆ। ਮਹੰਤ ਗਿਰੀ ਉਹਦੇ ਮਗਰ ਹੀ ਚਲਾ ਗਿਆ। ਭਾਵਕ ਹੋ ਕੇ ਉਹ ਗੁਰੂ ਜੀ ਦੇ ਪੈਰਾਂ 'ਚ ਡਿੱਗ ਪਿਆ, "ਤਾਂ ਫਿਰ ਤੁਸੀਂ ਸੱਚੀ ਸਾਨੂੰ ਛੱਡ ਕੇ ਚਲੇ ਜਾਓਂਗੇ?"

ਨਗਨ ਨੇ ਉਹਦੇ ਸਿਰ 'ਤੇ ਪਿਆਰ ਦਿੱਤਾ, "ਮੈਂ ਜਾਊਂਗਾ, ਤਾਂ ਜਾਊਂਗਾ ਕਿੱਥੇ? ਚੋਉਲ਼ੇ ਦੀ ਕੈਦ 'ਚੋਂ ਨਿਕਲ ਜਾਣਾ, ਜਾਣਾ ਥੋੜ੍ਹੋ ਹੁੰਦਾ। ਮੈਂ ਅਜੇ ਆਵਾਗਵਨ ਤੋਂ ਮੁਕਤ ਨਹੀਂ ਹੋਇਆ। ਅੱਗੇ ਕਰਤਾਰ ਦੀ ਲੀਲ੍ਹਾ। ...ਜਾਹ ਤੂੰ, ਪ੍ਰਬੰਧ ਦੇਖ ਜਾ ਕੇ।"

ਅੱਖਾਂ ਪੂੰਝਦਾ ਮਹੰਤ ਗਿਰੀ ਕਵਾਲਾਂ ਕੋਲ਼ ਚਲਿਆ ਗਿਆ। ਉਹ ਗਾ ਰਹੇ ਸੀ,

*ਮੇਰੇ ਭੋਲ਼ੇ ਬਾਬਾ*
*ਮੇਰੀ ਬੇੜੀ ਨੂੰ ਲਾ ਦੇ ਪਾਰ ਵੇ।*
*ਜ਼ਿੰਦਗੀ ਮਹਿਮਾਨ ਪਲਾਂ ਦੀ*
*ਜਮਾਂ ਦੀ ਮਾਰ,ਮੈਤੋਂ ਹੋਣੀ ਨਾ ਸਹਾਰ ਵੇ।*
*ਮੇਰੇ ਭੋਲ਼ੇ ਬਾਬਾ...।*

* * *

ਸਮਾਧੀ ਤਾਂ ਸਾਬਤ ਸਰੀਰ ਨੂੰ ਕਬਰ 'ਚ ਬਿਠਾ ਕੇ ਦਿੱਤੀ ਜਾਂਦੀ ਹੈ। ਪੋਸਟਮਾਰਟਮ ਹੋ ਕੇ ਤਾਂ ਨਗਨ ਗਿਰੀ ਦੇ ਟੁਕੜੇ ਆਏ ਸੀ। ਉਹਨਾਂ ਫਿਰ ਵੀ ਚਿੱਟੇ ਕੱਪੜੇ ਚ ਸਾਬਤ ਲਾਸ ਵਾਂਗ ਬੰਨ੍ਹਿਆ ਹੋਇਆ ਸੀ।

ਮਹੰਤ ਗਿਰੀ ਸੋਚ ਰਿਹਾ ਸੀ, "ਗੁਰੂ ਜੀ ਕਿਵੇਂ ਬਚਨ ਪੂਰੇ ਕਰੀਏ ਤੁਹਾਡੇ?"

ਪੁਲਿਸ ਨੇ ਡੇਰੇ ਨੂੰ ਘੇਰਿਆ ਹੋਇਆ ਸੀ। ਕਿਸੇ ਨੂੰ ਬਾਹਰ ਨਾ ਜਾਣ ਦਿੱਤਾ। ਮਹੰਤ ਗਿਰੀ, ਲੱਕੜ ਦਾਸ, ਗੰਗਾ ਅਤੇ ਡੇਰੇ 'ਚ ਰਹਿ ਰਹੇ ਸ਼ਰਧਾਲੂਆਂ ਤੋਂ ਪੁੱਛਗਿੱਛ ਕਰਕੇ। ਅਣਪਛਾਤਿਆਂ ਉੱਤੇ ਕਤਲ ਕੇਸ ਦਰਜ ਕਰ ਲਿਆ। ਪੁਲਿਸ ਕਈ ਕੋਨਾਂ 'ਤੇ ਕੰਮ ਕਰ ਰਹੀ ਸੀ। ਕਾਤਲ ਲੱਭਣ ਲਈ।

* * *

ਡੇਰੇ ਦੀ ਗੱਦੀ ਦਾ ਮਸਲਾ ਵੀ ਉੱਠ ਖੜ੍ਹਾ ਹੋਇਆ। ਕਿੰਨੇ ਹੀ ਦਾਅਵੇਦਾਰ ਨਿਕਲ ਆਏ। ਚੇਲੇ ਮਹੰਤ ਗਿਰੀ ਨੂੰ ਬਚਪਨ ਤੋਂ ਹੀ ਉਹਦੇ ਮਾਪੇ ਡੇਰੇ ਚੜ੍ਹਾ ਗਏ ਸੀ। ਉਹ ਡੇਰੇ ਦਾ ਸਾਰਾ ਪ੍ਰਬੰਧ ਸੰਭਾਲ਼ਦਾ। ਉਹਦਾ ਹੱਕ ਬਣਦਾ ਸੀ। ਚੇਲਾ ਲੱਕੜ ਦਾਸ ਡੇਰੇ ਦੇ ਸਾਰੇ ਧਾਰਮਿਕ ਕਰਮ ਕਾਂਡ ਨਿਭਾਉਂਦਾ ਹਵ ਪੂਜਾ ਕਰਦਾ, ਉਹ ਵੀ ਦਾਅਵੇਦਾਰ ਸੀ। ਪਾਖਰ ਖੁੰਗ ਵੀ ਦਿਨੇ ਬਹੁਤਾ ਡੇਰੇ ਹੀ ਰਹਿੰਦਾ। ਬਾਬਾ ਨਿਗਾਹਾ ਜਿਸ ਦੀ ਸਮਾਧ ਦੀ ਪੂਜਾ ਹੁੰਦੀ, ਉਹ ਉਹਨਾਂ ਦਾ ਵੱਡਾ-ਵਡੇਰਾ ਸੀ, ਇਸ ਲਈ ਪਾਖਰ ਵੀ ਡੇਰੇ ਦੀ ਗੱਦੀ ਭਾਲ਼ਦਾ ਸੀ। ਆਲ਼ੇ-ਦੁਆਲ਼ੇ ਦੇ ਸ਼ਕਤੀਸ਼ਾਲੀ ਡੇਰਿਆਂ ਦੇ ਸਾਧ, ਜਿਹੜੇ ਭੰਡਾਰੇ ਉੱਤੇ ਡੇਰੇ ਦੀ ਮਹਿਮਾ ਅਤੇ ਮਾਇਆ ਦੀ ਵਰਖਾ ਹੁੰਦੀ ਦੇਖ ਚੁੱਕੇ ਸੀ, ਉਹ ਡੇਰੇ 'ਤੇ ਕਬਜ਼ਾ ਕਰਨਾ ਚਾਹੁੰਦੇ ਸਨ। ਸਾਰੇ ਹੀ ਇਕ ਦੂਜੇ ਨੂੰ ਫੁੱਟੀ ਅੱਖ ਨਹੀਂ ਸਨ ਭਾਉਂਦੇ। ਤਣਾਅ ਏਨਾ ਸੀ ਕਿ ਲੱਗਦਾ ਹੁਣ ਹੋਰ ਕਤਲ ਹੋਵੇਗਾ।

ਗੰਗਾ ਉਸ ਦਿਨ ਤੋਂ ਕੁਟੀਆ 'ਚੋਂ ਨਹੀਂ ਨਿਕਲੀ। ਉਹਨੂੰ ਅਜੇ ਵੀ ਨਗਨ ਗਿਰੀ ਦੀ ਕੁਟੀਆ 'ਚੋਂ ਬੱਚੇ ਦੇ ਰੋਣ ਦੀ ਆਵਾਜ਼ ਸੁਣੀ ਜਾਂਦੀ।

ਕਈ ਦਿਨ ਡੇਰੇ ਦੀ ਗੱਦੀ ਦਾ ਮਾਮਲਾ ਉਲਝਿਆ ਰਿਹਾ। ਆਖਰ ਸਾਧੂਆਂ ਦੇ ਪ੍ਰਤੀਨਿਧਾਂ ਅਤੇ ਪੰਚਾਇਤ ਨੇ ਗੁਣਾ ਗੰਗਾ ਸਿਰ ਪਾ ਕੇ ਕਲੇਸ਼ ਟਾਲ਼ ਦਿੱਤਾ, ਜਿਹੜਾ ਸਭ ਨੂੰ ਪ੍ਰਵਾਨ ਕਰਨਾ ਪਿਆ।

ਮਹੰਤ ਗਿਰੀ ਦੇ ਸੀਨੇ 'ਚ ਚੀਸਾਂ ਉੱਠ ਖੜ੍ਹੀਆਂ ਸਨ, ਕਿਉਂ ਉਹਨੇ ਗੰਗਾ ਨੂੰ ਫਾਂਸੀ ਦੇ ਤਖਤੇ ਤੋਂ ਬਚਾ ਕੇ ਡੇਰੇ ਦੀ ਗੱਦੀ ਦੇ ਤਖਤ 'ਤੇ ਬਿਠਾ ਦਿੱਤਾ। ਉਹਨੇ ਲੰਮਾ ਹਉਕਾ ਲਿਆ ਤੇ ਡੇਰੇ ਤੋਂ ਬਾਹਰ ਨੂੰ ਤੁਰ ਪਿਆ।

ਸਾਧਵੀਆਂ ਬੁਲਾਈਆਂ, ਉਹਨਾਂ ਗੰਗਾ ਦੇ ਭਬੂਤੀ ਮਲ਼ੀ। ਗੇਰੂਏ ਕੱਪੜੇ ਪਵਾਏ। ਚੰਦਨ ਦਾ ਤਿਲਕ ਲਾਇਆ। ਨਾਰੀਅਲ ਤੇ ਹੋਰ ਸਮੱਗਰੀ ਬਾਬੇ ਨਗਾਹੇ ਦੀ ਸਮਾਧ 'ਤੇ ਮੱਥਾ ਟੇਕਿਆ।

ਸਾਧੂ ਹਵਨ ਕਰ ਰਹੇ ਸੀ। ਪ੍ਰਮੁੱਖ ਡੇਰਿਆਂ ਦੇ ਮੁਖੀ ਸਾਧੂ ਸਵਾ ਪੰਜ ਗਜ ਗੇਰੂਏ ਰੰਗੀਆਂ ਪੱਗਾਂ ਲੈ ਕੇ ਆਏ ਸਨ। ਉਹ ਗੰਗਾ ਦੇ ਸਿਰ 'ਤੇ ਬੰਨ੍ਹ ਕੇ, ਸਿਰ 'ਤੇ ਹੱਥ ਰੱਖ ਕੇ, ਆਵਾਜ਼ ਦਿੰਦੇ, "ਗੰਗਾ ਦੇਵੀ।"

"ਹਾਂ ਜੀ।" ਉਹ ਜਵਾਬ ਦਿੰਦੀ।

ਸਾਧੂ ਉਹਦੇ ਸਿਰ 'ਤੇ ਉਨਾ ਚਿਰ ਪੱਗਾਂ ਬੰਨ੍ਹਣੋ ਨਾ ਹਟੇ ਜਦੋਂ ਤਕ ਉਹਨੂੰ ਸੁਣਨੋ ਨਾ ਹਟ ਗਿਆ। ਉਹ ਬੁਲਾਉਂਦੇ, "ਗੰਗਾ ਦੇਵੀ?"

ਉਹ ਅੱਗਿਓਂ, "... ਹਰੀਓਮ... ਹਰੀਓਮ।" ਕਰੀ ਜਾਂਦੀ।

"ਹੁਣ ਠੀਕ ਆ। ਗੰਗਾ ਦੇਵੀ! ਅੱਜ ਤੋਂ ਬਾਅਦ ਤੈਂ ਕਿਸੇ ਦੀ ਗੱਲ ਸੁਣਨੀ ਨਹੀਂ। ਆਪਣੀ ਹੀ ਕਹਿਣੀ ਆ।" ਮੁੱਖ ਸਾਧੂ ਨੇ ਸਿੱਖਿਆ ਦਿੱਤੀ।

ਗੰਗਾ ਨੂੰ ਉਹ ਸਿੱਖਿਆ ਵੀ ਨਹੀਂ ਸੁਣੀ। ਉਹ, "... ਹਰੀ ਓਮ ...ਹਰੀ ਓਮ।" ਕਰੀ ਗਈ।

ਡੇਰਾ 'ਹਰਿ ਹਰਿ ਮਹਾਦੇਵ' ਦੇ ਜੈਕਾਰਿਆਂ ਨਾਲ ਗੂੰਜਣ ਲੱਗਾ।

ਗੰਗਾ ਧਰਤੀ ਨੂੰ ਨਮਸਕਾਰ ਕਰ ਕੇ ਉੱਠੀ। ਸਾਰੇ ਸਾਧੂਆਂ ਅੱਗੇ ਹੱਥ ਜੋੜੇ।

ਏਨੀਆਂ ਪੱਗਾਂ ਬੰਨ੍ਹ ਲੈਣ ਤੇ ਵੀ ਉਹਦੇ ਕੰਨਾਂ 'ਚ ਬੱਚਾ ਰੋਣ ਦੀ ਆਵਾਜ਼ ਪੈ ਰਹੀ ਸੀ। ਉਹ ਨਗਨ ਗਿਰੀ ਦੀ ਕੁਟੀਆ ਵੱਲ ਹੋ ਤੁਰੀ।

"... ਦੇਵੀ।" ਲੱਕੜ ਦਾਸ ਨੇ ਹੱਥ ਜੋੜ ਕੇ ਅਰਜ਼ ਕੀਤੀ।

ਗੰਗਾ ਨੇ ਸੁਣਿਆ ਨਹੀਂ।

"ਦੇਵੀ! ਗੁਰੂ ਨਗਨ ਗਿਰੀ ਨੇ ਕੁਟੀਆ ਦੁਆਲ਼ੇ ਰਾਮ-ਕਾਰ ਕੱਢੀ ਹੋਈ ਆ। ਉਧਰ ਨਾ ਜਾਵੋ।" ਉਹਨੇ ਉੱਚੀ ਕਿਹਾ।

ਗੰਗਾ ਉਹ ਰਾਮ-ਕਾਰ ਟੱਪ ਕੇ ਕੁਟੀਆ 'ਚ ਜਾ ਵੜੀ, ਜਿਹਨੂੰ ਟੱਪਣ 'ਤੇ ਨਗਨ ਗਿਰੀ ਨੇ ਸੱਪਣੀ ਦੀ ਜੂਨੇ ਪੈਣ ਦਾ ਸਰਾਪ ਦਿੱਤਾ ਹੋਇਆ ਸੀ। ਗੰਗਾ ਨੇ ਸਾਰੀ ਕੁਟੀਆ ਛਾਣ ਮਾਰੀ, ਉੱਥੇ ਜਗਦੀ ਅਖੰਡ ਜੋਤ ਜਿਹਦਾ ਪ੍ਰਕਾਸ਼ ਪੂਰੇ ਇਲਾਕੇ 'ਚ ਹੈ, ਤੋਂ ਸਿਵਾ ਕੁਝ ਵੀ ਨਹੀਂ ਸੀ।

ਕੁਟੀਆ ਦੁਆਲ਼ੇ ਸਾਧੂਆਂ ਦਾ ਇਕੱਠ ਹੋ ਗਿਆ। ਲੱਕੜ ਦਾਸ ਨੇ ਹੱਥ ਜੋੜ ਅੱਗੇ ਹੋ ਕੇ ਦੇਖਿਆ। ਗੰਗਾ ਦੇਵੀ ਉਸੇ ਆਸਣ 'ਤੇ ਬਿਰਾਜਮਾਨ ਸੀ ਜਿੱਥੇ ਗੁਰੂ ਜੀ ਬਿਰਾਜਮਾਨ ਹੁੰਦੇ।

ਕੁਝ ਸਮੇਂ ਬਾਅਦ ਨਗਨ ਗਿਰੀ ਵਾਲੀ ਖੂੰਡੀ ਲੈ ਕੇ ਉਹ ਬਾਹਰ ਨਿਕਲੀ। ਖੂੰਡੀ ਨਾਲ ਕੁਟੀਆ ਦੁਆਲ਼ੇ ਲਕੀਰ ਖਿੱਚਦੀ ਬੋਲੀ, "ਜੇ ਕੋਈ ਮਰਦ ਰਾਮ-ਕਾਰ ਟੱਪਿਆ, ਸੱਪ ਦੀ ਜੂਨੇ ਪਊਗਾ।... ਹਰੀ ਓਮ... ਹਰੀ ਓਮ।" ਸਾਧੂਆਂ ਨੇ ਹੱਥ ਜੋੜ ਕੇ ਉਹਦਾ ਹੁਕਮ ਸਵੀਕਾਰ ਕਰ ਲਿਆ।

ਗੰਗਾ "... ਹਰੀ ਓਮ... ਹਰੀ ਓਮ" ਕਹਿੰਦੀ ਫਿਰ ਕੁਟੀਆ ਵਿਚ ਜਾ ਵੜੀ। ਉਹਦੀ ਮਮਤਾ ਛਲਕੀ, ਛਾਤੀਆਂ 'ਚੋਂ ਦੁੱਧ ਤੇ ਅੱਖਾਂ 'ਚੋਂ ਪਾਣੀ ਵਗ ਤੁਰਿਆ। 000

***(jatinderhaans@gmail.com)***

# ਲਾਲ ਸਿੰਘ: ਕਹਾਣੀ: ਰੂ-ਬ-ਰੂ

ਮੈਂ ਬੜੇ ਇਤਮੀਨਾਨ ਨਾਲ ਕਮਰੇ ਅੰਦਰ ਪੈਰ ਧਰਿਆ ਹੈ। ਅੰਦਰ ਕੋਈ ਨਹੀਂ ਹੈ। ਖਾਲੀ ਹੈ ਕਮਰਾ। ਪੂਰਾ ਖਾਲੀ ਵੀ ਨਹੀਂ, ਹੋਰ ਬੜਾ ਕੁਝ ਪਿਆ ਹੈ ਅੰਦਰ। ਸੋਫਾ ਸੈੱਟ ਐ, ਜੋ ਬਹੁਤਾ ਸ਼ਾਨਦਾਰ ਨਹੀਂ, ਨਵੇਂ-ਨਵੇਕਲੇ ਮਾਡਲ ਵਾਲਾ, ਤਾਂ ਵੀ ਠੀਕ-ਠੀਕ ਐ। ਸੈਂਟਰਲ ਟੇਬਲ ਐ, ਸਰਦੀ-ਬਣਦੀ ਲਿੱਪਾ-ਪੋਚੀ ਵਾਲਾ। ਕਰਸੀਆਂ ਹਨ, ਤਿੰਨ ਪਾਸੀਂ ਕੰਧਾਂ ਨਾਲ ਜੁੜਵੀਆਂ। ਦਰਵਾਜ਼ਿਆਂ ਵਾਲੀ ਥਾਂ ਛੱਡ ਕੇ। ਚੋਥੇ ਪਾਸੇ, ਭਾਵ ਮੇਰੀ ਪਿਛਵਾੜੀ ਰੈਕ ਹਨ। ਪੁਸਤਕਾਂ ਰੱਖਣ ਲਈ ਖਾਨੇ ਬਣੇ ਹਨ, ਫੱਟੀਆਂ ਜੜੇ। ਸਾਰੀ ਕੰਧ, ਫਰਸ਼ ਤੋਂ ਛੱਤ ਤਕ ਬਣੇ ਖਾਨਿਆਂ ਵਿਚ ਪੁਸਤਕਾਂ ਹੀ ਪੁਸਤਕਾਂ ਹਨ। ਕੱਪ-ਬੋਰਡ ਨੂੰ ਛੱਡ ਕੇ। ਪੁਸਤਕਾਂ ਮੈਂ ਆਪ ਚਿਣੀਆਂ ਹਨ, ਵੰਨਗੀ ਵਾਰ। ਸਾਹਿਤ ਦੀਆਂ ਵੱਖਰੀਆਂ, ਉਲੱਥਾ ਸਾਹਿਤ ਦੀਆਂ ਵੱਖਰੀਆਂ। ਮੌਲਿਕ ਸਾਹਿਤ ਦੀਆਂ ਵੱਖਰੀਆਂ, ਫਲਸਫੇ ਦੀਆਂ, ਵਿਗਿਆਨ ਦੀਆਂ, ਤਰਕ-ਵਿਗਿਆਨ ਦੀਆਂ, ਧਾਰਮਿਕ ਵਿਸ਼ਵਾਸ ਵਾਲੀਆਂ ਵੱਖਰੀਆਂ। ਆਰਥਿਕਤਾ ਨਾਲ ਸੰਬੰਧਤ ਵੀ ਕਾਫੀ ਹਨ, ਰਾਜਨੀਤੀ ਬਾਰੇ ਬਹੁਤੀ ਸਮੱਗਰੀ ਮੇਰੇ ਪਾਸ ਨਹੀਂ ਹੈ। ਅਸਲ 'ਚ, ਰਾਜਨੀਤੀ ਨਾਲ ਮੇਰਾ ਲਗਾਓ ਬਹੁਤਾ ਹੈ ਵੀ ਨਹੀਂ ਹੁਣ। ਜੇ ਹੈ ਵੀ ਉਹ ਵੀ ਨਾਂਹ ਦੇ ਬਰਾਬਰ। ਜਿੰਨਾ ਕੁ ਹੈ ਉਹ ਕੇਵਲ ਸਮਾਜਵਾਦੀ ਰਾਜਨੀਤੀ ਬਾਰੇ ਹੈ, ਐਵੇਂ ਕੰਮ-ਚਲਾਊ ਜਿਹਾ। ਐਸਾ ਨਹੀਂ ਕਿ ਰਾਜਨੀਤੀ ਮੇਰੇ ਲਈ ਬਹੁਤੀ ਹੀ ਕੌੜੀ-ਕੁਸੈਲ਼ੀ ਗੋਲ਼ੀ ਐ, ਜਿਹੜੀ ਅੰਦਰ ਲੰਘਾਉਣੀ ਤਾਂ ਕੀ ਜੀਭ 'ਤੇ ਰੱਖਣੀ ਵੀ ਔਖੀ ਹੋਵੇ। ਇਹ ਗੋਲ਼ੀ ਮੈਂ ਥੋੜ੍ਹਾ ਕੁ ਚਿਰ ਖਾਧੀ ਵੀ ਬੜੇ ਚਾਅ ਨਾਲ। ਖੰਡ ਮਿਸਰੀ ਸਮਝ ਕੇ। ਚੂਸ ਚੂਸ ਕੇ ਅੰਦਰ ਲੰਘਾਈ। ਮੈਨੂੰ ਇਸ ਨਾਲ ਚੈਨ ਵੀ ਆਉਂਦੀ ਲੱਗਦੀ ਸੀ ਤੇ ਆਰਾਮ ਵੀ ਮਿਲਦਾ ਸੀ। ਮੈਂ ਪੱਕੀ ਧਾਰ ਲਈ ਸੀ ਕਿ ਗੋਲ਼ੀ, ਇਹ ਦੁਆਈ ਉਹਨਾਂ ਲੋਕਾਂ ਤਕ ਅੱਪੜਦੀ ਕੀਤੀ ਜਾਣੀ ਚਾਹੀਦੀ, ਜਿਹੜੇ ਬੀਮਾਰ ਨੇ, ਅੱਵਲ ਬੀਮਾਰ ਕਰ ਦਿੱਤੇ ਨੇ, ਆਸ-ਪਾਸ ਦੇ ਵਰਤਾਰੇ ਨੇ। ਗੰਧਲ਼ੇ ਸਿਆਸੀ-ਸਮਾਜੀ ਵਾਤਾਵਰਨ ਨੇ। ਸਾਡਾ ਆਸਾ-ਪਾਸਾ ਦੇਖਣ-ਚਾਖਣ ਨੂੰ ਬੜਾ ਸਾਫ-ਸੁਥਰਾ, ਬੜਾ ਸ਼ੁੱਧ ਦਿੱਸਦਾ, ਦੁੱਧ ਧੋਤਾ। ਪਰ ਥੋੜ੍ਹੀ ਕੁ ਨੀਝ ਨਾਲ ਦੇਖੋ ਤਾਂ ਸਭ ਗੰਦ-ਖਿਲਾਰ ਸਾਹਮਣੇ ਆਵੇਗਾ। ਫਿਰ ਇਹ ਗੰਦ-ਖਿਲਾਰ ਤੁਹਾਡੇ ਤੋਂ ਬਰਦਾਸ਼ਤ ਨਹੀਂ ਹੋਵੇਗਾ। ਤੁਸੀਂ ਇਸ ਨੂੰ ਮੁੱਢੋਂ-ਸੁੱਢੋਂ ਪੁੱਟ-ਉਖਾੜ ਕੇ ਦੂਰ ਕਿਧਰੇ ਸੁੱਟ ਪਾਉਣ ਲਈ ਉਤਾਵਲੇ ਹੋ ਉੱਠੋਗੇ। ਮੇਰੇ ਨਾਲ ਵੀ ਇਵੇਂ ਹੀ ਹੋਇਆ। ਮੈਂ ਦੇਖਿਆ, ਮੇਰੇ ਸੱਜੇ-ਖੱਬੇ, ਅੱਗੇ-ਪਿੱਛੇ, ਲੁੱਟ-ਘਸੁੱਟ ਦਾ ਮਾਹੌਲ ਐ। ਝੂਠ-ਫਰੇਬ, ਹੇਰਾ-ਫੇਰੀ, ਠੱਗੀ-ਠੋਰੀ, ਜੁਮਲੇਬਾਜ਼ੀ ਦਾ ਹੀ ਮਾਹੌਲ ਐ। ਤਾਨਾਸ਼ਾਹ ਸਥਾਪਤੀ ਇਸ ਮਾਹੌਲ ਨੂੰ ਰੱਜ ਕੇ ਥਾਪੀ ਦਿੰਦੀ ਐ। ਸਵੇਰੇ-ਸ਼ਾਮੀਂ।

ਇਹ ਕੁਝ, ਇਵੇਂ ਦਾ ਸਾਰਾ ਇਲਮ ਪੁਸਤਕਾਂ ਤੋਂ ਹੀ ਪ੍ਰਾਪਤ ਹੋਇਆ ਸੀ, ਮੈਨੂੰ। ਮੁੱਢਲੇ ਪੜਾਅ 'ਤੇ, ਭਾਵ ਸਕੂਲੀ ਪੜ੍ਹਾਈ ਸਮੇਂ ਨਾ ਐਹੋ ਜਿਹੀਆਂ ਪੁਸਤਕਾਂ ਦੀ ਜਾਣਕਾਰੀ ਸੀ, ਨਾ ਹੀ ਕਿਸੇ ਪਾਸਿਉਂ ਮਿਲਦੀ ਕਿਸੇ ਤਰ੍ਹਾਂ ਦੀ ਸਮੱਗਰੀ ਤੋਂ। ਹਾਂ, ਬਾਲਪਨ ਤੋਂ ਲੜਕਪਨ ਤਕ ਵਿਕਸਤ ਹੋਏ ਇਸ ਪੜਾਅ 'ਤੇ ਆਪਣੇ ਆਪ, ਤੇ ਆਪਣੇ ਸਿਰ-ਪਿੰਡੇ 'ਤੇ ਹੰਢਾਈਆਂ ਇੱਕੜ-ਦੁੱਕੜ ਘਟਨਾਵਾਂ ਜ਼ਰੂਰ, ਉਮਰ ਦੇ ਇਹਨਾਂ ਆਖਰੀ ਪਲਾਂ ਤਕ ਪੁੱਜ ਕੇ ਵੀ ਮਨੋਂ ਵਿੱਸਰ ਜਾਣ ਦਾ ਨਾਂ ਨਹੀਂ ਲੈਂਦੀਆਂ। ਉਦਾਹਰਣ ਹਿਤ, ਸਾਡੇ ਆਪਣੇ ਹੀ ਘਰ 'ਚ ਦੋ ਬਾਲਾਂ ਵਿਚਕਾਰ ਹੋ ਰਿਹਾ ਵਿਤਕਰਾ ਸੀ। ਮੈਨੂੰ ਲੱਗਦਾ ਜੋ ਕੁਝ ਸੁਰਜੀਤ ਨੂੰ ਮਿਲਦਾ ਖਾਣ-ਹੰਢਾਉਣ ਨੂੰ, ਉਹ ਮੈਨੂੰ ਕਿਉਂ ਨਹੀਂ। ਉਸ ਕੋਲ ਮੌਜੇ ਵੀ ਸਨ ਪੈਰੀਂ ਪਾਉਣ ਲਈ। ਗਰਮੀਆਂ-ਸਰਦੀਆਂ ਸਮੇਂ ਪੈਰ ਢਕਣ ਨੂੰ, ਮੇਰੇ ਪੈਰੀਂ ਕਿਉਂ ਨਹੀਂ।

ਸਾਡਾ ਪਿੰਡ ਝੱਜਾਂ ਆਮ ਕਰਕੇ ਰੇਤਲਾ ਪਿੰਡ ਸੀ। ਖੇਤੀ-ਬਾੜੀ ਪੱਖੋਂ ਨਾ ਹੋਇਆਂ ਨਾਲ਼ ਦਾ। ਪਿੰਡ ਦੇ ਚੜ੍ਹਦੇ ਪਾਸੇ ਥੋੜ੍ਹੇ ਕੁ ਉਪਜਾਊ ਖੇਤ ਸਨ, ਥੋੜ੍ਹੇ ਕੁ ਜਿੰਨੇ ਲਹਿੰਦੇ ਪਾਸੇ। ਪਾਣੀ ਦਾ ਪ੍ਰਬੰਧ ਕਿਧਰੇ ਵੀ ਨਾ। ਪਿੰਡ ਵਾਲਿਆਂ ਨੇ ਸਿਰ ਜੋੜ ਕੇ ਲਹਿੰਦੇ ਵੰਨੇ ਦੇ ਉਪਜਾਊ ਖੇਤਾਂ 'ਚ ਖੂਹ ਪੁੱਟਣ ਦਾ ਮਨ ਬਣਾ ਲਿਆ। ਪਾਣੀ ਬਹੁਤਾ ਡੂੰਘਾ ਨਹੀਂ ਸੀ ਉਸ ਸਮੇਂ। ਵੀਹ-ਪੰਝੀ ਫੁੱਟ 'ਤੇ ਪੱਤਣ। ਏਨਾ ਕੁ ਟੋਆ ਪੁੱਟ ਕੇ ਪਿੰਡ ਵਾਸੀਆਂ, ਲੱਕੜ ਦਾ ਨਿੱਗਰ ਜਿਹਾ ਗੰਡ ਬਣਵਾ ਕੇ ਟੋਏ 'ਚ ਰੱਖ ਕੇ, ਇਸ ਉੱਪਰ ਇੱਟਾਂ ਬੀੜ ਲਈਆਂ। ਚਿਣੀਆਂ ਇੱਟਾਂ ਧਰਤੀ ਦੇ ਉੱਪਰ ਤਲ ਤਕ ਲੈ ਆਂਦੀਆਂ। ਬਾਹਰਲਾ ਖਾਲੀ ਹਿੱਸਾ ਮਿੱਟੀ ਨਾਲ ਭਰ ਦਿੱਤਾ। ਬਰਸਾਤਾਂ ਸਮੇਂ ਖੂਹ ਦਾ ਪਾਣੀ ਕਾਫੀ ਸਾਰਾ ਉੱਪਰ ਚੜ੍ਹ ਆਉਂਦਾ। ਕਈ ਵਾਰ ਲੰਮੀ ਬਾਂਹ ਨਾਲ ਪਾਣੀ ਤਕ ਪੁੱਜ ਕੇ ਗੜਵੀ ਭਰ ਲਈ ਜਾਂਦੀ। ਅਸੀਂ ਤਰਕਾਲ਼ਾਂ ਵੇਲ਼ੇ ਜਾਂ ਛੁੱਟੀ ਵਾਲੇ ਦਿਨ ਸ਼ਰਬਤ ਸਮਝ ਕੇ ਪੀਂਦੇ। ਪਿੰਡ ਦੇ ਕਰੀਬ ਸਾਰੇ ਘਰ ਇਸ ਖੂਹ ਤੋਂ ਪਾਣੀ ਦੇ ਘੜੇ ਭਰ ਲਿਆਉਂਦੇ। ਆਦਿ-ਧਰਮੀ ਘਰਾਂ ਦੀ ਵਾਰੀ ਸ਼ਾਮ ਵੇਲ਼ੇ ਲੱਗਦੀ। ਪਹਿਲਾ ਪ੍ਰਬੰਧ ਪੰਡਤਾਂ ਵਾਲ਼ੇ ਪਾਸੇ ਦੀ ਹਲ਼ਟੀ ਦਾ ਸੀ। ਬੜੀ ਔਖ ਨਾਲ ਵਾਰੀ ਆਉਂਦੀ। ਆਦਿ-ਧਰਮੀ ਆਪਣੇ ਵਾਲੇ ਪਾਸੇ ਦੇ ਛੱਪੜ ਨਾਲ ਹੀ ਬੁੱਤਾ ਸਾਰਦੇ ਸਨ।

0 0 0

ਇਹ ਵਾਰਤਾ ਮੈਂ ਰੂ-ਬ-ਰੂ ਵਿਚ ਜਾਣ-ਬੁੱਝ ਕੇ ਸ਼ਾਮਲ ਕੀਤੀ ਸੀ। ਅੱਜ, ਕਰੀਬ ਹਰ ਘਰ 'ਚ ਇਕ-ਇਕ, ਦੋ-ਦੋ ਸਬਮਰਸੀਬਲ ਮੋਟਰਾਂ ਹਨ। ਧੁਰ ਚੁਬਾਰਿਆਂ 'ਤੇ ਰੱਖੀਆਂ ਟੈਂਕੀਆਂ ਪਾਣੀ ਨਾਲ ਭਰੀਆਂ ਰਹਿੰਦੀਆਂ ਹਨ। ਬਹੁਤੇ ਘਰੀਂ ਪਾਣੀ ਬਿਨਾਂ-ਲੋੜੋਂ ਰੁੜ੍ਹਦਾ ਰਹਿੰਦਾ, ਬਰਬਾਦ ਹੁੰਦਾ ਰਹਿੰਦਾ। ਇਸ ਪ੍ਰਤੀ ਵਿਦਿਆਰਥੀਆਂ ਨੂੰ ਸੁਚੇਤ ਕਰਨਾ ਮੈਨੂੰ ਜ਼ਰੂਰੀ ਜਾਪਿਆ। ਮੇਰਾ ਅਸਲ ਮੰਤਵ ਸਰਹਾਲਾ ਹਾਈ ਸਕੂਲ ਤੋਂ ਪਿੰਡ ਝੱਜਾਂ ਘਰ ਪੁੱਜਣ ਤਕ ਪਾਣੀ ਦੀ ਛਿੱਟ ਨੂੰ ਤਰਸਦੀਆਂ ਜੀਭਾਂ ਦਾ ਦਰਦ ਸਾਂਝਾ ਕਰਨਾ ਸੀ। ਇਵੇਂ ਹੀ ਗਰਮੀਆਂ ਦੇ ਦਿਨੀਂ ਕਿਸੇ ਅੰਬ-ਟਾਹਲੀ ਦੀ ਛਾਂ ਹੇਠ ਸਾਹ ਲੈਣ ਲਈ ਰੁਕੇ ਬਾਲਾਂ ਦੇ ਪੈਰਾਂ 'ਚੋਂ ਨਿਕਲਦੇ ਅੱਗ ਵਰਗੇ ਸੇਕ ਤੋਂ ਛੁਟਕਾਰਾ ਪਾਉਣ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਦੀ ਜਾਣਕਾਰੀ ਵੀ ਵਿਦਿਆਰਥੀਆਂ ਤਕ ਪੁੱਜਦੀ ਹੋ ਸਕੇ। ਇਹਨਾਂ ਉਪਰਾਲਿਆਂ ਵਿਚ ਸਕੂਲ ਦੇ ਰਾਹ 'ਚ ਹਦਵਾਣਿਆਂ ਦੇ ਖੇਤਾਂ 'ਚੋਂ ਚੋਰੀ ਕਰ ਕੇ ਖਾਣ ਦੇ ਖੱਪਰਾਂ ਨਾਲ ਪੈਰਾਂ ਦੀਆਂ ਤਲੀਆਂ ਰਗੜ ਕੇ ਠੰਢੀਆਂ ਕਰਨਾ ਵੀ ਸ਼ਾਮਲ ਸੀ। ਭਾਵੇਂ ਕਈ ਵਾਰ ਖੇਤ-ਮਾਲਕਾਂ ਸਮੇਤ ਘਰ ਪੁੱਜ ਕੇ, ਦੋਨਾਂ ਪਾਸਿਉਂ ਚਪੇੜਾਂ-ਮੁੱਕੇ ਵੀ ਪ੍ਰਾਪਤ ਕਰਨੇ ਪਏ ਸਨ।

ਅਗਲਾ ਪ੍ਰਸ਼ਨ ਪੁੱਛਿਆ ਤਾਂ ਇਕ ਵਿਦਿਆਰਥੀ ਨੇ ਇਹ ਸੀ ਕਿ ਸਕੂਲੀ ਪੜ੍ਹਾਈ ਕੇਹੋ ਜਿਹੀ ਹੁੰਦੀ ਸੀ, ਕਿਤਾਬੀ ਬੈਗ ਕਿੰਨਾ ਕੁ ਭਾਰਾ ਹੁੰਦਾ ਸੀ, ਪਰ ਮੇਰੀ ਸੁਰਤੀ ਹਦਵਾਣਿਆਂ-ਖੱਪਰਾਂ ਸਮੇਤ, ਨੰਗੇ ਪੈਰਾਂ ਹੇਠ ਕੱਖ-ਪੱਤ ਬੰਨ੍ਹ ਕੇ ਰੇਤ ਸਾਗਰ ਪਾਰ ਕਰਨ, ਜਾਂ ਕੋਰਿਆਂ-ਕੱਕਰਾਂ ਦਿਨੀਂ ਪਾਟੇ ਕੱਪੜੇ ਲਪੇਟ ਪੈਰ ਢਕਣ ਦੀ ਦਲਦਲ 'ਚ ਫਸੀ, ਘਰ ਦਿਆਂ ਵੱਲੋਂ ਆਪਣੇ ਹੱਥੀਂ ਸੀਤੇ ਖੱਦਰ ਦੇ ਝੋਲ਼ੇ 'ਚ ਅੰਗਰੇਜ਼ੀ, ਹਿਸਾਬ, ਤਾਰੀਖ-ਜੁਗਰਾਫੀਆ, ਸਾਇੰਸ ਆਦਿ ਵਿਸ਼ਿਆਂ ਦੀਆਂ ਪੰਜ-ਸੱਤ ਕਿਤਾਬਾਂ ਦੀ ਸੂਚਨਾ ਦੇਣਾ ਜਿਵੇਂ ਵਿੱਸਰ ਹੀ ਗਈ ਹੋਵੇ। ਸ਼ਰਮਿੰਦਾ ਜਿਹਾ ਹੋਏ ਤੋਂ ਮੈਥੋਂ ਦੱਸਣ ਵਾਲ਼ੇ ਤੱਥ ਦੱਸ ਨਹੀਂ ਸੀ ਹੋਏ। ਬੱਸ ਹੱਥ ਜੋੜ ਕੇ ਜਿਵੇਂ ਡੰਗ-ਟਪਾਈ ਕਰ ਲਈ ਸੀ। ਸਿਆਣੇ-ਬਿਆਣੇ ਵਿਦਿਆਰਥੀਆਂ ਦੇ ਰੁ-ਬ-ਰੂ ਹੋਇਆਂ।

ਕਿਸੇ ਵੀ ਰੂ-ਬ-ਰੂ ਨੂੰ ਤਰਤੀਬ ਦਿੰਦਿਆਂ, ਪ੍ਰਸ਼ਨ-ਕਰਤਾ ਆਮ ਕਰਕੇ ਇਹੋ ਪੁੱਛਦੇ ਨੇ-- ਤੁਹਾਡਾ ਜਨਮ ਕਦੋਂ ਤੇ ਕਿੱਥੇ ਹੋਇਆ, ਪੜ੍ਹਾਈ ਕਿੱਥੋਂ ਤੇ ਕਿਵੇਂ ਕੀਤੀ। ਨੌਕਰੀ ਜਾਂ ਕੰਮ-ਕਾਰ ਦਾ ਵਰਤਾਰਾ ਕਿਹੋ ਜਿਹਾ ਰਿਹਾ, ਸੰਘਰਸ਼ਮਈ ਜਾਂ ਸੁਖਾਵਾਂ। ਵਿਆਹ-ਸ਼ਾਦੀ ਤੋਂ ਪਿੱਛੋਂ ਘਰੇਲੂ ਮਾਹੌਲ ਕਿਵੇਂ ਦਾ ਬਣਿਆ ਰਿਹਾ। ਬਾਲ-ਬੱਚੇ, ਉਹਨਾਂ ਦੀ ਪੜ੍ਹਾਈ-ਲਿਖਾਈ ਦਾ ਪ੍ਰਬੰਧ ਕਿਵੇਂ ਕੀਤਾ। ਰਿਹਾਇਸ਼ੀ ਔਕੜਾਂ, ਮਾਤਾ-ਪਿਤਾ ਦਾ ਮੋਹ-ਪਿਆਰ, ਭੈਣਾਂ-ਭਰਾਵਾਂ ਦਾ ਰਿਸ਼ਤਾ ਵਰਗੇ ਪ੍ਰਸ਼ਨਾਂ ਦੇ ਉੱਤਰ ਮੈਥੋਂ ਵੀ ਪੁੱਛੇ ਗਏ। ਮੈਂ ਬੜੇ ਸਹਿਜ-ਧੀਰਜ ਨਾਲ ਇਹ ਕੰਮ ਨੇਪਰੇ

ਚਾੜ੍ਹਿਆ। ਕਾਰਨ ਇਹ ਸੀ ਸ਼ਾਇਦ ਕਿ ਆਪਣੀ ਲੰਘੀ ਉਮਰ ਦੇ ਕਿਸੇ ਵੀ ਪੜਾਅ 'ਤੇ ਅਜਿਹੇ ਵਿਚਾਰ-ਵਿਹਾਰ, ਅਜਿਹੀ ਤ੍ਰਿਪਤੀ-ਸੰਤੁਸ਼ਟੀ ਜਾਂ ਬੇਗਾਨਗੀ ਦਾ ਅਹਿਸਾਸ ਕਦੇ ਨਹੀਂ ਸੀ ਹੋਇਆ, ਜਿਸਦਾ ਪ੍ਰਗਟਾਵਾ ਉਚੇਚ ਨਾਲ ਪੋਸਟ ਗ੍ਰੈਜੂਏਟ, ਗ੍ਰੈਜੂਏਟ ਪੱਧਰ ਦੇ ਵਿਦਿਆਰਥੀਆਂ ਨਾਲ ਸਾਂਝਾ ਨਾ ਕੀਤਾ ਜਾ ਸਕਦਾ ਹੋਵੇ।

ਇਕ ਵਾਰਤਾ ਦੱਸਣੋਂ ਮੈਂ ਜ਼ਰੂਰ ਝਿਜਕ ਰਿਹਾ ਸੀ। ਉਹ ਮੈਂ--। ਲੱਭੂ ਲੰਬੜ ਜਾਂ ਚੌਕੀਦਾਰ ਲੁਹਾਰੀ ਦੇ ਖੇਤਾਂ 'ਚੋਂ ਤਪਦੀ ਦੁਪਹਿਰ ਭੁੱਖ-ਤੇਹ ਨਾਲ ਤਰਸਦੀ ਜਾਨ ਨੂੰ ਜੇ ਕਦੇ-ਕਦਾਈਂ ਹਦਵਾਣੇ-ਖਰਬੂਜ਼ੇ ਤੋੜ ਕੇ ਖਾਣ ਦੀ 'ਚੋਰੀ' ਕਰ ਵੀ ਲਈ ਸੀ, ਤਾਂ ਕਿਹੜਾ ਪੱਕਾ ਹੱਲ ਲੱਭ ਪਿਆ ਸੀ ਮੈਨੂੰ ਦੁਪਹਿਰ ਦੇ ਖਾਣ-ਡੰਗ ਦਾ। ਘਰ ਪੁੱਜ ਕੇ ਰੋਟੀ ਤਾਂ ਸ਼ਾਇਦ ਕਦੇ-ਕਦਾਈਂ ਹੀ ਨਸੀਬ ਹੋਈ ਹੋਵੇ, ਸੱਤੂ ਜ਼ਰੂਰ ਮਿਲਦੇ ਸਨ ਕੌਲੀ ਭਰ ਕੇ। ਮਾਤਾ ਪਾਸ ਇਸ ਦਾ ਬਦਲ ਵੀ ਕੋਈ ਨਹੀਂ ਸੀ ਹੁੰਦਾ। ਆਟਾ ਜੇ ਦੁਪਹਿਰ ਦੀ ਰੋਟੀ ਲਈ ਬਚਾਇਆ ਜਾਂਦਾ, ਤਾਂ ਤਰਕਾਲ਼ਾਂ ਵੇਲ਼ੇ ਗੜਬੜ ਹੋ ਜਾਂਦੀ। ਪਿਤਾ ਦੀਆਂ ਦੋ ਰੋਟੀਆਂ ਦਲਾਨ ਅੰਦਰ ਬੈਠੇ ਨੂੰ ਫੜਾ ਕੇ, ਵਾਪਸ ਚੁਲ੍ਹੇ-ਛਾਬੇ ਲਾਗੇ ਬੈਠੇ ਦੀ ਮੇਰੀ ਨਿਗਾਹ ਬਾਕੀ ਬਚਦੇ 'ਨਗਾਂ' ਉੱਤੇ ਹੁੰਦੀ। ਮੈਂ ਜੋੜ-ਤੋੜ ਕਰਦਾ - ਇਕ ਮਾਤਾ ਲਈ, ਇਕ ਆਪਣੇ ਲਈ, ਅੱਧੀ ਛੋਟੇ ਭਰਾ ਲਈ, ਹੋਰ ਅੱਧੀ ਉਸ ਤੋਂ ਛੋਟੇ ਲਈ ਦਾ ਹਿਸਾਬ-ਕਿਤਾਬ ਲਾਉਂਦਾ ਤਾਂ ਬਹੁਤੀ ਵਾਰ ਰਾਸ਼ਨ-ਵੰਡ ਪੂਰੀ ਨਾ ਹੁੰਦੀ। ਅਜਿਹੇ ਜੋੜ-ਤੋੜ ਨੂੰ ਮਾਤਾ ਬਹੁਤੀ ਵਾਰ ਸਹਾਰ ਵੀ ਨਾ ਸਕਦੀ। ਇਕ ਦਿਨ ਇਸ ਝਮੇਲੇ ਤੋਂ ਅੱਕੀ ਨੇ ਬਾਹਰ ਚੱਲਦੇ ਖਰਾਸ ਦੇ ਪੁੜਾਂ ਹੇਠ ਰੱਖੇ ਪੀਪੇ 'ਚੋਂ ਕੌਲੀ ਕੁ ਆਟਾ 'ਚੋਰੀ' ਕਰ ਕੇ ਅੰਦਰ ਲਿਆਉਣ ਦੀ ਗ਼ੁਸਤਾਖੀ ਕਰ ਲਈ। ਖਰਾਸ 'ਤੇ ਲੰਬੜਾਂ ਦੇ ਖੋਪੇ ਲੱਗੇ ਬਲ਼ਦ ਜੁੜੇ ਹੋਏ ਸਨ। ਉਹਨਾਂ ਦੀ ਹਵੇਲੀ ਵੀ ਖਰਾਸ ਤੋਂ ਅੱਧੀ ਕੁ ਪੈਲ਼ੀ ਹਟਵੀਂ ਸੀ। ਛਾਪਿਆਂ ਦੀ ਵਾੜ ਲਾਗੇ ਹਵੇਲੀ 'ਚ ਖਲੋਤੇ ਲੰਬੜਾਂ ਦੇ ਕਿਸੇ ਜੀਅ ਨੇ ਮਾਤਾ ਦੇ 'ਚੋਰੀ-ਕਾਰਨਾਮੇ' ਨੂੰ ਦੇਖ ਲਿਆ। ਓਥੇ ਖੜ੍ਹੇ ਮੀਕੇ ਲੰਬੜ ਨੇ ਪਹਿਲਾਂ ਗੰਦੀ ਜਿਹੀ ਬੜ੍ਹਕ ਮਾਰੀ, ਫਿਰ ਉਸਨੇ ਆਪਣੇ ਘਰ ਦੀਆਂ ਦੋ-ਤਿੰਨ ਜ਼ਨਾਨੀਆਂ ਨੂੰ ਨਾਲ਼ ਲਿਆ ਕੇ ਮਾਤਾ ਨੂੰ ਆ ਘੇਰਿਆ। ਪੈਂਦੀ ਸੱਟੇ ਪਹਿਲਾਂ ਉਹਨਾਂ ਆਟਾ ਖੋਹਿਆ, ਫਿਰ ਦੇਹ ਤਿਰੇ ਦੀ ਗਾਲ਼੍ਹ ਤੇ ਗਾਲ਼੍ਹ, ਬੁਰਾ-ਭਲਾ ਚੀਕ-ਚਿਹਾੜਾ। ਪਰ ਇਹ ਰਿਹਾ ਮੂੰਹ-ਜ਼ੁਬਾਨੀ ਤਕ ਹੀ ਸੀਮਤ। ਸ਼ੁਕਰ ਸੀ ਉਸ ਦਿਨ ਮਾਤਾ ਨੂੰ ਫੜ ਕੇ ਕੋਈ ਕੁੱਟ-ਮਾਰ ਨਹੀਂ ਸੀ ਕੀਤੀ। ਐਨਾ ਜ਼ਰੂਰ ਕੀਤਾ ਸੀ ਉਹਨਾਂ ਕਿ, ਆਟੇ ਦੀ ਪਿਸਾਈ 'ਚੋਂ ਖਰਾਸ ਵਾਲੇ ਨੂੰ ਬਣਦਾ ਹਿੱਸਾ ਜਾਂ ਆਖੋ ਲਾਗ-ਵਿਹਾਰ ਨਹੀਂ ਸੀ ਦਿੱਤਾ।

ਉਸ ਦਿਨ ਪਤਾ ਨਹੀਂ ਸਾਨੂੰ ਕਿਸ ਨੂੰ ਕਿੰਨੀ ਕਿੰਨੀ ਰੋਟੀ ਮਿਲੀ ਸੀ! ਰੋਟੀ ਤਾਂ ਕੀ ਸ਼ਾਇਦ ਬੁਰਕੀਆਂ ਹੀ ਮਿਲੀਆਂ ਸਨ! ਹੁਣ ਯਾਦ ਨਹੀਂ। ਯਾਦ...!? ਨਹੀਂ ਨਹੀਂ, ਯਾਦ ਤਾਂ ਹੈ ਸਭ ਕੁਝ। ਇਕੱਲਾ ਇਕੱਲਾ ਤੱਥ ਯਾਦ ਐ, ਤਾਂ ਵੀ ਇਸ ਬਾਰੇ ਪਤਾ ਨਹੀਂ ਕਿਉਂ ਘੇਸਲ਼ ਜਿਹੀ ਮਾਰ ਹੋ ਚੁੱਕੀ ਸੀ। ਮੈਂ ਹਾਸੋ ਹੀਣੀ ਸਥਿਤੀ ਵਿਚ ਵਿਚਰਨ ਦੇ ਡਰੋਂ ਇਹ ਕੁਝ ਨਾ ਦੱਸਣ ਵੱਲ ਨੂੰ ਉਲਾਰ ਹੋ ਚੁੱਕਿਆ ਸਾਂ। ਮੈਂ, ਮਾਤਾ ਦੀ ਅਤਿ ਦਰਜੇ ਦੀ ਹੇਠੀ ਨੂੰ ਨਸ਼ਰ ਕਰਨਾ ਸ਼ਾਇਦ ਮੁਨਾਸਬ ਨਹੀਂ ਸੀ ਸਮਝਿਆ। ਪਰ ਝੱਟ ਹੀ ਮੇਰੇ ਅੰਦਰੋਂ ਕਿਸੇ ਨੇ ਜਿਵੇਂ ਮੈਨੂੰ ਫਿੱਟ-ਲਾਅਣਤ ਪਾ ਦਿੱਤੀ ਹੋਵੇ--"ਤੂੰ...ਤੈਨੂੰ ਅਗਲਿਆਂ ਰੂ-ਬ-ਰੂ ਲਈ ਸੱਦਿਆ। ਹੋਏ-ਬੀਤੇ ਨੂੰ ਸੱਚ-ਸੱਚ ਬਿਆਨਣ ਲਈ ਬੁਲਾਇਆ। ਹੁਣ ਐਵੇਂ ਨਾ ਟਾਲ਼ਮ-ਟੋਲ ਕਰੀ ਜਾ। ਐਵੇਂ ਨਾ ਪੋਚੇ ਪਾਈ ਜਾ। ਪੋਚੇ ਪਾਉਣ ਲਈ ਹੋਰ ਵੰਨਗੀਆਂ ਥੋੜ੍ਹੀਆਂ ਸਾਹਿਤ 'ਚ! ਕਹਾਣੀ ਐ, ਨਾਵਲ ਐ, ਵਾਰਤਾਕਾਰੀ ਐ, ਅੱਧ-ਪਚੱਧ ਸਵੈ-ਜੀਵਨੀ ਵੀ ਐ। ਫਿਰ ਥਿੜਕਦਾ ਕਿਉਂ ਐਂ! ਦੱਸ ਜੋ ਕੁਝ ਹੋਇਆ ਵਾਪਰਿਆ। ਜਿਵੇਂ ਵੀ ਹੋਇਆ ਵਾਪਰਿਆ ਦੱਸ!!"

ਅਸਲ 'ਚ ਮੈਂ ਉਪਰੋਕਤ ਘਟਨਾ ਦੱਸਣ ਲਈ ਸ਼ਸ਼ੋਪੰਜ ਵਿਚ ਇਸ ਲਈ ਸਾਂ ਕਿ ਕਦੀ ਦੱਸਣੀ ਸਹੀ ਜਾਪਦੀ ਸੀ, ਕਦੀ ਗ਼ਲਤ। ਇਹ ਝਿਜਕ ਕਦੇ ਕਾਇਮ ਹੋ ਜਾਂਦੀ, ਕਦੇ ਛਿੰਡ ਜਾਂਦੀ। ਕਾਰਨ ਇਹ ਸੀ ਸ਼ਾਇਦ ਕਿ ਲੰਘੇ ਅਤੀਤ ਦੀ ਅਜਿਹੀ ਕੁੜੱਤਣ ਵਰਤਮਾਨ ਦਾ ਕੁਝ

ਸੁਆਰ ਵੀ ਸਕਦੀ ਹੈ ਕਿ ਨਹੀਂ। ਸਾਡਾ ਭਵਿੱਖ ਇਸ ਤੋਂ ਕੁੱਝ ਸਿੱਖ ਵੀ ਸਕਦਾ ਐ ਕਿ ਨਹੀਂ। ...ਥੋੜ੍ਹਾ ਕੁ ਚਿਰ ਹੋਇਆ ਮਾਲਵੇ ਦੇ ਇਕ ਪ੍ਰਾਇਮਰੀ ਜਾਂ ਪ੍ਰੀ-ਪ੍ਰਾਇਮਰੀ ਸਕੂਲ ਦੇ ਬੱਚੇ ਨਾਲ ਹੋਈ ਬੀਤੀ ਪੜ੍ਹੀ-ਸੁਣੀ ਹੋਵੇਗੀ, ਤੁਸੀਂ। ਉਸ ਦਿਨ ਅਧਿਆਪਕ ਨੇ ਇਕ ਬੱਚੇ ਨੂੰ ਪਾਠ-ਪੁਸਤਕ 'ਚੋਂ ਪਾਠ ਪੜ੍ਹ ਕੇ ਸੁਣਾਉਣ ਲਈ ਕਿਹਾ। ਆਗਿਆਕਾਰ ਬੱਚਾ ਝੱਟ ਖੜ੍ਹਾ ਹੋ ਗਿਆ, ਦੱਸਿਆ ਪਾਠ ਪੜ੍ਹਨ ਲੱਗ ਪਿਆ। ਪਰ ਉਸਦੀ ਆਵਾਜ਼ ਬੜੀ ਮੱਧਮ ਸੀ, ਠੀਕ ਤਰ੍ਹਾਂ ਸੁਣਾਈ ਨਹੀਂ ਸੀ ਦਿੰਦੀ ਅਧਿਆਪਕ ਨੂੰ। ਅਧਿਆਪਕ ਨੇ ਜਿਵੇਂ ਦਬਕਾ ਜਿਹਾ ਮਾਰਿਆ-- "ਉੱਚੀ ਬੋਲ, ਕੀ ਗੱਲ ਰੋਟੀ ਨਹੀਂ ਖਾਧੀ?" "ਜੀਈ..ਰੋਟੀ ਨਹੀਂ ਮਿਲੀ। ਮੈਂ ਭੁੱਖਾ ਹੀ ਆਂ। ਘਰ ਆਟਾ ਨਹੀਂ ਸੀ।" ਬੱਚੇ ਦੇ ਭੁੱਖਾ ਹੋਣ ਦਾ ਪਤਾ ਲੱਗਣ 'ਤੇ ਪਲ ਭਰ 'ਚ ਅਧਿਆਪਕ ਪਸੀਜ ਗਿਆ ਸੀ। ਉਸਦੀਆਂ ਅੱਖਾਂ ਨਮ ਸਨ। ਉਸਨੇ ਉਸੇ ਵੇਲੇ ਬੱਚੇ ਨੂੰ ਜੱਫੀ ਜਾ ਪਾਈ। ਸਕੂਲ ਅੰਦਰਲੀ ਚਾਹ-ਵਾਲੀ ਦੁਕਾਨ ਤੋਂ ਕੁਝ ਬਿਸਕੁਟ ਆਦਿ ਖਾਣ ਲਈ ਲੈ ਦਿੱਤੇ। ਆਸੇ-ਪਾਸੇ ਪਤਾ ਲੱਗਣ 'ਤੇ ਅਨੇਕਾਂ ਹਮਦਰਦ, ਬੱਚੇ ਸਮੇਤ ਉਸਦੇ ਮਾਂ-ਬਾਪ ਲਈ ਰਾਸ਼ਨ ਜਾਂ ਨਕਦ ਮਾਇਆ ਲੈ ਕੇ ਪੁੱਜ ਗਏ। ਕਿੰਨੀ ਸਾਰੀ ਖਾਣ-ਸਮੱਗਰੀ ਤੇ ਹਜ਼ਾਰਾਂ 'ਚ ਨਕਦੀ ਇਕੱਤਰਤ ਹੋ ਗਈ। ਉਸਦਾ ਮਨਰੇਗਾ ਕਾਮਾ ਬਾਪ ਚਾਨਚੱਕ ਭੁੱਖ-ਦੁੱਖ ਤੋਂ ਮੁਕਤ ਵਰਗ 'ਚ ਸ਼ਾਮਲ ਹੋ ਗਿਆ! ਇਉਂ ਤਰਸ ਦਾ ਪਾਤਰ ਬਣ ਜਾਣ 'ਤੇ ਵਾਪਰਿਆ।

ਇਹ ਠੀਕ ਹੈ, ਲੋੜਵੰਦਾਂ ਦੀ ਸਹਾਇਤਾ ਕਰਨੀ ਚਾਹੀਦੀ ਐ। ਮਨੁੱਖੀ ਫਿਤਰਤ ਦਾ ਪਹਿਲਾ ਫਰਜ਼ ਹੈ ਇਹ। ਕਿਸੇ ਭੁੱਖੇ ਨੂੰ ਰੋਟੀ ਦੇਣਾ। ਇਸ ਤਰ੍ਹਾਂ ਕਰਨਾ ਉਸਨੂੰ ਜੀਵਨ ਦਾਨ ਦੇਣ ਦੇ ਬਰਾਬਰ ਹੈ। ਹਰ ਕੋਈ ਧਾਰਮਿਕ, ਸਮਾਜਕ, ਆਰਥਿਕ ਅਦਾਰਾ ਇਵੇਂ ਦੇ ਮੌਕੇ ਪਿਛਾਂਹ ਨਹੀਂ ਰਹਿੰਦਾ, ਵਧ ਚੜ੍ਹ ਕੇ ਯੋਗਦਾਨ ਪਾਉਂਦਾ ਐ। ਪਰ, ਇਸ ਪਰਉਪਕਾਰੀ ਕਾਰਜ ਦਾ ਪਿੰਡ 'ਚ ਠੁਕ ਉਦੋਂ ਵੱਜਦਾ, ਜਦੋਂ ਰਾਜਨੀਤੀ ਆਪਣਾ ਰੰਗ ਵਿਖਾਉਣ ਲਈ ਚਾਮਲ੍ਹ ਜਾਂਦੀ। ਇਉਂ ਮੁਲਕ ਦੀ ਬਹੁ ਗਿਣਤੀ ਜਨ-ਸੰਖਿਆ ਮੰਗਤਿਆਂ ਦੀ ਕਤਾਰ ਵਿਚ ਆ ਖੜ੍ਹੀ ਹੁੰਦੀ ਐ। ਸਿੱਟੇ ਵਜੋਂ ਚੰਗੇ-ਭਲੇ ਕਿਰਤੀ-ਕਾਮੇ ਵੀ ਕਿਰਤ ਸਿਧਾਂਤ ਤੋਂ ਮੂੰਹ ਮੋੜ ਲੈਂਦੇ ਨੇ। ਇਵੇਂ ਦੀ ਹਮਦਰਦੀ ਕਿੱਥੋਂ ਤਕ ਠੀਕ ਐ, ਕਿੱਥੋਂ ਤਕ ਗ਼ਲਤ, ਇਹ ਫੈਸਲਾ ਹੁਣ ਤੁਸੀਂ ਕਰਨਾ ਪਿਆਰੇ ਬੱਚਿਓ।"

ਐਹੋ ਜਿਹੀਆਂ ਹੋਰ ਵੀ ਘਟਨਾਵਾਂ ਮੈਂ ਵਿਦਿਆਰਥੀਆਂ ਤੋਂ ਬਿਲਕੁਲ ਨਹੀਂ ਸੀ ਲੁਕੋਈਆਂ। ਸੱਚ-ਸੱਚ ਦੱਸ ਦਿੱਤੀਆਂ ਸਨ, ਭਾਵੇਂ ਰਤਾ ਗਲਪੀ ਚਾਸ਼ਨੀ 'ਚ ਲਪੇਟ ਕੇ।

ਇਹਨਾਂ 'ਚ ਇਕ ਇਹ ਵੀ ਸੀ।

ਗ਼ਰਮੀਆਂ ਦੇ ਦਿਨ ਸਨ। ਸਕੂਲੋਂ ਮੁੜਦਿਆਂ ਮੇਰੇ ਨਾਲ ਨਰਿਆਲਾਂ ਪਿੰਡ ਦਾ ਇਕ ਮੁੰਡਾ ਸੀ ਤਰਲੋਕ। ਉਸਨੂੰ ਬਹੁਤੇ ਮੁੰਡੇ ਲੋਕਾ ਕਹਿ ਕੇ ਬੁਲਾਉਂਦੇ ਸਨ। ਉਸਦੇ ਬਾਪ ਦੀ ਹੱਟੀ ਸੀ ਨਰਿਆਲੀਂ, ਛੋਟੀ ਜਿਹੀ। ਦੁਕਾਨ 'ਤੇ ਪੁੱਜ ਕੇ ਲੋਕੇ ਦਾ ਸ਼ਰਬਤ ਪੀਣ ਨੂੰ ਜੀਅ ਕੀਤਾ। ਪਿਤਾ ਉਸਦਾ ਹੈ ਨਹੀਂ ਸੀ ਦੁਕਾਨ 'ਤੇ। ਘਰ ਨੂੰ ਗਿਆ ਹੋਣਾਂ ਜਾ ਹੋਰ ਕਿਧਰੇ! ਉਸਦੀ ਦੁਕਾਨ 'ਚ ਗੁੜ ਹੈਗਾ ਸੀ, ਖੰਡ ਹੈ ਨਹੀਂ ਸੀ। ਲੋਕੇ ਨੇ ਮੈਨੂੰ ਦੁਆਨੀ ਦੇ ਕੇ ਆਖਿਆ...ਲਹਿੰਦੇ ਪਾਸਿਉਂ ਕਿਰਪਾ ਸੂੰਹ ਦੀ ਹੱਟੀ ਤੋਂ ਖੰਡ ਲਿਆ, ਆਪਾਂ ਸ਼ਰਬਤ ਪੀਨੇ ਆਂ। ਮੈਂ ਬੜੀ ਕਾਹਲ਼ ਨਾਲ ਉਹਦੇ ਹੁਕਮ ਦੀ ਪਾਲਣਾ ਕੀਤੀ। ਦਸਾਂ ਕੁ ਮਿੰਟਾਂ 'ਚ ਵਾਪਸ ਆ ਗਿਆ। ਉਸਨੇ ਇਕ ਵੱਡਾ ਸਾਰਾ ਗਲਾਸ ਪਾਣੀ ਦਾ ਭਰ ਕੇ ਰੱਖਿਆ ਹੋਇਆ ਸੀ, ਪਹਿਲੋਂ ਈ। ਮੇਰੇ ਹੱਥੋਂ ਖੰਡ ਵਾਲੀ ਪੁੜੀ ਫੜੀ ਤੇ ਝੱਟ ਗਲਾਸ 'ਚ ਉਲੱਦ ਦਿੱਤੀ। ਪਹਿਲਾਂ ਉਸਨੇ ਕਾਸੇ ਨਾਲ ਖੰਡ ਘੋਲ਼ੀ, ਫਿਰ ਸਾਰਾ ਗਲਾਸ ਗਟਾ-ਗਟ ਕਰ ਕੇ ਪੀ ਗਿਆ, ਬਿਨਾਂ ਰੁਕੇ। ਮੈਂ ਲਾਗੇ ਬੈਠਾ, ਘੁੱਟ, ਦੋ ਘੁੱਟ ਸ਼ਰਬਤ ਦੇ ਬਚੇ ਰਹਿਣ ਦੀ ਉਡੀਕ ਕਰਦਾ ਰਿਹਾ। ਪਰ ਨਿਰਾਸ਼ਾ ਤੋਂ ਸਿਵਾ ਮੇਰੇ ਹੱਥ-ਪੱਲੇ ਕੁਝ ਨਹੀਂ ਸੀ ਪਿਆ। ਉਸਨੇ ਠਾਹ ਕਰਦਾ ਖਾਲੀ ਗਲਾਸ ਹੇਠਾਂ ਰੱਖ ਦਿੱਤਾ। ਮੈਨੂੰ ਖਾਲੀ ਗਲਾਸ 'ਚ ਤੁਪਕਾ ਭਰ ਵੀ ਸ਼ਰਬਤ ਨਹੀਂ ਸੀ ਦਿਸਿਆ। ਐਵੇਂ ਰਸਮ ਵਜੋਂ ਮੈਂ ਗਲਾਸ ਦੇ ਕੰਢੇ ਹੀ ਚੱਟੇ ਸਨ, ਸ਼ਰਬਤ ਦਾ ਤਰਸੇਵਾਂ ਪੂਰਨ ਵਜੋਂ।

ਮੇਰੀ ਵਿਥਿਆ ਸੁਣ ਕੇ ਇਕ-ਦੋ ਵਿਦਿਆਰਥੀਆਂ ਨੇ ਹਉਕੇ ਵਰਗੇ ਸਾਹ ਜ਼ਰੂਰ ਭਰੇ ਸਨ, ਇਸ ਤੋਂ ਵੱਧ ਕੋਈ ਪ੍ਰਤੀਕਰਮ ਕਿਸੇ ਨੇ ਨਹੀਂ ਸੀ ਦਿੱਤੀ। ਉਂਝ ਚੁੱਪ ਸਨ ਸਾਰੇ। ਚੁੱਪ ਵੀ ਕਈ ਵਾਰ ਸਵਾਲ ਬਣ ਕੇ ਉੱਭਰ ਆਉਂਦੀ ਐ। ਉਸ ਸਵਾਲ ਦਾ ਉੱਤਰ ਦਿੱਤੇ ਜਾਣ ਲਈ। ਮੈਂ ਅਗਲੀ ਵਾਰਤਾ ਚਾਲੂ ਰੱਖੀ।

ਸਕੂਲੋਂ ਮੁੜ ਕੇ ਦੁਪਹਿਰ ਵੇਲ਼ੇ ਮੈਂ ਆਪਣੇ ਘਰ ਦੀ ਕੋਠੜੀ 'ਚ ਬਸਤਾ ਲਿਆ ਸੁੱਟਦਾ। ਜੋ ਹੱਥ ਲੱਗਦਾ ਜਾ ਮਿਲ਼ਦਾ. ਖਾ-ਪੀ ਕੇ ਸਕੂਲੀ ਕੰਮ ਲਈ ਦਰਵਾਜ਼ੇ ਲਾਗੇ ਬੋਰੀ ਵਿਛਾ ਕੇ ਕਾਪੀਆਂ-ਕਿਤਾਬਾਂ ਖਿਲਾਰ ਲੈਂਦਾ। ਕੋਠੜੀ ਦੇ ਇਕ ਪਾਸੇ ਲੱਕੜ ਦੀ ਪੇਟੀ ਸੀ ਵੱਡੀ ਸਾਰੀ, ਦੂਜੇ ਪਾਸੇ ਚਾਟੀਆਂ ਭੜੋਲੀਆਂ ਦੀ ਪਾਲ਼। ਇਸ ਪਾਲ਼ ਦੀ ਪਿਛਵਾੜੀ ਚੂਹਿਆਂ ਦੀਆਂ ਵੱਡੀਆਂ ਵੱਡੀਆਂ ਝੁੱਡਾਂ ਸਨ। ਚੂਹੇ ਇਹਨਾਂ ਵਿਚੋਂ ਬੇਝਿਜਕ ਬਾਹਰ ਆਉਂਦੇ, ਮੁੜ ਅੰਦਰ ਵੜ ਜਾਂਦੇ, ਖੂਬ ਨਾਚ ਕਰਦੇ। ਕਈ ਵਾਰ ਕਿਤਾਬਾਂ 'ਤੇ ਛੜੱਪੇ ਮਾਰ ਲੰਘ ਜਾਂਦੇ। ਔਖੇ-ਸੌਖੇ, ਜਿਵੇਂ ਵੀ ਹੁੰਦਾ, ਜਿੰਨਾ ਕੁ ਸਕੂਲੋਂ ਕੰਮ ਮਿਲਿਆ ਹੁੰਦਾ, ਮੁਕਾ ਲਿਆ ਜਾਂਦਾ। ਤਰਕਾਲ਼ਾਂ ਵੇਲ਼ੇ ਪਿੰਡ ਦੇ ਵਿਹੜੇ ਦੇ ਹੋਰ ਮੁੰਡੇ ਬਾਹਰ ਖੁਲ੍ਹੇ ਖੇਤਾਂ 'ਚ ਕੌਡ-ਕਬੱਡੀ, ਵਿਕਟਾਂ ਮੱਲਣ (ਕ੍ਰਿਕਟ) ਆਦਿ ਖੇਡਣ ਲਈ ਜਾ ਜੁੜਦੇ। ਪਰ ਮੇਰੀ ਤੇ ਸੁਰਜੀਤ ਦੀ ਡਿਊਟੀ, ਅੱਧੇ ਕੁ ਪਿੰਡ ਬਾਬਕ ਦੀ ਸੇਪੀ ਦਾ ਕੰਮ-ਕਾਰ ਕਰਦੇ ਤਾਇਆ ਭਗਵਾਨ ਸਿੰਘ ਤੇ ਪਿਤਾ ਲਈ ਰੋਟੀ ਅੱਪੜਦੀ ਕਰਨ ਦੀ ਹੁੰਦੀ। ਇਹ ਸਾਡਾ ਨਿੱਤ ਦਾ ਕੰਮ ਸੀ। ਸਾਡੀਆਂ ਨਿਗਾਹਾਂ ਪਿੰਡ ਬਾਬਕ ਨੂੰ ਜਾਂਦੇ ਰਾਹ 'ਤੇ ਟਿਕੀਆਂ ਹੁੰਦੀਆਂ, ਪਰ ਦਿਲ-ਦਿਮਾਗ਼ ਪਿੰਡ ਖੇਤਾਂ-ਪੈਲ਼ੀਆਂ 'ਚ ਖੇਡਦੇ, ਹਾਸਾ-ਠੱਠਾ ਕਰਦੇ ਆਪਣੇ ਹਮਜੋਲੀਆਂ 'ਤੇ। ਮਜਬੂਰੀ ਸੀ, ਜਾਣਾ ਪੈਂਦਾ ਸੀ ਹਰ ਰੋਜ਼ ਰੋਟੀ ਦੇਣ। ਮੁੜਦੀ ਵੇਰ ਕਿਸੇ ਕਿਸਾਨ ਦੀ ਪੈਲ਼ੀ 'ਚੋਂ ਵੱਢੀ ਪੱਠਿਆਂ ਦੀ ਭਰੀ ਵੀ ਪਿਤਾ ਦੇ ਸਿਰ 'ਤੇ ਹੁੰਦੀ ਜਾਂ ਤਾਏ ਭਗਵਾਨ ਸਿੰਘ ਦੇ ਸਿਰ 'ਤੇ। ਗਰਮੀਆਂ ਜਾਂ ਬਰਸਾਤਾਂ ਦਿਨੀਂ ਇਸ ਭਰੀ ਦੇ ਸਿੱਟੇ ਪਿੱਛੇ ਧਰਤੀ 'ਤੇ ਘਸੀਟ ਹੁੰਦੇ ਰਹਿੰਦੇ, ਲੰਮੇ ਹੋਣ ਕਰਕੇ। ਅਸੀਂ ਚੁੱਕੀ ਭਰੀ ਦੇ ਮਗਰ ਮਗਰ ਤੁਰੇ ਇਕ ਦੂਜੇ ਤੋਂ ਅੱਗੇ ਹੋ ਕੇ ਤੁਰਨ ਦਾ ਕਾਹਲ਼ ਕਰਦੇ। ਇਸ ਡਰ-ਭੈਅ 'ਚ ਅੱਗੇ ਹੋਣ ਕਰਕੇ ਸਾਡੇ 'ਚੋਂ ਕਿਸੇ ਦਾ ਪੈਰ ਭਰੀ ਦੇ ਸਿੱਟਿਆਂ 'ਤੇ ਵੀ ਰੱਖਿਆ ਜਾਂਦਾ। ਤਾਇਆ ਜਾ ਪਿਤਾ ਇਸ ਹਰਕਤ ਨੂੰ ਝਈ ਮਾਰ ਕੇ ਰੋਕਦੇ। ਅਸੀਂ ਟਲ਼ ਵੀ ਜਾਂਦੇ ਪਰ ਕਦੀ-ਕਦਾਈਂ ਇਹ ਗ਼ਲਤੀ ਫਿਰ ਹੋ ਜਾਂਦੀ। ਇਕ ਵਾਰ ਭਾਰੀ ਭਰੀ ਸੁੱਟ ਕੇ ਪਿਤਾ ਨੇ ਸਾਡੇ ਦੋਨਾਂ ਦੇ ਕਸਵੀਆਂ ਚੁਪੇੜਾਂ ਵੀ ਮਾਰੀਆਂ। ਉਸਦੀ ਧੌਣ ਨੂੰ ਸਿੱਟਿਆਂ 'ਤੇ ਪਏ ਪੈਰਾਂ ਦੇ ਭਾਰ ਨੇ ਭਾਰੀ ਭਰੀ ਕਾਰਨ ਮਚਕੋੜ ਦਿੱਤਾ ਸੀ। ਘੜੀ ਪਲ ਪਿੱਛੋਂ ਸਾਨੂੰ ਦੋਨਾਂ ਨੂੰ ਪਿਤਾ ਨੂੰ ਇਹ ਭਰੀ ਮੁੜ ਚੁਕਾਉਣੀ ਪਈ ਸੀ। ਪੱਕਾ ਯਾਦ ਐ, ਸਾਨੂੰ ਚੁਪੇੜਾਂ ਪਿਤਾ ਨੇ ਹੀ ਮਾਰੀਆਂ ਸਨ, ਭਾਵੇਂ ਇਵੇਂ ਦਾ ਵਰਤਾਰਾ ਕਈ ਵਾਰ ਤਾਏ ਨਾਲ ਵੀ ਵਾਪਰਿਆ ਸੀ। ਪਰ ਤਾਇਆ ਚੁਪੇੜਾਂ ਮਾਰਨ ਦੇ ਸਮਰੱਥ ਨਹੀਂ ਸੀ ਰਿਹਾ। ਉਸਦਾ ਖੱਬਾ ਗੁੱਟ ਤਿੰਨ ਵਾਰ ਟੁੱਟ ਚੁੱਕਾ ਸੀ ਤੇ ਸੱਜੀ ਬਾਂਹ ਦੋ ਵਾਰ ਟੁੱਟੀ ਪੱਚਰਾਂ ਆਸਰੇ ਹੀ ਥੋੜ੍ਹਾ ਬਹੁਤ ਕੰਮ ਕਰ ਸਕਦੀ ਸੀ। ਬਾਕੀ ਦਾ ਸਮਾਂ ਉਹ ਖਰਾਸ ਦੀ ਪਿਛਵਾੜੀ ਰਹਿੰਦੇ ਕਰਤਾਰੇ ਮਜ਼ਹਬੀ ਦੀ ਅੜੀਅਲ ਗਾਂ ਚੋਂਦਿਆਂ ਲੁਆਈਆਂ ਸੱਟਾਂ ਨੂੰ ਪਲ਼ੋਸਦਾ ਰਹਿੰਦਾ। ਸੱਟਾਂ ਤਾਂ ਗਾਂ ਨੇ ਕਰਤਾਰੇ ਦੇ ਵੀ ਮਾਰੀਆਂ ਸਨ, ਪਰ ਉਸਦੇ ਅੰਗ-ਪੈਰ ਟੁੱਟਣੋਂ ਬਚ ਗਏ ਸਨ। ਤਾਏ ਨੇ ਆਪਣੀਆਂ ਬਾਹਾਂ ਦੀ ਪ੍ਰਵਾਹ ਨਹੀਂ ਸੀ ਕੀਤੀ। ਇਹ ਸ਼ਾਇਦ ਕਰਤਾਰੇ ਦੀ ਪੰਦਰਾਂ-ਸੋਲ਼ਾਂ ਸਾਲ ਦੀ ਹੁੰਦੜ-ਹੇੜ ਵੱਡੀ ਧੀ ਦੀ ਅਵੱਲੀ ਜਿਹੀ ਖਿੱਚ ਕਰਕੇ ਸੀ। ਤਾਏ ਦਾ ਵਰਕਸ਼ਾਪ ਆਪਣੇ ਅੱਡੇ 'ਤੇ ਬੈਠੇ ਦਾ ਧਿਆਨ ਵੀ ਕਰਤਾਰੇ ਦੇ ਘਰ ਵੱਲ ਹੀ ਰਹਿੰਦਾ। ਅੱਗੋਂ ਦਿਹਾੜੀਦਾਰ ਕਰਤਾਰਾ ਵਿਚਾਰਿਆਂ ਵਾਂਗ ਵਿਚਰਦਾ ਰਿਹਾ। ਆਸ-ਪਾਸ, ਆਂਢ-ਗੁਆਂਢ ਦੀਆਂ ਕੌੜੀਆਂ-ਕੁਸੈਲ਼ੀਆਂ ਸੁਣਦਾ ਵੀ ਰਿਹਾ। ਪਰ ਤਾਏ ਦੀ ਆਦਤ ਨਹੀਂ ਸੀ ਬਦਲੀ, ਉਲ੍ਹਾਮੇ ਸੁਣ ਕੇ ਵੀ। ਉਂਝ ਉਸ ਕੁੜੀ ਦੀ ਸੁੰਦਰਤਾ ਵੀ ਅਵੱਲੀ ਤਰ੍ਹਾਂ ਦੀ ਸੀ। ਇਕ ਵਾਰ ਬਾਬਕ ਰੋਟੀ ਲੈ ਕੇ ਗਿਆਂ ਨੂੰ ਮੈਨੂੰ ਤੇ ਸੁਰਜੀਤ ਨੂੰ ਵੀ ਕਿਹਾ ਸੀ ਉਸ ਨੇ-- 'ਚਲੋ ਕਿਧਰੇ ਦੌੜ ਚੱਲੀਏ।' ਸਾਨੂੰ ਨਾ ਦੌੜਨ ਦੇ ਅਰਥਾਂ ਦਾ ਪਤਾ ਸੀ, ਨਾ ਹੀ ਉਸਨੂੰ ਕੋਈ ਹੁੰਗਾਰਾ ਭਰਨ ਦੇ ਸਮਰੱਥ ਸੀ ਅਸੀਂ।

"ਜੇ ਮੌਕਾ ਸਾਂਭ ਲੈਂਦੇ ਫੇਰ ਕੀ ਹੁੰਦਾ ਭਲਾ..!?" ਇਕ ਵਿਦਿਆਰਥੀ ਨੇ ਸ਼ਰਾਰਤ ਨਾਲ ਪੁੱਛਿਆ ਤੇ ਪਛਾਣੇ ਜਾਣ ਦੇ ਡਰੋਂ ਝੱਟ ਹੀ ਨੀਵੀਂ ਪਾ ਲਈ।

"--ਹੋਣਾ ਓਹੋ ਸੀ ਜੋ ਵਿਗੜਿਆਂ-ਤਿਗੜਿਆਂ ਨਾਲ ਹੁੰਦਾ। ਪੁਲੀਸ ਦੇ ਡੰਡੇ ਖਾਣੇ ਪੈਂਦੇ। ਪਿੰਡ ਆਲ਼ਿਆਂ ਤੋਂ ਮੁਆਫੀ ਮੰਗਣੀ ਪੈਂਦੀ।...ਭੈੜੇ ਕੰਮਾਂ ਦੇ ਭੈੜੇ ਨਤੀਜੇ...। ਚਲੋ ਛੱਡੋ ਆਪਣੀਆਂ ਗੱਲਾਂ ਕਰਦੇ ਅਸੀਂ ਐਵੇਂ ਐਧਰ-ਓਧਰ ਭਟਕ ਗਏ ਸਾਂ।"

ਵਾਰਤਾ ਲੀਹ ਸਿਰ ਕਰਨ ਲਈ ਮੈਂ ਇਕ ਘਟਨਾ ਹੋਰ ਛੇੜ ਲਈ। ...ਸੰਨ ਪੰਜਾਹ 'ਚ ਪੰਜਵੀਂ ਜਮਾਤ 'ਚ ਦਾਖਲ ਹੋਏ ਨੂੰ ਕਈ ਚਿਰ ਸ਼ਾਇਦ ਹੀ ਸਕੂਲ-ਫੀਸ ਤੋਂ ਵੱਧ ਕੋਈ ਆਨਾ-ਟਕਾ 'ਫਜ਼ੂਲ-ਖਰਚੀ' ਲਈ ਮਿਲਿਆ ਹੋਵੇ। ਜੇ ਮਿਲਿਆ ਹੁੰਦਾ ਤਾਂ ਮੈਨੂੰ ਬਾਵਾ ਰਾਮ ਦੇ ਛਾਬੇ 'ਚੋਂ ਇਕ ਭੱਲਾ 'ਚੋਰੀ' ਕਰ ਕੇ ਖਾਣ ਦੀ ਲੋੜ ਨਾ ਪੈਂਦੀ। ਬਾਵਾ ਰਾਮ ਸਕੂਲੋਂ ਚੜ੍ਹਦੀ ਬਾਹੀ ਪੈਂਦੇ ਪਿੰਡ ਲਾਂਬੜ ਤੋਂ ਅੱਧੀ ਛੁੱਟੀ ਤੋਂ ਪਹਿਲਾਂ-ਪਹਿਲਾਂ ਵੱਡੀ ਪਰਾਤ ਜਿੱਡੀ ਲੋਹੇ ਦੀ ਟਰੇਅ 'ਚ ਬੇਸਣ-ਭੱਲੇ, ਕੁਲਚੇ ਤਲ਼ ਕੇ ਭਰ ਲਿਆਉਂਦਾ। ਸਕੂਲ ਤਕ ਪੁੱਜਦੀ ਉਸਦੀ ਸਾਰੀ ਸਮੱਗਰੀ ਠੰਢੀ ਹੋ ਜਾਂਦੀ। ਆਉਂਦਾ ਹੀ ਪਹਿਲਾਂ ਉਹ ਤਿੰਨ-ਚਾਰ ਇੱਟਾਂ ਦਾ ਚੁਲ੍ਹਾ ਬਣਾ ਕੇ, ਆਸ-ਪਾਸ ਤੋਂ ਕੱਖ-ਪੱਤ ਇਕੱਠਾ ਕਰ ਕੇ ਚੁਲ੍ਹੇ 'ਚ ਅੱਗ ਬਾਲ਼ ਲੈਂਦਾ। ਪਰਾਤ ਵਰਗੀ ਲੋਹੇ ਦੀ ਟਰੇਅ ਵਿਚ ਚੁਲ੍ਹੇ 'ਤੇ ਰੱਖੇ ਭੱਲੇ-ਕੁਲਚੇ ਉਲ਼ੱਦ-ਉਲ਼ੱਦ ਹੁੰਦੇ ਗਰਮ ਹੋਈ ਜਾਂਦੇ। ਅੱਧੀ ਛੁੱਟੀ ਦੀ ਘੰਟੀ ਵੱਜਦਿਆਂ ਸਾਰ ਸਕੂਲੀ ਬੱਚੇ ਉਸ ਦੁਆਲ਼ੇ ਜਿਵੇਂ ਝੁਰਮਟ ਹੀ ਆ ਪਾਉਂਦੇ। ਮੈਨੂੰ ਪਹਿਲਾਂ...ਮੈਨੂੰ ਪਹਿਲਾਂ, ਮੈਨੂੰ ਭੱਲਾ, ਮੈਨੂੰ ਕੁਲਚਾ ਦਾ ਸ਼ੋਰ ਬਹੁਤੀ ਵਾਰ ਉਸਨੂੰ ਆਨਾ-ਟਕਾ ਲੈ ਕੇ ਖਾਣ-ਸਮੱਗਰੀ ਦੇਣ ਵਿਚ ਦਿੱਕਤ ਵੀ ਖੜ੍ਹੀ ਕਰ ਦਿੰਦਾ। ਇਕ ਦੂਜੇ ਤੋਂ ਉੱਪਰ ਦੀ ਉੱਪਰ ਚੜ੍ਹਦੇ ਬੱਚੇ ਕਈ ਵਾਰ ਉਸਦੀ ਸਾਰੀ ਪਰਾਤ 'ਤੇ ਹੀ ਛਾ ਜਾਂਦੇ। ਇਉਂ ਪਰਾਤ ਦਾ ਕੋਈ ਨਾ ਕੋਈ ਪਾਸਾ ਨੰਗਾ ਹੋ ਜਾਂਦਾ। ਮੈਂ ਆਪਣੇ ਪੱਲੇ ਆਨਾ-ਟਕਾ ਨਾ ਹੁੰਦਿਆਂ ਵੀ ਉਸ ਝੁਰਮਟ ਵਿਚ ਸ਼ਾਮਲ ਹੋਇਆ ਰਹਿੰਦਾ, ਚੁੱਪ-ਚਾਪ, ਪਤਾ ਨਹੀਂ ਕਿਉਂ। ਇਕ ਦੂਜੇ ਨੂੰ ਧੱਕਦੇ ਵਿਦਿਆਰਥੀਆਂ ਦੇ ਧੱਕੇ ਮੈਨੂੰ ਕਦੀ ਇਕ ਪਾਸੇ ਵੱਲ ਧੱਕ ਦਿੰਦੇ ਕਦੀ ਦੂਜੇ ਪਾਸੇ ਵੱਲ। ਇਕ ਵਾਰ ਪਰਾਤ ਦਾ ਇਕ ਪਾਸਾ ਖਾਸਾ ਸਾਰਾ ਨੰਗਾ ਹੋ ਗਿਆ। ਮੈਂ ਮੌਕਾ ਤਾੜ ਕੇ ਇਕ ਭੱਲਾ ਚੁੱਕਿਆ ਤੇ ਪਿਛਾਂਹ ਖਿਸਕ ਆਇਆ। ਪਾਸੇ ਜਿਹੇ ਨੂੰ ਹੋ ਕੇ ਮੈਂ ਲੁਕੋ ਕੇ ਭੱਲਾ ਨੱਪ-ਘੁੱਟ ਕੇ ਖਾ ਲਿਆ। ਉਸ ਦਿਨ ਦੀ 'ਹੁਸ਼ਿਆਰੀ' ਤੋਂ ਮੈਂ ਨਾ ਖੁਸ਼ ਸਾਂ ਨਾ ਦੁਖੀ। ਉਂਝ ਮੇਰੀ ਕਈਆਂ ਚਿਰਾਂ ਦੀ ਭੱਲਾ ਖਾਣ ਦੀ ਇੱਛਾ ਜ਼ਰੂਰ ਪੂਰੀ ਹੋ ਗਈ ਸੀ। ਤਾਂ ਵੀ ਪੂਰੀ ਛੁੱਟੀ ਹੋਣ ਤਕ ਮੈਨੂੰ ਡਰ ਲੱਗਦਾ ਰਿਹਾ ਕਿ ਕੋਈ ਬੱਚਾ ਮੇਰੇ ਵੱਲ ਉਂਗਲ਼ ਕਰ ਕੇ ਇਹ ਨਾ ਆਖ ਦੇਵੇ.. 'ਇਹਨੇ ਚੁੱਕਿਆਂ ਸੀ ਭੱਲਾ ਬਿਨਾਂ ਪੈਸੇ ਦਿੱਤਿਆਂ।' ਉਂਝ ਏਨੀ ਕੁ ਹਿੰਮਤ ਕਰਨ ਨਾਲ ਮੇਰੀ 'ਚੋਰੀ' ਦੀ ਆਦਤ ਜ਼ਰੂਰ ਅੱਗੇ ਤੁਰਦੀ ਗਈ। ਇਹ ਚੋਰੀ ਸੀ ਜਾਂ ਮਜਬੂਰੀ, ਕਹਿ ਨਹੀਂ ਸਕਦਾ।

ਗੱਲ ਇਵੇਂ ਹੋਈ, ਬਵੰਜਾ ਤਰਵੰਜਾ ਸੰਨ ਵਿਚ ਸਾਡੇ ਸਕੂਲ 'ਚ ਸਰਕਾਰੀ ਮਹਿਕਮੇਂ ਤੋਂ ਕੁਝ ਬੰਦੇ ਜੀਪ 'ਚ ਆਏ। ਉਹ ਇਕ ਤਾਂ ਪਿੰਡ 'ਚ ਪ੍ਰਾਇਮਰੀ ਸਕੂਲ ਖੋਲ੍ਹਣ ਦਾ ਸੁਝਾਅ ਦੇ ਗਏ ਜਾਂ ਹੁਕਮ, ਪੱਕ ਪਤਾ ਨਈਂ। ਪਰ ਪਿੰਡ ਦੀ ਪੰਚਾਇਤ ਜ਼ਰੂਰ ਉਹਨਾਂ ਉਸੇ ਦਿਨ ਨਾਮਜ਼ਦ ਕਰ ਦਿੱਤੀ। ਤਰਤੀਬ ਅਨੁਸਾਰ, ਉਹਨਾਂ ਪਹਿਲਾਂ ਪਿੰਡ ਦੇ ਸਿਆਣੇ ਜੀਅ ਇਕੱਠੇ ਕੀਤੇ, ਫਿਰ ਕੁਝ ਇਕ ਤੋਂ ਸੁਝਾਅ ਮੰਗੇ। ਕਰੀਬ ਸਭ ਦੀ ਸਹਿਮਤੀ ਅਨੁਸਾਰ ਚਾਰ ਪੰਚ ਤਾਂ ਜਾਤੀਵਾਰ ਸੌਖਿਆਂ ਹੀ ਲੱਭ ਗਏ, ਪਰ ਸਰਪੰਚ ਦੀ ਚੋਣ ਲਈ ਪੜ੍ਹੇ-ਲਿਖੇ ਵਿਅਕਤੀ ਦਾ ਹੋਣਾ ਜ਼ਰੂਰੀ ਸਮਝਿਆ ਗਿਆ। ਸਾਰੇ ਪਿੰਡ 'ਚ ਮੇਰਾ ਪਿਤਾ ਇਕੋ-ਇਕ ਵਿਅਕਤੀ ਸੀ ਜਿਸ ਨੂੰ ਪਾਠੀ ਹੋਣ ਕਰਕੇ ਪੜ੍ਹਿਆ-ਲਿਖਿਆ ਗਿਣਿਆ ਜਾਂਦਾ ਸੀ। ਸਿੱਟੇ ਵਜੋਂ ਉਸ ਨੂੰ ਸਰਬ-ਸੰਮਤੀ ਨਾਲ ਸਰਪੰਚ ਚੁਣ ਲਿਆ ਗਿਆ। ਉਸ ਜ਼ਿੰਮੇਂ ਪਿੰਡ ਦੀਆਂ ਗਲ਼ੀਆਂ-ਨਾਲੀਆਂ, ਰਾਹਾਂ-ਫਿਰਨੀਆਂ ਦੀ ਦੇਖ-ਭਾਲ਼ ਕਰਨਾ ਤੇ ਹੋਰ ਵੀ ਕੰਮ ਸੌਂਪੇ ਗਏ। ਪੰਚਾਇਤ ਦੀ ਆਮਦਨ ਲਈ ਹਰ ਘਰ ਤੋਂ ਚਾਰ ਆਨੇ ਟੈਕਸ ਉਗਰਾਹੁਣਾ ਸੀ। ਪੈਸੇ-ਧੇਲੇ ਦੀ ਥੁੜ-ਮਾਰੇ ਪਿਤਾ ਨੇ ਸਮਾਂ ਪਾ ਕੇ ਹਰ ਘਰੋਂ ਚੁਲ੍ਹਾ-ਟੈਕਸ ਵਸੂਲ

ਲਿਆ। ਸਾਡੇ ਘਰ ਦੀ ਅਲਮਾਰੀ 'ਚ ਪਈ ਇਕ ਡੱਬੀ ਚੁਆਨੀਆਂ- ਦੁਆਨੀਆਂ ਨਾਲ ਭਰ ਗਈ। ਗਲ਼ੀਆਂ-ਨਾਲ਼ੀਆਂ ਦੀ ਦੇਖ-ਭਾਲ਼ ਤਾਂ ਕੀ ਕਰਨੀ ਸੀ ਕਿਸੇ ਨੇ, ਮੇਰੀ ਮਾਤਾ ਦਾ ਹੱਥ ਜ਼ਰੂਰ ਖੁਲ੍ਹਾ ਹੋ ਗਿਆ। ਮੈਨੂੰ ਵੀ ਨੌਵੀਂ ਜਮਾਤ ਤਕ ਪੁੱਜਦੇ ਨੂੰ ਮੰਗੇ ਗਏ ਆਨਾ- ਦੋ ਆਨੇ ਮਿਲਣੇ ਨਸੀਬ ਹੋ ਗਏ। ਕਈ ਵਾਰ ਜਦੋਂ ਮਾਤਾ ਐਧਰ ਓਧਰ ਹੁੰਦੀ ਤਾਂ ਮੈਂ ਆਪ ਵੀ ਪੈਸਿਆ ਵਾਲੀ ਡੱਬੀ ਨਾਲ 'ਛੇੜ-ਛਾੜ' ਕਰ ਲੈਂਦਾ। 'ਚੋਰੀ' ਦੀ ਇਸ ਆਦਤ ਨੂੰ ਮੇਰੀ ਨਿਆਣ-ਮੱਤ ਨੇ ਕਿੰਨਾ ਕੁ ਚਿਰ ਅਨਜਾਮ ਦਿੱਤਾ, ਹੁਣ ਪੱਕਾ ਚੇਤਾ ਨਈਂ। ਪਰ, ਬਾਬਕ ਪਿੰਡ ਤੋਂ ਸ਼ਾਹਾਂ ਦੀ ਹੱਟੀਉਂ ਕੋਈ ਸ਼ੈਅ-ਵਸਤ ਖਰੀਦਣ ਗਏ ਦੀ ਕੀਤੀ ਅਖੀਰਲੀ 'ਚੋਰੀ' ਜ਼ਰੂਰ ਚੇਤੇ ਐ। ਹੱਟੀ ਦੀ ਕੰਧ ਨਾਲ ਢੋਅ ਲਾਈ ਪੂਰਾ ਮੂੰਹ ਖੋਲ੍ਹ ਕੇ ਇਕ ਅਧੀਆ-ਬੋਰੀ ਅੰਦਰ ਪਈ ਦਾਣੇਦਾਰ ਦੁੱਧ-ਚਿੱਟੀ ਇਕ ਸ਼ੈਅ ਨੂੰ ਹਮ-ਜਮਾਤੀ ਲੱਕੇ ਲਈ ਕਿਰਪਾ ਸੂੰਹ ਦੀ ਹੱਟੀਉਂ ਖਰੀਦ ਕੇ ਲਿਆਂਦੀ ਖੰਡ ਸਮਝ ਕੇ ਅਛੋਪਲੇ ਜਿਹੇ ਫੱਕਾ ਜ਼ਰੂਰ ਮਾਰ ਲਿਆ ਸੀ ਮੈਂ। ਇਹ ਖੰਡ ਨਹੀਂ ਸੀ, ਕਿਸੇ ਬਾਹਰਲੇ ਮੁਲਕੋਂ ਲਿਆਂਦਾ ਯੂਰੀਆ ਖਾਦ ਸੀ। ਇਸ ਅੰਦਰਲੇ ਕੌੜੇ-ਕੁਸੈਲ਼ੇ ਤੇਜ਼ਾਬੀ ਤੱਤ ਨੂੰ ਉਸ ਸਮੇਂ ਤਾਂ ਝੱਟ ਦੇਣੀ ਗੁਲੱਛ ਦਿੱਤਾ, ਪਰ ਇਸ ਅੰਦਰਲੀ ਕੁੜੱਤਣ ਕਾਰਨ ਮੂੰਹ ਅੰਦਰ ਬਣੇ ਛਾਲੇ, ਮੈਂ ਮਾਤਾ ਤੋਂ ਉਹਲਾ ਰੱਖ ਕੇ ਬੜੀ ਮੁਸ਼ਕਲ ਨਾਲ ਠੀਕ ਕੀਤੇ ਸਨ, ਪੁੱਠੇ ਤਵੇ ਦੀ ਕਾਲ਼ਖ ਚੱਟ ਕੇ। ਇਸ ਘਟਨਾ ਪਿੱਛੋਂ ਮੈਂ ਚੋਰੀ ਕਰਨਾ ਤਾਂ ਕੀ, ਚੋਰੀ ਕਰਨ ਦਾ ਵਿਚਾਰ ਵੀ ਆਪਣੇ ਮਨ-ਮਸਤਕ 'ਚ ਦਾਖਲ ਨਹੀਂ ਸੀ ਹੋਣ ਦਿੱਤਾ। ਉਂਝ ਆਪਣੇ ਅੰਦਰ ਦਾਖਲ ਹੋਣ ਵਾਲੇ ਸਵੈ-ਸੁਧਾਰ ਦੇ ਕਾਰਨ ਹੋਰ ਵੀ ਸਨ।

ਸਾਡੇ ਸਕੂਲ 'ਚ ਥੋੜ੍ਹੇ ਜਿਹੇ ਅਧਿਆਪਕ ਹੀ ਸਨ। ਇਹਨਾਂ 'ਚੋਂ ਇਕ ਸਨ ਮਾਸਟਰ ਤੀਰਥ ਰਾਮ। ਅੱਧਖੜ ਉਮਰ, ਕਮਜ਼ੋਰ ਜਿਹੀ ਸਿਹਤ ਪਰ ਆਪਣੇ ਕਿੱਤੇ ਨੂੰ ਪੂਰੀ ਤਰ੍ਹਾਂ ਸਮਰਪਤ। ਉਹ ਅੰਗਰੇਜ਼ੀ, ਹਿਸਾਬ, ਸਾਇੰਸ, ਡਰਾਇੰਗ ਸਾਰੇ ਵਿਸ਼ੇ ਪੜ੍ਹਾ ਲੈਂਦੇ ਸਨ। ਹਰ ਕਲਾਸ, ਹਰ ਬੱਚਾ ਉਹਨਾਂ ਨੂੰ ਰੱਜਵਾਂ ਸਤਿਕਾਰ ਦਿੰਦਾ। ਸਾਇੰਸ ਰੂਮ ਦੀਆਂ ਚਾਬੀਆਂ ਉਹਨਾਂ ਸਾਨੂੰ ਸੌਂਪ ਰੱਖੀਆਂ ਸਨ, ਮੈਨੂੰ ਤੇ ਸੁਰਜੀਤ ਨੂੰ। ਛੁੱਟੀ ਪਿੱਛੋਂ ਅਸੀਂ ਪ੍ਰੈਕਟੀਕਲ ਕਰਨ ਵਾਲੇ ਟੇਬਲਾਂ 'ਤੇ ਖਿਲਰਿਆ ਸਮਾਨ ਅਲਮਾਰੀਆਂ 'ਚ ਰੱਖ ਕੇ, ਫਰਸ਼ਾਂ ਤਕ ਦੀ ਸਾਫ-ਸਫਾਈ ਕਰ ਕੇ ਘਰ ਮੁੜਦੇ ਸਾਂ। ਮਾਸਟਰ ਤੀਰਥ ਰਾਮ ਦੇ ਵਰਤੋਂ-ਵਿਹਾਰ ਵਿਚ ਸਹਿਜ-ਭਾਵਨਾ ਸੀ, ਸਾਡੇ 'ਤੇ ਉਹ ਸਹਿ-ਸੁਭਾ ਅਸਰ ਕਰਦੀ ਗਈ। ਅਸੀਂ ਸਕੂਲ ਵਿਚ ਚੰਗੇ ਵਿਦਿਆਰਥੀ ਗਿਣੇ ਜਾਣ ਲੱਗੇ। ਇਹ 'ਚੰਗਾਪਨ' ਹੌਲ਼ੀ ਹੌਲ਼ੀ ਪਿੰਡ ਵੱਲ ਨੂੰ ਵੀ ਖਿਸਕਣ ਲੱਗ ਪਿਆ। ਕੋਈ ਵੀ ਊਟ-ਪਟਾਂਗ ਕੰਮ ਕਰਨ ਦੀ ਥਾਂ, ਸ਼ਾਮ ਵੇਲ਼ੇ ਅਸੀਂ ਦੋਨੋਂ ਪਿੰਡ ਦੀ ਚੜ੍ਹਦੀ ਬਾਹੀ ਰੱਖ ਦੇ ਵੱਡੇ ਸਾਰੇ ਝਾੜ ਲਾਗੇ ਬਣੀ ਮਟੀ ਨੂੰ ਪੂਜਾ-ਸਥਾਨ ਬਣਾਈ ਬੈਠੇ ਮੋਹਣ ਨਾਮੀਂ ਤਕੜੇ ਜੁੱਸੇ ਵਾਲੇ ਇਕ ਨੌਜਵਾਨ ਦੀ ਸੰਗਤ ਕਰਨ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਮੋਹਣ ਅੱਬੋਆਲ ਨਾਮੀਂ ਪਿੰਡ ਦੇ ਲੰਬੜ ਦਾ ਮੁੰਡਾ ਸੀ। ਉਹ ਆਪਣਾ ਘਰ ਇਸ ਲਈ ਛੱਡ ਆਇਆ ਸੀ ਕਿ ਉਸ ਦੇ ਲੰਬੜ ਪਿਉ ਨੇ ਪਹਿਲੀ ਘਰ ਵਾਲੀ ਦੇ ਗੁਜ਼ਰ ਜਾਣ 'ਤੇ, ਹੁਸ਼ਿਆਰਪੁਰੋਂ, ਕੰਜਰੀ ਬਾਜ਼ਾਰ ਤੋਂ ਹੋਰ 'ਘਰ ਵਾਲੀ' ਖਰੀਦ ਲਿਆਂਦੀ ਸੀ। ਭਲਵਾਨੀ ਜੁੱਸੇ ਵਾਲੇ ਮੋਹਣ ਤੋਂ ਪਿਤਾ ਦਾ ਇਹ ਕਾਰਨਾਮਾ ਬਰਦਾਸ਼ਤ ਨਾ ਹੋਇਆ। ਉਹ ਆਪਣਾ ਘਰ-ਪਿੰਡ ਛੱਡ ਕੇ ਸਾਡੇ ਪਿੰਡ 'ਬਣਾਂ-ਸਾਹਬ' ਗਿਣੇ ਜਾਂਦੇ ਸਥਾਨ 'ਤੇ ਆ ਬੈਠਾ। ਨਾਲ ਹੀ ਉਸਦੇ ਕੁਸ਼ਤੀ-ਕਬੱਡੀ ਖੇਲ੍ਹਣ ਤੇ ਭੰਗ ਘੋਟ ਕੇ ਪੀਣ ਦੇ ਸ਼ੌਕ ਵੀ ਤੁਰਦੇ ਰਹੇ। ਸ਼ਾਮੀਂ ਸੂਰਜ ਡੁਬਦਿਆਂ ਕਰਦਿਆਂ ਉਹ ਗੱਭਰੂਆਂ ਨੂੰ ਤੇਲ ਮਾਲਸ਼ ਕਰ ਕੇ ਕਿਸੇ ਨੂੰ ਕੌਡ-ਕਬੱਡੀ ਖੇਲ੍ਹਣ ਲਾ ਦਿੰਦਾ, ਕਿਸੇ ਨੂੰ ਘੁਲਣ, ਚਿੱਤ ਕਰਨ ਦੇ ਦਾਅ ਦੱਸਦਾ, ਕਿਸੇ ਨਾ ਕਿਸੇ ਨੂੰ ਘੋਟਣਾ ਕੂੰਡਾ ਲੈ ਕੇ ਭੰਗ ਘੋਟਣ ਦੇ ਕੰਮ ਲਾਈ ਰੱਖਦਾ। ਕਸਰਤ ਮੁੱਕਣ 'ਤੇ ਬਹੁਤੇ ਖਿਡਾਰੀ ਚਾਅ-ਚਾਅ 'ਚ ਵਿਚ-ਵਾਰ ਉਸਦੀ ਸ਼ਰਦਾਈ ਦਾ ਸੁਆਦ ਵੀ ਚੱਖਦੇ ਰਹੇ। ਕਈ ਤਾਂ ਜਿਵੇਂ ਪੱਕੇ ਭੰਗ-ਪੀਣੇ ਬਣ ਗਏ ਸਨ। ਮੈਂ ਤੇ ਸੁਰਜੀਤ ਵੀ ਇਸ ਐਬ ਤੋਂ ਬਚੇ ਨਹੀਂ ਸੀ ਰਹੇ। ਕਈ ਵਾਰ ਦੋ ਤਿੰਨ ਘੁੱਟ ਵੱਧ ਪੀ ਕੇ ਥਾਏਂ ਡਿੱਗਿਆਂ ਨੂੰ ਸਾਨੂੰ ਘਰ ਵਾਲੇ ਬਣਾਂ-ਸਾਹਬ ਵਾਲੇ ਅਖਾੜੇ ਤੋਂ ਚੁੱਕ ਕੇ ਲਿਆਏ ਸਨ। ਪਰ, ਸਾਡੇ ਘਰ ਵਾਲਿਆਂ ਸਮੇਤ ਸੰਤ ਮੋਹਣ ਨੂੰ ਕਦੇ ਕਿਸੇ ਬੁਰਾ-

ਭਲਾ ਨਹੀਂ ਸੀ ਕਿਹਾ, ਪਤਾ ਨਹੀਂ ਕਿਉਂ!

ਮੈਨੂੰ ਜਾਪਿਆ ਸੀ, ਵਿਦਿਆਰਥੀਆਂ ਨੂੰ ਮੇਰੀ ਇਹ ਵਾਰਤਾ ਐਵੇਂ ਅਪਲ-ਟਪਲ ਜਿਹੀ ਜਾਪੀ ਸੀ। ਉਹਨਾਂ ਕੋਈ ਹੁੰਗਾਰਾ ਨਹੀਂ ਸੀ ਭਰਿਆ। ਉਂਝ ਇਕ ਵਿਦਿਆਰਥੀ ਦੇ ਅਗਲੇ ਪ੍ਰਸ਼ਨ ਦੀ ਸੁਰ ਜ਼ਰੂਰ ਇਸ ਵਾਰਤਾ ਨਾਲ ਰਲ਼ਦੀ-ਮਿਲਦੀ ਸੀ। ਉਸਨੇ ਪੁੱਛਿਆ ਸੀ: "ਸਰ, ਤੁਹਾਡੀ ਕੋਈ ਐਸੀ ਆਦਤ ਜਿਹੜੀ ਵਿਦਿਆਰਥੀ ਜੀਵਨ ਵੇਲ਼ੇ ਤੁਹਾਡੀ ਬਦਨਾਮੀ ਦਾ ਕਾਰਨ ਬਣੀ ਹੋਵੇ ਜਾਂ ਨੇਕ-ਨਾਮੀ ਦਾ?"

ਭਲਾ, ਮੈਂ ਇਸ ਪ੍ਰਸ਼ਨ ਦਾ ਕੀ ਉੱਤਰ ਦਿੰਦਾ। ਜੇ ਕੁਸ਼ਤੀ ਅਖਾੜੇ 'ਚ ਵਾਪਰੀਆਂ ਸਾਰੀਆਂ ਘਟਨਾਵਾਂ ਦਾ ਹੂ-ਬ-ਹੂ ਵਰਨਣ ਕਰਦਾ ਤਾਂ ਮੇਰੀ ਇਜ਼ਤ-ਆਬਰੂ ਦਾਗ਼ੀ ਹੁੰਦੀ ਸੀ, ਜੇ ਨਹੀਂ ਸੀ ਕਰਦਾ ਤਾਂ ਰੂ-ਬ-ਰੂ ਦੀ ਆਤਮਾ ਨਾਲ ਬੇ-ਇਨਸਾਫੀ ਹੁੰਦੀ ਸੀ। ਵਿਚਕਾਰ ਜਿਹੇ ਫਸੇ ਨੇ ਮੈਂ ਥੋੜ੍ਹਾ-ਬਹੁਤ ਹੇਠਾ-ਉੱਤਾ ਕਰ ਕੇ ਭੰਗ ਸੇਵਨ ਸਮੇਂ ਹੋਈਆਂ-ਵਾਪਰੀਆਂ ਦੱਸ ਵੀ ਦਿੱਤੀਆਂ, ਹਾਸੇ 'ਚ ਪਰੋ ਕੇ ਤੇ ਆਪਣੇ ਆਪ ਨੂੰ ਸ਼ਰਮਸਾਰ ਹੋਣੋਂ ਬਚਦਾ ਕਰ ਕੇ ਅਗਾਂਹ ਤੋਂ ਸਾਵਧਾਨੀ ਵਰਤਣ ਦੀ ਚੁਸਤੀ ਵੀ ਮਾਰ ਲਈ। ਇਸ ਸਾਵਧਾਨੀ ਪਿੱਛੇ ਮਾਸਟਰ ਤੀਰਥ ਰਾਮ ਦੇ ਸਹਿਜ-ਵਿਵਿਹਾਰ ਦਾ ਵੱਡਾ ਹੱਥ ਸੀ।

ਜਿੱਥੋਂ ਤਕ ਸਕੂਲੀ ਪੜ੍ਹਾਈ ਦਾ ਸੰਬੰਧ ਐ, ਮੈਂ ਅੱਠਵੀਂ ਤਕ ਇਸ ਪੱਖੋਂ ਕਾਫੀ ਸਾਰਾ ਅਵੇਸਲ਼ਾ ਰਿਹਾ ਸਾਂ। ਪਤਾ ਨਹੀਂ ਕਿਵੇਂ, ਨੌਵੀਂ ਜਮਾਤ ਵਿਚ ਦਾਖਲ ਹੁੰਦਿਆਂ ਸਾਰ ਇਹ ਪ੍ਰਵਿਰਤੀ ਇਕ ਦਮ ਬਦਲ ਗਈ। ਮੈਂ, ਸੁਰਜੀਤ ਤੇ ਹੋਰਨਾਂ ਕਲਾਸ-ਮੇਟਾਂ ਤੋਂ ਕਾਫੀ ਅੱਗੇ ਲੰਘ ਗਿਆ। ਇਕ ਵਾਰ ਮਾਸਟਰ ਤੀਰਥ ਰਾਮ ਨੇ ਅਲਜਬਰੇ ਦਾ ਇਕ ਸਵਾਲ ਕਲਾਸ ਦੇ ਕੰਧ-ਬੋਰਡ 'ਤੇ ਲਿਖ ਕੇ ਆਖਿਆ-- 'ਜਿਹੜਾ ਬੱਚਾ ਇਹ ਸਵਾਲ ਹੱਲ ਕਰੇਗਾ ਉਸਨੂੰ ਇਨਾਮ ਮਿਲੇਗਾ।' ਮੈਂ ਝੱਟ ਉੱਠ ਕੇ ਮਾਸਟਰ ਜੀ ਕੋਲ ਪੁੱਜ ਗਿਆ। ਉਹਨਾਂ ਹੱਥੋਂ ਚਾਕ ਫੜਿਆ, ਤੇ ਪੰਜ-ਸੱਤ ਮਿੰਟਾਂ 'ਚ ਲਿਖਿਆ ਸਵਾਲ, ਸਹੀ ਜਵਾਬ ਨਾਲ ਹੱਲ ਕਰ ਦਿੱਤਾ। ਮਾਸਟਰ ਜੀ ਨੇ ਮੈਨੂੰ ਥਾਪੀ ਵੀ ਦਿੱਤੀ ਤੇ ਚਾਰ ਆਨੇ ਇਨਾਮ ਵੀ। ਮੈਂ ਅਗਾਂਹ ਤੋਂ ਕਿਤਾਬੀ-ਸਕੂਲੀ ਕੰਮ ਹੋਰ ਵੀ ਲਗਨ ਨਾਲ ਕਰਨ ਲੱਗ ਪਿਆ। ਇਸ ਲਈ ਸ਼ਾਇਦ ਮੇਰੇ ਦਸਵੀਂ ਦੀ ਸਾਲਾਨਾ ਪਰੀਖਿਆ ਵਿਚ ਹਰ ਕਿਸੇ ਦੀ ਉਮੀਦ ਨਾਲੋਂ ਵੱਧ ਨੰਬਰ ਆਏ ਸਨ, 504, ਦੂਜੀ ਡਵੀਜ਼ਨ। ਪਹਿਲੀ ਡਵੀਜ਼ਨ ਨਾਲੋਂ ਸਿਰਫ 6 ਅੰਕ ਘੱਟ। ਸਾਰੇ ਅਧਿਆਪਕਾਂ ਮੈਨੂੰ ਸ਼ਾਬਾਸ਼ ਦਿੰਦਿਆਂ ਆਖਿਆ ਸੀ- ਥੋੜ੍ਹਾ ਕੁ ਹੋਰ ਹੱਲਾ ਮਾਰਦਾ ਤਾਂ ਪਹਿਲੀ ਡਵੀਜ਼ਨ ਬਣ ਜਾਂਦੀ 510 ਤੋਂ ਸ਼ੁਰੂ ਹੋਣ ਵਾਲੀ। ਸਾਰੇ ਸਕੂਲ ਵਿਚ ਕੇਵਲ ਇਕ ਹੀ ਵਿਦਿਆਰਥੀ ਪਰਮਜੀਤ ਦੀ ਪਹਿਲੀ ਡਵੀਜ਼ਨ ਆਈ ਸੀ। ਮੈਂ ਦੂਜੇ ਨੰਬਰ 'ਤੇ ਰਿਹਾ ਸਾਂ।

ਇਹ ਵਾਰਤਾ ਮੈਂ ਰੂ-ਬ-ਰੂ ਵੇਲ਼ੇ, ਬੜੇ ਉਚੇਚ ਨਾਲ ਹਾਜ਼ਰ ਵਿਦਿਆਰਥੀਆਂ ਨੂੰ ਸੁਣਾਉਣ ਤੋਂ ਇਸ ਲਈ ਨਹੀਂ ਖੁੰਝਿਆ, ਤਾਂ ਕਿ ਘਰੋਂ ਪੜ੍ਹਨ ਆਏ ਵਿਦਿਆਰਥੀ ਅਵਾਰਾਗਰਦੀ ਦੀ ਥਾਂ ਪੜ੍ਹਾਈ ਵੱਲ ਬਹੁਤਾ ਧਿਆਨ ਦੇਣ। ਮੁੱਢਲੇ ਸਾਲਾਂ 'ਚ ਪੜ੍ਹਾਈ ਤੋਂ ਅਣਗਹਿਲ਼ੀ ਜੀਵਨ ਦੇ ਸਾਰੇ ਵਰ੍ਹਿਆਂ 'ਚ ਪਛਤਾਵੇ ਦਾ ਕਾਰਨ ਨਾ ਬਣਦੀ ਰਹੇ।

ਮੈਂ ਆਪਣੇ ਜੀਵਨ 'ਚ ਸਫਲ ਰਿਹਾ ਹਾਂ ਜਾਂ ਅਸਫਲ, ਕਹਿ ਨਹੀਂ ਸਕਦਾ। ਪਰ ਪੜ੍ਹਨ-ਲਿਖਣ ਦੀ ਲਗਨ ਤੋਂ ਕਦੇ ਅਵੇਸਲ਼ਾ ਨਹੀਂ ਹੋਇਆ। ਜਿਸ ਦਿਨ ਕੁਝ ਨਾ ਪੜ੍ਹਿਆ ਜਾਏ, ਮੈਨੂੰ ਲੱਗਦਾ, ਮੈਂ ਉਹ ਦਿਨ ਜਿਵੇਂ ਅਜਾਈਂ ਬਰਬਾਦ ਕਰ ਦਿੱਤਾ ਹੈ। ਮੈਂ ਚਾਹੁੰਦਾ ਸੀ ਕਿ ਵਿਦਿਆਰਥੀ ਵਿਸ਼ਵ-ਪੱਧਰ ਦੇ ਲੇਖਕ, ਜਿਵੇਂ ਗੋਰਕੀ, ਤਾਲਸਤਾਏ, ਤੁਰਗਨੇਵ, ਸ਼ੋਲੋਖੋਵ, ਸ਼ੈਕਸਪੀਅਰ, ਕੀਟਸ, ਐਮਰਸਨ, ਹੈਮਿੰਗਵੇ, ਕਾਮੂ ਨੂੰ ਭਾਵੇਂ ਅਜੇ ਨਾ ਵੀ ਸਹੀ, ਆਪਣੇ ਦੇਸ਼ ਦੇ ਨਾਮਵਰ ਹਸਤਾਖਰ ਜਿਵੇਂ ਟੈਗੋਰ, ਮੁਨਸ਼ੀ ਪ੍ਰੇਮ ਚੰਦ, ਸ਼ਰਤ ਚੰਦਰ, ਕ੍ਰਿਸ਼ਨਾ ਸੋਬਤੀ, ਖੁਸ਼ਵੰਤ ਸਿੰਘ, ਭੀਸ਼ਮ ਸਾਹਨੀ ਅਤੇ ਹੋਰ ਅਨੇਕਾਂ ਵੱਡੇ ਨਾਵਾਂ 'ਚੋਂ ਕੁਝ ਇਕ ਨੂੰ ਜ਼ਰੂਰ ਪੜ੍ਹਨ, ਆਪਣੀ ਸੁਵਿਧਾ ਅਨੁਸਾਰ। ਆਪਣੀ ਮਾਂ ਬੋਲੀ ਦੇ, ਭਾਈ ਵੀਰ ਸਿੰਘ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਜਸਵੰਤ

ਸਿੰਘ ਕੰਵਲ, ਗੁਰਦਿਆਲ ਸਿੰਘ, ਗੁਰਬਖਸ਼ ਸਿੰਘ ਵਰਗੇ ਉੱਘੇ ਲੇਖਕਾਂ ਸਮੇਤ ਕਵਿਤਾ, ਕਹਾਣੀ, ਨਾਵਲ, ਨਾਟਕ, ਵਾਰਤਕ ਖੇਤਰ ਦੇ ਸਾਰੇ ਨਾ ਸਹੀ, ਅੱਧ-ਪਚੱਧ ਹਸਤਾਖਰਾਂ ਦੀਆਂ ਲਿਖਤਾਂ ਦਾ ਸਾਰੰਸ਼ ਤਾਂ ਜਿਵੇਂ ਉਹਨਾਂ ਦੇ ਨੌਂਹਾਂ ਪੋਟਿਆਂ 'ਤੇ ਉੱਕਰਿਆ ਜਾਣਾ ਚਾਹੀਦਾ। ਤਾਂ ਜੁ ਉਹਨਾਂ ਦੀ ਲਿਖਣ-ਗੁਣਵੰਤਾ ਅਨੁਸਾਰ ਵਿਦਿਆਰਥੀ ਆਪਣੇ ਆਪ ਨੂੰ ਢਾਲ਼ ਕੇ ਆਪਣੇ ਲਈ ਲੋੜੀਂਦਾ ਰਾਹ ਅਪਨਾ ਸਕਣ।

ਉਪਰੋਕਤ ਵਿਚਾਰ ਮੈਂ ਚੰਗੀ ਤਰ੍ਹਾਂ ਵਿਦਿਆਰਥੀਆਂ ਨਾਲ ਸਾਂਝੇ ਨਾ ਕਰ ਸਕਿਆ। ਐਵੇਂ ਨਾਮ-ਮਾਤਰ ਜਿਹੀ ਕਾਰਵਾਈ ਪਾ ਕੇ ਚੁੱਪ ਕਰ ਗਿਆ। ਕਾਰਨ ਇਹ ਸੀ ਸ਼ਾਇਦ ਕਿ ਅੱਜੋਕੇ ਸਮੇਂ ਐਵੇਂ-ਕਿਵੇਂ ਦੀ ਪੱਧਰ ਦੀਆਂ ਪੁਸਤਕਾਂ ਦੇ ਧੜਾ ਧੜ ਛਪਣ ਤੇ ਉਹਨਾਂ ਦਾ ਪਰਚਾਰ ਪਰਸਾਰ ਕਰਨ ਦੇ ਵਰਤਾਰੇ ਤੋਂ ਮੈਂ ਖੁਦ ਨਿਰਾਸ਼ ਤੇ ਸ਼ਰਮਿੰਦਾ ਸਾਂ। ਇਸ ਸ਼ਰਮਿੰਦਗੀ ਨੇ ਮੈਨੂੰ ਦੋਗਲੀ ਜਿਹੀ ਬੋਲੀ ਬੋਲਣ ਤੋਂ ਰੋਕੀ ਰੱਖਿਆ ਸੀ ਸ਼ਾਇਦ। ਮੈਨੂੰ ਇਹ ਵੀ ਡਰ ਸੀ ਕਿ ਵਿਦਿਆਰਥੀਆਂ ਸਮੇਤ ਸਾਧਾਰਨ ਪਾਠਕਾਂ ਵਿਚ ਘਟ ਰਹੀ ਪੜ੍ਹਨ-ਰੁਚੀ ਨੂੰ ਹੋਰ ਨਾ ਠੇਸ ਪੁੱਜਦੀ ਹੋ ਜਾਵੇ। ਤਾਂ ਵੀ ਝੱਟ ਹੀ ਗੰਭੀਰ ਦਿਸਦੀ ਇਕ ਵਿਦਿਆਰਥਣ ਨੇ ਇਸ ਸੰਬੰਧੀ ਮੈਥੋਂ ਸਿੱਧਾ ਪੁੱਛ ਲਿਆ ਸੀ, "ਅੰਕਲ, ਤੁਹਾਡੀਆਂ ਪੁਸਤਕਾਂ ਵਿਚ ਸ਼ਾਮਲ ਸਮੱਗਰੀ ਨੂੰ ਕਿੰਨੇ ਕੁ ਪਾਠਕ ਪਸੰਦ ਕਰਦੇ ਨੇ...ਤੁਹਾਡੀਆਂ ਲਿਖਤਾਂ ਨੂੰ ਕਿੰਨੇ ਕੁ ਇਨਾਮ ਸਨਮਾਨ ਮਿਲੇ ਨੇ!?"

ਉਸ ਲੜਕੀ ਦੀ ਪੁੱਛ ਵਿਚ ਦੋ ਪ੍ਰਸ਼ਨ ਸਨ, ਜਿਹਨਾਂ ਦਾ ਉੱਤਰ ਦੇਣ ਲਈ ਪੈਂਦੀ ਸੱਟੇ ਮੈਂ ਛਿੱਥਾ ਜਿਹਾ ਪੈ ਗਿਆ। ਕਾਰਨ ਸ਼ਾਇਦ ਇਹ ਸੀ ਕਿ ਮੇਰੀ ਲਿਖਤ-ਸਮੱਗਰੀ ਦੇ ਪਾਠਕਾਂ ਦੀ ਗਿਣਤੀ ਵੀ ਬਹੁਤੀ ਨਹੀਂ ਸੀ, ਤੇ ਇਨਾਮਾਂ ਸਨਮਾਨਾਂ ਦੀ ਵੀ ਨਾਂਹ ਦੇ ਬਰਾਬਰ। ਨਾਂਹ ਦੇ ਬਰਾਬਰ ਇਸ ਲਈ ਕਿ ਸਰਕਾਰੀ ਅਦਾਰੇ ਤਾਂ ਮੈਨੂੰ ਕਿਸੇ ਗਿਣਤੀ ਵਿਚ ਲਿਆਉਂਦੇ ਨਹੀਂ ਸਨ। ਗ਼ੈਰ-ਸਰਕਾਰੀ ਸਾਹਿਤਕ ਅਦਾਰਿਆਂ ਨੇ ਅਵੱਸ਼ ਮੈਨੂੰ ਅਣਗੌਲ਼ਿਆਂ ਨਹੀਂ ਸੀ ਕੀਤਾ। ਉਸ ਵਿਦਿਆਰਥਣ ਦੇ ਪ੍ਰਸਨ ਦਾ ਉੱਤਰ ਮੈਂ ਠੀਕ ਠੀਕ ਦੇ ਸਕਿਆ ਸੀ ਜਾਂ ਨਹੀਂ, ਕਹਿ ਨਹੀਂ ਸਕਦਾ। ਪਰ ਏਨੇ ਨੂੰ ਅਗਲਾ ਮੂਲ ਪ੍ਰਸ਼ਨ ਮੇਰੇ ਰੂ-ਬ-ਰੂ ਸੀ-- 'ਸਰ! ਸੁਣਿਆ, ਤੁਹਾਨੂੰ ਕਈ ਵਾਰ ਪੁਲਸ ਵੀ ਲੱਭਦੀ ਰਹਿੰਦੀ ਸੀ। ਇਹਦਾ ਕੀ ਕਾਰਨ ਸੀ? ਕੀ ਤੁਸੀਂ ਕੋਈ ਜੁਰਮ ਕੀਤਾ ਸੀ, ਜਾਂ ਚੋਰੀ-ਚਕਾਰੀ, ਕਿਸੇ ਨਾਲ ਲੜਾਈ-ਝਗੜਾ, ਜਾਂ...।" ਇਸ ਤੋਂ ਅੱਗੇ ਉਸ ਨੇ ਕੁਝ ਨਾ ਕਿਹਾ। ਉਸ ਗੱਭਰੂ ਨੇ ਕਬੱਡੀ ਦਾ ਦਮ ਪਾਉਣ ਵਾਂਗ ਸਾਵਧਾਨ ਹੋ ਕੇ ਉਠਦਿਆਂ ਮੈਨੂੰ ਨਵੀਂ ਉਲਝਣ ਵਿਚ ਫਸਾ ਦਿੱਤਾ। ਉੱਤਰ ਤਾਂ ਦੇਣਾ ਹੀ ਪੈਣਾ ਸੀ, ਸਹੀ ਜਾਂ ਗ਼ਲਤ। ਸਹੀ ਜਾਂ ਗ਼ਲਤ ਇਸ ਲਈ ਕਿ ਮੈਂ ਸਕੂਲ ਸਮੇਂ ਨਿੱਕੀਆਂ-ਮੋਟੀਆਂ ਚੋਰੀਆਂ ਕਰਨ ਦੀ ਇੱਲਤ ਨੂੰ ਮਾਸਟਰ ਤੀਰਥ ਰਾਮ ਦੇ ਪਿਆਰ-ਦੁਲਾਰ ਸਦਕਾ, ਅਗਾਂਹ ਨਹੀਂ ਸੀ ਵਧਣ ਦਿੱਤਾ, ਨਾ ਹੀ ਨਿੱਕਾ-ਮੋਟਾ ਉਲ੍ਹਾਮਾਂ ਲਿਆਂਦਾ ਸੀ ਕਿਧਰੇ। ਫਿਰ ਵੀ ਪੁਲੀਸ ਵੱਲੋਂ ਮੇਰੇ 'ਤੇ ਘੋਖਵੀਂ ਨਜ਼ਰ ਰੱਖੀ ਰੱਖਣ ਦੇ ਕਾਰਨ ਤਾਂ ਸਨ ਇਕ-ਦੋ। ਇਹ ਕਾਰਨ ਤਾਂ ਦੱਸਣੇ ਹੀ ਪੈਣੇ ਸਨ ਹੁਣ। ਉਸਨੂੰ ਕਿੱਥੋਂ ਤੇ ਕਿਵੇਂ ਪਤਾ ਲੱਗਾ, ਇਸ ਵਿਸਥਾਰ ਵਿਚ ਜਾਣ ਦੀ ਬਜਾਏ, ਮੈਂ ਦੋ ਵਾਰ ਵਾਪਰੀਆਂ ਘਟਨਾਵਾਂ ਠੀਕ-ਠੀਕ ਦੱਸਣੀਆਂ ਮਨਾਸਬ ਸਮਝੀਆਂ।

ਪਹਿਲੀ-- ਜ਼ਿਲ੍ਹਾ ਟੂਰਨਾਮੈਂਟ ਲਈ ਸਕੂਲ਼ ਦੀ ਹਾਕੀ ਟੀਮ ਤਿਆਰ ਕਰ ਰਿਹਾ ਸੀ। ਸਕੂਲ਼ ਸਮੇਂ ਤੋਂ ਪਿੱਛੋਂ। ਖੇਡਾਂ ਖੇਡਦੇ ਕਈ ਸਾਰੇ ਬੱਚੇ ਗਰਾਊਂਡ ਦੀਆਂ ਬਾਹਰਲੀਆਂ ਹੱਦਾਂ 'ਤੇ ਬੈਠੇ-ਖੜ੍ਹੇ, ਆਪੋ ਵਿਚ ਦੀ ਸ਼ਰਾਰਤਾਂ ਵੀ ਕਰੀ ਜਾਂਦੇ, ਖੇਡ ਦਾ ਆਨੰਦ ਵੀ ਮਾਣੀ ਜਾਂਦੇ। ਮੈਨੂੰ ਟੀਮ ਦੇ ਕਿਸੇ ਨਾ ਕਿਸੇ ਖਿਡਾਰੀ ਨੂੰ ਗ਼ਲਤ ਪਾਸ ਦੇਣ, ਹਵਾਈ ਕਿੱਕ ਮਾਰਨ ਤੋਂ ਰੋਕਣ ਲਈ ਥੋੜ੍ਹੀ-ਬਹੁਤੀ ਤਾੜਨਾ ਵੀ ਕਰਨੀ ਪੈਂਦੀ। ਇਕ ਦਿਨ ਇਕ ਖਿਡਾਰੀ ਵੱਲੋਂ ਵਾਰ ਵਾਰ ਕੀਤੀ ਗ਼ਲਤੀ ਕਾਰਨ ਉਸਦੀ ਥੋੜ੍ਹੀ ਕੁ ਝਾੜ-ਝੰਭ ਕਰਨੀ ਪਈ। ਬਾਹਰਲੀ ਲਾਈਨ 'ਤੇ ਬੈਠਾ ਇਕ ਦਰਸ਼ਕ ਸ਼ਾਇਦ ਬਰਦਾਸ਼ਤ ਨਾ ਕਰ ਸਕਿਆ। ਅਵਾ-ਤਵਾ ਬੋਲਦਾ ਉਹ ਸਿੱਧਾ ਮੇਰੇ ਵੱਲ ਨੂੰ ਆਉਂਦਾ ਲਾਗੇ ਆ ਕੇ ਕੁਝ ਕਹਿਣ ਹੀ ਲੱਗਾ ਸੀ, ਕਿ ਮੈਥੋਂ, ਖਪੇ-ਤਪੇ ਤੋਂ ਥੋੜ੍ਹਾ ਕੁ ਉੱਚੀ

ਬੋਲਿਆ ਗਿਆ। ਉਹ ਵਾਪਸ ਤਾਂ ਮੁੜ ਗਿਆ, ਪਰ ਮੁੜ ਦਰਸ਼ਕਾਂ 'ਚ ਨਾ ਬੈਠਾ। ਆਪਣੇ ਘਰ ਚਲਾ ਗਿਆ ਸੀ ਸਿੱਧਾ। ਉਹ ਪੰਚਾਇਤ ਸੰਮਤੀ ਦੇ ਚੇਅਰਮੈਨ ਦਾ ਲੜਕਾ ਸੀ। ਚੇਅਰਮੈਨ ਸਾਬ੍ਹ ਸਾਡੇ ਸਕੂਲ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰ ਵੀ ਸਨ। ਉਹਨਾਂ ਤੋਂ ਇਹ 'ਬੇ-ਇਜ਼ਤੀ' ਬਰਦਾਸ਼ਤ ਨਾ ਹੋਈ। ਉਸ ਵੇਲੇ ਉਹ ਆਪ ਤਾਂ ਨਾ ਆਏ, ਆਪਣੇ ਇਕ ਪੈਰੋਕਾਰ ਨੂੰ ਗਰਾਉਂਡ ਵਿਚ ਭੇਜ ਦਿੱਤਾ। ਪੈਰੋਕਾਰ ਬਾਹਲ਼ਾ ਈ ਔਖਾ। ਲੱਗਾ ਵੱਧ-ਘੱਟ ਬੋਲਣ। ਮੈਨੂੰ ਅੱਗੋਂ ਹੱਥਲੀ ਹਾਕੀ ਉਲਾਰ ਕੇ ਦੋ ਕੁ ਕਦਮ ਉਹਦੀ ਵੱਲ ਨੂੰ ਪੁੱਟਣੇ ਪਏ। ਉਹਨੂੰ ਦੌੜਦੇ ਨੂੰ ਰਾਹ ਨਾ ਲੱਭਾ। ਇਸ ਵਾਰ ਉਹ ਚੇਅਰਮੈਨ ਦੇ ਦੀਵਾਨਖਾਨੇ ਨਹੀਂ, ਪੁਲੀਸ ਚੌਂਕੀ ਪੁੱਜ ਗਿਆ। ਪੰਜ-ਸੱਤ ਉਹਦੇ ਵਰਗੇ ਲਫੈਂਟਰ ਹੋਰ ਵੀ ਨਾਲ। ਉਹਨੇ ਮੁਣਸ਼ੀ ਨੂੰ ਸਾਰੀ ਗੱਲ ਖਿਝੇ-ਖਪੇ ਨੇ ਦੱਸੀ। ਨਾਲ ਹੀ ਆਪਣੀ ਕਮੀਜ਼ ਚੁੱਕ ਕੇ ਹਾਕੀ ਦੇ 'ਵੱਜਣ' ਦੀ ਥਾਂ 'ਤੇ ਉਂਗ਼ਲੀ ਵੀ ਰੱਖੀ। ਹਾਕੀ ਵੱਜਣ ਦਾ ਕੋਈ ਨਿਸ਼ਾਨ ਹੁੰਦਾ ਤਾਂ ਪਤਾ ਲੱਗਦਾ। ਮੁਣਸ਼ੀ ਨੇ ਬਹੁਤੀ ਗ਼ੌਰ ਨਾ ਕੀਤੀ। ਇਕ ਕਾਗ਼ਜ਼-ਪੈੱਨ ਦੇ ਬੱਸ਼ ਐਨਾ ਕੁ ਆਖਿਆ, "ਜੋ ਹੋਇਆ ਲਿਖ ਦੇ। ਠਾਣੇਦਾਰ ਸਾਬ੍ਹ ਆਉਂਦੇ ਤਾਂ ਦੱਸ ਦੂੰ ਉਹਨਾਂ ਨੂੰ।" ਇਵੇਂ ਹੀ ਹੋਇਆ ਹੋਣਾ। ਉਸ ਦਿਨ ਸ਼ਾਮ ਕਾਫੀ ਹੋ ਗਈ ਸੀ। ਸਕੂਲ ਬੰਦ ਸੀ। ਹੋ ਕੁਝ ਨਹੀਂ ਸੀ ਸਕਦਾ। ਮੈਂ ਵੀ ਵਾਪਸ ਖਿਸਕ ਆਇਆ। ਅਗਲੇ ਦਿਨ ਦੁਪਹਿਰ ਕੁ ਵੇਲੇ ਚੇਅਰਮੈਨ ਆਪ ਫਿਰ ਨਾ ਆਏ ਸਕੂਲ। ਦੋ ਕੁ ਲਾਕੜੀ ਭੇਜ ਦਿੱਤੇ। ਪੰਚ ਹੋਣਗੇ ਜਾਂ ਵੈਸੇ ਹੀ ਸੁੱਕੇ-ਪੁੱਕੇ ਚੋਧਰੀ। ਬੜੀ ਹੈਂਕੜ ਜਿਹੀ 'ਚ ਦਿਸਦੇ ਸੀ। ਥੋੜ੍ਹੇ ਕੁ ਚਿਰ ਪਿੱਛੋਂ ਚੋਂਕੀਉਂ ਸਿਪਾਹੀ ਵੀ ਆ ਗਿਆ। ਮੈਨੂੰ ਵੀ ਕਲਾਸ-ਰੂਮ 'ਚੋਂ ਸੱਦ ਲਿਆ ਗਿਆ। ਲਾਕੜੀਆਂ ਦੀ ਤਲਖੀ ਕਾਰਨ ਤੇ ਸਕੂਲ ਦੀ ਪ੍ਰਤਿਸ਼ਠਾ ਨੂੰ ਆਉਂਦੀ ਆਂਚ ਨੂੰ ਜਾਚਦਿਆਂ ਮੈਂ ਮੁਆਫੀ ਮੰਗਣ ਵਰਗੇ ਦੋ ਕੁ ਵਾਕ ਬੋਲ ਦਿੱਤੇ। ਮਾਮਲਾ ਰਫਾ-ਦਫਾ ਹੋ ਗਿਆ। ਮੈਂ ਅੱਗੇ ਤੋਂ ਸਾਵਧਾਨ ਰਹਿਣ ਦਾ ਮਨ ਬਣਾ ਲਿਆ। ਮੈਨੂੰ ਮਹਿਸੂਸ ਹੋਇਆ ਸੀ ਖਿਡਾਰੀਆਂ ਵਾਲੀ ਤਲਖੀ, ਖਿਡਾਰੀਆਂ ਨੂੰ ਹੀ ਚੰਗੀ ਲੱਗਦੀ ਐ, ਕੋਚਾਂ-ਇਨਚਾਰਜਾਂ ਨੂੰ ਸੰਭਲ਼ ਕੇ ਚੱਲਣਾ ਚਾਹੀਦਾ।

ਇਹ ਸੀ ਪੁਲੀਸ ਵੱਲੋਂ ਮੇਰਾ ਪਿੱਛਾ ਕਰਨ ਦੀ ਪਹਿਲੀ ਘਟਨਾ।

"ਦੂਜੀ ਘਟਨਾ ਦਾ ਬਰਤਾਂਤ ਥੋੜ੍ਹਾ ਲੰਮੇਰਾ ਹੈ। ਹੈ ਵੀ ਅਧਿਆਪਨ ਖੇਤਰ ਨਾਲੋਂ ਵੱਖਰਾ। ਉਸਨੂੰ ਦੱਸਣ ਨੂੰ ਸਮਾਂ ਵੱਧ ਲੱਗੇਗਾ। ਤੁਸੀਂ ਕਰੀਬ ਪੌਣੇ ਘੰਟੇ ਤੋਂ ਵੱਧ ਮੇਰੀਆਂ ਗੱਲਾਂ-ਬਾਤਾਂ ਸੁਣ ਰਹੇ ਹੋ। ਤੁਹਾਨੂੰ ਏਨਾ ਕੁ ਸਮਾਂ ਹੀ ਕਲਾਸ 'ਚ ਬੈਠਣ ਦੀ ਆਦਤ ਐ। ਵੱਧ ਨਹੀਂ। ਮੇਰੀ ਲੰਮੀ ਵਿਥਿਆ ਸੁਣ ਕੇ ਤੁਸੀਂ ਅੱਕ ਤਾਂ ਨਹੀਂ ਜਾਉਗੇ। ਇਸ ਬਾਰੇ ਮੈਨੂੰ ਆਪਣੀ ਰਾਇ ਦੱਸੋ।" ਮੈਂ ਸਮਾਂ ਸੀਮਾ ਬਾਰੇ ਆਪਣੀ ਰਾਇ ਦੱਸੀ!

"ਨਹੀਂ ਅੱਕਦੇ ਅੰਕਲ, ਇਹ ਜਿੰਨੇ ਕੁ ਬੈਠੇ ਐ ਤੁਹਾਡੇ ਸਾਹਮਣੇ, ਇਹ ਉਹਨਾਂ ਲਫੰਗਿਆਂ 'ਚੋਂ ਨਹੀਂ, ਜਿਹਨਾਂ ਦੀ ਸੁਰਤੀ-ਬਿਰਤੀ ਕਲਾਸ ਕਮਰੇ ਅੰਦਰ ਬੈਠਿਆਂ ਵੀ ਕੰਟੀਨਾ-ਕੈਫੇਟੇਰੀਆਂ 'ਚ ਘੁੰਮਦੀ ਰਹਿੰਦੀ ਐ। ਇਹ ਹੋਰ ਕਿਸਮ ਦਾ ਖੂਨ ਐ। ਇਹ ਖੂਨ, ਤਪਦੀ ਖਪਦੀ ਲੋਕਾਈ ਨੂੰ ਸੜਦੇ-ਬਲ਼ਦੇ 'ਚੋਂ ਬਾਹਰ ਕੱਢਣ, ਹੜ੍ਹਾਂ-ਰੋੜ੍ਹਾਂ 'ਚ ਘਿਰਿਆਂ ਨੂੰ ਸੰਭਾਲਣ ਬਾਰੇ ਬਹੁਤਾ ਸੋਚਦਾ। ਇਹ ਟਾਈਮ ਪਾਸ ਕਰਨ ਲਈ ਕਾਲਿਜ ਨਹੀਂ ਆਉਂਦਾ, ਸਗੋਂ-ਸਗੋਂ।" ਉਸ ਗੰਭੀਰ ਦਿਸਦੇ ਵਿਦਿਆਰਥੀ ਨੂੰ ਸੁਣਕੇ ਮੈਂ ਅਚੰਭਤ ਹੋ ਗਿਆ-- 'ਏਨੀ ਸਿਆਣਪ! ਏਨੀ ਦ੍ਰਿੜਤਾ!!ਫਿਰ ਐਨੀ ਕੁ ਉਮਰ 'ਚ। ਮੌਜ-ਮਸਤੀ ਕਰਨ ਵਾਲੇ ਵਰ੍ਹਿਆਂ 'ਚ!!' ਮੇਰੇ ਅੰਗ-ਪੈਰ ਜਿਵੇਂ ਕੰਬ ਗਏ-- "ਸ਼ਾਬਾਸ਼ ਬੇਟੇ, ਸ਼ਾਬਾਸ਼।" ਮੈਥੋਂ ਇਸ ਤੋਂ ਵੱਧ ਕੁਝ ਨਾ ਆਖਿਆ ਬੋਲਿਆ ਗਿਆ।

ਮੈਂ, ਪੁਲੀਸ ਵੱਲੋਂ ਮੇਰਾ ਪਿੱਛਾ ਕੀਤੇ ਜਾਣ ਦਾ ਵਿਸਥਾਰ ਦੱਸਣ ਦਾ ਪੱਕਾ ਮਨ ਬਣਾ ਲਿਆ। ਇਹ, ਹੁਣ ਤਕ ਦੀ ਬਾਤ-ਵਾਰਤਾ ਦਾ ਸਿੱਟਾ ਸੀ ਸ਼ਾਇਦ ਕਿ ਵਿਦਿਆਰਥੀਆਂ ਦੇ ਸਤਿਕਾਰ ਨੇ ਮੈਨੂੰ 'ਸਰ' ਤੋਂ 'ਅੰਕਲ' ਦੇ ਸੰਬੋਧਨੀ ਸ਼ਬਦ ਵੱਲ ਤੁਰਨ ਦੀ ਪਹਿਲ ਕਦਮੀ ਕਰ ਲਈ ਸੀ। ਤੇ ਮੇਰਾ, ਮੇਰਾ ਮੋਹ ਵੀ ਉਹਨਾਂ ਨੂੰ ਵਿਦਿਆਰਥੀਆਂ ਦੀ ਥਾਂ ਬੱਚਿਓ ਕਹਿਣ ਵੱਲ ਸਰਕ ਗਿਆ ਸੀ।

ਪਿਆਰੇ ਬੱਚਿਓ, ਲਉ ਫਿਰ ਸੁਣੋ ਪਲੀਸ ਭਾਲ਼ ਦੀ ਚੂਜੀ ਘਟਨਾ। ਹਾਂ ਸੱਚ, ਇਹ ਦੱਸਣ

ਤੋਂ ਪਹਿਲਾਂ ਉਸ ਅੱਡੇ ਬਾਰੇ ਦੱਸਣਾ ਜ਼ਰੂਰੀ ਐ, ਜਿੱਥੇ ਇਹ ਘਟਨਾ ਵਾਪਰੀ। ਇਹ ਘਟਨਾ ਤੁਹਾਨੂ ਨਿਰਾਸ਼ ਤਾਂ ਜ਼ਰੂਰ ਕਰੇਗੀ, ਤਾਂ ਵੀ ਮੇਰੇ ਲਈ ਤੁਹਾਡੀ ਹਮਦਰਦੀ 'ਚ ਹੋਰ ਵਾਧਾ ਵੀ ਕਰੇਗੀ। ਗੱਲ ਐਉਂ ਵਾਪਰੀ।... ਘਰ ਵਾਲੀ ਦਾ ਪ੍ਰਾਇਮਰੀ ਸਕੂਲ ਅਸੀਂ ਹਾਜੀਪੁਰ ਨੇੜਲੇ ਪਿੰਡ ਰੈਲੀ ਤੋਂ ਖਾਨਪੁਰ ਬਦਲ ਲਿਆ। ਮੈਂ ਭੰਗਾਲ਼ੇ ਸਾਂ, ਮੁਕੇਰੀਆਂ ਤੋਂ ਪਠਾਨਕੋਟ ਵਾਲੇ ਪਾਸੇ। ਖਾਨਪੁਰ ਮੁਕੇਰੀਆਂ ਤੋਂ ਦਸੂਹੇ ਵੰਨੀਂ। ਦੋਵੇਂ ਸਕੂਲ ਜਰਨੈਲੀ ਸੜਕ 'ਤੇ। ਆਪਣੇ ਵੱਲੋਂ ਅਸੀਂ ਖਾਨਪੁਰ ਸਕੂਲੇ ਰਿਹਾਇਸ਼ੀ ਸੌਖ ਲਈ ਬਦਲੀ ਕਰਵਾਈ ਸੀ, ਪਰ ਹੋਇਆ ਬਿਲਕੁਲ ਉਲਟ। ਰੈਲੀ ਰਾਜਪੂਤ ਜਾਤੀ ਦੇ ਲੋਕ, ਬੜੇ ਮਿਲਾਪੜੇ ਪਹਾੜੀ ਲੋਕਾਂ ਵਰਗੇ। ਖਾਨਪੁਰ ਵੱਖ ਵੱਖ ਤਰ੍ਹਾਂ ਦੀਆਂ ਜਾਤੀਆਂ, ਗੁੱਟਾਂ ਵਾਲਾ ਪਿੰਡ। ਰਾਜਪੂਤ, ਜੱਟ, ਲੁਬਾਣੇ, ਆਦਿ ਧਰਮੀ, ਰਾਮਗੜ੍ਹੀਏ, ਤੇ ਸਭ ਤੋਂ ਵੱਧ ਸਿਆਸੀ ਗਿਣ ਹੁੰਦੀ ਜ਼ਾਤ ਸੈਣੀ। ਕਿਸੇ ਵੀ ਗੁੱਟ ਦੀ ਆਪਸ ਵਿਚ ਕੋਈ ਤਾਲ-ਮੇਲ ਨਾ, ਕੋਈ ਸਾਂਝ ਨਾ। ਜੇ ਕੋਈ ਸੀ ਵੀ ਉਹ ਵੀ ਐਵੇਂ ਦੀ, ਵਿਖਾਵਾ ਮਾਤਰ। ਖਾਨਪੁਰ ਜਾਣ 'ਤੇ ਕਿਸੇ ਨੇ ਸਾਨੂੰ ਕਿਰਾਏ 'ਤੇ ਕਮਰਾ ਨਾ ਦਿੱਤਾ। ਬੜੀਆਂ ਟੱਕਰਾਂ ਮਾਰੀਆਂ। ਆਖਰ ਦੋ ਕੁ ਮਹੀਨੇ ਖਾਨਪੁਰੋਂ ਲਹਿੰਦੀ ਬਾਹੀ ਪਿੰਡ ਡੁੱਗਰੀ ਤੋਂ ਘਰ ਵਾਲੀ ਨੇ ਖਾਨਪੁਰ ਸਕੂਲ ਆਉਣ ਦਾ ਮਨ ਬਣਾ ਲਿਆ। ਡੁੱਗਰੀ ਪਿੰਡੋਂ ਬਾਹਰ ਕਿਸੇ ਵੱਡੇ ਸ਼ਹਿਰ ਜਾ ਵਸੇ ਇਕ ਟੱਬਰ ਦਾ ਮਕਾਨ ਖਾਲੀ ਸੀ। ਸੀ ਤਾਂ ਨਿਰਾ ਈ ਭੂਤ-ਬਾੜਾ, ਪਰ ਲੈਣਾ ਪੈਣਾ ਸੀ। ਗੁਜ਼ਾਰਾ ਤਾਂ ਕਰਨਾ ਈ ਪੈਣਾ ਸੀ। ਦੋਨੋਂ ਬੱਚੇ ਉਸੇ ਪਿੰਡ ਦੇ ਪ੍ਰਾਇਮਰੀ ਸਕੂਲ ਪੜ੍ਹਾਉਂਦੀ ਘਰ ਵਾਲੀ ਦੀ ਜਾਣਕਾਰ ਸਹੇਲੀ ਕੋਲ਼ ਰਹਿੰਦੇ। ਘਰ ਵਾਲੀ ਖਾਨਪੁਰੋਂ ਵਿਹਲੀ ਹੋ ਕੇ ਪਹਿਲੋਂ ਡੁੱਗਰੀ ਪਿੰਡ ਦੇ ਪ੍ਰਾਇਮਰੀ ਸਕੂਲ ਪੁੱਜਦੀ। ਫਿਰ ਕਿਰਾਏ ਵਾਲੇ ਘਰ ਪੁੱਜ ਕੇ ਉਹਨਾਂ ਲਈ ਰੋਟੀ ਪਾਣੀ ਦਾ ਪ੍ਰਬੰਧ ਕਰਦੀ। ਇਉਂ ਦੋ ਕੁ ਮਹੀਨੇ ਅਸੀਂ ਬੜੀ ਔਖ ਨਾਲ ਕੱਟੇ।

ਆਖਰ ਖਾਨਪੁਰ ਪਿੰਡ ਦੇ ਇਕ ਸੈਣੀ ਪਰਿਵਾਰ ਨੇ ਆਪਣੇ ਘਰ ਦੇ ਦੋ ਕਮਰਿਆਂ 'ਚੋਂ ਇਕ ਕਮਰਾ ਸਾਨੂੰ ਕਿਰਾਏ 'ਤੇ ਦੇਣਾ ਮੰਨ ਲਿਆ। ਸਾਨੂੰ ਜਿਵੇਂ ਸੁਖ ਦਾ ਸਾਹ ਆਇਆ ਹੋਵੇ, ਪਰ ਸੈਣੀ ਪਰਿਵਾਰ ਦਾ ਵਤੀਰਾ ਦੇਖ ਕੇ ਤਾਂ ਅਸੀਂ ਰੋਣ-ਹਾਕੇ ਹੀ ਹੋ ਗਏ। ਉਸ ਘਰ ਦੇ ਤਿੰਨ ਜੀਅ ਸਨ। ਮਰਦ-ਇਸਤਰੀ ਤੇ ਇਕ ਲੜਕਾ। ਲੜਕਾ ਪ੍ਰਾਇਮਰੀ 'ਚ ਪੜ੍ਹਦਾ ਸੀ ਅਜੇ। ਸਾਰੇ ਜੀਅ ਸਾਡੀ ਪੈਰ-ਪੈਰ 'ਤੇ ਟੋਕਾ-ਟਾਕੀ ਕਰਦੇ ਰਹਿੰਦੇ -- "ਬਾਹਰਲਾ ਦਰਵਾਜ਼ਾ ਕਿਉਂ ਖੁਲ੍ਹਾ ਛੱਡਿਆ, ਬੱਤੀ ਗਈ ਰਾਤ ਤਕ ਕਿਉਂ ਜਗਦੀ ਰਹਿੰਦੀ ਐ।" ਇਕ ਵਾਰ ਤਾਂ ਸਿਰੇ ਦੀ ਉਲ੍ਹਾਮੇ ਭਰੀ ਗੱਲ, ਸੈਣੀ ਸਾਬ੍ਹ ਨੇ ਆਪੇ ਉਚਾਰ ਦਿੱਤੀ। ਸਾਨੂੰ ਮੀਂਹ-ਕਣੀ ਵੇਲ਼ੇ ਜਾਂ ਬਹੁਤੀ ਧੁੱਪ ਕਾਰਨ ਬੂਹੇ ਵਾਲੀ ਅੰਗੀਠੀ ਕਮਰੇ ਅੰਦਰ ਰੱਖਣੀ ਪੈ ਜਾਂਦੀ। ਰੋਟੀ-ਪਾਣੀ ਤਿਆਰ ਕਰਨ ਵੇਲ਼ੇ। ਅੰਗੀਠੀ ਥੋੜ੍ਹਾ-ਬਹੁਤ ਧੂੰਆਂ ਤਾਂ ਉੱਗਲ਼ਦੀ ਐ ਨਾ। ਬੂਹਾ ਭਾਵੇਂ ਜਿੰਨਾ ਮਰਜ਼ੀ ਸੁੱਕਾ ਹੋਵੇ। ਇਕ ਵਾਰ, ਬੂਹਾ ਥੋੜ੍ਹਾ ਗਿੱਲਾ ਸੀ। ਅੰਗੀਠੀ ਠੀਕ ਤਰ੍ਹਾਂ ਚੱਲ ਨਹੀਂ ਸੀ ਰਹੀ। ਅਸੀਂ ਵਿਹੜੇ 'ਚ ਪਈਆਂ ਛੋਟੀਆਂ-ਛੋਟੀਆਂ ਬਾਲਣ ਵਾਲੀਆਂ ਲੱਕੜਾਂ 'ਚੋਂ, ਘਰ ਵਲਿਆਂ ਤੋਂ ਪੁੱਛੇ ਬਿਨਾਂ ਇਕ ਚੁੱਕ ਲਿਆਏ। ਉਸ ਦਿਨ ਅੰਗੀਠੀ ਤਾਂ ਮਘਦੀ ਹੋ ਗਈ, ਪਰ ਨਾਲ ਸੈਣੀ ਸਾਬ੍ਹ ਨੇ ਸਾਡੇ ਦਿਲ-ਦਿਮਾਗ਼ ਵੀ ਮਘਦੇ ਕਰ ਦਿੱਤੇ। ਅਖੇ-- ਤੁਸੀਂ ਬਿਨਾਂ ਪੁੱਛੇ ਬਾਲਣ ਚੁੱਕਿਆ! ਤੁਸੀਂ ਅੰਗੀਠੀ ਕਮਰੇ ਅੰਦਰ ਕਿਉਂ ਰੱਖੀ ਐ। ਬਾਲੇ-ਸ਼ਤੀਰ ਕਾਲ਼ੇ ਹੋਣਗੇ ਐਉਂ ਤਾਂ।" ਹਾਲੀ ਮੈਂ ਉਸ ਮਾਲਕ ਮਕਾਨ ਦੀ ਰੱਜਵੀਂ ਮਦਦ ਕਰਦਾ ਸਾਂ। ਉਹ ਇਕੱਲਾ ਪੱਠੇ ਕੁਤਰਦਾ ਹੁੰਦਾ ਤਾਂ ਮੈਂ ਗਲ਼ੇ ਲਾ ਦਿੰਦਾ। ਉਹ ਬਾਹਰ ਖੇਤਾਂ 'ਚ ਮੱਕੀ ਦੇ ਜੁੰਡੇ ਚੁਗਦਾ ਹੁੰਦਾ, ਤਾਂ ਮੈਂ ਖੂਹ 'ਤੇ ਪੜ੍ਹਨ ਬੈਠਾ, ਉਸਦੀ ਸਹਾਇਤਾ ਕਰ ਦਿੰਦਾ। ਇਕੱਠੇ ਕੀਤੇ ਜੁੰਡਿਆਂ 'ਚੋਂ ਮੈਂ ਆਪ ਵੀ ਥੋੜ੍ਹੇ ਕੁ ਜਿੰਨੇ ਲੈ ਆਉਂਦਾ ਸੀ, ਅੰਗੀਠੀ ਦੇ ਸੌਖਿਆਂ ਮਘਣ ਲਈ।

ਬਾਲਣ 'ਚੋਰੀ' ਕਰਨ ਵਾਲੀ ਘਟਨਾ ਤੋਂ ਪਿੱਛੋਂ ਅਸੀਂ ਉਸਦਾ ਕਮਰਾ ਛੱਡਣ ਦਾ ਮਨ ਬਣਾ ਲਿਆ। ਸਕੂਲਾਂ ਤੋਂ ਛੁੱਟੀ ਮਗਰੋਂ ਅਸੀਂ ਘਰ ਘਰ ਗੇੜੇ ਮਾਰਨ ਲੱਗ ਪਏ। ਕੋਈ ਪੱਲਾ ਨਾ

ਫੜਾਏ। ਆਖਰ ਕਰਤਾਰ ਸਿੰਘ ਨਾਮੀਂ ਇਕ ਬਜ਼ੁਰਗ ਨੇ ਇਕ ਕਮਰਾ ਦੱਸਿਆ। ਕਿਰਾਏ 'ਤੇ ਮਿਲ਼ ਸਕਦਾ ਸੀ। ਦੇਖਣ ਗਏ ਤਾਂ ਕਮਰਾ ਯੂਰੀਆ ਖਾਦ ਦਾ ਸਟੋਰ। ਪੰਜ-ਸੱਤ ਬੋਰੀਆਂ ਅਜੇ ਅੰਦਰ ਪਈਆਂ ਸਨ। ਖੁਲ੍ਹਾ ਯੂਰੀਆ ਫਰਸ਼ 'ਤੇ ਖਿੱਲਰਿਆ ਪਿਆ ਸੀ। ਕਮਰੇ ਅੰਦਰ ਪੈਰ ਰੱਖਣਾ ਤਾਂ ਕੀ, ਸਾਹ ਲੈਣਾ ਵੀ ਔਖਾ ਲੱਗ ਰਿਹਾ ਸੀ।

ਓਧਰੋਂ ਨਿਰਾਸ ਵਾਪਸ ਆਉਂਦਿਆਂ ਨੂੰ ਰਾਮਗੜ੍ਹੀਆ ਵਿਹੜੇ ਦੀ ਇਕ ਮਾਈ ਨੂੰ ਸਾਡੇ ਸਮੇਤ, ਸਾਡੇ ਬੱਚਿਆਂ ਉੱਤੇ ਜਿਵੇਂ ਤਰਸ ਆਇਆ ਹੋਵੇ। ਉਸਦੇ ਘਰ ਦੇ ਵੀ ਦੋ ਕਮਰੇ ਸਨ। ਇਕ ਕਾਫੀ ਵੱਡਾ ਸੀ, ਇਕ ਛੋਟਾ। ਮਾਈ ਦੀਆਂ ਦੋ ਧੀਆਂ ਤੇ ਇਕ ਮੁੰਡਾ ਸੀ। ਘਰ ਵਾਲਾ ਨਹੀਂ ਸੀ ਰਿਹਾ। ਉਸਨੇ ਛੋਟਾ ਕਮਰਾ ਸਾਨੂੰ ਕਿਰਾਏ 'ਤੇ ਦੇ ਦਿੱਤਾ। ਕਿਰਾਇਆ ਪੰਦਰਾ ਰੁਪਏ। ਸੈਣੀਆਂ ਨੂੰ ਦਿੱਤੇ ਜਾਂਦੇ ਕਿਰਾਏ ਜਿੰਨਾ ਹੀ। ਅਸੀਂ ਅਗਲੇ ਹੀ ਦਿਨ ਸਮਾਨ ਸਮੇਤ ਮਾਈ ਮਾਲ੍ਹਾਂ ਦੇ ਘਰ ਵਿਚ ਸਾਂ। ਖੁਲ੍ਹਾ ਵਿਹੜਾ। ਆਸ-ਪਾਸ ਸਾਡੀ ਜਾਤ-ਬਰਾਦਰੀ। ਰਾਮਗੜ੍ਹੀਆਂ ਦੇ ਘਰ। ਵਿਹੜੇ ਦੇ ਸਿਰੇ 'ਤੇ ਗ਼ਲੀ ਨਾਲ ਲੱਗਦਾ ਸਾਂਝਾ ਖੂਹ। ਸਾਰੇ ਓਥੋਂ ਪਾਣੀ ਭਰਦੇ। ਪਸ਼ੂਆਂ ਨੂੰ ਨਹਾਉਂਦੇ, ਪਾਣੀ ਡਾਹੁੰਦੇ। ਚਿੱਕੜ ਤਾਂ ਖੈਰ ਹੋ ਜਾਂਦਾ ਸੀ। ਹੋਰ ਕੋਈ ਵੱਡੀ ਔਖ ਹੈ ਨਹੀਂ ਸੀ ਏਥੇ। ਇਸ ਘਰ ਦੇ ਜੀਆਂ ਦੀ ਵੀ, ਆਪਣੀ ਆਦਤ ਅਨੁਸਾਰ ਸਹਾਇਤਾ ਕਰਦਾ ਰਹਿੰਦਾ ਮੈਂ। ਮਾਈ ਮਾਲ੍ਹਾਂ ਦੇ ਤਿੰਨਾਂ ਬੱਚਿਆਂ ਨਾਲ, ਉਹਨਾਂ ਦੇ ਖੇਤਾਂ 'ਚ ਕੰਮ ਕਰਨ 'ਚ ਕੋਈ ਝਿਜਕ ਨਹੀਂ ਸੀ। ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਵੀ ਜੋੜਦੇ ਰਹੇ ਲੋਕੀਂ, ਪਰ ਘਰ ਵਾਲਿਆਂ ਨੂੰ ਇਹ ਸਭ ਫਜ਼ੂਲ ਦੀ ਚੁਗਲਬਾਜ਼ੀ ਲੱਗਦੀ ਸੀ। ਅਸੀਂ ਢਾਈ ਕੁ ਸਾਲ ਬੜੀ ਸੌਖ ਨਾਲ ਇਸ ਮਕਾਨ 'ਚ ਕੱਟੇ। ਪਰ ਇਕ ਚੜ੍ਹਦੇ ਸਿਆਲ਼ ਸਾਨੂੰ ਕਮਰਾ ਫਿਰ ਖਾਲੀ ਕਰਨਾ ਪੈ ਗਿਆ। ਮਾਈ ਮਾਲ੍ਹਾਂ ਦੀ ਵੱਡੀ ਲੜਕੀ ਦਾ ਵਿਆਹ ਸੀ। ਮੈਂ ਤੇ ਘਰ ਵਾਲੀ ਫਿਰ ਅਗਲੀ ਭਾਲ਼ 'ਚ ਤੁਰ ਪਏ। ਸਹਿਵਨ ਸਾਨੂੰ ਮਾਈ ਮਾਲ੍ਹਾਂ ਦੇ ਘਰ ਦੇ ਬਿਲਕੁਲ ਨੇੜੇ ਇਕ ਘਰ 'ਚ ਸ਼ਰਨ ਮਿਲ ਗਈ। ਸਹਿਵਨ ਇਸ ਲਈ ਕਿ ਉਸ ਘਰ ਦਾ ਮੁਖੀ ਸ਼ਰਾਬ ਦਾ ਅਤਿ ਦਰਜੇ ਦਾ ਪਿਅਕੜ ਹੋਣ ਕਰਕੇ ਅਚਾਨਕ ਮਰ ਗਿਆ। ਉਸ ਦੀ ਘਰ ਵਾਲੀ ਤੇ ਉਹਨਾਂ ਦੇ ਇਕੋ ਇਕ ਜੁਆਨ ਹੋ ਰਹੇ ਪੁੱਤਰ ਨੇ ਘਰ ਤਾਂ ਸਾਂਭ ਲਿਆ, ਪਰ ਪੁੱਤਰ ਨੂੰ ਲੱਗੀ ਔਂਤਰੀ ਬਿਮਾਰੀ ਮਿਰਗੀ ਨੇ ਇਕ ਰਾਤ ਝੋਨੇ ਨੂੰ ਪਾਣੀ ਲਾਉਣ ਗਏ ਅਜਿਹਾ ਘੇਰਿਆ ਕਿ ਉਸਤੋਂ ਸੂਏ 'ਚ ਡਿੱਗੇ ਹੋਏ ਤੋਂ ਉੱਠਿਆ ਨਾ ਗਿਆ, ਪਾਣੀ 'ਚ ਡੁੱਬੇ ਦੇ ਉਸਦੇ ਸਾਹ ਵੀ ਉਥਾਈਂ ਡੁੱਬ ਗਏ। ਮਾਂ ਵਿਚਾਰੀ ਹੋਰ ਲਾਚਾਰ। ਥੋੜ੍ਹੇ ਕੁ ਦਿਨਾਂ 'ਚ ਉੱਪਰੋ-ਥਲ਼ੀ ਹੋਈਆਂ ਦੋ ਮੌਤਾਂ ਨੂੰ ਉਹ ਸਹਾਰ ਨਾ ਸਕੀ। ਉਹ ਵੀ ਇਕ ਰਾਤ ਸੁੱਤੀ ਅਗਲੇ ਦਿਨ ਨਾ ਉੱਠੀ। ਉਸਦਾ ਵਸਦਾ ਖੁਲ੍ਹਾ-ਖੁਲਾਸਾ ਘਰ ਇਕ-ਦਮ ਉਜਾੜ ਹੋ ਗਿਆ। ਆਖਰ ਸਮਾਂ ਵਿਚਾਰ ਕੇ ਉਹਨਾਂ ਦੀ ਇਕੋ ਇਕ ਵਿਆਹੀ-ਵਰੀ ਧੀ ਮਹਿੰਦਰ ਨੇ ਆਪਣਾ ਸਹੁਰਾ ਘਰ ਛੱਡ ਕੇ ਮਾਪਿਆਂ ਦੇ ਘਰ ਆ ਵਾਸ ਕੀਤਾ। ਮਹਿੰਦਰ ਕੌਰ ਦੇ ਦੋ ਬੱਚੇ ਸਨ- ਵੱਡੀ ਲੜਕੀ, ਛੋਟਾ ਲੜਕਾ। ਹਾਲੀਂ ਪ੍ਰਾਇਮਰੀ ਜਮਾਤਾਂ ਦੇ ਵਿਦਿਆਰਥੀ ਸਨ। ਉਹਨਾਂ ਦਾ 'ਨਵੇਂ ਘਰ' 'ਚ ਜੀਅ ਨਾ ਲੱਗੇ। ਅਸੀਂ ਮਹਿੰਦਰ ਨਾਲ ਗੱਲ ਕੀਤੀ। ਉਹ ਤਿੰਨਾਂ ਕਮਰਿਆਂ ਵਾਲੇ ਘਰ 'ਚੋਂ ਇਕ ਕਮਰਾ ਰਿਕਾਏ 'ਤੇ ਦੇਣਾ ਮੰਨ ਗਈ। ਉਸਦੇ ਬੱਚੇ ਸਾਡੇ ਬੱਚਿਆਂ ਨਾਲ ਰਲ਼-ਮਿਲ਼ ਕੇ ਵਰਚ ਗਏ। ਉਹਨਾਂ ਹੌਲ਼ੀ-ਹੌਲ਼ੀ ਖੇਤੀ ਦਾ ਸਮਾਨ ਇਕੱਠਾ ਕਰ ਕੇ ਖੇਤ ਸੰਭਾਲ਼ ਲਏ। ਮੈਨੂੰ ਵੀ ਆਪਣੀ ਪੁਰਾਣੀ ਚਸਕ ਪੂਰੀ ਹੁੰਦੀ ਦਿਸੀ। ਮੈਂ ਘਰ ਦੇ ਜੁਆਈ ਨਾਲ ਉਸਦੇ ਖੇਤਾਂ 'ਚ ਚਲਿਆ ਜਾਂਦਾ, ਛੁੱਟੀ ਵਾਲੇ ਦਿਨ। ਘਰ-ਜੁਆਈ ਬਹੁਤ ਮਿਹਨਤੀ ਬੰਦਾ ਸੀ। ਮੈਨੂੰ ਵੀ ਉਸ ਨੇ ਆਪਣੇ ਵਰਗਾ ਕਰਨ ਲਈ ਘਰ ਮੱਝ-ਗਾਂ ਰੱਖਣ ਦੀ ਸਲਾਹ ਦੇ ਦਿੱਤੀ। ਮੈਂ ਬਿਨਾਂ ਅੱਗਾ-ਪਿੱਛਾ ਵਿਚਾਰੇ ਆਪਣੇ ਪਿੰਡੋਂ, ਮਾਤਾ ਦੀ ਸਾਂਭ-ਸੰਭਾਲ਼ ਤੋਂ ਵਾਧੂ ਇਕ ਮੱਝ ਖਾਨਪੁਰ ਲੈ ਆਇਆ। ਮੱਝ ਕਾਹਦੀ ਲਿਆਂਦੀ, ਇਕ ਨਵਾਂ ਪੰਗਾ ਖੜ੍ਹਾ ਕਰ ਲਿਆ। ਨਾ ਬੰਨ੍ਹਣ ਨੂੰ ਥਾਂ, ਨਾ ਪੱਠੇ ਪਾਉਣ ਨੂੰ ਖੁਰਲੀ, ਨਾ ਮੱਝ ਲਈ ਪੱਠਿਆਂ ਦਾ ਪ੍ਰਬੰਧ। ਖੈਰ ਐਧਰ-ਓਧਰ ਦੀਆਂ ਟੱਕਰਾਂ ਮਾਰ ਕੇ , ਮੈਂ ਮੱਝ ਦੀ ਲੋੜ ਪੂਰੀ ਕੀਤੀ।

ਗਰਮੀਆਂ ਦੀਆਂ ਛੁੱਟੀਆਂ 'ਚ, ਹੁਣ ਖਾਨਪੁਰੋਂ ਆਪਣੇ ਪਿੰਡ ਝੱਜਾਂ ਜਾਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਗਰਮੀਆਂ ਉਪਰੰਤ ਬਰਸਾਤ ਦਾ ਮੌਸਮ ਸਿਰ 'ਤੇ, ਅੱਗੇ ਸਿਆਲੂ ਰੁੱਤ। ਘਰ ਦੇ ਜੁਆਈ ਨਾਲ ਰਲ਼ ਮਿਲ਼ ਕੇ ਇਕ ਬਰਾਂਡਾ ਖੜ੍ਹਾ ਕਰ ਲਿਆ। ਨੜਿਆਂ-ਕਾਨਿਆਂ ਦੀ ਛੱਤ। ਬਾਂਸਾਂ ਦੀ ਤਰਤੀਬ ਜੋੜ ਕੇ ਗੁਜ਼ਰ-ਗੁਜ਼ਾਰਾ ਕਰਨ ਦੀ ਸਕੀਮ ਸਿਰੇ ਚਾੜ੍ਹ ਲਈ। ਛੱਤ-ਕੰਧਾਂ 'ਤੇ ਕਾਨਾ ਬੰਨ੍ਹ ਕੇ ਮੀਂਹ-ਪਾਣੀ ਤੋਂ ਬਚਾਅ ਕਰ ਲਿਆ। ਬਰਾਂਡੇ ਅੰਦਰ ਬੱਝੇ ਘਰ ਵਾਲਿਆਂ ਦੇ ਪਸ਼ੂ, ਮੇਰੀ ਮੱਝ ਨੂੰ ਅੰਦਰ ਨਾ ਵੜਨ ਦੇਣ। ਮੱਝ ਵੀ ਡਰਦੀ ਅੰਦਰ ਨਾ ਵੜੇ। ਪਸ਼ੂ ਵੀ ਆਪੋ ਵਿਚ ਦੀ ਈਰਖਾ ਕਰਦੇ ਨੇ। ਐਵੇਂ ਹਲਕੀ-ਫੁਲਕੀ ਨਹੀਂ, ਚੰਗੀ-ਚੋਖੀ ਈਰਖਾ। ਦੋਨਾਂ ਪਾਸਿਆਂ 'ਚੋਂ ਕਿਹੜਾ ਮੇਰੀ ਸੀ, ਪਤਾ ਨਾ ਲੱਗੇ। ਸਿਆਲ਼ੂ ਰੁੱਤ, ਧੁੰਦ-ਮੀਂਹ ਤੋਂ ਮੱਝ ਦਾ ਬਚਾਅ ਕਰਨ ਦੀ ਸਮੱਸਿਆ ਖੜ੍ਹੀ ਹੋ ਗਈ। ਇਕ ਰਾਤ ਨੇੜਲੇ ਘਰ ਦੇ ਡੰਗਰਾਂ ਲਾਗੇ ਆਪਣੀ ਮੱਝ ਬੰਨ੍ਹਣ ਦਾ ਯਤਨ ਵੀ ਕੀਤਾ ਅਸੀਂ। ਪਰ ਮਸਲਾ ਉੱਥੇ ਵੀ ਉਹੀ-- ਆਪਸੀ ਈਰਖਾ। ਦੋਵੇਂ ਧਿਰਾਂ ਨਫਰਤੀ ਫੁੰਕਾਰੇ ਮਾਰਨ। ਖੜ੍ਹੇ ਪੈਰ, ਸਾਨੂੰ ਇਕ ਅਵੱਲਾ ਜਿਹਾ ਫੈਸਲਾ ਲੈਣਾ ਪਿਆ। ਮੱਝ ਰਾਤ ਸਮੇਂ ਅਸੀਂ ਪ੍ਰਾਇਮਰੀ ਸਕੂਲ ਦੇ ਇਕ ਕੋਣੇ ਵਾਲੇ ਕਮਰੇ ਵਿਚ ਬੰਨ੍ਹਣੀ ਸ਼ੁਰੂ ਕਰ ਦਿੱਤੀ। ਪਿੰਡ ਵਾਲਿਆਂ ਵੱਲੋਂ ਵਿਰੋਧ ਤਾਂ ਹੋਣਾ ਹੀ ਸੀ। ਅਸੀਂ ਸਰਪੰਚ ਨੂੰ ਮੁਸ਼ਕਲ ਜਾ ਦੱਸੀ। ਚੰਗਾਂ ਬੰਦਾ ਸੀ ਉਹ। ਉਸ ਨੇ ਸਾਡੀ ਝਾੜ-ਝੰਭ ਤਾਂ ਕੀਤੀ, ਪਰ ਅਗਲਾ ਪ੍ਰਬੰਧ ਹੋਣ ਤਕ ਥੋੜ੍ਹੇ ਕੁ ਦਿਨ ਮੱਝ ਸਕੂਲ ਦੇ ਕਮਰੇ 'ਚ ਬੰਨ੍ਹੀ ਰੱਖਣ ਦੀ ਮੰਗ ਪੂਰੀ ਹੋ ਗਈ। ਸ਼ਰਤ ਇਹ ਕਿ ਸਾਫ-ਸਫਾਈ ਏਨੀ ਰੱਖੀ ਜਾਏ ਕਿ ਮੱਝ ਸਕੂਲ 'ਚ ਬੱਝਦੀ ਹੋਣ ਦਾ ਸਬੂਤ ਤਕ ਨਾ ਮਿਲੇ।

ਪਿਆਰੇ ਬੱਚਿਓ, ਤੁਸੀਂ ਸੋਚਦੇ ਹੋਵੋਗੇ ਕਿ ਸਵਾਲ ਤਾਂ ਸਾਡਾ ਇਹ ਸੀ ਕਿ ਤੁਹਾਨੂੰ ਪੁਲੀਸ ਲੱਭਦੀ ਸੀ, ਕੀ ਕਾਰਨ ਸੀ? ਅੱਗੋਂ ਤੁਸੀਂ ਹੋਰ ਦੀ ਹੋਰ ਕਹਾਣੀ ਛੇੜ ਬੈਠੇ ਆਂ--ਖਾਨਪੁਰ ਰਿਹਾਇਸ਼ ਮਸਲਾ, ਸਕੂਲ 'ਚ ਮੱਝ ਬੰਨ੍ਹਣ ਦਾ ਮਸਲਾ! ਇਸ ਕਹਾਣੀ ਦਾ ਪੁਲੀਸ-ਭਾਲ਼ ਨਾਲ ਕੀ ਸੰਬੰਧ ਹੋਇਆ ਭਲਾ! ਹੈਅ... ਮੇਰੇ ਪਿਆਰੇ ਬੱਚਿਓ, ਹੈ। ਇਹਨਾਂ ਮੁਸ਼ਕਲਾਂ ਔਕੜਾਂ ਨੇ ਮੈਨੂੰ ਤੁੱਕੇ ਵਾਂਗ ਸਿੱਧਾ ਕਰ ਕੇ, ਇਹਨਾਂ ਦਾ ਕੋਈ ਨਾ ਕੋਈ ਸਮਾਧਾਨ ਕਰਨ ਲਈ ਪ੍ਰੇਰਿਆ ਹੀ ਨਹੀਂ; ਸਗੋਂ ਕੰਨੋਂ ਫੜ ਕੇ ਕੋਈ ਰਸਤਾ ਭਾਲਣ ਲਈ ਹੁਕਮ ਵਰਗੇ ਸੁਝਾਅ ਵੀ ਦਿੱਤੇ। ਇਹ ਸੁਝਾਅ ਸਨ--'ਹਰ ਕੰਮ ਭਾਈਚਾਰਕ ਸਾਂਝ ਨਾਲ ਵੀ ਨੇਪਰੇ ਚਾੜ੍ਹੀਦਾ ਤੇ ਨਿੱਜੀ ਹੰਭਲੇ ਰਾਹੀਂ ਵੀ। ਆਕੜ-ਫਾਕੜ ਨਹੀਂ, ਨਿਮਰਤਾ ਹੀ ਔਖੇ ਵੇਲ਼ੇ ਸਾਥ ਦਿੰਦੀ ਐ।'

ਅਜਿਹੇ ਸੁਝਾਵਾਂ 'ਤੇ ਅਮਲ ਕਰਦਿਆਂ ਮੈਂ ਕਿਸੇ ਨਾਲ ਝਗੜਾ ਨਾ ਮੁੱਲ ਲਿਆ ਤੇ ਦੂਜੇ ਮੈਂ ਦਸੂਹੇ ਇਕ ਪਲਾਟ ਕਿਸ਼ਤਾਂ 'ਤੇ ਖਰੀਦ ਕੇ ਆਪਣਾ ਕਿਹਾ ਜਾਣ ਵਾਲੇ ਘਰ ਦੀ ਉਸਰੀ ਸ਼ੁਰੂ ਕਰ ਦਿੱਤੀ। ਸਾਲ ਕੁ ਭਰ 'ਚ ਦੋ ਕਮਰੇ, ਰਸੋਈ, ਗ਼ੁਸਲਖਾਨਾ ਬਣਾ ਕੇ ਚਾਰਦੀਵਾਰੀ ਖੜ੍ਹੀ ਕਰ ਲਈ। ਸੀਮਿੰਟ ਦੀ ਤੰਗੀ ਸੀ ਬਹੁਤ। ਵੇਲ਼ਾ ਤਾੜ ਕੇ ਦੋ-ਦੋ, ਚਾਰ-ਚਾਰ ਬੋਰੀਆਂ ਪ੍ਰਾਪਤ ਕਰ ਕੇ ਟੀਪ-ਪਲਸਤਰ ਵੀ ਕਰਾਉਂਦੇ ਰਹੇ ਅਸੀਂ। ਦੂਜਾ ਯਤਨ ਮੇਰਾ, ਮੁਕੇਰੀਆਂ ਇਲਾਕੇ ਵਿਚ ਸਾਹਿਤ ਸਭਾ ਦਾ ਗਠਨ ਕਰਨ ਦਾ ਸੀ। ਸਭਾ ਸਾਹਿਤਕ ਕਾਰਜਾਂ ਦੇ ਨਾਲ ਨਾਲ ਸਮਾਜਕ ਕਾਰਜਾਂ ਵਿਚ ਕਾਫੀ ਸਰਗਰਮ ਰਹੀ। ਪੈਂਤੀ-ਚਾਲ਼ੀ ਮੈਂਬਰ ਸਨ; ਰਲ਼-ਮਿਲ਼ ਕੇ ਸਮਾਂ ਮਿਲਣ 'ਤੇ ਪਿੰਡਾਂ ਵਿਚ ਪੁੱਜ ਕੇ ਸਮਾਗਮ ਕਰਦੇ ਰਹੇ। ਨਾਟਕਾਂ, ਕਵੀ ਦਰਬਾਰਾਂ, ਗੋਸ਼ਟੀਆਂ ਆਦਿ ਦਾ ਆਯੋਜਨ ਕਰਦੇ ਰਹੇ। ਆਪਣੇ ਵੱਲੋਂ ਜਿਵੇਂ ਸਥਾਨਕ ਲੋਕਾਂ ਨੂੰ ਜਾਗਰੂਕ ਕਰਨ ਦੇ ਉਪਰਾਲੇ ਕਰ ਰਹੇ ਸਾਂ। ਇਸ ਕੰਮ ਵਿਚ ਅਸੀਂ ਕਿੰਨੇ ਕੁ ਸਫਲ ਸਾਂ ਕਿੰਨੇ ਕੁ ਨਹੀਂ, ਇਹ ਤਾਂ ਲੋਕ ਹੀ ਜਾਣਦੇ ਸਨ। ਤਾਂ ਵੀ ਉਹਨਾਂ ਸਮੇਤ ਸਾਧਨਹੀਣ, ਤਰਲਿਆਂ ਮਾਰੀ ਜ਼ਿੰਦਗੀ ਨੂੰ ਢਾਰਸ ਦੇਣ ਵਿਚ ਸਾਨੂੰ ਤਸੱਲੀ ਜ਼ਰੂਰ ਮਿਲਦੀ ਸੀ।

ਇਥੇ ਇਕ ਹੋਰ ਬਦਲਾਅ ਆਇਆ। ਸਾਡਾ, ਸਾਹਿਤ ਸਭਾ ਦੇ ਸਮਾਗਮਾਂ ਰਾਹੀਂ ਕੁਝ ਐਸੇ ਲੋਕਾਂ ਨਾਲ ਸੰਪਰਕ ਬਣ ਗਿਆ, ਜਿਨ੍ਹਾਂ ਦਾ ਵਿਚਾਰ ਸੀ ਕਿ ਹਥਿਆਰਬੰਦ ਸੰਘਰਸ਼ ਰਾਹੀਂ

ਲੁਟੇਰਿਆਂ, ਖ਼ੂਨ-ਪੀਣੇ ਟੋਲਿਆਂ ਤੋਂ ਜਨ-ਸਾਧਾਰਨ ਨੂੰ ਨਜਾਤ ਦੁਆਈ ਜਾ ਸਕਦੀ ਐ। ਸਭਾ ਦੇ ਕੁਝ ਮੈਂਬਰ, ਮੇਰੇ ਸਮੇਤ, ਇਸ ਧਾਰਨਾ ਦੀ ਗਰਿਫਤ ਵਿਚ ਆ ਗਏ। ਇਸ ਵਿਚਾਰਧਾਰਾ ਦੇ ਕਾਰਿੰਦੇ ਰਾਤ-ਬਰਾਤੇ ਗੋਸ਼ਟੀਆਂ, ਨਾਈਟ-ਸਕੂਲਾਂ ਦਾ ਆਯੋਜਨ ਕਰਿਆ ਕਰਦੇ ਸਨ। ਮੈਨੂੰ ਇਹਨਾਂ ਟੋਲਿਆਂ ਦੀ ਵਿਚ-ਵਾਰ ਹੁੰਦੀ ਰਹਿੰਦੀ ਇਕੱਤਰਤਾ ਦੀ ਮੇਜ਼ਬਾਨੀ ਕਰਨ ਦੀ ਡਿਊਟੀ ਮਿਲੀ। ਮੇਰੇ ਨਾਲ ਦੋ ਸਾਥੀ ਹੋਰ ਵੀ ਸਨ। ਇਕ ਖਾਲਸਾ ਸਕੂਲ ਮੁਕੇਰੀਆਂ ਪੜ੍ਹਾਉਂਦਾ ਸੀ, ਇਕ ਮੇਰੇ ਆਪਣੇ ਨਾਲ ਹੀ ਸੀ, ਹਿੰਦੀ ਲੈਕਚਰਾਰ। ਨਾਈਟ-ਸਕੂਲਾਂ ਤੇ ਗੋਸ਼ਟੀਆਂ ਦੀ ਹਾਜ਼ਰੀ ਭਰਦਿਆਂ ਮੈਨੂੰ ਲੱਗ ਰਿਹਾ ਸੀ ਕਿ ਅਸੀਂ ਔਝੜੇ ਰਾਹ ਤੁਰ ਰਹੇ ਹਾਂ। ਕਦੇ-ਕਦਾਈਂ ਜਾਪਦਾ ਕਿ ਅਸੀਂ ਲੜਾਈ ਜਿੱਤੀ ਕਿ ਜਿੱਤੀ। ਪਰ ਸਾਡਾ ਇਹ ਭੁਲੇਖਾ ਸੀ, ਲੋਕ-ਸਮੂਹ ਇਸ ਰਾਹੇ ਤੁਰਨ ਤੋਂ ਨਾਂਹ-ਨੁੱਕਰ ਤਾਂ ਕੀ, ਇਕ ਤਰ੍ਹਾਂ ਨਫਰਤ ਜਿਹੀ ਵੀ ਕਰਦਾ ਸੀ। ਇਸ ਭੁਲੇਖੇ ਵਿਚ ਤੁਰਦਿਆਂ ਦਾ ਸਾਡਾ ਪਿੱਛਾ ਲਗਾਤਾਰ ਹੋ ਰਿਹਾ ਸੀ। ਅਵੇਸਲ਼ੇ ਅਸੀਂ ਵੀ ਨਹੀਂ ਸਾਂ, ਪਰ ਪੂਰੇ ਚੇਤਨ ਬਿਲਕੁਲ ਨਹੀਂ ਸਾਂ। ਇਕ ਰਾਤ ਛਾਪਾ ਪੈਣ ਦੀ ਗੁਪਤ ਸੂਚਨਾ ਮਿਲ ਜਾਣ ‘ਤੇ ਅਸੀਂ ਅਗਾਊਂ ਆਪਣਾ ਆਪ ਸਾਂਭ ਲਿਆ। ਭੰਗਾਲ਼ੇ ਵਾਲੀ ਠਹਿਰ ‘ਚ ਜਮ੍ਹਾ ਹੋਇਆ ਗ਼ੈਰ-ਕਾਨੂੰਨੀ ਗਿਣਿਆ ਜਾਣ ਵਾਲਾ ਲਿਟਰੇਚਰ ਅਸੀਂ ਦਿਨੇ ਦੁਪਹਿਰੇ ਅੱਗ ਲਾ ਕੇ ਫੂਕ ਦਿੱਤਾ। ਹਿੰਦੀ ਲੈਕਚਰਾਰ ਉਸ ਰਾਤ ਆਪਣੇ ਪਿੰਡ ਨੂੰ ਖਿਸਕ ਗਿਆ। ਮੁਕੇਰੀਆਂ ਸਕੂਲ ਵਾਲ਼ਾ ਸਾਥੀ, ਅੰਮ੍ਰਿਤਸਰ ਵੱਲ ਕਿਧਰੇ ਚਲਾ ਗਿਆ। ਮੈਂ ਦਸੂਹੇ ਘਰ-ਉਸਾਰੀ ਦੇ ਬਹਾਨੇ ਦੋ ਤਿੰਨ ਦਿਨ ਨਾ ਸਕੂਲ ਗਿਆ, ਨਾ ਖਾਨਪੁਰ ਵਾਲੀ ਠਹਿਰ ‘ਤੇ। ਇਕ ਵਾਰ ਤਾਂ ਅਸੀਂ ਬਚ ਗਏ ਸਾਂ, ਅਗਾਂਹ ਤੋਂ ਅਸੀਂ ਹੋਰ ਸੁਚੇਤ ਹੋਣ ਦੀ ਪੱਕੀ ਠਾਣ ਲਈ। ਅਸੀਂ ਖ਼ੂਨ-ਖ਼ਰਾਬੇ ਵਾਲੇ ਰਾਹੇ ਤੁਰਨ ਤੋਂ ਤੋਬਾ ਕਰ ਕੇ ਜੱਥੇਬੰਦਕ ਕਾਰਜਾਂ ਰਾਹੀਂ ਆਪਣੀ ਗੱਲ ਜਨ-ਸਾਧਾਰਨ ਤਾਈਂ ਅੱਪੜਦੀ ਕਰਨ ਦੀ ਯੋਜਨਾ ਬਣਾ ਲਈ ਸੀ, ਤਾਂ ਵੀ ਪੁਲੀਸ ਨੂੰ ਸਾਡੇ ‘ਤੇ ਬਣੀ ਸ਼ੱਕ ਬਰਕਰਾਰ ਰਹੀ। ਉਸਨੇ ਕਈ ਚਿਰ ਸਾਡਾ ਪਿੱਛਾ ਕੀਤਾ ਸੀ।

ਇਹ ਸੀ ਪੁਲੀਸ ਵੱਲੋਂ ਮੇਰੀ ਭਾਲ਼ ਕੀਤੇ ਜਾਣ ਦੀ ਚੂਜੀ ਘਟਨਾ। ਇਹ ਘਟਨਾ ਸਾਧਾਰਨ ਨਾਲੋਂ ਵੱਧ ਗੁੰਝਲ਼ਦਾਰ ਸੀ। ਖੈਰ, ਬਚਾਅ ਤਾਂ ਕਰਨਾ ਹੀ ਪੈਣਾ ਸੀ। ਬਾਲ-ਬੱਚੇ ਦੇ ਭਵਿੱਖ ਦਾ ਸਵਾਲ ਸੀ। ਨੌਕਰੀ ਤੋਂ ਫਾਰਗ਼ ਕੀਤੇ ਜਾਣ ਦੀ ਤਲਵਾਰ ਸਿਰ ‘ਤੇ ਲਟਕਦੀ ਸੀ। ਮਸਾਂ ਤਾਂ ਕਿਧਰੇ ਅਧਿਆਪਕੀ ਖੇਤਰ ‘ਚ ਪੁੱਜ ਕੇ ਪੈਰਾਂ ਸਿਰ ਹੋਇਆ ਸਾਂ।

ਇਸ ਪਾਸਿਉਂ ਥੋੜ੍ਹੀ ਕੁ ਰਾਹਤ ਮਿਲ਼ੀ ਮਹਿਸੂਸ ਹੋਈ ਤਾਂ ਖਾਨਪੁਰੀ ਔਕੜਾਂ ਤੋਂ ਛੁਟਕਾਰਾ ਪਾਉਣ ਦਾ ਪੱਕਾ ਮਨ ਬਣਾ ਲਿਆ। ਸਮੇਂ ਦੇ ਨਾਲ ਨਾਲ ਦਸੂਹੇ ਵਾਲੇ ਘਰ ਦੇ ਦੋ ਕਮਰੇ ਪਲਸਤਰ ਹੋ ਗਏ ਸਨ। ਅਸੀਂ ਇਕ ਦਿਨ ਡੰਡਾ-ਡੇਰਾ ਚੁੱਕਿਆ, ਖਾਨਪੁਰ ਨੂੰ ਅਲਵਿਦਾ ਆਖ ਦਿੱਤੀ। ਮੇਰਾ ਸਕੂਲ ਭੰਗਾਲਾ, ਦੋ ਬੱਸ ਅੱਡਿਆਂ ਦੀ ਸਹੂਲਤ। ਘਰ ਵਾਲੀ ਦਾ ਖਾਨਪੁਰ ਪ੍ਰਾਇਮਰੀ ਸਕੂਲ ‘ਸਿਆਸੀ ਹੇਠਾ-ਉੱਤਾ’ ਕਰ ਕੇ, ਦਸੂਹੇ ਲੈ ਆਂਦਾ। ਇਉਂ ਦਿਨ-ਕਟੀ ਕੁਝ ਸੁਖਾਲ਼ੀ ਹੁੰਦੀ ਲੱਗੀ। ਇਸ ਸੌਖ ਨੂੰ ਸਰਅੰਜਾਮ ਦੇਣ ਲਈ ਮੈਨੂੰ ਥੋੜ੍ਹਾ ਕੁ ਸਿਆਸੀ ਘਾਲਣਾ ਵੀ ਘਾਲਣੀ ਪਈ। ਮੈਂ ਚੋਣ-ਪ੍ਰਕਿਰਿਆ ਰਾਹੀਂ ਬਦਲ ਲਿਆਉਣ ਵਾਲੀ ਪਾਰਟੀ ਨਾਲ ਜੁੜ ਗਿਆ। ਪ੍ਰਬੰਧ ਨੂੰ ਅਜਿਹੀਆ ਪਾਰਟੀਆਂ ਖਤਰਨਾਕ ਨਹੀਂ ਜਾਪਦੀਆਂ, ਜਿਵੇਂ ਹਥਿਆਰਬੰਦ ਸੰਘਰਸ਼ ਵਾਲੀਆਂ ਪਾਰਟੀਆਂ ਜਾਪਦੀਆ ਹਨ। ਹੁਣ ਮੈਂ ਕੁਝ ਟਿਕਾਓ ਵਾਲੀ ਅਵਸਥਾ ਵਿਚ ਸਾਂ। ਦਸੂਹੇ ਵਾਲਾ ਘਰ ‘ਆਪਣਾ ਘਰ’ ਸੀ। ਕਲਮਕਾਰੀ ਕਰਨ ਲਈ ਮਾਹੌਲ ਵੀ ਉਪਲੱਭਦ ਸੀ। ਇਸ ਮਾਹੌਲ ‘ਚ ਹੋਰ ਸਰਗਰਮੀ ਭਰਨ ਲਈ, ਮੈਂ ਸਾਹਿਤ ਸਭਾ ਦਸੂਹਾ-ਗੜ੍ਹਦੀਵਾਲਾ ਦੇ ਗਠਨ ‘ਚ ਅਹਿਮ ਭੂਮਿਕਾ ਨਿਭਾਈ। ਉਸੇ ਸਭਾ ਵੱਲੋਂ ਮੈਂ ਤੁਹਾਡੇ ਸਾਹਮਣੇ ਰੂ-ਬ-ਰੂ ਪ੍ਰੋਗਰਾਮ ਅਧੀਨ ਹਾਜ਼ਰ ਹਾਂ।

ਮੈਨੂੰ ਲੱਗਾ, ਸਰਕਾਰੀ ਕਾਲਿਜ ਦੇ ਗ੍ਰੈਜੂਏਟ, ਪੋਸਟ ਗ੍ਰੈਜੂਏਟ ਵਿਦਿਆਰਥੀ , ਮੇਰੀ ਵਿਥਿਆ

ਸੁਣਦੇ ਸੁਣਦੇ ਸੰਜੀਦਾ ਹੁੰਦੇ ਗਏ ਹਨ। ਮੈਂ ਚਾਹਿਆ ਕਿ ਕੋਈ ਹਲਕੀ-ਫੁਲਕੀ ਗੱਲ ਛੇੜ ਕੇ ਮਾਹੌਲ ਖੁਸ਼ਗਵਾਰ ਕੀਤਾ ਜਾਏ। ਮੈਂ ਅਜੇ ਸੋਚ ਹੀ ਰਿਹਾ ਸੀ, ਕਿ ਇਕ ਨਹਾਇਤ ਸੰਜੀਦਾ ਦਿਸਦੀ ਲੜਕੀ ਬੜੇ ਠਰੰਮੇਂ ਨਾਲ ਉੱਠ ਕੇ ਖਲੋ ਗਈ। ਬੋਲੀ ਕੁਝ ਨਾ, ਚੁੱਪ ਦਾ ਚੁੱਪ ਖੜ੍ਹੀ ਰਹੀ, ਘੜੀ-ਦੋ ਘੜੀਆਂ। ਆਖਰ ਮੈਂ ਪੁੱਛ ਲਿਆ -- "ਦੱਸੋ ਕੀ ਗੱਲ ਐ! ਤੂੰ ਵੀ ਕੋਈ ਸਵਾਲ ਪੁੱਛਣੈ?"

" ਜੀ ਅੰਕਲ ਜੀਈ..." ਉਸਨੇ ਲੰਮਾ ਹਉਕਾ ਭਰਿਆ, ਰੋਣ ਵਰਗਾ..."ਅਸੀਂ ਪਿੰਡਾਂ ਥਾਵਾਂ ਦੇ ਲੋਕ ਤਾਂ ਲਗਪਗ ਅਣਜਾਣ ਆ ਇਹਨਾਂ ਗੱਲਾਂ ਤੋਂ, ਜਿਹੜੀਆਂ ਅਸੀਂ-ਤੁਸੀਂ ਕਰਦੇ ਪਏ ਆਂ, ਹਾਲ ਕਮਰੇ ਦੇ ਨਿੱਘ 'ਚ ਬੈਠ ਕੇ। ਸਾਡੇ ਸਾਹਮਣੇ ਤਾਂ ਦੋ ਡੰਗ ਦੀ ਰੋਟੀ ਦਾ ਪ੍ਰਬੰਧ ਕਰ ਰੱਖਣਾ, ਪਹਾੜ ਜਿੱਡੀ ਸਮੱਸਿਆ ਬਣੀ ਰਹਿੰਦੀ। ਅਸੀਂ, ਜਿਨ੍ਹਾਂ ਕੋਲ਼ ਇਹਨਾਂ ਦੋ ਹੱਥਾਂ ਤੋਂ ਬਿਨਾਂ ਕਮਾਈ ਦਾ ਕੋਈ ਸਾਧਨ ਨਹੀਂ, ਉਹਨਾਂ ਨੂੰ ਥਾਂ-ਥਾਂ ਠੋਕਰਾਂ ਖਾਂਦਿਆਂ ਨੂੰ ਸੌ ਤਰ੍ਹਾਂ ਦੀਆਂ ਕੌੜੀਆਂ-ਅਵੈੜੀਆਂ ਨੂੰ ਬਰਦਾਸ਼ਤ ਕਰਨਾ ਪੈਂਦਾ।"

ਜ਼ਰਾ ਕੁ ਰੁਕ ਕੇ ਉਸ ਨੇ ਆਪਣੀ ਬੇ-ਬਾਕ ਕਥਨੀ ਚਾਲੂ ਰੱਖੀ, "ਅਸੀਂ ਦੋ ਭੈਣਾਂ ਆਂ ਅੰਕਲ ਜੀ। ਭਰਾ ਕੋਈ ਨਹੀਂ। ਨਿੱਕਾ ਹੁੰਦਾ ਕਿਸੇ ਅਵੈੜੀ ਜਿਹੀ ਬੀਮਾਰੀ ਦੀ ਲਪੇਟ 'ਚ ਆ ਗਿਆ ਸੀ। ਦਿਹਾੜੀਦਾਰ ਪਿਉ ਮਹਿੰਗਾ ਇਲਾਜ ਕਰਵਾ ਨਾ ਸਕਿਆ। ਅਸੀਂ ਹੁਣ ਵੀ ਦੋਨੋਂ, ਛੁੱਟੀ ਵਾਲੇ ਦਿਨ ਮਾਂ-ਪਿਉ ਨਾਲ ਦਿਹਾੜੀ ਕਰਦੀਆਂ। ਛੋਟੇ-ਵੱਡੇ ਜ਼ਿਮੀਂਦਾਰਾਂ ਦੇ ਘਰਾਂ-ਖੇਤਾਂ 'ਚ। ਮੈਥੋਂ ਛੋਟੀ ਦਸਵੀਂ 'ਚ ਪੜ੍ਹਦੀ ਐ, ਮੈਂ ਐੱਮ.ਏ. 'ਚ। ਸਾਥੋਂ ਦੋਨਾਂ ਤੋਂ ਕੁਝ ਵੀ ਗੁੱਝਾ ਨਹੀਂ, ਨਾ ਆਪਣੇ ਘਰ ਦਾ, ਨਾ ਜ਼ਮੀਨ ਮਾਲਕਾਂ ਦਾ। ਵੱਡੇ ਘਰਾਂ ਦੇ ਛੋਟੇ-ਵੱਡੇ 'ਕਾਕੇ', ਸਾਨੂੰ ਹੋਰੂੰ ਹੋਰੂੰ ਨਜ਼ਰਾਂ ਨਾਲ ਦੇਖਦੇ। ਵਿੰਗੀਆਂ-ਟੇਢੀਆਂ ਗੱਲਾਂ ਵੀ ਕਰਦੇ। ਵਿਚ-ਵਾਰ ਹਮਦਰਦੀ ਵੀ ਪ੍ਰਗਟਾਉਂਦੇ ਐ। ਮੈਂ ਉਸ ਲੜਕੀ ਦੇ ਆਤਮ-ਕਥਨ ਤੋਂ ਬੇਚੈਨ ਹੋ ਗਿਆ ਜਦ ਉਸਨੇ ਕਿਹਾ, "ਲੋਕ ਕਹਿੰਦੇ ਨੇ ਆਪਣੀ ਇੱਜ਼ਤ-ਪਤ ਸਾਂਭ ਕੇ ਆਪਣੇ ਘਰੀਂ ਚਲੀਆਂ ਜਾਓ, ਨਹੀਂ ਤਾਂ ਅੱਧ ਵਿਚਕਾਰ ਲਟਕੋਗੀਆਂ ਤੁਸੀਂ ਵੀ, ਸਾਡੇ ਵਾਂਗ।" ਫਿਰ ਝੱਟ ਹੀ ਜਿਵੇਂ ਉਸ ਨੇ ਆਪਣਾ ਆਪ ਸੰਭਾਲ ਲਿਆ ਹੋਵੇ... "ਅਸੀਂ ਸ਼ਸ਼ੋਪੰਜ 'ਚ ਫਸੀਆਂ ਨਾ ਲੋਕਾਂ ਦੀ ਨਸੀਹਤ ਨੂੰ ਟਾਲ਼ ਸਕਦੀਆਂ, ਨਾ ਆਪਣੀ ਲਗਨ ਨੂੰ ਧੋਖਾ ਦੇ ਸਕਦੀਆਂ। ਅਸੀਂ ਵਿਹੜੇ ਦੇ ਕਈਆਂ ਹੋਰਨਾਂ ਵਾਂਗ ਪੜ੍ਹ-ਲਿਖ ਕੇ, ਛੋਟੀ-ਮੋਟੀ, ਸਰਕਾਰੀ, ਗ਼ੈਰ-ਸਰਕਾਰੀ ਨੌਕਰੀ ਕਰ ਕੇ ਆਪਣਾ ਆਪ ਸੰਭਾਲਣਾ ਚਾਹੁੰਦੀਆਂ। ਭਾਵੇਂ ਲਫੰਟਰ ਕਿਸਮ ਦੀ ਮੁਢੀਰ ਸਾਡੇ ਰਾਹ 'ਚ ਅੜਿੱਕੇ ਬਣੀ ਖੜ੍ਹੀ ਐ, ਤਾਂ ਵੀ...ਤਾਂ ਵੀ...।"

ਮੈਂ ਬੜੇ ਹੌਸਲੇ ਨਾਲ ਉਤਸ਼ਾਹੀ ਬੋਲ ਇਕੱਠੇ ਕੀਤੇ, "ਬਹੁਤ ਠੀਕ ਆਖਿਆ ਤੂੰ ਬੇਟਾ, ਏਸ ਫਿਟਕਾਰਨਯੋਗ ਪ੍ਰਬੰਧ ਅੰਦਰ ਅੱਗੇ ਵਧਣਾ ਬੜਾ ਔਖਾ। ਤਾਂ ਵੀ ਤੁਹਾਡੀ ਲਗਨ ਤੁਹਾਨੂੰ ਕਿਸੇ ਨਾ ਕਿਸੇ ਤਣ-ਪੱਤਣ ਜ਼ਰੂਰ ਪੁੱਜਦਾ ਕਰੇਗੀ। ਇਹ ਮੇਰੀ ਇੱਛਾ ਵੀ ਐ, ਮੇਰਾ ਅਸ਼ੀਰਵਾਦ ਵੀ। ਮੈਨੂੰ ਪੱਕਾ ਨਿਸ਼ਚਾ ਐ ਤੁਸੀਂ ਆਪਣੇ ਉਦੇਸ਼ 'ਚ ਜ਼ਰੂਰ ਕਾਮਯਾਬ ਹੋਵੋਗੀਆਂ। ਤੁਹਾਡੀ ਏਸ ਲਗਨ ਨਾਲ ਮਿਲਦੀ-ਜੁਲ਼ਦੀ ਮੈਂ ਤੁਹਾਨੂੰ ਆਪਣੀ ਉਦਾਹਰਨ ਦੱਸਦਾਂ, ਆਪਣੀ ਨਿੱਜੀ। ਆਪਣੇ ਘਰ ਵਾਪਰੀ।

ਮੈਂ ਬੀ.ਐੱਡ ਕਰਦਾ ਸੀ ਜਲੰਧਰ। ਘਰ ਵਾਲੀ ਨੌਕਰੀ ਕਰਦੀ ਸੀ ਪ੍ਰਾਇਮਰੀ ਸਕੂਲ। ਦੋ ਬੱਚੇ ਉਸ ਪਾਸ ਰਹਿੰਦੇ ਸਨ, ਇਕ ਆਪਣੇ ਨਾਨਕਿਆਂ ਕੋਲ਼। ਬੱਚਿਆਂ ਦਾ ਰੋਟੀ-ਪਾਣੀ, ਲੀੜਾ-ਕੱਪੜਾ, ਸਭ ਉਸ ਦੀ ਜ਼ੁੰਮੇਵਾਰੀ। ਮੇਰਾ ਵੀ ਥੋੜ੍ਹਾ-ਬਹੁਤ ਭਾਰ ਉਸਦੀ ਇਕੋ-ਇਕ ਤਨਖਾਹ 'ਤੇ ਪੈਂਦਾ ਸੀ। ਸਾਡੇ ਘਰਾਂ 'ਚ ਪਿੰਡ ਭੱਜੀਂ ਕੋਈ ਵਿਆਹ ਆ ਗਿਆ। ਸਾਡੇ ਬਾਲ-ਬੱਚਿਆਂ ਪਾਸ ਸਕੂਲ ਜਾਣ ਲਈ ਹਲਕੇ-ਸਸਤੇ ਕੱਪੜੇ ਤਾਂ ਸਨ, ਪਰ ਟੌਅਰਦਾਰ, ਚਮਕ-ਦਮਕ ਵਾਲੇ ਨਹੀਂ ਸਨ, ਬਰਾਤ ਜਾਣ ਲਈ। ਵਿਆਹ ਵਾਲੇ ਦਿਨ ਸਭ ਬਰਾਤੀ ਪੂਰੇ ਟੌਅਰ-ਟੱਪੇ ਨਾਲ ਤਿਆਰ ਹੋ ਗਏ। ਮੇਰੇ ਨੌਵੀਂ 'ਚ ਪੜ੍ਹਦੇ ਵੱਡੇ ਲੜਕੇ ਪਾਸ ਨਾ ਕੋਈ ਚੰਗਾ ਕੁੜਤਾ-ਪਜਾਮਾ ਸੀ, ਨਾ ਪੈਂਟ-

ਕਮੀਜ਼। ਉਹ ਸਵੇਰ ਤੋਂ ਹੀ ਹੈਰਾਨ-ਪ੍ਰੇਸ਼ਾਨ। ਆਖਰ ਮੈਂ ਉਸਨੂੰ ਆਪਣੀ ਹਲਕੇ ਨੀਲੇ ਰੰਗ ਦੀ ਕਮੀਜ਼ ਪਾਉਣ ਨੂੰ ਆਖ ਕੇ ਡੰਗ ਟਪਾਉਣ ਲਈ ਆਖਿਆ। ਉਹ ਮੰਨ ਤਾਂ ਗਿਆ, ਪਰ ਅਣਮੇਚੀ ਕਮੀਜ਼ ਹੋਰਨਾਂ ਬਰਾਤੀਆਂ ਲਈ ਮਜ਼ਾਕ ਦਾ ਕਾਰਨ ਬਣ ਗਈ। ਉਹ ਬਰਾਤ ਨਾਲ ਗਿਆ ਤਾਂ ਜ਼ਰੂਰ, ਪਰ ਲਾਵਾਂ ਹੋਣ ਤੋਂ ਪਹਿਲਾਂ ਪਹਿਲਾਂ ਆਪਣੇ ਕਿਸੇ ਮਿੱਤਰ ਨਾਲ ਜੁੜ ਕੇ ਦੋ ਕੁ ਪੈੱਗ ਪੀ ਕੇ ਸਿੱਧਾ ਘਰ ਪਰਤ ਆਇਆ, ਆਪਣੇ ਪਿੰਡ। ਬਿਨਾਂ ਕਿਸੇ ਨੂੰ ਦੱਸਿਆਂ। ਘਰ ਪੁੱਜ ਕੇ ਉਹ ਆਪਣੀ ਮਾਂ ਦੇ ਗਲ਼ ਲੱਗ ਕੇ ਬਹੁਤ ਰੋਇਆ। ਅਗਲੇ ਦਿਨ ਅਸੀਂ ਸਾਰੇ ਵਿਆਹ ਦੇ ਜਸ਼ਨਾਂ ਵਿਚ ਸ਼ਾਮਲ ਹੋਣ ਦੀ ਥਾਂ ਆਪਣੇ ਆਪਣੇ ਸਕੂਲਾਂ ਵਿਚ ਸਾਂ।

ਇਹ ਘਟਨਾ ਨਾ ਹੁਣ ਤਕ ਮੇਰੇ ਲੜਕੇ ਨੂੰ ਭੁੱਲੀ ਐ, ਨਾ ਮੈਨੂੰ। ਪੜ੍ਹਾਈ ਪ੍ਰਤੀ ਅਣਗਹਿਲ਼ੀ ਵੀ ਉਸਨੇ ਉਸ ਦਿਨ ਤੋਂ ਛੱਡ ਦਿੱਤੀ। ਚੰਗੇ ਨੰਬਰ ਲੈ ਕੇ ਪਹਿਲਾਂ ਦਸਵੀਂ ਪਾਸ ਕੀਤੀ, ਫਿਰ ਮਕੈਨੀਕਲ ਡਿਪਲੋਮਾਂ ਪਾਸ ਕੀਤਾ ਹੁਸ਼ਿਆਰਪੁਰੋਂ। ਇਸ ਡਿਪਲੋਮੇਂ ਆਸਰੇ ਉਹ ਕੁਵੈਤ ਚਲਾ ਗਿਆ। ਓਥੇ ਉਸ ਤੋਂ ਆਪਣੇ ਤੋਂ ਨਖਿੱਧ ਕਾਮੇ ਚੰਗੀਆਂ ਤਨਖਾਹਾਂ ਲੈਂਦੇ ਬਰਦਾਸ਼ਤ ਨਾ ਹੋਏ ਤੇ ਉਸਨੇ ਵਾਪਸ ਪਿੰਡ ਆ ਕੇ ਡਿਗਰੀ ਪਾਸ ਕੀਤੀ ਪਟਿਆਲਿਉਂ। ਉਹ ਫਿਰ ਕੁਵੈਤ ਤੇ ਕੁਵੈਤ ਤੋਂ ਕਨੇਡਾ ਪੁੱਜ ਗਿਆ। ਕਨੇਡਾ ਪੁੱਜ ਕੇ ਉਸਨੂੰ ਦੋ ਸਾਲ ਟਰੱਕਾਂ ਵਿਚੋਂ ਸ਼ਰਾਬ ਦੀਆ ਪੇਟੀਆਂ ਲਾਹ, ਮੋਢੇ 'ਤੇ ਚੁੱਕ, ਸਟੋਰਾਂ 'ਚ ਰੱਖਣ ਤਕ ਦੀ ਲੇਬਰ ਕਰਨੀ ਪਈ। ਪਰ ਉਹ ਡੋਲਿਆ ਨਹੀਂ। ਆਪਣੀ ਡਿਗਰੀ ਅਨੁਕੂਲ ਨੌਕਰੀ ਲਈ ਯਤਨ ਜਾਰੀ ਰੱਖੇ। ਅੱਜ ਉਹ ਪੂਰਾ ਤੇ ਵੱਡਾ ਇੰਜਨੀਅਰ ਐ। ਕਨੇਡਾ ਵਿਚ ਘਰ ਬਣਾਉਣ ਵਾਲੀਆਂ ਲੱਕੜਾਂ-ਸ਼ਤੀਰੀਆਂ 'ਚੋਂ ਫੱਟੇ-ਫੱਟੀਆਂ ਤਿਆਰ ਕਰਨ ਵਾਲੀ ਫੈਕਟਰੀ 'ਚ। ਆਪਣਾ ਘਰ ਵੀ ਹੁਣ ਤਾਂ ਉਸ ਨੇ ਕਿਸ਼ਤਾਂ ਦੇ ਭਾਰ ਤੋਂ ਮੁਕਤ ਕਰ ਲਿਆ ਹੈ।

ਪਿਆਰੇ ਬੱਚਿਓ, ਮੇਰਾ ਇਹ ਦੱਸਣ ਤੋਂ ਭਾਵ ਐਵੇਂ ਫੜ੍ਹਾਂ ਮਾਰਨਾ ਨਹੀਂ, ਸਗੋਂ ਲਗਨ ਨਾਲ ਆਪਣੇ ਉਦੇਸ਼ ਨੂੰ ਸਾਹਮਣੇ ਰੱਖ ਕੇ ਆਪਣੇ ਆਪ ਨੂੰ ਗਤੀਸ਼ੀਲ ਰੱਖਣਾ ਐ। ਇਹ ਗਤੀਸ਼ੀਲਤਾ ਸਾਨੂੰ ਕਿਸੇ ਵੀ ਮਿਥੇ ਟੀਚੇ 'ਤੇ ਪੁੱਜਦਾ ਕਰਨ ਵਿਚ ਸਹਾਈ ਹੁੰਦੀ ਐ।ਐਂ ਲੱਗਦਾ, ਤੁਸੀਂ ਥੱਕ ਗਏ ਓ। ਗਹਿਰ-ਗੰਭੀਰ ਮਸਲਿਆਂ 'ਚ ਉਲਝੇ ਆਪਣੇ ਜੁਆਨ-ਉਮਰੇ ਹਾਸੇ-ਠੱਠੇ ਤੋਂ ਵਾਂਝੇ ਹੋ ਗਏ ਹੋ। ਲਓ ਮੈਂ ਤੁਹਾਡਾ ਮੂਡ ਠੀਕ ਕਰਨ ਲਈ ਇਕ ਚੁਟਕਲੇ ਵਰਗੀ ਵਾਰਤਾ ਸੁਣਾਉਂਦਾਂ।

ਬੀ.ਐੱਡ ਜਮਾਤ ਨੂੰ ਅਜੇ ਨਿਯਮਬੱਧ ਟਾਈਮ-ਟੇਬਲ ਨਹੀਂ ਸੀ ਮਿਲਿਆ। ਦੋਨਾਂ ਸੈਕਸ਼ਨਾਂ ਦੇ ਵਿਦਿਆਰਥੀਆਂ ਨੂੰ ਰੁੱਝੇ ਰੱਖਣ ਲਈ ਪ੍ਰੋਫੈਸਰ ਸਾਹਿਬਾਨ ਵਾਰੀ ਬਦਲ ਕੇ ਇਕ-ਦੂਜੇ ਨੂੰ ਜਾਨਣ-ਪਛਾਨਣ ਲਈ ਕਲਾਸ 'ਚ ਆ ਜਾਂਦੇ। ਪਹਿਲਾ ਦਿਨ ਸੀ ਜਾਂ ਦੂਜਾ, ਸਾਡੇ ਨਾਲ ਆਪਣਾ ਤੁਆਰਫ ਕਰਾਉਣ ਤੇ ਸਾਥੋਂ, ਆਪਣੇ ਆਪਣੇ ਪਿੰਡਾਂ-ਘਰਾਂ, ਪੜ੍ਹਾਈ-ਲਿਖਾਈ ਦੀ ਜਾਣਕਾਰੀ ਲੈਣ ਲਈ ਮੈਡਮ ਗੁਜਰਾਲ, ਸ਼ਾਇਦ ਹਿਸਟਰੀ ਦੇ ਪ੍ਰੋਫੈਸਰ ਸਨ, ਇਕੱਲੇ-ਇਕੱਲੇ ਵਿਦਿਆਰਥੀ ਨੂੰ ਕੁਝ ਦੱਸ ਰਹੇ ਸਨ, ਕੁਝ ਪੁੱਛ ਰਹੇ ਸਨ। ਮਲਸੀਆਂ ਪਿੰਡ ਤੋਂ ਸ਼ਾਇਰ ਗੁਰਦਿੱਤ ਸਿੰਘ ਕੁੰਦਨ ਦਾ ਲੜਕਾ, ਸੁਰਿੰਦਰਜੀਤ , ਬਿਆਸ ਪਿੰਡ ਤੋਂ ਡਰਾਇੰਗ ਮਾਸਟਰ ਜੋਗਿੰਦਰ ਸਿੰਘ ਤੇ ਮੈਂ ਅਖੀਰਲੇ ਬੈਂਚ 'ਤੇ ਇਕੱਠੇ ਬੈਠੇ ਸਾਂ। ਉਮਰੋਂ ਪਕਰੋੜ ਹੋਣ ਕਰਕੇ ਵੀ ਤੇ ਨੌਜਵਾਨ ਵਿਦਿਆਰਥੀਆਂ ਦੇ ਚੰਚਲ-ਸ਼ਰਾਰਤੀ ਵਿਹਾਰ ਤੋਂ ਬਚਣ ਲਈ ਵੀ, ਅਗਲੇ ਬੈਂਚਾਂ 'ਤੇ ਬੈਠੇ ਵਿਦਿਆਰਥੀਆਂ ਨਾਲ ਜਾਣ-ਪਛਾਣ ਕਰਦਿਆਂ, ਮੈਡਮ ਗੁਜਰਾਲ ਸਾਡੇ ਬੈਂਚ ਤਕ ਪੁੱਜੀ ਤਾਂ ਪਹਿਲਾਂ ਉਸਨੇ ਜੋਗਿੰਦਰ ਸਿੰਘ ਦੀ ਵਾਰੀ ਲਾਈ, ਫਿਰ ਸੁਰਿੰਦਰਜੀਤ ਦੀ। ਉਹਨਾਂ ਆਪਣੇ ਬਾਰੇ, ਆਪਣੇ ਮਾਤਾ-ਪਿਤਾ ਦੇ ਕਾਰ-ਕਿੱਤੇ ਬਾਰੇ ਠੀਕ-ਠੀਕ ਦੱਸ ਦਿੱਤਾ। ਅਗਲਾ ਨੰਬਰ ਮੇਰਾ ਸੀ। ਮੈਡਮ ਨੇ ਮੇਰੇ ਵੱਲ ਇਸ਼ਾਰਾ ਕੀਤਾ ਤਾਂ ਮੈਂ ਬੈਠੇ ਬੈਠੇ ਨੇ ਆਖ ਦਿੱਤਾ --"ਜੀ ਮੈਂ ਲਾਲ ਸਿੰਘ।" ਇਹ ਬੈਠੇ ਰਹਿਣ ਕਰਕੇ ਵੀ ਸੀ, ਤੇ ਮੇਰੀ ਮੱਧਮ ਜਿਹੀ ਸੁਰ-ਆਵਾਜ਼ ਕਰਕੇ ਵੀ, ਕਿ ਮੈਡਮ ਨੂੰ ਮੇਰਾ ਨਾਮ ਠੀਕ ਤਰ੍ਹਾਂ ਨਾ ਸੁਣਿਆ। ਉਹਨਾਂ ਫਿਰ ਪੁੱਛਿਆ, "ਕੀ ਨਾਮ ਦੱਸਿਆ?" ਇਸ ਵਾਰ ਮੈਂ ਖੜ੍ਹਾ ਹੋ ਕੇ

ਸੁਰ ਥੋੜ੍ਹੀ ਕੁ ਉੱਚੀ ਕਰ ਕੇ ਕਿਹਾ, 'ਜੀਈ ਲਾਲ ਸਿੰਘ, ਲੱਲੇ ਨੂੰ ਕੰਨਾ ਲੱਲਾ, ਲਾਲ ਸਿੰਘ!" ਮੇਰੀ ਸ਼ਰਾਰਤ ਜਿਹੀ ਸੁਣਕੇ ਸਾਰੇ ਹੱਸ ਪਏ। ਮੈਡਮ ਵੀ ਹੱਸੇ। ਉਸਦੀ ਹਾਸੀ 'ਚੋਂ ਮੈਨੂੰ ਉਸਦਾ ਚਿਹਰਾ ਕਾਫੀ ਰੁਮਾਂਟਿਕ ਜਿਹਾ ਲੱਗਾ। ਉਸਦਾ ਅਗਲਾ ਸਵਾਲ ਸੀ, "ਕੀ ਕੰਮ ਕਰਦੇ ਓ।" ਮੇਰਾ ਉੱਤਰ ਅੱਧ-ਪਚੱਧ ਸੱਚ, ਅੱਧ-ਪਚੱਧ ਝੂਠ ਵਰਗਾ ਸੀ-- "ਜੀਈ, ਟੈਕਸੀ- ਡਰਾਈਵਰ।" ਉਂਝ ਥੋੜ੍ਹਾ ਕੁ ਚਿਰ ਮੈਂ ਟੈਕਸੀ ਚਲਾਈ ਵੀ ਸੀ, ਦਿੱਲੀ। ਹੁਣ ਵੀ ਮੇਰੀ ਪੁਸ਼ਾਕ ਪਹਿਰਾਵਾ ਡਰਾਈਵਰਾਂ ਵਾਲਾ ਹੀ ਸੀ। ਇਸ ਵਾਰ ਬਹੁ-ਗਿਣਤੀ ਵਿਦਿਆਰਥੀ ਚੁੱਪ ਜਿਹੇ ਰਹੇ। ਜੇ ਕੋਈ ਹੱਸਿਆ ਵੀ ਤਾਂ ਖੁਲ੍ਹ ਕੇ ਨਾ ਹੱਸਿਆ। ਉਹਨਾਂ ਸੋਚਿਆ ਹੋਣਾਂ--ਟੈਕਸੀ ਡਰਾਈਵਰੀ, ਬੀ.ਐੱਡ ਤਾਲ-ਮੇਲ ਜਿਹਾ ਨਹੀਂ ਬਣਦਾ। ਜਿਹੜੇ ਚੁੱਪ ਰਹੇ ਉਹਨਾਂ ਦੇ ਚਿਹਰਿਆਂ ਦੀ ਗੰਭੀਰਤਾ, ਮੇਰੀ ਮਜਬੂਰੀ ਦੀ ਦੱਸ ਪਾਉਂਦੀ ਸੀ। ਖੈਰ, ਜੋ ਵੀ ਹੋਇਆ, ਮੇਰੇ 'ਤੇ ਲੱਗਾ ਟੈਕਸੀ ਡਰਾਈਵਰ ਦਾ ਲੇਬਲ ਕਈ ਦਿਨ ਮੇਰੇ ਨਾਲ ਚਿਪਟਿਆ ਰਿਹਾ। ਫਿਰ ਉੱਤਰ ਵੀ ਛੇਤੀ ਹੀ ਗਿਆ। ਮੇਰੇ ਅੰਦਰੋਂ ਕਵਿਤਾ ਵਰਗੀ ਕੋਈ ਸ਼ੈਅ ਉੱਸਲ਼ਵੱਟੇ ਲੈਣ ਲੱਗ ਪਈ ਸੀ। ਮੌਕਾ ਮਿਲਣ 'ਤੇ ਮੈਂ, ਗੰਢ-ਤੁੱਪ ਜਿਹੀ ਕਰ ਕੇ ਸਭ ਨੂੰ ਰੁਝਾ ਲੈਂਦਾ ਸੀ। ਕਿਹਾ ਜਾਏ ਤਾਂ ਸਾਰੀ ਜਮਾਤ 'ਚ ਇਕੱਲਾ 'ਕਵੀ' ਸਾਂ। ਸਭ ਦਾ ਚਹੇਤਾ, ਮੈਡਮ ਗੁਜਰਾਲ ਸਮੇਤ, ਪੰਜਾਬੀ ਲੈਕਚਰਾਰ ਮੈਡਮ ਆਤਮਜੀਤ ਦਾ ਖਾਸ ਕਰ ਕੇ।"

ਮੇਰੇ ਇਸ ਚੁਟਕਲੇ ਨੇ ਰੂ-ਬ-ਰੂ ਲਈ ਸਾਹਮਣੇ ਬੈਠੇ ਸਰਕਾਰੀ ਕਾਲਿਜ ਦੇ ਵਿਦਿਅਰਥੀਆਂ ਦੇ ਮਨ-ਚਿੱਤ ਹਲਕੇ-ਫੁਲਕੇ ਕਰ ਦਿੱਤੇ। ਉਹਨਾਂ ਖੂਬ ਤਾੜੀਆਂ ਮਾਰੀਆਂ।

ਇਹ ਤਾੜੀਆਂ ਪ੍ਰੋਗਰਾਮ ਸਮਾਪਤ ਕਰਨ ਦਾ ਵੀ ਸੰਕੇਤਕ ਸਨ ਸ਼ਾਇਦ।

ਆਖਰ ਮੈਂ ਆਪਣੇ ਥਾਂ ਖੜੋ ਕੇ ਉਹਨਾਂ ਵੱਲ ਨੂੰ ਹੱਥ ਹਿਲਾਇਆ ਤੇ ਕਿਹਾ, "ਅੱਜ ਅਸੀਂ ਨਿੱਜੀ, ਆਰਥਿਕ, ਅਰਧ-ਸਮਾਜਕ ਤੇ ਥੋੜ੍ਹਾ ਕੁ ਰਾਜਨੀਤਕ ਨੁਕਤਿਆਂ ਤਕ ਸੀਮਤ ਰਹੇ ਹਾਂ। ਬਾਕੀ ਦੀਆਂ ਗੱਲਾਂ, ਸਮਾਂ ਮਿਲਣ 'ਤੇ ਫਿਰ ਕਰਾਂਗੇ। ਓਦੋਂ ਤਕ ਰੱਬ ਰਾਖਾ।"

0 0 0

ਆਪਣੇ ਘਰ ਦੀ ਬੈਠਕ 'ਚ ਇਕੱਲਾ ਬੈਠਾ ਮੈਂ ਰੂ-ਬ-ਰੂ ਮੁੱਕਣ ਉਪਰੰਤ ਨਾਲ ਲਿਆਂਦੀ ਮੁਸਕਰਾਹਟ ਅਜੇ ਸਮੇਟ ਹੀ ਰਿਹਾ ਸਾਂ ਕਿ ਪਾਣੀ ਦਾ ਗਲਾਸ ਰੱਖਣ ਲਈ ਘਰ ਵਾਲੀ ਨੇ ਹੋਰ ਈ ਤਰ੍ਹਾਂ ਦੀ ਤਨਜ਼ ਰੇੜ੍ਹ ਦਿੱਤੀ ਮੇਰੇ ਵੱਲ ਨੂੰ-- "ਕੀ ਗੱਲ, 'ਕੱਲੇ ਈ ਹੱਸੀ ਜਾਨੇ ਓਂ, ਕਿਤੇ ਕੋਈ ਨਵੀਂ ਸਹੇਲੀ ਚੇਤੇ ਤਾਂ ਨਈਂ ਆ ਗਈ!" ਮੈਥੋਂ ਕੋਈ ਢੁਕਵਾਂ ਉੱਤਰ ਨਾ ਦਿੱਤਾ ਗਿਆ। ਸ਼ਰਮਿੰਦਾ ਜਿਹਾ ਹੋਏ ਨੇ ਐਵੇਂ ਖਾਨਾਪੂਰਤੀ ਵਜੋਂ ਆਖਿਆ, "ਅੱਜ ਚਾਹ ਨਈਂ ਪਿਲ਼ਾਏਂਗੀ, ਬੱਸ 'ਕੱਲਾ ਪਾਣੀ ਈ...!"

"ਤੁਸੀਂ ਤਾਂ ਸੁਣਿਆ ਕਿਸੇ ਲੂ-ਬ-ਲੂ 'ਤੇ ਗਏ ਸੀ, ਓਥੋਂ ਮੁੜ ਕੇ ਵੀ ਚਾਹ...!" ਉਸ ਨੇ ਸ਼ਬਦ-ਵਿਗਾੜਵੀਂ ਟਕੋਰ ਕੀਤੀ।

"ਨਈਂ ਨਈਂ, ਭਲੀਏ ਲੋਕੇ, ਅੱਜ ਤਾਂ ਮੈਂ ਆਪਣੇ ਇਲਾਕੇ ਦੇ ਸਰਕਾਰੀ ਕਾਲਿਜ ਦੀਆਂ ਵੱਡੀਆਂ ਜਮਾਤਾਂ ਦੇ ਸਿਆਣੇ ਵਿਦਿਆਰਥੀਆਂ ਨਾਲ ਕੰਮ ਦੀਆਂ ਗੱਲਾਂ-ਬਾਤਾਂ ਕਰਨ ਗਿਆ ਸੀ। ਐਵੇਂ ਕਿਸੇ ਗੜੀ-ਗੋਸ਼ਟੀ 'ਤੇ ਨਹੀਂ ਗਿਆ... ਜਿੱਥੋਂ ਮੁੜਦੇ...!?"

"ਅੱਛਾ, ਕੰਮ ਦੀਆਂ ਗੱਲਾਂ ਸਿਰਫ ਵਿਦਿਆਰਥੀਆਂ ਨਾਲ ਕਰਨ ਨੂੰ ਈ ਰੱਖੀਆਂ, ਜਾਂ ਆਪਣੇ ਲਈ ਵੀ ਸਾਂਭੀਆਂ ਥੋੜ੍ਹੀਆਂ-ਬਹੁਤ!" 000

***(ਨੇੜੇ ਸੇਂਟ ਪਾਲ ਕੌਨਵੈਂਟ ਸਕੂਲ, ਪਿੰਡ ਨਿਹਾਲਪੁਰ,***
***ਡਾਕਖਾਨਾ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ-144 205***
***ਫੋਨ: +91-94655-74866)***

# ਅੰਬਰ ਹੁਸੈਨੀ: ਕਹਾਣੀ: ਆਹ ਕੋਈ ਮਸਲਾ?...

ਆਫ਼ੀਆ ਨੇ ਹੱਥ 'ਚ ਰਜਿਸਟਰ ਤੇ ਕੁੱਝ ਕਿਤਾਬਾਂ ਦੇ ਨਾਲ਼-ਨਾਲ਼ ਫੜੇ ਜਾਪਾਨੀ ਨਾਵਲ ਦੇ ਤਰਜਮੇ ਨੂੰ ਦੁਬਾਰਾ ਇਕ ਨਜ਼ਰ ਵੇਖਦੇ ਹੋਏ ਦਰਵਾਜ਼ੇ ਦੀ ਘੰਟੀ 'ਤੇ ਉਂਗਲ਼ੀ ਰੱਖ ਦਿੱਤੀ। ਉਹਨੇ ਪਰਸੋਂ ਦੁਪਹਿਰ ਤੀਕਰ ਇਸ ਨਾਵਲ 'ਤੇ ਇਕ ਮਜ਼ਮੂਨ ਲਿਖ ਕੇ ਜਮ੍ਹਾਂ ਕਰਵਾਉਣਾ ਸੀ। ਮੈਮ ਫ਼ਰਖ਼ੰਦਾ ਨੇ ਕਲਾਸ ਦੀ ਹਰ ਪੜ੍ਹਿਆਰ ਨੂੰ ਆਪਣੀ ਮਰਜ਼ੀ ਦਾ ਇਕ-ਇਕ ਨਾਵਲ ਪੜ੍ਹ ਕੇ, ਉਸ ਨਾਵਲ ਅਤੇ ਉਹਦੇ ਕਿਰਦਾਰਾਂ ਬਾਰੇ ਮਜ਼ਮੂਨ ਲਿਖ ਕੇ ਜਮ੍ਹਾਂ ਕਰਾਉਣ ਦੀ ਅਸਾਇਨਮੈਂਟ ਦਿੱਤੀ ਸੀ।

"ਇਸ ਅਸਾਇਨਮੈਂਟ ਦੇ ਦਸ ਨੰਬਰ ਵੀ ਹੋਣਗੇ," ਉਨ੍ਹਾਂ ਨੇ ਕਲਾਸ 'ਚ ਇਸ ਬਾਰੇ ਗੱਲ ਕਰਦੇ ਹੋਏ ਕਿਹਾ ਸੀ, "ਜੋ ਤੁਹਾਡੇ ਫ਼ਾਈਨਲ ਰਿਜ਼ਲਟ 'ਚ ਜਮ੍ਹਾਂ ਹੋ ਜਾਣਗੇ। ਇਸ ਲਈ ਅਸਾਇਨਮੈਂਟ ਧਿਆਨ ਨਾਲ਼ ਕਰੀਓ... ਦਸ ਦਿਨ ਨੇਂ। ਹਰ ਸਟੂਡੈਂਟ ਆਪਣੀ ਮਰਜ਼ੀ ਦਾ ਨਾਵਲ ਚੁਣ ਕੇ ਮੈਨੂੰ ਦੱਸ ਦੇਵੇ।"

ਮੈਮ ਫ਼ਰਖ਼ੰਦਾ ਇਹ ਗੱਲ ਆਖ ਕੇ ਕਲਾਸ 'ਚੋਂ ਬਾਹਰ ਜਾਣ ਲੱਗੇ ਸਨ ਕਿ ਆਫ਼ੀਆ ਨੇ ਖੌਰੇ ਕੀ ਸੋਚ ਕੇ ਕਹਿ ਦਿੱਤਾ:

"ਮੈਮ ਤੁਸੀਂ ਆਪ ਸਾਨੂੰ ਕੋਈ ਨਾਵਲ ਕਿਉਂ ਨਹੀਂ suggest ਕਰਦੇ?"

"ਬੱਚੇ ਮੇਰੇ ਕਹੇ ਨਾਵਲ ਤੁਹਾਨੂੰ ਕੀ ਪਤਾ, ਇੰਨੇ ਚੰਗੇ ਲੱਗਣ ਕਿ ਨਾ, ਤੁਸੀਂ ਜਿੰਝ ਆਪਣੀ ਮਰਜ਼ੀ ਦੀ ਕਿਤਾਬ, ਤੇ ਆਪਣੀ ਪਸੰਦ ਦੇ ਕਿਰਦਾਰ ਬਾਰੇ ਖੁੱਲ੍ਹ ਕੇ ਲਿਖੋਗੇ, ਉਂਝ ਜ਼ਬਰਦਸਤੀ ਪੜ੍ਹੇ ਨਾਵਲ ਬਾਰੇ ਨਹੀਂ ਲਿਖ ਸਕਦੇ। ਇਸ ਅਸਾਇਨਮੈਂਟ ਤੋਂ ਮੇਰਾ ਮਕਸਦ ਵੀ ਤੁਹਾਨੂੰ ਪੜ੍ਹਨ ਅਤੇ ਇਸ ਬਾਰੇ ਸੋਚਣ, critically ਲਿਖਣ ਦੀ ਪ੍ਰੈਕਟਿਸ ਕਰਵਾਉਣ ਦਾ ਏ, ਨਾ ਕਿ ਕੋਈ ਖ਼ਾਸ ਨਾਵਲ ਜਾਂ genre ਪੜ੍ਹਵਾਉਣ ਦਾ।"

"ਫਿਰ ਵੀ ਮੈਮ ਤੁਸੀਂ ਆਪਣੀ ਪਸੰਦ ਦੇ ਕੁੱਝ ਨਾਵਲ ਤੇ ਦੱਸ ਈ ਸਕਦੇ ਓ?" ਆਫ਼ੀਆ ਨੇ ਦੁਬਾਰਾ ਕਿਹਾ ਸੀ ਜਿਸ 'ਤੇ ਮੈਮ ਨੇ ਚਾਰ ਪੰਜ ਨਾਵਲਾਂ ਦੇ ਨਾਂ ਗਿਣਵਾ ਦਿੱਤੇ।

ਮੈਮ ਦੇ ਜਾਣ ਤੋਂ ਬਾਅਦ ਸਾਰੀ ਕਲਾਸ ਦੀਆਂ ਕੁੜੀਆਂ ਇਕੱਠੀਆਂ ਹੋ ਕੇ ਗੱਲ ਕਰਨ ਲੱਗ ਪਈਆਂ ਕਿ ਉਹ ਕਿਸ ਨਾਵਲ ਬਾਰੇ ਲਿਖਣਗੀਆਂ। ਬਹੁਤੀਆਂ ਨੇ ਉਹ ਕਿਤਾਬਾਂ ਚੁਣ ਲਈਆਂ ਜੋ ਉਹ ਪਹਿਲਾਂ ਈ ਪੜ੍ਹ ਚੁੱਕੀਆਂ ਸਨ, ਤਾਂ ਜੇ ਉਨ੍ਹਾਂ ਦਾ ਅਸਾਇਨਮੈਂਟ ਦਾ ਕੰਮ ਘਟ ਜਾਵੇ। ਕੁੱਝ ਨੇ ਮਸ਼ਹੂਰ ਨਾਵਲ ਚੁਣ ਲਏ। ਮੈਮ ਦੇ ਦੱਸੇ ਨਾਵਲਾਂ ਵੱਲ ਕਿਸੇ ਧਿਆਨ ਈ ਨਹੀਂ ਦਿੱਤਾ। ਆਫ਼ੀਆ ਨੇ ਕਿਉਂ ਜੇ ਮੈਮ ਤੋਂ ਜ਼ਿਦ ਕਰ ਕੇ ਪੁੱਛਿਆ ਸੀ, ਸੋ ਉਹਨੇ ਮੈਮ ਦੇ ਕਹੇ ਨਾਵਲਾਂ 'ਚੋਂ ਈ ਇਕ 'ਤੇ ਲਿਖਣ ਦਾ ਫ਼ੈਸਲਾ ਕੀਤਾ।

ਕਾਲਿਜ ਦੀ ਲਾਇਬਰੇਰੀ 'ਚੋਂ ਪਤਾ ਕੀਤਾ, ਉਨ੍ਹਾਂ 'ਚੋਂ ਸਿਰਫ਼ ਇਕ ਹੀ ਨਾਵਲ ਮਿਲਿਆ ਤਾਂ ਆਫ਼ੀਆ ਨੇ ਉਹਦੇ 'ਤੇ ਹੀ ਅਸਾਇਨਮੈਂਟ ਬਣਾਉਣ ਦਾ ਸੋਚ, ਉਹ issue ਕਰਵਾ ਲਿਆ।

ਪਹਿਲਾ ਹਫ਼ਤਾ ਤੇ ਉਹ ਨਾਵਲ ਆਫ਼ੀਆ ਦੇ ਬੈਗ, ਸਿਰਹਾਣੇ ਤੇ ਕਮਰੇ 'ਚ ਪਏ ਮੇਜ਼ 'ਤੇ ਇੱਧਰ ਉੱਧਰ ਰੁਲ਼ਦਾ ਰਿਹਾ। ਪਰ ਜਦ ਅਸਾਇਨਮੈਂਟ ਜਮ੍ਹਾਂ ਕਰਵਾਉਣ ਦੇ ਦਿਨ ਨੇੜੇ ਆਏ ਤਾਂ ਆਫ਼ੀਆ ਨੂੰ ਉਹਨੂੰ ਚੁੱਕਣਾ ਈ ਪਿਆ। ਪਹਿਲੇ ਚਾਰ ਸਫ਼ੇ ਪੜ੍ਹਦੇ ਈ ਉਸ ਨੂੰ ਚੱਕਰ ਆ ਗਏ। ਮੈਮ ਮੂਹਰੇ ਚੰਗੀ ਸਟੂਡੈਂਟ ਬਣਨ ਦੇ ਚਾਹ 'ਚ ਉਹਨੇ ਜਿਹੜੀ ਕਿਤਾਬ ਚੁਣ ਲਈ ਸੀ, ਉਹ ਇਕ ਜਾਪਾਨੀ ਨਾਵਲ ਦਾ ਅੰਗਰੇਜ਼ੀ ਤਰਜਮਾ ਨਿਕਲਿਆ। ਬਹੁਤ ਈ ਹੌਲ਼ੀ-ਹੌਲ਼ੀ ਅਗਾਂਹ ਵਧਦੀ

ਕਹਾਣੀ ਉਸ ਨੂੰ ਪੜ੍ਹਨੀ ਔਖੀ ਲੱਗ ਰਹੀ ਸੀ। ਤੇ ਜਦ ਕੋਈ ਚਾਲ੍ਹੀ ਸਫ਼ੇ ਪੜ੍ਹ ਕੇ ਉਹਦੇ 'ਤੇ ਖੁੱਲ੍ਹਿਆ ਕਿ ਕਹਾਣੀ ਦੀ ਮੁੱਢਲੀ ਕਿਰਦਾਰ ਇਕ Sperm Bank ਤੋਂ ਸਪਰਮ ਲੈ ਕੇ ਮਾਂ ਬਣਨਾ ਚਾਹੁੰਦੀ ਏ ਤਾਂ ਉਹਦਾ ਦਿਮਾਗ਼ ਈ ਘੁੰਮ ਗਿਆ।

'ਇਹ ਕਿੰਝ ਦੀ ਖ਼ਾਹਿਸ਼ ਏ?... ਘਰ 'ਚ ਕਿਸੇ ਨੂੰ ਪਤਾ ਵੀ ਲੱਗ ਗਿਆ ਕਿ ਉਹ ਕਿੰਝ ਦੀ ਕਹਾਣੀ ਪੜ੍ਹਦੀ ਪਈ ਏ, ਤਾਂ ਉਹਨੂੰ ਇਸ ਵਾਹਿਯਾਤੀ ਨੂੰ ਪੜ੍ਹਨ ਤੇ ਈ ਅੰਮੀ ਤੋਂ ਚੰਗੀ ਭਲੀ ਡਾਂਟ ਪੈ ਜਾਣੀ।'

ਉੱਪਰੋਂ ਅਸਾਇਨਮੈਂਟ ਜਮ੍ਹਾਂ ਕਰਾਉਣ 'ਚ ਹੁਣ ਦਿਨ ਥੋੜ੍ਹੇ ਰਹਿ ਗਏ ਸਨ। ਇਕ ਹੋਰ ਨਾਵਲ ਪੜ੍ਹਨ ਅਤੇ ਉਸ ਬਾਰੇ ਲਿਖਣ ਲਈ ਟਾਈਮ ਵੀ ਥੋੜ੍ਹਾ ਸੀ। ਨਾਲੇ ਇਸ ਲਈ ਪਹਿਲਾਂ ਮੈਮ ਤੋਂ ਇਜਾਜ਼ਤ ਵੀ ਲੈਣੀ ਪੈਂਦੀ ਕਿ ਆਪਣੇ ਕਹੇ ਨਾਵਲ ਦੀ ਥਾਂ, ਕਿਸੇ ਹੋਰ ਨਾਵਲ ਬਾਰੇ ਲਿਖ ਲਵੇ। ਉਹਨੇ ਨਾਵਲ ਪਾਸੇ ਰੱਖਿਆ ਤੇ ਅਗਲੇ ਦਿਨ ਮੈਮ ਫ਼ਰਖ਼ੰਦਾ ਨਾਲ਼ ਇਸ ਮੁਸ਼ਕਿਲ ਬਾਰੇ ਗੱਲ ਕਰਨ ਦਾ ਸੋਚਦੇ ਹੋਏ ਸੌਂ ਗਈ।

ਆਫ਼ੀਆ ਨੂੰ ਪੂਰਾ ਯਕੀਨ ਸੀ ਕਿ ਮੈਮ ਉਹਦੇ ਮਸਲੇ ਦਾ ਕੋਈ ਹੱਲ ਕੱਢ ਦੇਣਗੇ। ਉਹ ਮੈਮ ਦੇ ਚੰਗੇ ਸਟੂਡੈਂਟਸ 'ਚੋਂ ਇੱਕ ਸੀ ਤੇ ਹਮੇਸ਼ ਆਪਣਾ ਕੰਮ ਟਾਈਮ 'ਤੇ ਚੰਗੇ ਤਰੀਕੇ ਨਾਲ਼ ਕਰਦੀ ਸੀ।

ਪਰ ਅਗਲੇ ਦਿਨ ਉਹਨੂੰ ਕਾਲਿਜ ਜਾ ਕੇ ਪਤਾ ਲੱਗਿਆ ਕਿ ਮੈਮ ਨੂੰ ਬੁਖ਼ਾਰ ਏ। ਉਨ੍ਹਾਂ ਛੁੱਟੀ ਲਈ ਏ। ਮੈਮ ਕਾਲਿਜ 'ਚ ਈ ਉਸਤਾਦਾਂ ਲਈ ਬਣੇ ਕੁਆਰਟਰਾਂ 'ਚ ਰਹਿੰਦੇ ਸਨ। ਅਸਾਇਨਮੈਂਟ ਜਮ੍ਹਾਂ ਕਰਾਉਣ 'ਚ ਸਿਰਫ਼ ਇੱਕ ਦਿਨ ਬਚਿਆ ਸੀ। ਸੋ ਉਹਨੇ ਮੈਮ ਦੇ ਕੁਆਰਟਰ ਜਾ ਕੇ ਉਨ੍ਹਾਂ ਨਾਲ਼ ਗੱਲ ਕਰਨ ਦਾ ਸੋਚਿਆ। ਬਰੇਕ ਵੇਲ਼ੇ ਮੈਮ ਦੇ ਕੁਆਰਟਰ ਦੇ ਮੂਹਰੇ ਖੜ੍ਹੀ ਹੁਣ ਬੈੱਲ ਵਜਾਉਂਦੇ ਸੋਚ ਰਹੀ ਸੀ ਕਿ ਕਿਤੇ ਮੈਮ ਗ਼ੁੱਸਾ ਈ ਨਾ ਕਰ ਜਾਣ। ਸਟੂਡੈਂਟਸ ਨੂੰ ਬਿਨਾਂ ਇਜਾਜ਼ਤ ਉਸਤਾਨੀਆਂ ਦੇ ਘਰਾਂ ਵੱਲ ਆਉਣ ਦੀ ਇਜਾਜ਼ਤ ਵੀ ਨਹੀਂ ਸੀ। ਪਰ ਗੱਲ ਇਕ ਦੋ ਨਹੀਂ, ਪੂਰੇ ਦਸ ਨੰਬਰਾਂ ਦੀ ਸੀ। ਡਰਦੇ-ਡਰਦੇ ਉਹਨੇ ਬੈੱਲ 'ਤੇ ਉਂਗਲ਼ੀ ਰੱਖ ਦਿੱਤੀ।

ਬੈੱਲ ਵਜਾ ਕੇ ਕਿਸੇ ਦੇ ਆਉਣ ਦਾ ਇੰਤਜ਼ਾਰ ਕਰਦੇ ਹੋਏ ਉਹਨੇ ਇੱਧਰ ਉੱਧਰ ਵੇਖਣਾ ਸ਼ੁਰੂ ਕਰ ਦਿੱਤਾ। ਸਾਹਮਣੇ ਖੁਦਾਈ ਹੋਈ ਪਈ ਸੀ। ਸ਼ੋਰੇ ਕੋਈ ਗੈਸ ਦੀ ਪਾਈਪ ਜਾਂ ਡਰੇਨ ਦੀ ਨਵੀਂ ਲਾਈਨ ਪਾਣ ਨੂੰ। ਉਹਨੂੰ ਲੱਗਿਆ ਜਿਵੇਂ ਉਹਨੇ ਉਸ 'ਚੋਂ ਇਕ ਬਿੱਲੀ ਦੇ ਬੱਚੇ ਦੀ ਅਵਾਜ਼ ਸੁਣੀ ਹੋਵੇ। ਉਹ ਅਗਾਂਹ ਨੂੰ ਹੋ ਕੇ ਵੇਖਣ ਈ ਲੱਗੀ ਸੀ ਕਿ ਮੈਮ ਦੇ ਘਰ 'ਚੋਂ ਕਿਸੇ ਦੀ ਵਾਜ ਆਈ।

"ਕੌਣ?"

"ਜੀ ਮੈਂ ਆਫ਼ੀਆ... ਮੈਮ ਫ਼ਰਖ਼ੰਦਾ ਦੀ ਸਟੂਡੈਂਟ... ਮੈਮ ਨਾਲ਼ ਮਿਲਣਾ ਸੀ।"

"ਬਾਅਜੀ ਫ਼ਰਖ਼ੰਦਾ ਨੇ ਤੁਹਾਨੂੰ ਬੁਲਾਇਆ?" ਬੂਹਾ ਸ਼ਾਇਦ ਮੈਮ ਦੇ ਘਰ ਕੰਮ ਕਰਨ ਵਾਲੀ ਨੇ ਖੋਲ੍ਹਿਆ ਸੀ, ਤੇ ਹੁਣ ਮੱਥੇ 'ਤੇ ਵੱਟ ਪਾ ਕੇ ਉਹ ਆਫ਼ੀਆ ਨੂੰ ਪੁੱਛ ਰਹੀ ਸੀ।

"ਜੀ ਤੁਸੀਂ ਮੈਮ ਨੂੰ ਜਾ ਕੇ ਕਹੋ, ਥਰਡ-ਯੇਅਰ ਦੀ ਆਫ਼ੀਆ ਆਈ ਏ, ਅਸਾਇਨਮੈਂਟ ਬਾਰੇ ਗੱਲ ਕਰਨ।" ਆਫ਼ੀਆ ਨੇ ਡਰਦੇ-ਡਰਦੇ ਕਿਹਾ।

ਉਹ 'ਅੱਛਾ' ਕਹਿ ਕੇ ਦਰਵਾਜ਼ਾ ਬੰਦ ਕਰ ਗਈ।

ਆਫ਼ੀਆ ਅਗਾਂਹ ਹੋ ਕੇ ਬਿੱਲੀ ਦੇ ਬੱਚੇ ਨੂੰ ਇਸ ਟੋਏ ਜਿਹੇ 'ਚੋਂ ਨਿਕਲਣ ਦੀ ਕੋਸ਼ਿਸ਼ ਕਰਦਿਆਂ ਵੇਖ, ਦੁਆ ਕਰਨ ਲੱਗੀ... ਅੱਲ੍ਹਾ ਕਰੇ ਮੈਮ ਅੰਦਰ ਸੱਦ ਲੈਣ।

ਟੋਇਆ ਏਨਾ ਡੂੰਘਾ ਤੇ ਨਹੀਂ ਸੀ, ਜਾਂ ਤੇ ਬਿੱਲੀ ਦਾ ਬੱਚਾ ਨਿੱਕਾ ਬਹੁਤਾ ਸੀ ਜਾਂ ਕਿਨਾਰੇ 'ਤੇ ਢਾਲ਼ ਨਾ ਹੋਣ ਕਾਰਨ ਉਹ ਨਿਕਲ ਨਹੀਂ ਸੀ ਸਕ ਰਿਹਾ। ਆਫ਼ੀਆ ਅਜੇ ਉਹਨੂੰ ਵੇਖ ਈ ਰਹੀ ਸੀ ਕਿ ਮੈਮ ਦੇ ਘਰ ਦਾ ਬੂਹਾ ਉਸੇ ਕੰਮ ਵਾਲੀ ਨੇ ਖੋਲ੍ਹਿਆ ਤੇ ਉਹਨੂੰ ਕਿਹਾ:

"ਆ ਜਾ ਅੰਦਰ!... ਬਾਅਜੀ ਉਡੀਕ ਰਹੇ ਆ।"

ਆਫ਼ੀਆ ਉਹਦੇ ਪਿੱਛੇ-ਪਿੱਛੇ ਜਿਸ ਕਮਰੇ 'ਚ ਅੱਪੜੀ, ਉਹ ਮੈਮ ਦਾ ਡਰਾਇੰਗ-ਰੂਮ ਲੱਗ

ਰਿਹਾ ਸੀ।

"ਬੈਠੋ! ਮੈਮ ਆ ਰਹੇ।" ਕੰਮ ਵਾਲੀ ਬੋਲੀ।

ਆਫ਼ੀਆ ਅਜੇ ਸੋਫ਼ੇ ਦੇ ਕੰਢੇ 'ਤੇ ਟਿਕ ਕੇ ਬੈਠੀ ਸੀ ਕਿ ਮੈਮ ਆ ਗਏ। ਨਜ਼ਲੇ ਨਾਲ਼ ਉਨ੍ਹਾਂ ਦੀਆਂ ਅੱਖਾਂ ਲਾਲ਼ ਜਿਹੀਆਂ ਹੋ ਰਹੀਆਂ ਸਨ।

ਆਫ਼ੀਆ ਉਨ੍ਹਾਂ ਨੂੰ ਵੇਖਦੇ ਉੱਠ ਕੇ ਖੜ੍ਹ ਗਈ।

"ਬੈਠੋ! ਬੈਠੋ!! ਇਹ ਕਲਾਸ-ਰੂਮ ਨਹੀਂ ਏ।" ਮੈਮ ਕਹਿੰਦੇ ਹੋਏ ਸਾਹਮਣੇ ਵਾਲੇ ਸੋਫ਼ੇ 'ਤੇ ਬੈਠ ਗਏ, "ਦੱਸੋ ਕੀ ਮਸਲਾ ਏ?" ਉਨ੍ਹਾਂ ਪੁੱਛਿਆ।

ਖ਼ੌਰੇ ਕਿਉਂ ਆਫ਼ੀਆ ਨੂੰ ਮੈਮ ਦੀ ਆਵਾਜ਼ 'ਤੇ ਰੋਏ ਹੋਣ ਦਾ ਭੁਲੇਖਾ ਜਿਹਾ ਪਿਆ। ਪਰ ਫਿਰ ਉਹ ਉਹਨੂੰ ਨਜ਼ਲਾ ਜਾਪਦੀ, ਮੈਮ ਦਾ ਹਾਲ ਪੁੱਛਣ ਲੱਗ ਗਈ।

"ਠੀਕ ਆਂ!...ਕੱਲ੍ਹ ਆਵਾਂਗੀ ਕਲਾਸ ਲੈਣ।" ਮੈਮ ਬੋਲੇ, "ਤੂੰ ਦੱਸ ਕਿੰਝ ਆਉਣਾ ਹੋਇਆ?"

"ਮੈਮ ਉਹ ਜਿਹੜਾ ਨਾਵਲ ਮੈਂ ਲਿਆ ਸੀ ਅਸਾਇਨਮੈਂਟ ਲਈ..." ਆਫ਼ੀਆ ਝਕਦੇ ਹੋਏ ਬੋਲੀ।

"ਹਾਂ, ਹਾਂ... 'Breast & Egg' 'ਤੇ ਲਿਖ ਰਹੀ ਏਂ ਨਾ ਤੂੰ?" ਮੈਮ ਯਾਦ ਕਰਦੇ ਹੋਏ ਬੋਲੇ।

"ਜੀ ਮੈਮ।" ਆਫ਼ੀਆ ਨੇ ਜਵਾਬ ਦਿੱਤਾ।

"ਕਿੰਝ ਦਾ ਲੱਗਿਆ ਨਾਵਲ?... ਜਾਪਾਨੀ ਲਿਟਰੇਚਰ ਨੂੰ ਪੜ੍ਹਨਾ ਥੋੜ੍ਹਾ ਔਖਾ ਮੰਨਿਆ ਜਾਂਦਾ ਏ।" ਮੈਮ ਨੇ ਪੁੱਛਿਆ।

"ਠੀਕ ਜਿਹਾ ਈ ਲੱਗਿਆ..." ਆਫ਼ੀਆ ਨੇ ਦੱਸਿਆ, "ਪਰ ਮੈਂ ਸੋਚ ਰਹੀ ਸੀ ਕਿ... ਮੈਮ ਇਹ ਅਜੀਬ ਜਿਹੀ ਖ਼ਾਹਿਸ਼ ਨਹੀਂ!... ਤੇ ਫਿਰ ਉਸ ਖ਼ਾਹਿਸ਼ ਨੂੰ ਲੈ ਕੇ ਬਿਲਾ-ਵਜ੍ਹਾ ਏਡਾ ਵੱਡਾ ਮਸਲਾ ਬਣਾਉਣ ਦੀ ਕੋਸ਼ਿਸ਼ ਕੀਤੀ ਹੋਈ ਏ!"

"ਮੈਮ ਦੇ ਅੰਦਰ ਦੀ ਫ਼ੈਮਿਨਿਸਟ, ਹਿਊਮਿਨਿਸਟ ਤੇ ਉਸਤਾਨੀ ਤਿੰਨੇ ਇਕੋ ਸਾਰ ਜਾਗ ਗਈਆਂ।" ਕੀ ਮਤਲਬ ਮਸਲਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਏ?" ਉਨ੍ਹਾਂ ਪੁੱਛ ਲਿਆ।

"ਵੇਖੋ ਨਾ ਮੈਮ! ਇਕ ਸਵਾਣੀ ਜੋ ਇਕੱਲੀ ਰਹਿੰਦੀ, ਉਹਨੇ ਮਾਂ ਬਣਨਾ ਏ, ਤੇ ਕਿਉਂਜੇ ਇੰਝ ਉਹਦੇ ਬੱਚੇ ਦਾ ਕੋਈ ਪਿਓ ਨਾ ਹੋਵੇਗਾ, ਕਿ ਉਸ ਸਵਾਣੀ ਨੂੰ ਆਪ ਪਤਾ ਨਹੀਂ ਹੋਣਾ ਕਿ ਉਹਨੇ ਜਿਹਦੇ 'ਸਪਰਮਜ਼' ਖ਼ਰੀਦੇ ਨੇਂ, ਉਹ ਕੌਣ ਏ? ਉਹਦੇ ਕੋਲ਼ ਬੱਸ ਇਕ ਮੈਡੀਕਲ ਰਿਪੋਰਟ ਹੋਵੇਗੀ ਕਿ ਖ਼ਰੀਦੇ ਗਏ ਸਪਰਮਜ਼ ਕਿਸੇ ਵੀ genetic ਬਿਮਾਰੀ ਤੋਂ ਸਾਫ਼ ਨੇਂ। ਫ਼ਿਰ ਉਹ ਨਾਲ਼-ਨਾਲ਼ ਇਹ ਵੀ ਜਾਣਨਾ ਚਾਹੁੰਦੀ ਏ ਕਿ ਇੰਝ ਦੇ ਬੱਚੇ ਆਪਣੇ ਖ਼ਾਨਦਾਨ ਨੂੰ ਲੈ ਕੇ ਕਿੰਝ ਦਾ ਮਹਿਸੂਸ ਕਰਦੇ, ਵੱਡੇ ਹੋਣ 'ਤੇ ਕੀ ਸਵਾਲ ਕਰਦੇ, ਨਾਲੇ ਫਿਰ ਕਾਨੂੰਨੀ ਮਸਲੇ ਮਸਾਇਲ ਕਿ ਇਸ ਬੱਚੇ ਨੂੰ ਉਹਦਾ ਸਭ ਕੁੱਝ ਆਪੋ-ਆਪ ਉਹਦੇ ਮਰਨ ਤੋਂ ਬਾਅਦ ਕਿਉਂ ਨਹੀਂ ਮਿਲਦਾ, ਉਹਦੇ ਲਈ ਇਕ ਅਡਾਪਟ ਕੀਤੇ ਬੱਚੇ ਜਿਹੀ ਕਾਨੂੰਨੀ ਕਾਰਵਾਈ ਕਿਉਂ ਹੋਵੇਗੀ ਵ਼ਗ਼ੈਰਾ ਵ਼ਗ਼ੈਰਾ।" ਆਫ਼ੀਆ ਏਨਾ ਕਹਿ ਕੇ ਚੁੱਪ ਹੋ ਗਈ।

"ਇਹ ਤੇ ਤੂੰ ਨਾਵਲ ਦੀ ਸਮਰੀ ਜਿਹੀ ਦੱਸੀ ਏ...ਇਹਦੇ 'ਚ ਮਸਲਾ ਕੀ ਏ?" ਮੈਮ ਫ਼ਰਖ਼ੰਦਾ ਨੇ ਪੁੱਛਿਆ।

"ਮੈਮ ਇਹ ਈ ਤੇ ਮੈਂ ਕਹਿ ਰਹੀ ਹਾਂ, ਮੈਨੂੰ ਲੱਗਿਆ ਜਿਵੇਂ ਬਾਹਰਲੇ ਮੁਲਕਾਂ 'ਚ ਸਵਾਣੀਆਂ ਨੂੰ ਏਨੇ ਕੁ ਹੱਕ ਮਿਲ ਗਏ ਨੇਂ ਕਿ ਉਨ੍ਹਾਂ ਦੇ ਮਸਲੇ ਮਿਸਾਇਲ ਈ ਮੁੱਕ ਗਏ... ਹੁਣ ਉਹ ਆਪ ਜਿਵੇਂ ਮਸਲੇ ਘੜਨ ਦੀ ਕੋਸ਼ਿਸ਼ ਕਰਦੀਆਂ।" ਆਫ਼ੀਆ ਨੇ ਜਵਾਬ 'ਚ ਕਿਹਾ।

"ਵੇਖ ਆਫ਼ੀਆ", ਮੈਮ ਬੋਲੇ, "ਤੁਸੀਂ ਨਾਵਲ ਦੀ ਰੂਹ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਨਾਵਲ ਉਸ ਇਕਲਾਪੇ ਬਾਰੇ ਏ ਜੋ ਉਹ ਕੁੜੀ ਹਮੇਸ਼ ਤੋਂ ਮਹਿਸੂਸ ਕਰਦੀ ਏ, ਤੇ ਹੁਣ ਉਹ ਇਸ ਇਕਲਾਪੇ ਨੂੰ ਇਕ ਔਲਾਦ ਨਾਲ਼ ਪੂਰਾ ਕਰਨਾ ਚਾਹੁੰਦੀ... ਪਰ ਉਹਨੂੰ ਵਿਆਹ ਨਹੀਂ ਕਰਨਾ... ਉਹਨੂੰ ਔਲਾਦ ਚਾਹੀਦੀ ਪਰ ਬੰਦਾ ਤੇ ਫ਼ੈਮਲੀ ਲਾਈਫ਼ ਨਹੀਂ।"

"ਪਰ ਮੈਮ ਜੇ ਬੰਦਾ ਨਾ ਹੋਵੇ ਤੇ ਨਿਆਣਿਆਂ ਦੀ ਖ਼ਾਹਿਸ਼ ਕਿੱਦਾਂ ਹੋ ਸਕਦੀ ਏ?" ਆਫ਼ੀਆ ਖਿਝ ਕੇ ਬੋਲੀ।

"ਕਿਉਂ ਨਹੀਂ ਹੋ ਸਕਦੀ?" ਮੈਮ ਨੇ ਪੁੱਛਿਆ।

"ਬੱਸ ਓ ਮੈਮ..." ਏਨਾ ਕਹਿ ਕੇ ਪ੍ਰੇਸ਼ਾਨ ਜਿਹੀ ਆਫ਼ੀਆ ਉਂਗਲਾਂ ਦੇ ਪਟਾਕੇ ਕੱਢਣ ਲੱਗ ਗਈ, "ਮੈਮ ਮਾਂ ਪਿਓ ਦੋਹਾਂ ਤੋਂ ਬਿਨਾਂ ਬੱਚਾ ਕਿੰਝ ਹੋ ਸਕਦਾ ਏ?" ਅਖ਼ੀਰ ਉਹਨੇ ਝਕਦੇ ਹੋਏ ਗੱਲ ਵਧਾਈ, "ਬੱਚੇ ਨੂੰ ਤੇ ਦੋਹੀਂ ਚਾਹੀਦੇ ਹੁੰਦੇ?"

"ਤੂੰ ਕਿੰਨੇ ਬੱਚੇ ਇੱਥੇ ਵੀ ਵੇਖੇ ਹੋਣੇ ਜੋ ਪਿਓ ਤੋਂ ਬਿਨਾਂ ਇਕੱਲਿਆਂ ਮਾਵਾਂ ਪਾਲ਼ ਰਹੀਆਂ ਹੁੰਦੀਆਂ...ਵੇਖੇ ਹਨ ਨਾ?... ਕਿਸੇ ਦਾ ਪਿਓ ਰੱਬ ਆਪਣੇ ਕੋਲ਼ ਸੱਦ ਲੈਂਦਾ। ਜੋੜਿਆਂ 'ਚ ਤਲਾਕ ਹੋ ਜਾਂਦੀ। ਕਈ ਇਕ ਮਸਲੇ ਮਸਾਇਲ ਹੁੰਦੇ। ਸਗੋਂ ਮੇਰਾ ਤੇ ਮੰਨਣਾ ਜੇ ਮਾਂ ਪਿਓ ਦੋਹਾਂ 'ਚੋਂ ਇਕ ਵੀ ਪਰਿਵਾਰਕ ਜੀਵਨ ਚੰਗੇ ਨਾਲ਼ ਨਾ ਨਿਭਾ ਰਿਹਾ ਹੋਵੇ, ਤੇ ਨਿੱਤ ਦੇ ਲੜਾਈਆਂ ਝਗੜਿਆਂ 'ਚ ਬੱਚਾ ਵੱਡਾ ਕਰਨ ਤੋਂ ਬਿਹਤਰ ਏ, ਬੱਚੇ ਕੋਲ਼ ਇਕ parent ਹੋਵੇ। ਪਰ ਨਾਲ਼ ਘਰ 'ਚ ਸਕੂਨ ਹੋਵੇ, ਨਿੱਤ ਦੇ ਸਿਆਪੇ ਨਾ ਹੋਣ, ਦੋਹੀਂ parent ਇਕ ਦੂਜੇ ਨਾਲ਼ ਲੜ-ਲੜ ਜ਼ਿਹਨੀ ਮਰੀਜ਼ ਬਣੇ ਪਏ ਹੋਣ, ਇਹਦੇ ਤੋਂ ਇਕ happy parent ਕੀ ਮਾੜਾ?..."

ਮੈਮ ਆਪਣੀ ਗੱਲ ਦੇ ਅਖ਼ੀਰ 'ਤੇ ਇਕ ਸਵਾਲ ਪਾ ਦਿੱਤਾ।

"ਮੈਮ ਉਹ ਗੱਲ ਤੁਹਾਡੀ ਠੀਕ ਏ, ਪਰ..."

"ਕੀ ਪਰ?..." ਮੈਮ ਨੇ ਦੁਬਾਰਾ ਪੁੱਛਿਆ।

"ਮੈਮ ਕਦੀ ਕਿਸੇ ਇਕ ਅੱਧੇ ਬੰਦੇ ਦਾ ਦਿਲ ਸਮਾਜ ਤੋਂ ਹਟ ਕੇ ਸੋਚਣ ਲੱਗ ਜਾਵੇ, ਉਹਦੇ ਲਈ ਨਵੇਂ ਕਾਨੂੰਨ ਲਿਆਉਣ ਦੀ ਕੋਸ਼ਿਸ਼ ਕਿਉਂ ਕਰਨੀ?..." ਆਫ਼ੀਆ ਬੋਲੀ।

"ਆਫ਼ੀਆ, ਬੱਚੇ!... ਮੁਲਕ ਦਾ ਕੌਨਸਟੀਚਿਊਸ਼ਨ ਤੇ ਕਾਨੂੰਨ ਬਣਾਇਆ ਈ ਸਮਾਜ 'ਚ ਮੌਜੂਦ ਘੱਟ-ਗਿਣਤਰੀ ਲੋਕਾਂ ਲਈ ਜਾਂਦਾ ਏ। ਜੋ ਤਾਕਤਵਰ ਨੇਂ, ਗਿਣਤੀ 'ਚ ਬਹੁਤੇ ਨੇਂ, ਉਨ੍ਹਾਂ ਤਾਂ ਆਪਣੀ ਮਰਜ਼ੀ ਮੰਨਵਾ ਵੀ ਲੈਣੀ ਤੇ ਜ਼ਬਰਦਸਤੀ ਪੁਗਾ ਵੀ ਲੈਣੀ। ਰਿਆਸਤ ਉਨ੍ਹਾਂ ਦੇ ਹੱਕ ਲਈ ਖੜ੍ਹੀ ਹੁੰਦੀ ਜੋ ਥੋੜ੍ਹੇ ਹੋਣ, ਜਿਨ੍ਹਾਂ ਦੀ ਕੋਈ ਸੁਣਦਾ ਨਾ ਹੋਵੇ। ਇੰਝ ਉਹ ਉਸੇ ਥੋੜ੍ਹੇ ਪਾਸੇ ਆਪਣਾ ਭਾਰ ਪਾ ਕੇ ਪੱਲੜੇ ਬਰਾਬਰ ਕਰ ਦਿੰਦੀ ਏ। ਇਸੇ ਲਈ ਤੇ ਕਿਹਾ ਜਾਂਦਾ ਏ ਕਿ ਰਿਆਸਤ ਦਾ ਕੋਈ ਮਜ਼ਹਬ ਨਹੀਂ ਹੁੰਦਾ। ਕਿਉਂਜੇ ਰਿਆਸਤ ਬਹੁੰ-ਗਿਣਤੀ ਲੋਕਾਂ ਦਾ ਮਜ਼ਹਬ ਅਪਣਾ ਲਵੇ, ਫਿਰ ਤੇ ਘੱਟ-ਗਿਣਤੀਆਂ ਬਿਲਕੁਲ ਈ ਪਿਸ ਕੇ ਨਾ ਰਹਿ ਜਾਣ।"

"ਉਹ ਤੁਸੀਂ ਠੀਕ ਕਹਿ ਰਹੇ ਓ...ਪਰ..." ਆਫ਼ੀਆ ਫ਼ਿਰ ਵੀ ਉੱਥੇ ਈ ਅਟਕੀ ਹੋਈ ਸੀ।

"ਵੇਖ ਆਫ਼ੀਆ! ਜਿੰਝ-ਜਿੰਝ ਸਮਾਜ ਬਦਲਦਾ, ਉਂਝ-ਉਂਝ ਉਹਦੇ ਮਸਲੇ ਮਸਾਇਲ ਵੀ ਬਦਲਦੇ ਨੇਂ। ਸਾਡਾ ਸਮਾਜ ਤੇ ਰਿਆਸਤ ਅਜੇ ਆਪਣੇ ਲੋਕਾਂ ਦੀਆਂ ਬੁਨਿਆਦੀ ਜ਼ਰੂਰਤਾਂ ਈ ਪੂਰੀਆਂ ਨਹੀਂ ਕਰ ਪਾਈ। ਅਸੀਂ ਅਜੇ ਵੀ ਧੀ ਪੁੱਤ 'ਚ ਖਾਣ-ਪੀਣ ਦੀ ਬਰਾਬਰੀ, ਕੁੜੀਆਂ ਦੇ ਪੜ੍ਹਨ, ਪਸੰਦ ਦੇ ਵਿਆਹ, ਵਿਰਾਸਤ ਜਿਹੇ ਬਹੁਤ ਈ ਬੁਨਿਆਦੀ ਹੱਕ ਵੀ ਦੇਣ 'ਚ ਨਾਕਾਮ ਹਾਂ... ਪਰ ਜੋ ਸਮਾਜ ਇਸ ਤੋਂ ਉੱਪਰ ਉੱਠ ਗਏ ਨੇਂ, ਉਨ੍ਹਾਂ ਦੇ ਮਸਲੇ ਵੀ ਬਦਲ ਗਏ ਨੇਂ। ਜੇ ਸਾਨੂੰ ਉਨ੍ਹਾਂ ਦੇ ਮਸਲੇ ਸਮਝ ਨਹੀਂ ਆਉਂਦੇ, ਤੇ ਇਹਦਾ ਇਹ ਮਤਲਬ ਉੱਕਾ ਨਹੀਂ ਹੋ ਸਕਦਾ ਕਿ ਉਨ੍ਹਾਂ ਦੀ ਪੀੜ ਝੂਠੀ ਏ।

ਤੂੰ ਕਿਸੇ ਐਸੇ ਮੁਲਕ 'ਚ ਜਾ ਕੇ, ਜਿੱਥੇ ਸਭ ਸ਼ਹਿਰੀਆਂ ਨੂੰ ਬਰਾਬਰ ਦੇ ਹੱਕ ਲੱਭਦੇ ਹੋਣ, ਇਹ ਗੱਲ ਕਰੇਂਗੀ ਕਿ ਸਾਡੇ ਮੁਲਕ 'ਚ ਕੁੜੀਆਂ ਨੂੰ ਅਜੇ ਵੀ ਇੱਜ਼ਤ, ਗ਼ੈਰਤ ਦੇ ਨਾਂ 'ਤੇ ਵੱਢ ਦਿੱਤਾ ਜਾਂਦਾ ਤਾਂ ਉਨ੍ਹਾਂ ਨੂੰ ਯਕੀਨ ਨਹੀਂ ਆਉਣਾ ਕਿ ਇੰਝ ਕਿੱਦਾਂ ਹੋ ਸਕਦਾ। ਪਰ ਇਹਦਾ ਇਹ ਮਤਲਬ ਤੇ ਨਹੀਂ ਕਿ ਇੰਝ ਹੁੰਦਾ ਨਹੀਂ।"

ਹੁਣ ਆਫ਼ੀਆ ਨੂੰ ਮੈਮ ਦੀ ਗੱਲ ਦੀ ਥੋੜ੍ਹੀ ਬਹੁਤ ਸਮਝ ਆਉਣ ਲੱਗੀ ਸੀ। ਇਸ ਲਈ ਉਹਨੇ

ਸੋਚ 'ਚ ਡੁੱਬਿਆ ਸਿਰ ਹਿਲਾਉਂਦੇ ਹੋਏ Thank You Ma'am ਕਿਹਾ।

"ਸ਼ੁਕਰੀਏ ਦੀ ਲੋੜ ਨਹੀਂ, ਤੂੰ ਇਹ ਦੱਸ ਗੱਲ ਕੁਝ ਪੱਲੇ ਪਈ ਏ?" ਮੈਮ ਨੇ ਸਵਾਲ ਕੀਤਾ।

"ਜੀ ਮੈਮ, ਪੈ ਗਈ... ਮੈਨੂੰ ਲੱਗਦਾ ਹੁਣ ਮੈਂ ਆਰਾਮ ਨਾਲ਼ ਅਸਾਇਨਮੈਂਟ ਬਣਾ ਲਵਾਂਗੀ।"

"ਚੱਲ ਠੀਕ ਏ ਫ਼ਿਰ..." ਮੈਮ ਬੋਲੀ, "ਹੋਰ ਸੁਣਾ, ਸਭ ਠੀਕ ਠਾਕ?... ਪੜ੍ਹਾਈ ਤੋਂ ਸਿਵਾ ਵੀ ਕੋਈ ਮਸਲਾ, ਉਲਝਣ ਹੋਵੇ ਤੇ ਤੁਸੀਂ ਸਭ ਕੁੜੀਆਂ ਮੇਰੇ ਨਾਲ਼ ਆ ਕੇ ਗੱਲ ਕਰ ਸਕਦੀਆਂ ਓ।"

"ਜੀ ਮੈਮ, ਮੈਨੂੰ ਪਤਾ ਏ।" ਆਫ਼ੀਆ ਜਵਾਬ ਦਿੱਤਾ।

ਮੈਮ ਫ਼ਰਖ਼ੰਦਾ ਇਸੇ ਗੱਲੋਂ ਤੇ ਕੁੜੀਆਂ 'ਚ ਬਹੁਤੇ ਮਸ਼ਹੂਰ ਸਨ ਕਿ ਉਹ ਹਮੇਸ਼ਾ ਆਪਣੇ ਪਹਿਲੇ ਲੈਕਚਰ 'ਚ ਹਰ ਨਵੇਂ ਆਉਣ ਵਾਲੇ ਬੈਚ ਨੂੰ ਕਹਿੰਦੇ ਹੁੰਦੇ ਸਨ ਕਿ ਪੜ੍ਹਾਈ ਦੇ ਨਾਲ਼-ਨਾਲ਼ ਜ਼ਿੰਦਗੀ, ਘਰ ਇੱਥੋਂ ਤੀਕ ਕਿ ਇਸ਼ਕ ਮਾਅਸ਼ੂਕੀ ਦਾ ਵੀ ਕੋਈ ਮਸਲਾ ਹੋਵੇ ਤੇ ਅਣ-ਝਕ ਆ ਕੇ ਮੇਰੇ ਨਾਲ਼ ਗੱਲ ਕਰ ਲਓ।

ਫ਼ਰਖ਼ੰਦਾ ਨੂੰ ਇਸ ਗੱਲ ਦਾ ਸ਼ਿੱਦਤ ਨਾਲ਼ ਅਹਿਸਾਸ ਸੀ ਕਿ ਅਠਾਰਾਂ-ਉੱਨੀ ਵਰ੍ਹੇ ਦੀਆਂ ਬਾਲੜੀਆਂ ਕਈ ਐਸੇ ਜਜ਼ਬਾਤੀ ਮਸਲਿਆਂ 'ਚੋਂ ਲੰਘਦੀਆਂ ਹੁੰਦੀਆਂ ਨੇਂ, ਜਿਨ੍ਹਾਂ ਬਾਰੇ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਕਿ ਉਹ ਕੀਹਦੇ ਨਾਲ਼ ਗੱਲ ਕਰਨ?... ਆਪੋਂ 'ਚ ਯਾਂ ਸੋਸ਼ਲ ਮੀਡੀਆ 'ਤੇ ਗੱਲ ਕਰ ਕੇ ਪੁੱਠੀਆਂ ਸਿੱਧੀਆਂ ਰਾਹਵਾਂ ਚੁਣਨ, ਇਸ ਤੋਂ ਉਨ੍ਹਾਂ ਨੂੰ ਵਧੀਆ ਲੱਗਦਾ ਕਿ ਆਪਣਾ ਕੁੱਝ ਵਕਤ ਬੱਚਿਆਂ ਨੂੰ ਦੇ ਕੇ ਉਨ੍ਹਾਂ ਨੂੰ ਸਿੱਧਾ ਪਾਸਾ ਵਿਖਾ ਦਿੱਤਾ ਜਾਵੇ।

ਕੁੜੀਆਂ ਦੇ ਮੈਮ ਨੂੰ ਪਸੰਦ ਕਰਨ ਦੀ ਸਭ ਤੋਂ ਵੱਡੀ ਵਜ੍ਹਾ ਵੀ ਉਨ੍ਹਾਂ ਨਾਲ਼ ਘਰ ਦੀਆਂ, ਦਿਲ ਦੀਆਂ ਗੱਲਾਂ ਕਰ ਸਕਣ ਦੀ ਸੌਖਿਆਈ ਸੀ, ਤੇ ਇਸੇ ਕਾਰਨ ਸਾਰੀ ਕਲਾਸ ਮੈਮ ਫ਼ਰਖ਼ੰਦਾ ਨਾਲ਼ ਕਾਫ਼ੀ ਫ਼ਰੈਂਕ ਵੀ ਸੀ।

ਮੈਮ ਦੇ ਘਰ ਕੰਮ ਕਰਨ ਵਾਲੀ ਮਾਸੀ ਚਾਹ ਬਣਾ ਕੇ ਲੈ ਆਈ ਸੀ।

ਮੈਮ ਨੇ ਆਫ਼ੀਆ ਨੂੰ ਚਾਹ ਦਾ ਕੱਪ ਚੁੱਕਣ ਦਾ ਕਿਹਾ ਤੇ ਆਪ ਵੀ ਕੱਪ ਲੈ ਕੇ ਬੈਠ ਗਏ।

ਆਫ਼ੀਆ ਨੇ ਗੱਲ ਵਧਾਉਣ ਲਈ ਕਿਹਾ, "ਅੱਜ ਕੱਲ੍ਹ ਤੇ ਬੱਸ ਇਸੇ ਅਸਾਇਨਮੈਂਟ ਬਾਰੇ ਸੋਚ ਰਹੀ ਸੀ, ਨਾਲੇ ਰੋਜ਼ ਅੰਮੀ ਨਾਲ਼ ਲੜਾਈ ਹੁੰਦੀ।"

"ਅੰਮੀ ਨਾਲ਼ ਲੜਾਈ... ਕਿਉਂ ਵਈ?..." ਮੈਮ ਪੁੱਛਿਆ।

"ਮੈਮ ਅਗਲੇ ਹਫ਼ਤੇ ਕਾਲਿਜ ਫ਼ੈਸਟੀਵਲ ਏ ਨਾ, ਮੈਂ ਅੰਮੀ ਨੂੰ ਨਵਾਂ ਸੂਟ ਬਣਵਾ ਕੇ ਦੇਣ ਨੂੰ ਕਿਹਾ ਏ, ਜਦ ਕਿ ਅੰਮੀ ਕਹਿ ਰਹੇ ਨੇਂ, 'ਮਹੀਨੇ ਬਾਅਦ ਤੇਰੀ farewell, ਫ਼ਿਰ ਤੂੰ ਸੂਟ ਮੰਗਣਾ... ਹੁਣ ਰਹਿਣ ਦੇ ਤੇ ਕੋਈ ਪੁਰਾਣਾ ਪਾ ਲੈ'।" ਆਫ਼ੀਆ ਗੱਲ ਖੋਲ੍ਹ ਕੇ ਦੱਸੀ।

"ਵੈਸੇ ਕਹਿ ਤੇ ਸੱਚ ਰਹੇ ਨੇਂ ਤੇਰੇ ਅੰਮੀ, ਨਾਲੇ ਘਰ ਕਿੰਨੇ ਸਾਰੇ ਨਵੇਂ ਸੂਟ ਪਏ ਹੁੰਦੇ। ਕੁੱਝ ਤੇ ਅਸੀਂ ਬੱਸ ਇਕ ਵਾਰ ਈ ਪਾਏ ਹੁੰਦੇ। ਉਨ੍ਹਾਂ 'ਚੋਂ ਕੋਈ ਵੀ ਪਾ ਲਵੀਂ।" ਮੈਮ ਸੁਝਾਅ ਦਿੱਤਾ।

"ਪਰ ਮੈਮ, ਉਨ੍ਹਾਂ ਸਭੇ ਸੂਟਾਂ 'ਚ ਸੈਲਫ਼ੀਆਂ ਲੈ ਮੈਂ ਇਨਸਟਾ 'ਤੇ ਸਟੋਰੀ ਪਾਈ ਹੋਈ ਆ, ਪੂਰੀ ਕਲਾਸ ਨੇ ਵੇਖੇ ਹੋਏ।" ਆਫ਼ੀਆ ਨੇ ਬੇਵਸੀ ਨਾਲ਼ ਦੱਸਿਆ।

"ਤੇ ਸ਼ੁਦੈਣੇਂ... ਜੇ ਵੇਖੇ ਹੋਏ ਤੇ ਫ਼ਿਰ ਕੀ ਹੋ ਗਿਆ?" ਮੈਮ ਹੈਰਾਨੀ ਨਾਲ਼ ਬੋਲੇ, "ਚੰਗੀ ਭਲੀ ਸਮਝਦਾਰ ਜਿਹੀ ਆਫ਼ੀਆ ਤੋਂ ਇੰਝ ਦੀ ਬੇਵਕੂਫ਼ੀ ਦੀ ਗੱਲ ਦੀ ਉਨ੍ਹਾਂ ਨੂੰ ਉਮੀਦ ਨਹੀਂ ਸੀ, ਥੋੜ੍ਹਾ ਜਿਹਾ ਸਖ਼ਤੀ ਨਾਲ਼ ਬੋਲੇ, "ਆਫ਼ੀਆ ਇਹ ਭਲਾ ਕੋਈ ਮਸਲਾ?... ਜਿਹਦੀ ਵਜ੍ਹਾ ਤੋਂ ਤੂੰ ਰੋਜ਼ ਆਪਣੀ ਅੰਮੀ ਨੂੰ ਪ੍ਰੇਸ਼ਾਨ ਕਰ ਰਹੀ ਏਂ।"

ਆਫ਼ੀਆ ਜਾਣਦੀ ਸੀ ਕਿ ਅੰਮੀ ਵਾਂਗ ਮੈਮ ਨੂੰ ਵੀ ਉਹਦੀ ਪ੍ਰੇਸ਼ਾਨੀ ਸਮਝ ਨਹੀਂ ਆਉਣੀ, ਸੋ ਚੁੱਪ ਕਰ ਕੇ 'ਜੀ ਮੈਮ' ਕਹਿ ਚਾਹ ਦੇ ਘੁੱਟ ਭਰਨ ਲੱਗ ਗਈ।

ਮੈਮ ਉਹਦੀ ਚੁੱਪ ਵੇਖ ਕੇ ਬੋਲੇ, "ਆਫ਼ੀਆ ਜਦ ਤੁਸੀਂ ਵੱਡੇ ਹੋ ਜਾਓਗੇ, ਫ਼ਿਰ ਤੁਹਾਨੂੰ ਸਮਝ ਆਉਣੀ, ਤੁਸੀਂ ਕਿੰਨੀਆਂ ਨਿੱਕੀਆਂ-ਨਿੱਕੀਆਂ ਗੱਲਾਂ ਨੂੰ ਬਿਲਾ-ਵਜ੍ਹਾ ਦਾ ਮਸਲਾ ਬਣਾ ਆਪ ਵੀ ਪ੍ਰੇਸ਼ਾਨ ਹੁੰਦੇ ਰਹੇ ਓ ਤੇ ਘਰ ਵਾਲਿਆਂ ਨੂੰ ਵੀ ਕਰਦੇ ਰਹੇ।"

"ਪਰ ਮੈਮ ਜਦ ਵੱਡੇ ਹੋਵਾਂਗੇ, ਉਦੋਂ ਸ਼ਾਇਦ ਸਾਡੀ ਸੋਚ ਬਦਲੇ... ਪਰ ਅਜੇ ਤੇ ਇਹ ਈ ਸਾਡੇ ਲਈ ਵੱਡੇ ਮਸਲੇ..." ਆਫ਼ੀਆ ਬੋਲ ਈ ਰਹੀ ਸੀ ਕਿ ਅੰਦਰ ਕਿਸੇ ਕਮਰੇ 'ਚ ਮੈਮ ਦਾ ਮੁਬਾਇਲ ਬੋਲਣ ਲੱਗ ਗਿਆ।

"ਮੈਂ ਆਈ" ਮੈਮ ਇਹ ਕਹਿ ਕੇ ਕਮਰੇ ਵੱਲ ਨੂੰ ਚਲੇ ਗਏ। ਆਫ਼ੀਆ ਨੇ ਵੀ ਚਾਹ ਦਾ ਕੱਪ ਭੁੰਜੇ ਰੱਖਿਆ ਤੇ ਜਾਵਣ ਲਈ ਆਪਣੀਆਂ ਸ਼ੈਵਾਂ ਸਮੇਟਣ ਲੱਗੀ ਹੋਈ ਸੀ ਕਿ ਮੈਮ ਦੀ ਆਵਾਜ਼ ਥੋੜ੍ਹੀ ਉੱਚੀ ਹੋਈ ਤੇ ਬਾਹਰ ਡਰਾਇੰਗ-ਰੂਮ 'ਚ ਆਉਣ ਲੱਗੀ। ਉਹ ਕਿਸੇ ਨਾਲ਼ ਫ਼ੋਨ ਤੇ ਲੜ ਰਹੇ ਸਨ ਤੇ ਨਾਲ਼ ਗਿਲਾ ਕਰਦੇ ਪਏ ਸਨ:

"ਤੁਸੀਂ ਮੇਰੀ ਕਾਲ਼ ਤੇ ਟੈਕਸਟ ਦਾ ਜਵਾਬ ਟਾਈਮ 'ਤੇ ਨਹੀਂ ਦਿੰਦੇ, ਮੈਨੂੰ ਇਗਨੋਰ ਕੀਤੀ ਰੱਖਦੇ ਓ।"

ਆਫ਼ੀਆ ਇੰਝ ਦੀਆਂ ਜ਼ਾਤੀ ਗੱਲਾਂ ਸੁਣ ਕੇ ਕੱਚੀ ਜਿਹੀ ਹੋ ਗਈ। ਉਹਨੂੰ ਪਤਾ ਸੀ ਕਿ ਮੈਮ ਦੀ ਮੰਗਣੀ ਹੋਈ ਹੋਈ ਏ ਤੇ ਮੁੰਡਾ ਕਿਤੇ ਬਾਹਰਲੇ ਮੁਲਕ ਰਹਿੰਦਾ, ਪਰ ਉਹਨੂੰ ਇੰਝ ਦੀ ਗੱਲ ਸੁਣਨ ਦੀ ਨਾ ਹੀ ਉਮੀਦ ਸੀ, ਤੇ ਨਾ ਹੀ ਚਾਹ। ਸੋ ਉਹ ਆਪਣੀਆਂ ਸ਼ੈਵਾਂ ਚੁੱਕ ਕੇ ਛੇਤੀ ਨਾਲ਼ ਖੜ੍ਹ ਗਈ। ਉਹਨੇ ਕੰਮ ਵਾਲੀ ਨੂੰ ਕੁੰਡੀ ਲਾਣ ਦਾ ਕਿਹਾ। ਕੰਮ ਵਾਲੀ ਉਹਦੇ ਮਗਰ ਮਗਰ ਆਉਂਦੇ ਹੋਏ ਆਖਿਆ:

"ਇਹ ਜਿਹੜੀਆਂ ਕੁੜੀਆਂ ਬਹੁਤੀਆਂ ਪੜ੍ਹ ਲਿਖ ਜਾਂਦੀਆਂ, ਉਨ੍ਹਾਂ ਦੇ ਵੱਖਰੇ ਈ ਮਸਲੇ ਮਸਾਇਲ ਹੁੰਦੇ। ਹੁਣ ਅਗਲਾ ਉੱਥੇ ਮਜ਼ਦੂਰੀ, ਨੌਕਰੀ ਕਰੇ ਜਾਂ ਰੋਜ਼ ਬਾਅਜੀ ਨਾਲ਼ ਚਾਰ-ਚਾਰ ਘੰਟੇ ਗੱਲਾਂ ਕਰੇ। ਅਸੀਂ ਤਾਂ ਇੱਥੇ, ਬੰਦਾ ਉਂਝ ਦੂਜੀ ਤੋਂ ਤੀਜੀ ਗੱਲ ਪੁੱਛ ਲਏ ਤੇ ਅਵਾਜ਼ਾਰ ਹੋ ਜਾਈਦਾ। ਵਿਹਲੇ ਬੈਠਿਆਂ ਦੀਆਂ ਗੱਲਾਂ ਤੇ ਚੋਂਚਲੇ ਨੇਂ ਇਹ ਸਾਰੇ।"

ਆਫ਼ੀਆ ਕੰਮ ਵਾਲੀ ਦੀਆਂ ਗੱਲਾਂ ਦੇ ਜਵਾਬ 'ਚ ਕੁੱਝ ਨਾ ਬੋਲੀ, ਸਗੋਂ ਉਹਨੂੰ ਇੰਝ ਮੈਮ ਦੀ ਪਿੱਠ ਪਿੱਛੇ ਉਨ੍ਹਾਂ ਦੀ ਗੱਲ ਕਰਨ ਤੋਂ, ਕੰਮ ਵਾਲੀ 'ਤੇ ਗ਼ੁੱਸਾ ਆਇਆ ਸੀ। ਉਹਨੇ ਕੁੰਡੀ ਖੋਲ੍ਹਦੇ ਹੋਏ ਕੰਮ ਵਾਲੀ ਨੂੰ ਕਿਹਾ:

"ਮੈਮ ਨੂੰ ਦੱਸ ਦੇਣਾ ਕਿ ਮੈਂ ਚਲੀ ਗਈ ਆਂ।" ਤੇ ਬਾਹਰ ਨਿਕਲ ਗਈ।

ਕੰਮ ਵਾਲੀ ਕੁੰਡੀ ਲਾ ਕੇ ਅੰਦਰ ਜਾਂਦੇ ਹੋਏ ਸੋਚ ਰਹੀ ਸੀ... 'ਅੱਜ ਫ਼ਿਰ ਫ਼ੋਨ ਤੇ ਗ਼ੁੱਸਾ ਕਰ ਕੇ, ਮੂੰਹ ਸੁਜਾ ਕੇ ਨਾ ਬੈਠ ਜਾਵੇ। ਕੱਲ੍ਹ ਵੀ ਮੈਂ ਦੋ ਹਜ਼ਾਰ ਮੰਗਣੇ ਸਨ, ਘਰ ਦੇ ਕਿਰਾਏ 'ਚੋਂ ਥੁੜ ਗਏ ਆ... ਤੇ ਸਾਹਿਬਾ ਦਾ ਮੂਡ ਫ਼ੋਨ 'ਤੇ ਲੜਾਈ ਕਰ ਐਨਾ ਖ਼ਰਾਬ ਸੀ ਕਿ ਹਿੰਮਤ ਈ ਨਾ ਹੋਈ... ਇਹ ਪੈਸੇ ਵਾਲਿਆਂ ਦੇ ਵੀ ਵੱਖਰੇ ਮਸਲੇ... ਹੋਰ ਕੁੱਝ ਨਹੀਂ ਲੱਭਿਆ ਦੁਖੀ ਹੋਣ ਨੂੰ ਤੇ 'ਤੂੰ ਮੈਨੂੰ ਟਾਈਮ ਨਹੀਂ ਦਿੰਦਾ' ਕਹਿ ਕੇ ਦੁਖੀ ਹੋ ਗਏ। ਸਾਡੇ ਤਰ੍ਹਾਂ ਇਕ-ਇਕ ਰੁਪੱਈਏ ਲਈ ਸਾਰਾ ਦਿਨ ਹੱਡੀਆਂ ਤੁੜਵਾਣੀਆਂ ਪੈਣ ਤੇ ਪਤਾ ਚੱਲੇ ਮਸਲੇ ਕੀ ਹੁੰਦੇ।'

ਆਪਣੇ ਆਪ ਨਾਲ਼ ਗੱਲਾਂ ਕਰਦੀ ਉਹ ਅੰਦਰ ਵੜੀ।

ਫ਼ਰਖ਼ੰਦਾ ਦੀ ਸ਼ਾਇਦ ਅੱਜ ਲੜਾਈ ਘੱਟ ਹੋਈ ਸੀ ਜਾਂ ਫ਼ਿਰ ਗ਼ੁੱਸਾ ਏਨਾ ਵਧ ਗਿਆ ਸੀ ਕਿ ਉਸ ਫ਼ੋਨ ਬੰਦ ਕਰ ਦਿੱਤਾ ਸੀ, ਤੇ ਹੁਣ ਸੋਫ਼ੇ 'ਤੇ ਚੁੱਪ ਚੁਪੀਤੀ ਬੈਠੀ ਸੀ।

ਕੰਮ ਵਾਲੀ ਨੇ ਡਰਦੇ-ਡਰਦੇ ਦੱਸਿਆ, "ਮੇਰਾ ਕੰਮ ਮੁੱਕ ਗਿਆ ਏ।"

ਨਾਲ ਹੀ ਉਹਨੇ ਦੋ ਹਜ਼ਾਰ ਰੁਪੱਈਏ ਦਾ ਸਵਾਲ ਪਾ ਦਿੱਤਾ।

ਬਿਨਾਂ ਕੁੱਝ ਕਹੇ ਪਰਸ 'ਚੋਂ ਦੋ ਹਜ਼ਾਰ ਕੱਢ ਉਹਨੂੰ ਫੜਾਉਂਦਿਆਂ, ਫ਼ਰਖ਼ੰਦਾ ਦਾ ਮਨ ਭਰ ਆਇਆ... 'ਸਿਰਫ਼ ਪੈਸੇ ਦੇ ਮਸਲੇ ਹੋਣਾ ਸ਼ਾਇਦ ਫ਼ਿਰ ਵੀ ਸੌਖਾ... ਇਹ ਜ਼ਿਹਨੀ ਤੇ ਜਜ਼ਬਾਤੀ ਮਸਲੇ ਤੇ ਬੰਦੇ ਦਾ ਦਿਮਾਗ਼ ਖ਼ਰਾਬ ਤੇ ਦਿਲ ਹਰ ਵੇਲੇ ਦੁਖੀ ਰੱਖਦੇ।'

ਬਾਹਰ ਆਫ਼ੀਆ ਨੇ ਆਪਣੀ ਕਲਾਸ ਵੱਲ ਨੂੰ ਜਾਂਦੇ ਹੋਏ ਵੇਖਿਆ... ਇਕ ਬਿੱਲੀ ਉਸ ਟੋਏ 'ਚੋਂ ਆਪਣੇ ਬਲੂੰਗੜੇ ਨੂੰ ਕੱਢ ਕੇ ਲਈ ਜਾਂਦੀ ਸੀ। 000 **(ਲਿਪੀਅੰਤਰ: ਇਰਫ਼ਾਨ ਮਜੀਦ)**

***(amberhosseini@gmail.com)***

# ਅਨੇਮਨ ਸਿੰਘ: ਕਹਾਣੀ: ਬੁਗਚੂ

ਸੁਹਜ ਆਪਣੇ ਦੋਵੇਂ ਕੰਨ ਹੱਥਾਂ ਨਾਲ ਢਕ ਮੇਰੇ ਵੱਲ ਟਿਕਟਿਕੀ ਲਾ ਦੇਖਣ ਲੱਗੀ ਹੈ। ਪਤਾ ਨਹੀਂ ਉਸਦੇ ਕੰਨਾਂ 'ਚ ਅਜਿਹਾ ਕੀ ਸ਼ੋਰ ਸੁਣਾਈ ਦਿੰਦਾ ਹੈ। ਉਹ ਕਦੇ-ਕਦੇ ਇੰਝ ਹੀ ਆਪਣੇ ਕੰਨ ਢਕ ਲੈਂਦੀ ਹੈ, ਫਿਰ ਇਕਦਮ ਉਸਦੇ ਚਿਹਰੇ 'ਤੇ ਕੁਝ ਉੱਭਰਦਾ। ਉਹ ਚਮਕ ਉੱਠਦੀ, ਜਿਵੇਂ ਉਸ ਅੰਦਰ ਕੋਈ ਉਮੰਗ ਕਰਵਟ ਲੈਂਦੀ ਹੋਵੇ। ਤੇ ਉਹ ਉਸਨੂੰ ਮੇਰੇ ਕੋਲੋਂ ਪੂਰੀ ਹੋਣ ਦੀ ਆਸ ਕਰ ਰਹੀ ਹੋਵੇ।

ਮੈਂ ਤਾਂ ਚਾਹੁੰਦਾ ਹਾਂ, ਉਹ ਗੂੜ੍ਹੀ ਨੀਂਦ ਸੌਂਵੇ। ਡਾ. ਉਪਮਾ ਦੀ ਦਵਾ ਵੀ ਕੋਈ ਅਸਰ ਨਹੀਂ ਕਰ ਰਹੀ ਜਾਪਦੀ...। ਇਸ ਅੰਦਰ ਤਾਂ ਕੋਈ ਸਹਿਜ ਭਾਵ ਹੀ ਨਹੀਂ ਨਜ਼ਰ ਆ ਰਿਹਾ। ਇਸਦੇ ਚਿਹਰੇ ਵੱਲ ਦੇਖਦਾ ਹਾਂ ਤਾਂ ...। ਇਸ ਦੀਆਂ ਨਜ਼ਰਾਂ ਨਾਲ ਨਜ਼ਰਾਂ ਨਹੀਂ ਮਿਲਾ ਪਾਇਆ ਮੈਂ...। ਇਸ ਦੀਆਂ ਅੱਖਾਂ 'ਚ ਜਿਵੇਂ ਕੋਈ ਅਤ੍ਰਿਪਤੀ ਹੈ, ਇਕ ਰੀਝ ਹੈ...। ਪਰ ਇਹ ਰੀਝ ਮੈਂ ਕਿਵੇਂ ਪੂਰੀ ਕਰਾਂ। ਸੁਹਜ ਜਾਣ-ਬੁੱਝ ਕੇ ਮੈਨੂੰ ਪ੍ਰੇਸ਼ਾਨ ਕਰਨ 'ਤੇ ਤੁਲੀ ਹੋਈ ਹੈ। ਉਮਰ ਦੇ ਇਸ ਪੜਾਅ 'ਤੇ ਆ ਕੇ ਵੀ ਇੰਝ ਕਰਨਾ, ਇਸ ਤਰ੍ਹਾਂ ਦੀ ਉਮੰਗ ਰੱਖਣਾ, ਹੋਰ ਕਿਸ ਪਾਸੇ ਇਸ਼ਾਰਾ ਕਰ ਸਕਦਾ ਹੈ ਭਲਾ!

ਉਸਦੇ ਅਜਿਹੇ ਵਿਹਾਰ ਕਾਰਨ ਮੇਰਾ ਮਨ ਉਕਤਾ ਜਾਂਦਾ ਹੈ। ਕਦੇ ਜਾਪਦੈ ਜਿਵੇਂ ਉਹ ਸਕਿਜੋਫਰੇਨੀਆ ਦੀ ਬਿਮਾਰੀ ਤੋਂ ਪੀੜਤ ਹੈ...ਜਾਂ ਉਸਦੇ ਦਿਮਾਗ਼ ਦਾ ਡੋਪਾਮੀਨ ਘਟਣਾ ਸ਼ੁਰੂ ਹੋ ਗਿਆ ਹੈ। ਤਾਹੀਂ ਤਾਂ ਉਹ ਇਸ ਤਰ੍ਹਾਂ ਦਾ ਵਤੀਰਾ ਅਪਣਾ ਰਹੀ ਹੈ।

"ਹਾਂ, ਇਹ ਦੋਵੇਂ ਹੀ ਰੋਗ ਹੋ ਸਕਦੇ ਨੇ...ਜਿਵੇਂ ਤੁਸੀਂ ਉਸ ਬਾਰੇ ਸਾਰਾ ਕੁਝ ਦੱਸ ਰਹੇ ਹੋਂ...ਇਹ ਤਾਂ ਇਸ ਵੱਲ ਹੀ ਇਸ਼ਾਰਾ ਕਰਦਾ ਹੈ....।" ਡਾ. ਉਪਮਾ ਨੇ ਵੀ ਮੇਰੇ ਨਾਲ ਸਹਿਮਤੀ ਪ੍ਰਗਟਾਈ ਸੀ।

ਸਹਿਮਤੀ ਤਾਂ ਪ੍ਰਗਟਾਉਣੀ ਹੀ ਸੀ ਡਾ. ਉਪਮਾ ਨੇ। ਮੈਂ ਕਿੰਨੇ ਵਾਰ ਨੋਟ ਕੀਤਾ ਸੀ, ਉਸਨੂੰ ਆਪਣੀਆਂ ਚੀਜ਼ਾਂ ਨਾਲ ਕੁਝ ਖ਼ਾਸ ਹੀ ਲਗਾਅ ਆਉਣ ਲੱਗਾ ਸੀ। ਨੀਲੀ ਕਿੱਟ, ਜੋ ਉਹਨੇ ਆਪਣੀ ਮਾਂ ਦੇ ਮਰਨ ਤੋਂ ਬਾਅਦ ਪੇਕਿਆਂ ਤੋਂ ਲਿਆਂਦੀ ਸੀ, ਉਸਨੂੰ ਸਾਂਭ-ਸਾਂਭ ਰੱਖਦੀ। ਕਿੰਨੀ-ਕਿੰਨੀ ਵਾਰ ਉਸਦੀ ਜ਼ਿੱਪ ਖੋਲ੍ਹ ਕੇ ਦੇਖਦੀ ਰਹਿੰਦੀ, ਜਿਵੇਂ ਉਸ ਵਿਚ ਕੋਈ ਅਦਭੁੱਤ ਸ਼ੈਅ ਸਾਂਭੀ ਹੋਵੇ। ਮੈਂ ਦੇਖਣ ਲੱਗਦਾ ਤਾਂ ਪੂਰੀ ਹਰਖ ਕੇ ਮੈਨੂੰ ਪਰ੍ਹਾਂ ਝਟਕ ਦਿੰਦੀ।

ਆਪਣਾ ਸੋਪ, ਸ਼ੈਂਪੂ, ਪਰਫਿਊਮ ਤੇ ਹੋਰ ਕੀ-ਕੀ ਨਿੱਕ-ਸੁਕ, ਇੱਥੋਂ ਤਕ ਕਿ ਆਪਣੀ ਕੰਘੀ ਨੂੰ ਵੀ ਹੱਥ ਨਾ ਲਾਉਣ ਦਿੰਦੀ।...ਇਕ ਵਾਰ ਪਹਿਲਾਂ ਵੀ ਉਹਦੀ ਇਸ ਤਰ੍ਹਾਂ ਹਾਲਤ ਹੋਈ ਸੀ। ਸ਼ਾਇਦ ਵਿਆਹ ਤੋਂ ਪੰਜ ਕੁ ਸਾਲ ਬਾਅਦ। ਉਸਦੀ ਮਾਂ ਬਿਮਾਰ ਸੀ, ਉਹ ਪਤਾ ਲੈਣ ਲਈ ਪੇਕੇ ਗਈ ਸੀ। ਆਖ ਕੇ ਚਾਰ ਦਿਨ ਲਾਉਣ ਬਾਰੇ ਗਈ ਸੀ, ਪਰ ਦੂਏ ਦਿਨ ਹੀ ਉਹ ਵਾਪਸ ਆ ਮੁੜੀ। ਉਸ ਦਾ ਇਸ ਤਰ੍ਹਾਂ ਦੂਜੇ ਦਿਨ ਵਾਪਸ ਪਰਤ ਆਉਣਾ ਮੇਰੇ 'ਤੇ ਬਹੁਤ ਭਾਰੀ ਪਿਆ ਸੀ। ਦੋ ਦਿਨ ਉਹ ਘਰ ਦੀਆਂ ਵਸਤਾਂ ਦੀ ਸੁੱਘ ਲੈਂਦੀ ਰਹੀ ਸੀ।

"ਇਸ ਘਰ 'ਚੋਂ, ਕਮਰੇ 'ਚੋਂ ਅਜੀਬ ਜਿਹੀ ਦੁਰਗੰਧ ਆ ਰਹੀ ਏ ਮੈਨੂੰ ਰਮਣੀਕ?"

ਫਿਰ ਉਹ ਮੇਰੇ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਣ ਲੱਗ ਪਈ। ਜਿਵੇਂ ਮੈਂ ਕੋਈ ਮੁਜਰਿਮ ਹੋਵਾਂ...। ਮੇਰੀ ਕੋਈ ਚੋਰੀ ਫੜ ਲਈ ਹੋਵੇ ਉਸਨੇ...। ਮੇਰੇ ਕੋਲੋਂ ਉਸ ਦਾ ਇੰਝ ਸ਼ੱਕੀ ਦੇਖਣਾ ਸਹਾਰਿਆ ਨਹੀਂ ਜਾ ਰਿਹਾ ਸੀ...। ਅੱਗ ਮੇਰੇ ਅੰਦਰ ਵੀ ਗ਼ੁੱਸੇ ਦੀ ਬਲਣ ਲੱਗੀ। ਇਸ ਤੋਂ ਪਹਿਲਾਂ ਕਿ ਗੱਲ ਹੋਰ ਵਧਦੀ...ਮੈਂ ਚੁੱਪ ਰਹਿ ਕੇ ਘਰੋਂ ਬਾਹਰ ਨਿਕਲ ਗਿਆ ਸਾਂ।

ਜਦੋਂ ਕਾਫ਼ੀ ਦੇਰ ਬਾਅਦ ਵਾਪਸ ਮੁੜਿਆ ਤਾਂ ਉਹ ਬੋਲੀ, "ਰਮਣੀਕ, ਸੌਰੀ...ਪਤਾ ਨ੍ਹੀਂ ਮੈਨੂੰ

ਕੀ ਹੋ ਗਿਆ ਸੀ। "

ਇਸ ਤਰ੍ਹਾਂ ਉਹਨੇ ਉਦੋਂ ਪਹਿਲੀ ਵਾਰ ਕੀਤਾ ਸੀ। ਇਸ ਲਈ ਮੈਂ ਇਸ ਪਾਸੇ ਬਹੁਤਾ ਧਿਆਨ ਨਾ ਦਿੱਤਾ।

ਪਰ ਹੁਣ ਜਦੋਂ ਉਹਨੇ ਆਪਣੇ ਆਪ ਨੂੰ ਇਸ ਤਰ੍ਹਾਂ ਬੈੱਡ 'ਤੇ ਡੇਗ ਲਿਆ ਹੈ, ਤਾਂ ਮੈਂ ਉਸ ਬਾਰੇ ਸੋਚਣ ਲਈ ਮਜਬੂਰ ਹੋ ਗਿਆ ਸਾਂ। ਆਖ਼ਰ ਉਹ ਮੇਰੀ ਪਤਨੀ ਹੈ, ਮੇਰੇ ਬੱਚਿਆਂ ਦੀ ਮਾਂ ਹੈ। ਕਿੰਨੇ ਸਾਲ ਅਸੀਂ ਇਸ ਘਰ 'ਚ ਇਕੱਠੇ ਰਹੇ ਹਾਂ। ਦੇਖ ਮਨ ਤਾਂ ਤੜਫ ਉੱਠਦਾ ਹੀ ਹੈ।

ਪਰ ਮੈਨੂੰ ਹੁਣ ਲੱਗਦਾ ਹੈ, ਉਹ ਖ਼ੁਦ ਘੱਟ ਤੜਫਦੀ ਹੈ, ਮੈਨੂੰ ਜ਼ਿਆਦਾ ਤੜਪਾਉਂਦੀ ਹੈ। ਤਦੇ ਤਾਂ ਇਸ ਤਰ੍ਹਾਂ ਦਾ ਸਭ ਕੁਝ ਕਰ ਰਹੀ ਹੈ।

ਮੈਂ ਸੋਚਾਂ 'ਚੋਂ ਬਾਹਰ ਹੋ ਦੇਖਿਆ ਹੈ, ਉਹ ਸੌਣ ਦੀ ਬਜਾਇ ਮੇਰੇ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਦੀ ਪਈ ਸੀ। ਉਸ ਦੀਆਂ ਇਹ ਸਵਾਲੀਆ ਨਜ਼ਰਾਂ ਦਾ ਸਾਹਮਣਾ ਕਰਨ ਦੀ ਮੇਰੀ ਹਿੰਮਤ ਨਹੀਂ ਰਹੀ। ਮੈਨੂੰ ਲੱਗਦਾ ਹੈ ਕੋਈ ਵੀ ਪਤੀ ਇਹਨਾਂ ਨਜ਼ਰਾਂ ਦਾ ਮੁਕਾਬਲਾ ਨਹੀਂ ਕਰ ਸਕਦਾ। ਹਰਖ਼ ਦੇ ਭਾਵ ਨਾਲ ਮੈਂ ਉੱਥੋਂ ਉੱਠ ਕੇ ਬਾਹਰ ਜਾਣਾ ਹੀ ਬਿਹਤਰ ਸਮਝਿਆ।

ਉਸਨੂੰ ਇਗਨੋਰ ਕਰਦਾ ਬਾਹਰ ਆ ਗਿਆ ਹਾਂ। ਪਾਰਕ ਵੱਲ। ਇਹ ਪਾਰਕ ਸਾਡੀ ਕਾਲੋਨੀ ਦੇ ਐਨ ਵਿਚਕਾਰ ਅਤੇ ਸਾਡੇ ਘਰ ਦੇ ਬਿਲਕੁਲ ਨਜ਼ਦੀਕ ਹੈ। ਜਿਸਦਾ ਲਾਭ ਬਹੁਤ ਹੈ। ਸਵੇਰੇ ਇਸੇ ਪਾਰਕ 'ਚ ਸੁਵੱਖਤੇ ਹੀ ਯੋਗਾ ਕਰਨ ਵਾਲਿਆਂ ਦੀਆਂ ਆਵਾਜ਼ਾਂ ਆਉਣ ਲੱਗਦੀਆਂ। ਬੱਚੇ, ਬੁੱਢੇ ਅਤੇ ਔਰਤਾਂ ਦੀ ਬਹੁਤਾਤ ਹੁੰਦੀ ਹੈ। ਭਾਂਤ-ਭਾਂਤ ਦੇ ਰੁੱਖ, ਪੌਦੇ, ਫੁੱਲ ਆਦਿ ਦੇਖ ਕੇ ਮਨ ਟਹਿਕਣ ਲੱਗ ਜਾਂਦਾ ਹੈ। ਪਾਰਕ ਦੇ ਅੰਦਰ ਆ ਮੈਂ ਖਾਲੀ ਪਏ ਇਕ ਬੈਂਚ 'ਤੇ ਆ ਬੈਠਦਾ ਹਾਂ।

ਖੁੱਲ੍ਹੀ ਹਵਾ 'ਚ ਥੋੜ੍ਹਾ ਖ਼ੁਦ ਨੂੰ ਹਲਕਾ ਮਹਿਸੂਸ ਕਰਦਾਂ। ਚੱਲ ਰਹੀ ਪਉਣ ਦੇ ਥਪੇੜੇ ਮੈਨੂੰ ਸਕੂਨ ਦਿੰਦੇ ਜਾਪ ਰਹੇ ਹਨ। ਕੁਝ ਚਿਰ ਲਈ ਹੀ ਸਹੀ...ਪਰ ਮਨ ਕਿੰਨੇ ਸਮੇਂ ਬਾਅਦ ਜਿਵੇਂ ਸ਼ਾਂਤੀ ਨਾਲ ਭਰ ਉੱਠਿਆ ਹੋਵੇ।

ਕਿੰਨਾ ਕੁਝ ਤਾਂ ਹੈ, ਇਸ ਸੰਸਾਰ 'ਚ। ਕੋਈ ਵੀ ਇਸਦੀ ਥਾਹ ਨਹੀਂ ਪਾ ਸਕਿਆ। ਪੰਛੀ, ਪਹਾੜ, ਅਕਾਸ਼, ਬ੍ਰਹਿਮੰਡ ਤੇ ਸਾਡੀ ਇਹ ਪਿਆਰੀ ਧਰਤੀ। ਤੇ ਦੂਰ ਦਿਖਾਈ ਦਿੰਦਾ ਧਰਤੀ ਤੇ ਅਸਮਾਨ ਦਾ ਦੁਮੇਲ...। ਮੇਰੀਆਂ ਨਜ਼ਰਾਂ ਉਸਤੋਂ ਵੀ ਪਾਰ ਦੇਖਣ ਦਾ ਯਤਨ ਕਰ ਰਹੀਆਂ ਹਨ।

'ਉਸ ਤੋਂ ਵੀ ਪਾਰ ਬੜਾ ਕੁਝ ਏ...ਪਰ ਉਸਨੂੰ ਸਾਡੀਆਂ ਇਨ੍ਹਾਂ ਨੰਗੀਆਂ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ।' ਅਨੁਪਮਾ ਮੇਰੇ ਮੂਹਰੇ ਆ ਹੱਸਣ ਲੱਗੀ। ਇਕ ਵਾਰ ਇਵੇਂ ਹੀ ਅਨੁਪਮਾ ਨੇ, ਇੰਝ ਹੀ ਖੁੱਲ੍ਹੇ ਅਸਮਾਨ ਵੱਲ ਦੇਖਦਿਆਂ ਚਿਹਰੇ 'ਤੇ ਸਮਾਈਲ ਬਿਖੇਰਦਿਆਂ ਮੈਨੂੰ ਕਿਹਾ ਸੀ।

ਪਰ ਤਦੇ ਹੀ ਜਿਵੇਂ ਇਸ ਹਾਸੀ ਪਿੱਛੇ ਸੁਹਜ ਦਾ ਚਿਹਰਾ ਆ ਗਿਆ ਹੋਵੇ-

"ਉਸ ਤੋਂ ਪਾਰ ਤਾਂ ਮੈਂ ਵੀ ਦੇਖਣਾ ਨ੍ਹੀਂ ਚਾਹੁੰਦੀ ਰਮਣੀਕ...! ਮੇਰੇ ਲਈ ਧਰਤੀ ਤੇ ਅਸਮਾਨ ਦਾ ਦੁਮੇਲ ਹੀ ਕਾਫ਼ੀ ਏ...ਸਮਝਿਆ।... ਮੈਂ ਤੇਰੀ ਧਰਤੀ...ਤੇ ਤੂੰ ਮੇਰਾ... ਪੂਰਾ ਅਸਮਾਨ!" ਸੁਹਜ ਦੇ ਬੋਲਾਂ ਨੇ ਅਨੁਪਮਾ ਦੀ ਸਮਾਈਲ ਨੂੰ ਕਿਸੇ ਫੁੱਲ ਵਾਂਗ ਰੋਂਦ ਦਿੱਤਾ ਸੀ।

ਚੰਦਰੀ! ਮੈਨੂੰ ਕਿਤੇ ਵੀ ਚੈਨ ਨਹੀਂ ਆਉਣ ਦਿੰਦੀ। ਜਦੋਂ ਵੀ ਮਨ ਸ਼ਾਂਤ ਹੋਇਆ ਮਹਿਸੂਸ ਹੁੰਦਾ ਹੈ...ਉਦੋਂ ਹੀ ਉਹ ਆ ਟੱਪਕਦੀ ਹੈ। ਖ਼ੁਦ...ਜਾਂ ਉਸਦੇ ਕਹੇ ਹੋਏ ਕੁਝ ਬੋਲ...। ਜਿਨ੍ਹਾਂ ਦੀ ਮੈਂ ਚਾਹ ਕੇ ਵੀ ਥਾਹ ਨਹੀਂ ਪਾ ਸਕਿਆ।

ਅਜਿਹੀ ਸ਼ਾਂਤੀ ਕਈ ਵਾਰ ਮੈਂ ਪਹਿਲਾਂ ਵੀ ਮਹਿਸੂਸ ਕੀਤੀ ਸੀ...ਜਦੋਂ ਇਹ ਜ਼ਿਆਦਾ ਹੀ ਇਸ ਤਰ੍ਹਾਂ ਦਾ ਵਿਹਾਰ ਕਰਨ ਲੱਗੀ ਤਾਂ ਮੈਂ ਇਕ ਦਿਨ ਸੈਮੀਨਾਰ ਦਾ ਬਹਾਨਾ ਲਗਾ ਸ਼ਿਮਲੇ ਚਲਾ ਗਿਆ ਸਾਂ। ਆਖ਼ਰ ਮੇਰੀ ਜ਼ਿੰਦਗੀ ਵੀ ਤਾਂ ਸੀ...। ਉਹ ਦੋ ਦਿਨ ਬੜੇ ਖੂਬਸੂਰਤ ਬਤੀਤ ਹੋਏ...।

ਘਰ ਪਰਤਿਆ ਤਾਂ ਅਗਲੀ ਸਵੇਰ ਵਾਸ਼ਿੰਗ-ਮਸ਼ੀਨ 'ਚ ਕੰਮ ਵਾਲੀ ਨੂੰ ਮੇਰੇ ਮੈਲ਼ੇ ਕੱਪੜੇ ਫੜਾਉਣ ਲੱਗਿਆਂ...ਸੁਹਜ ਮੇਰੀ ਸ਼ਰਟ ਨੂੰ ਹੱਥ 'ਚ ਫੜ ਸੁੰਘਦੇ ਹੋਏ ਬੋਲੀ, "ਰਮਣੀਕ...ਇਹ ਪਰਫਿਊਮ ਤਾਂ ਤੂੰ ਕਦੇ ਲਗਾਇਆ ਨਹੀਂ...ਇਸਦੀ ਮਹਿਕ ਤਾਂ ਹੋਰ ਏ...। ਪਰ ਫਿਰ ਵੀ ਇੰਝ

ਜਾਪਦੈ ਜਿਵੇਂ ਜਾਣੀ-ਪਹਿਚਾਣੀ ਹੋਵੇ।...ਪਹਿਲਾਂ ਕਿਤੇ ਮਹਿਸੂਸ ਕਰ ਚੁੱਕੀ ਹੋਵਾਂ ਇਸ ਮਹਿਕ ਨੂੰ...।" ਉਹ ਬੋਲੀ ਤਾ ਮੈਂ ਧੁਰ ਅੰਦਰੋਂ ਦਹਿਲ ਗਿਆ ਸਾਂ ਪਰ ਬਾਹਰੀ ਤੌਰ 'ਤੇ ਮੈਂ ਇਸ ਦਹਿਲ ਨੂੰ ਨਹੀਂ ਆਉਣ ਦਿੱਤਾ ਸੀ- "ਇਹ ਪਰਫਿਊਮ ਤਾਂ ਸਾਡੇ ਕਾਲਿਜ ਦੇ ਪ੍ਰੋਫੈਸਰ ਗੁਪਤਾ ਹੋਰਾਂ ਦਾ ਸੀ...। ਉਹ ਵੀ ਮੇਰੇ ਨਾਲ ਸੈਮੀਨਾਰ 'ਚ ਗਏ ਸਨ...ਉਹਨਾਂ ਛਿੜਕ ਦਿੱਤਾ ਸੀ...ਸ਼ਾਇਦ...।" ਮੈਂ ਮਸਾਂ ਗੱਲ ਟਾਲਣ ਦੀ ਕੋਸ਼ਿਸ਼ ਕੀਤੀ ਸੀ, ਉਦੋਂ...।

* * *

"ਤੂੰ ਮੇਰੇ ਪਿਆਰ ਦੀ ਥਾਹ ਨ੍ਹੀਂ ਪਾ ਸਕਦਾ...ਨਹੀਂ ਸਮਝ ਸਕਿਆ ਮੈਨੂੰ...ਮੈਂ ਤੈਨੂੰ ਪਾ ਕੇ ਹੀ ਸੰਪੂਰਨ ਹੋ ਗਈ ਸਾਂ...ਪਰ ਤੂੰ ਹਮੇਸ਼ਾ ਉਵੇਂ ਖ਼ਾਲੀ ਦਾ ਖ਼ਾਲੀ ਹੀ ਰਿਹਾ...ਰਮਣੀਕ!...ਇਹ ਸੌਦੇ ਪਿਆਰਾਂ ਦੇ ਨੇ, ਜ਼ਜ਼ਬਾਤ ਦੇ ਨੇ...ਜਿਸਮ ਤਾਂ ਬਹੁਤ ਨੇੜੇ ਦੀ ਚੀਜ਼ ਰਹਿ ਜਾਂਦਾ ਏ...। ਮੈਂ ਤੈਨੂੰ ਇਵੇਂ ਨ੍ਹੀਂ ਪਿਆਰ ਕੀਤਾ...ਧੁਰ ਅੰਦਰੋਂ ਕੀਤਾ...ਜਿੱਥੇ ਸਿਰਫ਼ ਤੂੰ..ਹੀ.ਤੂੰ ਏਂ... । ਉੱਥੇ...ਮੈਂ..ਮੈਂ.. ਨਾਮ ਦਾ ਕੁਝ ਵੀ ਨਹੀਂ ਏ...।"

ਉਹ ਬੋਲਦੀ। ਤੇ ਫਿਰ ਬੋਲਦੀ ਜਾਂਦੀ...। ਮੈਂ ਚੁੱਪ-ਚਾਪ ਸੁਣਦਾ। ਪਤਾ ਨਹੀਂ ਇਹ ਕਿਸ ਤਰ੍ਹਾਂ ਦਾ ਪਿਆਰ ਹੈ। ਕਦੇ ਜਾਪਦਾ, ਨਹੀਂ ਇਹ ਉਸ ਅੰਦਰ ਮੇਰੇ ਪ੍ਰਤੀ ਉੱਠ ਰਹੇ ਤ੍ਰਿਸਕਾਰ ਦਾ ਪ੍ਰਗਟਾਵਾ ਮਾਤਰ ਹੀ ਹੈ। ਸੁਹਜ ਮੈਨੂੰ ਨਪੀੜਨਾ ਚਾਹੁੰਦੀ ਹੈ, ਮੇਰੇ ਆਪੇ ਕੋਲ਼ੋਂ।...ਮੈਨੂੰ ਛਲਣੀ ਹੋਇਆ ਦੇਖਣਾ ਚਾਹੁੰਦੀ ਹੈ...ਅੰਤਲੇ ਸਾਹਾਂ ਤਕ!

"ਛਲਣੀ.. ਛਲਣੀ ਤਾਂ ਮੈਂ ਹੋ ਰਹੀ ਹਾਂ ਰਮਣੀਕ...ਉਹ ਨਰੂਪਖਾ...ਮੈਨੂੰ ਬੇਚੈਨ ਕਰੀ ਰੱਖਦੀ ਏ...ਮੈਂ ਚਾਹ ਕੇ ਵੀ ਇਸ ਤਰ੍ਹਾਂ ਖੁਸ਼ ਨਹੀਂ ਰਹਿ ਸਕਦੀ...ਮੈਨੂੰ ਤੇਰੇ ਜਿਸਮ 'ਚੋਂ ਇਕ ਅਜੀਬ ਜਿਹੀ ਦੁਰਗੰਧ ਆਉਂਦੀ ਏ...ਇਹ ਦੁਰਗੰਧ ਮੇਰਾ ਜੀਣਾ ਦੁੱਭਰ ਕਰਦੀ ਏ...ਪਲੀਜ਼ ਤੂੰ ਮੈਨੂੰ ਸਮਝ...।"

ਇਹ ਸਵਾਲ ਮੇਰੇ ਸਾਹਮਣੇ ਸਦਾ ਤਣਿਆ ਰਹਿੰਦਾ...ਇਕ ਦੋ ਵਾਰ ਤਾਂ ਮੈਂ ਉਸਨੂੰ ਟਿਕਾਉਣ ਲਈ...ਉਸਨੂੰ ਸ਼ਾਂਤ ਕਰਨ ਲਈ, ਉਹਦੀ ਹਾਂ 'ਚ ਹਾਂ ਵੀ ਮਿਲਾਈ...ਪਰ ਨਹੀਂ ਮੈਂ ਹੀ ਗ਼ਲਤ ਸਾਂ...ਉਹ ਤਾਂ ਮੇਰੇ ਉਸ ਦੀ ਹਾਂ 'ਚ ਹਾਂ ਮਿਲਾਉਣ ਨੂੰ ਲੈ ਕੇ ਆਪਣੀ ਜਿੱਤ ਸਮਝ ਰਹੀ ਸੀ। ਤੇ ਉਸ ਵੱਲੋਂ ਇਹ ਜਿੱਤ ਦਾ ਜਸ਼ਨ ਕਈ ਵਾਰ ਮਨਾਉਣ ਦਾ ਟੀਚਾ ਸੀ।

"ਨਹੀਂ, ਮੈਂ ਇੰਝ ਤੇਰਾ ਸਾਥ ਨਹੀਂ ਦੇ ਸਕਦਾ, ਸੁਹਜ।...ਪਲੀਜ਼ ਮੈਨੂੰ ਮੁਆਫ਼ ਕਰ ਦੇ...!" ਮੈਂ ਉਸ ਅੱਗੇ ਗਿੜਗਿੜਾ ਪਿਆਂ ਸਾਂ।

"ਪਲੀਜ਼, ਸਿਰਫ਼ ਇਕ ਵਾਰ...।" ਉਹਦੇ ਬੁੱਲ੍ਹ ਫਰਕੇ ਸਨ। ਮੈਂ ਦੇਖਿਆ ਉਸ ਅੰਦਰ ਉਹੋ ਸਵਾਲ ਫਿਰ ਉੱਛਲ ਰਿਹਾ ਸੀ।

ਮੈਂ ਮੌਨ ਹੋ ਸੁਣਦਾ ਰਹਿੰਦਾ। ਉਹ ਇਸ ਤਰ੍ਹਾਂ ਬੋਲਦੀ ਰਹਿੰਦੀ ਜਿਵੇਂ ਉਸ ਅੰਦਰ ਕੋਈ ਦੈਵੀ ਸ਼ਕਤੀ ਘਰ ਕਰ ਗਈ ਹੋਵੇ। ਤੇ ਉਹ ਮੰਤਰ-ਮੁਗਧ ਹੋਈ ਪ੍ਰਵਚਨ ਕਰ ਰਹੀ ਹੋਵੇ...। ਪਰ ਕਿੰਨਾ ਚਿਰ! ਅਖ਼ੀਰ, ਕੁਝ ਦੇਰ ਬਾਅਦ ਮੈਂ ਇਹ ਸਭ ਕੁਝ ਸੁਣਨ ਤੋਂ ਅਸਮਰੱਥ ਹੋ ਜਾਂਦਾ...। ਮਨ ਕਰਦਾ, ਕੁਝ ਦਿਨ ਦੂਰ ਕਿਤੇ ਚਲਾ ਜਾਵਾਂ। ਕਿਸੇ ਸੈਲਾਨੀ ਖੇਤਰ ਵੱਲ।

ਪਰ ਕਿੱਥੇ ਚਲਾ ਜਾਂਦਾ, ਸੁਹਜ ਨੂੰ ਇਸ ਤਰ੍ਹਾਂ ਛੱਡ ਕੇ। ਅਜਿਹਾ ਨਹੀਂ ਕਿ ਮੈਂ ਪਹਿਲਾਂ ਇਸ ਤਰ੍ਹਾਂ ਕਦੇ ਕੀਤਾ ਨਹੀਂ ਸੀ। ਕਿੰਨੇ ਵਾਰ ਅਜਿਹਾ ਕਰ ਚੁੱਕਾ ਸਾਂ। ਸ਼ਾਇਦ ਉਸੇ ਦਾ ਖਮਿਆਜ਼ਾ ਹੀ ਤਾਂ ਭੁਗਤਦਾ ਆ ਰਿਹਾ ਹਾਂ। ਉਸ ਤਰ੍ਹਾਂ ਦੀ ਫੀਲਿੰਗ ਇਸ ਮਜਬੂਰੀ 'ਚ ਕਿੱਥੇ ਹੁੰਦੀ ਸੀ। ਪਰ ਸੁਹਜ ਨੂੰ ਇਸ ਨਾਲ ਕੋਈ ਵਾਸਤਾ ਨਹੀਂ ਸੀ ਜਿਵੇਂ। ਉਹ ਤਾਂ ਇਕ ਦਰਸ਼ਕ ਬਣ ਸਭ ਕੁਝ ਦੇਖਣਾ ਚਾਹੁੰਦੀ ਸੀ, ਦੂਰੋਂ। ਜਿਵੇਂ ਮੈਂ ਕਿਸੇ ਨਾਟਕ ਦਾ ਮੰਚਨ ਕਰਨ ਜਾ ਰਿਹਾ ਹੋਵਾਂ ਸਟੇਜ ਤੋਂ। ਉਸ ਦਿਨ ਸ਼ਾਇਦ ਪਹਿਲੀ ਵਾਰ ਇਸ ਤਰ੍ਹਾਂ ਦਾ ਮੰਚ ਤਿਆਰ ਕੀਤਾ ਸੀ ਸੁਹਜ ਨੇ ਮੇਰੇ ਲਈ, ਨਹੀਂ ਆਪਣੇ ਲਈ। ਪਰ ਇਸ ਤਰ੍ਹਾਂ ਦੇ ਨਾਟਕ ਦਾ ਮੰਚਨ ਮੈਂ ਵੀ ਪਹਿਲੀ ਵਾਰ ਹੀ ਕੀਤਾ ਸੀ ਜਿੱਥੇ ਦਰਸ਼ਕਾਂ ਦੀ ਥਾਂ ਕੇਵਲ ਮੇਰੀ ਪਤਨੀ ਹੀ ਸ਼ਾਮਿਲ ਸੀ।

"ਸਰ...ਤੁਹਾਡੇ 'ਚ ਕੁਝ ਖ਼ਾਸ ਤਾਂ ਹੈ ਈ...ਸੱਚੀਂ!" ਉਸ ਦਿਨ ਜਾਣ ਲੱਗਿਆਂ ਉਹ ਬੋਲੀ ਸੀ।

"ਚੱਲ, ਝੂਠੀ ਨਾ ਹੋਵੇ ਤਾਂ!" ਮੇਰੇ ਬੋਲਣ ਤੋਂ ਪਹਿਲਾਂ ਹੀ ਸੁਹਜ ਵਿਚਾਲੇ ਆ ਕੁੱਦੀ ਸੀ।

"ਨਹੀਂ, ਸੱਚੀਂ ਆਖ ਰਹੀ ਹਾਂ ਮੈਂ!" ਉਹ ਟੱਸ ਤੋਂ ਮੱਸ ਨਹੀਂ ਹੋ ਰਹੀ ਸੀ।

"ਚੱਲ, ਚੰਗਾ...! ਦਫ਼ਾ ਹੋ!! ਤੇਰਾ ਕੰਮ ਹੋ ਗਿਆ...ਆਹ ਚੱਕ....।" ਉਹਨੇ ਕੁਝ ਰੁਪਏ ਉਸਦੇ ਹੱਥਾਂ 'ਚ ਤੁੰਨ ਦਿੱਤੇ ਸਨ। ਉਹ ਚਲੀ ਤਾਂ ਗਈ ਪਰ ਜਾਣ ਲੱਗਿਆਂ ਵੀ ਉਹਦੇ ਚਿਹਰੇ 'ਤੇ ਖਚਰੀ ਹਾਸੀ ਬਿਖਰ ਗਈ ਸੀ।

ਮੇਰੇ ਕੋਲੋਂ ਇਸ ਤੋਂ ਬਾਅਦ ਸੁਹਜ ਨਾਲ ਅੱਖ ਨਹੀਂ ਮਿਲਾਈ ਗਈ ਸੀ ਕਿੰਨੇ ਦਿਨ। ਜਿਵੇਂ ਗਿਲਾਨੀ ਮਹਿਸੂਸ ਕਰ ਰਿਹਾ ਹੋਵਾਂ ਮੈਂ। ਪਰ ਉਹ ਇੰਝ ਦੇਖਦੀ ਰਹਿੰਦੀ, ਜਿਵੇਂ ਉਸਨੂੰ ਕੋਈ ਸੁਆਦ ਆ ਰਿਹਾ ਹੋਵੇ।

* * *

"ਹੁਣ ਤੈਨੂੰ ਇਸ ਤਰ੍ਹਾਂ ਦੇਖਣਾ...ਮੈਨੂੰ ਬੜਾ ਚੰਗਾ ਲਗਦਾ ਏ, ਰਮਣੀਕ!...ਪਲੀਜ਼...ਇਕ ਵਾਰ...!" ਸੁਹਜ ਜਿਵੇਂ ਮੇਰੇ ਸਾਹਮਣੇ ਆ ਫਿਰ ਤਿਲਮਿਲਾਈ ਹੋਵੇ।

"ਪਲੀਜ਼, ਇਕ...।"

ਇਹ ਸ਼ਬਦ, ਨਹੀਂ ਇਹ ਵਾਕ, ਹਰ ਵਾਰ...ਪਤਾ ਨਹੀਂ ਇਕ ਤੋਂ ਦੋ...ਦੋ ਤੋਂ ਤਿੰਨ...ਤੇ ਫਿਰ ਤਿੰਨ ਤੋਂ ਚਾਰ, ਪੰਜ...ਮੈਂ ਗਿਣਤੀ ਭੁੱਲ ਜਾਂਦਾ ਜਾਪਦਾ...। ਰੁਕ ਜਾਂਦਾ। ਤੜਫ ਉੱਠਦਾ...!

"ਇਸ ਇਕ ਦਾ ਕੋਈ ਅੰਤ ਨ੍ਹੀਂ...! ਜਿਵੇਂ ਤੇਰਾ ਰਮਣੀਕ...!" ਸੁਹਜ ਦੇ ਵਾਕਾਂ ਨੇ ਫਿਰ ਪਿੰਜ ਸੁੱਟਿਆ ਸੀ।

"ਦੱਸ ਤਾਂ ਸਹੀ, ਹੋਰ ਕੀ ਕਰਾਂ ਮੈਂ...। ਕਿਹੜੇ ਪਾਸੇ ਜਾਵਾਂ...ਮੈਨੂੰ ਇੰਝ ਨਾ ਸਤਾ ਸੁਹਜ...ਮੈਂ ਤੈਨੂੰ ਬਹੁਤ ਪਿ...ਆ...ਰ...!" ਸ਼ਬਦ ਫਿਰ ਜਿਵੇਂ ਮੈਨੂੰ ਸਹਾਰਾ ਦੇਣੋਂ ਹਟ ਜਾਂਦੇ।

ਉਹ ਖਿੜਖਿੜਾ ਕੇ ਹੱਸਦੀ 'ਹਾ..ਹਾ..ਹਾ..ਹਾ..!' ਉਸਦੇ ਹੱਥਾਂ 'ਚ ਨੀਲੀ ਕਿੱਟ ਫੜੀ ਹੁੰਦੀ।

ਉੱਚੀ-ਉੱਚੀ ਹੱਸਣ ਦੀ ਆਵਾਜ਼ ਮੇਰੇ ਕੰਨਾਂ 'ਚ ਪਾਰੇ ਵਾਂਗ ਘੁਲ਼ ਜਾਂਦੀ।

ਫਿਰ ਇਹ ਹਾਸੀ ਅਚਾਨਕ ਗ਼ਾਇਬ ਹੋ ਜਾਂਦੀ। ਉਹ ਕਿੱਟ ਨੂੰ ਉੱਠ ਕੇ ਅਲਮਾਰੀ ਦੇ ਓਹਲੇ ਧਰ ਆਉਂਦੀ। ਮੈਂ ਦੇਖਦਾ ਮੁੜਨ ਲੱਗਿਆਂ ਉਸ ਦੀਆਂ ਅੱਖਾਂ 'ਚ ਤ੍ਰਿਪ-ਤ੍ਰਿਪ ਹੰਝੂ ਵਹਿ ਤੁਰਦੇ...

"ਤੂੰ ਮੈਨੂੰ ਸਮਝ ਨਹੀਂ ਸਕਿਆ...ਤੂੰ ਇਸ ਔਰਤ ਨੂੰ ਨਹੀਂ ਸਮਝ ਸਕਿਆ....। ਮੈਨੂੰ ਇੰਝ ਹੀ ਸਕੂਨ ਮਿਲਦਾ ਏ...ਤੈਨੂੰ ਇਸ ਤਰ੍ਹਾਂ ਕਹਿਣ ਨਾਲ।...ਪਲੀਜ਼, ਇਕ...!" ਉਹ ਖਾਮੋਸ਼ ਪਾਣੀਆਂ 'ਚ ਫਿਰ ਜਾ ਬੈਠੀ।

* * *

'ਖਾਮੋਸ਼ ਪਾਣੀ' ਮੇਰੇ ਵੱਲੋਂ ਲਿਖੀ ਸਕ੍ਰਿਪਟ 'ਤੇ ਸਾਡੇ ਕਾਲਿਜ ਵੱਲੋਂ ਨਾਟਕ ਖੇਡਿਆ ਜਾ ਰਿਹਾ ਸੀ। ਯੂਨੀਵਰਸਿਟੀ ਫੈਸਟੀਵਲ 'ਚ। ਸਾਡੀ ਸਾਰੀ ਟੀਮ ਇਸ ਨੂੰ ਲੈ ਕੇ ਕਾਫ਼ੀ ਉਤਸ਼ਾਹਤ ਸੀ। ਇਸ ਦੀ ਰਿਹਰਸਲ ਲਗਾਤਾਰ ਚੱਲ ਰਹੀ ਸੀ। ਤੇ ਜਦੋਂ ਨਾਟਕ ਦਾ ਮੰਚਣ ਹੋਇਆ ਤਾਂ ਸੁਹਜ ਤੇ ਅਨੁਪਮਾ, ਦੋਵਾਂ ਦੀ ਐਕਟਿੰਗ ਨੇ ਸਭ ਦਾ ਮਨ ਮੋਹ ਲਿਆ ਸੀ। ਯੂਨੀਵਰਸਿਟੀ ਪੱਧਰ 'ਤੇ ਸਾਡੇ ਕਾਲਜ ਦੀ ਬੱਲੇ-ਬੱਲੇ ਹੋ ਗਈ। ਸਾਡੇ ਇਸ ਨਾਟਕ ਨੇ ਪਹਿਲੇ ਸਥਾਨ 'ਤੇ ਰਹਿ ਕੇ ਗੋਲਡ ਹਾਸਲ ਕੀਤਾ ਸੀ। ਮੁੱਖ ਮਹਿਮਾਨ ਦੇ ਤੌਰ 'ਤੇ ਰਾਜਪਾਲ ਤੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੱਲੋਂ ਜਦੋਂ ਇਹ ਮੈਡਲ ਭੇਟ ਕੀਤਾ ਗਿਆ ਤਾਂ, ਮੈਂ ਸੁਹਜ ਤੇ ਅਨੁਪਮਾ ਦੋਵਾਂ ਨੂੰ ਹੀ ਇਹ ਪੁਰਸਕਾਰ ਹਾਸਲ ਕਰਨ ਲਈ ਮੰਚ 'ਤੇ ਭੇਜਿਆ ਸੀ।

ਉਸ ਦਿਨ ਖੁਸ਼ੀ 'ਚ ਸਾਡੇ ਮੰਚ ਦੇ ਸਾਰੇ ਕਲਾਕਾਰਾਂ ਵੱਲੋਂ ਪਾਰਟੀ ਰੱਖੀ ਗਈ। ਜਸ਼ਨ ਮਨਾਏ ਗਏ। ਉਸ ਦਿਨ ਸੁਹਜ ਮੇਰੇ ਨਜ਼ਦੀਕ ਪਹਿਲੀ ਵਾਰ ਇੰਨਾ ਹੋਈ ਸੀ।

"ਜਾਣਦਾ ਏਂ ਰਮਣੀਕ...ਮੇਰੇ ਖਾਮੋਸ਼ ਪਾਣੀਆਂ 'ਚ ਤੂੰ ਡੀਕਰ ਮਾਰ ਦਿੱਤੀ ਏ...ਮੇਰੇ ਕੋਲ਼ੋਂ

ਇਕੱਲਿਆਂ ਹੁਣ ਇਸ ਦੀਆਂ ਲਹਿਰਾਂ ਦਾ ਮੁਕਾਬਲਾ ਨਹੀਂ ਹੋ ਰਿਹਾ...।" ਉਹ ਮੈਨੂੰ ਬੈਂਚ 'ਤੇ ਇਕੱਲੇ ਬੈਠੇ ਵੇਖ ਨਾਲ ਬਹਿੰਦਿਆਂ ਬੋਲੀ ਸੀ।

"ਮੈਂ ਸਮਝਿਆ ਨਹੀਂ ਸੁਹਜ....।" ਮੈਂ ਥੋੜ੍ਹਾ ਪਰ੍ਹਾਂ ਖਿਸਕ ਕੇ ਉਸ ਲਈ ਜਗ੍ਹਾ ਬਣਾਉਂਦਿਆਂ ਕਿਹਾ ਸੀ।

"ਚਲੋ, ਕੋਈ ਨ੍ਹੀਂ...ਕਦੇ ਸਮਝ ਜਾਵੋਂਗੇ ਤੁਸੀਂ ਵੀ...।" ਉਹ ਹੱਸਦੇ ਹੋਏ ਬੋਲੀ ਸੀ।

"ਤੁਸੀਂ, ਦੋਵੇਂ ਇੰਨਾ ਅਲੱਗ ਤੇ ਦੂਰ ਆ ਬੈਠੇ ਹੋਂ...ਸਾਰੇ ਤੁਹਾਡੀ ਰਾਹ ਤੱਕ ਰਹੇ ਨੇ...।" ਅਨੁਪਮਾ ਦੀ ਆਵਾਜ਼ ਨੇ ਵਿਚ-ਵਿਚਾਲੇ ਆ ਸਾਨੂੰ ਜਿਵੇਂ ਜੁਦਾ ਕਰ ਦਿੱਤਾ ਸੀ। ਤੇ ਫਿਰ ਗੱਲ ਆਈ-ਗਈ ਹੋ ਗਈ ਸੀ।

* * *

...ਪਰ ਇਹ ਗੱਲ ਸਦਾ ਲਈ ਆਈ-ਗਈ ਨਹੀਂ ਹੋਈ ਸੀ।

ਪਤਾ ਨਹੀਂ ਉਹ ਕਿਹੜੇ ਪਲ ਸਨ, ਜਦੋਂ ਸਾਡੇ ਦਰਮਿਆਨ ਇੰਨਾ ਵਕਫ਼ਾ ਵੱਧਦਾ ਗਿਆ ਸੀ। ਉਦੋਂ ਮੈਂ ਸੈਮੀਨਾਰ ਤੋਂ ਪਰਤਿਆਂ ਸਾਂ ਜਦੋਂ ਵਕਫ਼ੇ ਦਾ ਮੁੱਢ ਬੰਨ੍ਹਿਆ ਗਿਆ ਸੀ। ਮੈਂ ਇਸ ਵਕਫ਼ੇ ਨੂੰ ਹਮੇਸ਼ਾ ਘਟਾਉਣ ਦੀ ਕੋਸ਼ਿਸ਼ ਕੀਤੀ ਪਰ ਸੁਹਜ ਤਾਂ ਜਿਵੇਂ ਮਨ 'ਤੇ ਹੀ ਲਾ ਬੈਠੀ ਹੋਵੇ। ਮੇਰੀ ਕਮਜ਼ੋਰੀ ਨੇ ਮੈਨੂੰ ਹੀ ਕਸੂਰਵਾਰ ਠਹਿਰਾਉਣਾ ਸੀ। ਤੇ ਮੈਂ ਖ਼ੁਦ ਨੂੰ ਗੁਨਾਹਗ਼ਾਰ ਹੀ ਤਾਂ ਸਮਝਦਾ ਆ ਰਿਹਾ ਸਾਂ।...ਪਰ ਸੁਹਜ ਇਸਨੂੰ ਆਪਣੇ ਅੰਦਰ ਕਿਤੇ ਡੂੰਘਾ ਵਸਾ ਬੈਠੀ ਸੀ। ਇੰਨਾ ਗਹਿਰਾਈ 'ਚ ਕਿ ਹੁਣ ਬੈੱਡ 'ਤੇ ਪਏ ਵੀ ਉਸਨੂੰ ਮੇਰੀ ਕਮਜ਼ੋਰੀ ਸਹੀ ਢੰਗ ਨਾਲ ਜਿਊਣ ਨਹੀਂ ਦੇ ਰਹੀ।

ਇਕੋ ਬੈੱਡ 'ਤੇ ਪਏ, ਮੈਂ ਉਸ ਵੱਲ ਪਾਸਾ ਵੀ ਨਹੀਂ ਘੁਮਾ ਸਕਦਾ ਸਾਂ। ਜੇ ਦੂਜੇ ਪਾਸੇ ਕਰਵਟ ਲੈ ਪੈਣ ਦੀ ਕੋਸ਼ਿਸ਼ ਵੀ ਕਰਦਾ ਤਾਂ ਵੀ ਉਸਦੇ ਬੋਲ ਹੋਰ ਵੀ ਖਰ੍ਹਵੇ ਹੋ ਜਾਂਦੇ। ਉਹ ਨੀਲੀ ਕਿੱਟ ਨੂੰ ਆਪਣੇ ਹੱਥਾਂ 'ਚ ਘੁੱਟ ਕੇ ਪਈ ਰਹਿੰਦੀ, ਜਿਵੇਂ ਕਿਸੇ ਬੱਚੇ ਨਾਲ ਜੱਫੀ ਪਾ ਪਈ ਹੋਵੇ। ਮੈਨੂੰ ਇਹ ਕਿੱਟ ਵੀ ਵੈਰੀਆਂ ਵਾਂਗ ਜਾਪਦੀ। ਅਜੀਬ ਕਸ਼ਮਕਸ਼ 'ਚ ਤਾਂ ਜੀਅ ਰਹੇ ਸਾਂ ਅਸੀਂ ਦੋਵੇਂ। ਮੈਨੂੰ ਹੈਰਾਨੀ ਹੁੰਦੀ, ਇਹ ਉਹੋ ਸੁਹਜ ਏ, ਜਿਸਨੇ ਮੇਰੇ ਨਾਲ ਲਵ-ਮੈਰਿਜ ਕੀਤੀ ਸੀ। ਜੇ ਕੋਈ ਦੂਜਾ ਜਣਾ ਦੇਖੇ ਤਾਂ ਇਹ ਸੋਚ ਵੀ ਨਹੀਂ ਸਕਦਾ ਕਿ ਅਸੀਂ ਕਿਸੇ ਸਮੇਂ ਕਾਲਿਜ ਦੇ ਗੂੜ੍ਹੇ ਪ੍ਰੇਮੀ ਤੇ ਇਕ-ਦੂਜੇ ਨਾਲ ਜਿਊਣ ਮਰਨ ਦੀਆਂ ਕਸਮਾਂ ਖਾਣ ਵਾਲੇ ਸ਼ਖ਼ਸ ਸਾਂ।

ਮੈਨੂੰ ਅੱਜ ਵੀ ਯਾਦ ਹੈ, ਉਹ ਦਿਨ...

"ਜੇ ਤੇਰੇ ਨਾਲ ਨ੍ਹੀਂ ਜਿਊਣਾ...ਤਾਂ ਫਿਰ ਮਰਨਾ ਹੀ ਬਿਹਤਰ ਏ...।... ਮੈਂ ਜੋ ਧਾਰ ਲਿਆ, ਉਸਨੂੰ ਪੂਰਾ ਕਰਨ ਦਾ ਹਰ ਹੀਲੇ ਯਤਨ ਕਰਾਂਗਾ...ਮੇਰਾ ਫ਼ੈਸਲਾ ਅਟੱਲ ਏ ਸੁਹਜ!...ਮੈਂ ਘਰ ਦਿਆਂ ਤੋਂ ਬਾਗ਼ੀ ਹੋ ਕੇ ਆਪਣੇ ਇਸ ਫ਼ੈਸਲੇ ਨੂੰ ਪੂਰਾ ਕਰਨ ਲਈ ਤਤਪਰ ਹਾਂ...ਤੂੰ ਆਪਣੇ ਬਾਰੇ ਸੋਚ...ਕਿਤੇ ਡਗਮਗਾ ਨਾ ਜਾਵੀਂ।" ਮੈਂ ਇਕੋ ਸਾਹੇ ਉਦੋਂ ਕਿੰਨਾ ਕੁਝ ਆਖ ਗਿਆ ਸਾਂ।

"...ਜ਼ਿੰਦਗੀ ਜੇ ਕੁਝ ਦਿੰਦੀ ਏ ਨਾ...ਤਾਂ ਉਹ ਕੁਝ ਜ਼ਖ਼ਮ ਵੀ ਦੇ ਸਕਦੀ ਏ...ਇਸ ਤਰ੍ਹਾਂ ਦੇ ਰਸਤਿਆਂ 'ਤੇ ਅਕਸਰ ਤੁਰਨਾ ਕਠਿਨ ਹੁੰਦਾ ਏ...! ਪਰ ਫਿਰ ਵੀ ਮੈਂ ਤੇਰਾ ਇੰਤਜ਼ਾਰ ਕਰਾਂਗਾ ਸੁਹਜ...।" ਮੈਂ ਫਿਰ ਪੇਸ਼ਕਸ਼ ਕੀਤੀ ਸੀ।

ਪਰ ਉਹ ਉਦੋਂ ਵੀ ਚੁੱਪ ਰਹੀ ਸੀ। ਮੈਨੂੰ ਪਤਾ ਸੀ ਉਹ ਵੀ ਆਪਣੇ ਘਰ, ਆਪਣੀ ਮਾਂ ਕਾਰਨ ਇਸ ਤਰ੍ਹਾਂ ਸੋਚ ਰਹੀ ਏ...ਪਰ ਮੈਂ ਫਿਰ ਵੀ ਮਨਾ ਲਿਆ ਸੀ ਉਸਨੂੰ। ਤੇ ਫਿਰ ਇਕ ਦਿਨ ਮੈਂ ਉਸਦੇ ਘਰ ਵੀ ਪੁੱਜ ਗਿਆ। ਉਸਦੀ ਮਾਂ ਖ਼ੁਸ਼ ਸੀ ਪਰ ਉਸਦਾ ਭਰਾ ਥੋੜ੍ਹਾ ਸ਼ਸ਼ੋਪੰਜ 'ਚ ਨਾਂਹ-ਨੁੱਕਰ ਕਰਨ ਲੱਗਾ ਸੀ। ਫਿਰ ਸੁਹਜ ਨੇ ਉਸਨੂੰ ਵੀ ਮਨਾ ਲਿਆ। ਮੈਂ ਤਾਂ ਪਹਿਲੋਂ ਹੀ ਇਕੱਲਾ ਰਹਿ ਗਿਆ ਸਾਂ। ਜ਼ਮੀਨ ਘੱਟ ਸੀ...ਤਿੰਨ ਭਰਾ ਸਾਂ। ਵੱਡਾ ਮੈਂ...। ਮਾਪਿਆਂ ਨੇ ਵੀ ਝੱਟ ਹਾਮੀ ਭਰ ਦਿੱਤੀ ਸੀ ਕਿ ਜੇ ਤੇਰਾ ਕੁਝ ਹੋਊ...ਫਿਰ ਇਹਨਾਂ ਦੀ ਵੀ ਵਾਰੀ ਆਊ। ਪਰ ਇਹ ਜ਼ਰੂਰ ਸੀ ਕਿ ਵਾਰੀ ਭਰਾਵਾਂ ਦੀ ਫਿਰ ਵੀ ਨਹੀਂ ਆਈ ਸੀ। ਤੇ ਮਾਪੇ ਵਿਚਾਰੇ ਪੁੱਤਰਾਂ ਦੇ ਵਿਆਹ ਦੇ ਇੰਤਜ਼ਾਰ 'ਚ ਹੀ ਇਸ ਦੁਨੀਆਂ 'ਚੋਂ ਰੁਖ਼ਸਤ ਹੋ ਗਏ ਸਨ।

* * *

ਇਹ ਇੰਤਜ਼ਾਰ ਸੱਚਮੁੱਚ ਬੜਾ ਬੁਰਾ ਹੁੰਦਾ ਏ ਸੁਹਜ। ਮੈਂ ਵੀ ਤਾਂ ਹੁਣ ਇੰਤਜ਼ਾਰ ਹੀ ਕਰ ਰਿਹਾ ਹਾਂ। ਵੀਹ-ਬਾਈ ਸਾਲਾਂ ਦਾ ਲੰਮਾ ਇੰਤਜ਼ਾਰ! ਪਰ ਅਜੇ ਵੀ ਇਹ ਰਸਤੇ ਪੂਰ ਨਹੀਂ ਹੋ ਸਕੇ...। ਖ਼ੁਦ ਨੂੰ ਬਦਲਣ ਦੀ ਬੜੀ ਕੋਸ਼ਿਸ਼ ਕੀਤੀ...ਤਾਂ ਕਿ ਸੁਹਜ ਅੰਦਰ ਬੈਠਾ ਸੰਦੇਹ ਦੂਰ ਹੋ ਸਕੇ...ਪਰ ਨਹੀਂ ਹਰ ਵਾਰ ਅਸਫ਼ਲਤਾ ਨੇ ਹੀ ਮੇਰੇ ਕਦਮ ਚੁੰਮੇ...। ਸੁਹਜ ਦੇ ਇਕ ਚੁੰਮਣ ਲਈ ਵੀ ਜਿਵੇਂ ਤਰਸ ਗਿਆ ਸਾਂ...। ਉਸ ਨਾਲ ਹਮਬਿਸਤਰ ਹੋਣਾ ਤਾਂ...।

"ਨਹੀਂ, ਰਮਣੀਕ ਨਹੀਂ। ਬਿਲਕੁਲ ਵੀ ਨ੍ਹੀਂ, ਇੰਜ ਕਦੇ ਨਾ ਸੋਚ ਹੁਣ!... ਜਾਣਦਾ ਏਂ... ਅਨੁਪਮਾ ਦਾ ਚਿਹਰਾ ਮੇਰੇ ਸਾਹਮਣੇ ਆ ਮੰਡਰਾਉਣ ਲੱਗਦਾ ਏ।... ਤੇ ਫਿਰ ਅੰਦਰ ਜਵਾਲਾਮੁਖੀ ਉਗਲਣ ਲੱਗਦਾ ਹੋਵੇ...ਤੇ ਇਸਦੇ ਲਾਵੇ 'ਚ ਮੈਂ ਖ਼ੁਦ ਰਾਖ ਬਣ ਗਈ ਹੋਵਾਂ, ਜਿਵੇਂ...। ਮੈਂ ਆਪਣੇ-ਆਪ 'ਤੇ ਕਾਬੂ ਨਹੀਂ ਰੱਖ ਪਾਉਂਦੀ।...ਇਸੇ ਲਾਵੇ 'ਚੋਂ ਅਜਿਹੇ ਖਿਆਲ ਪਨਪਦੇ ਨੇ ਕਿ...। ਤੂੰ ਹੁਣ ਮੇਰੇ ਨੇੜੇ ਢੁੱਕਣ ਦੀ ਕੋਸ਼ਿਸ਼ ਨਾ ਹੀ ਕਰੀਂ...ਮੈਨੂੰ ਹੁਣ ਤੇਰੇ ਜਿਸਮ ਨੂੰ ਨੇੜੇ ਮਹਿਸੂਸ ਕਰਕੇ ਨਹੀਂ ਸਗੋਂ ਤੈਨੂੰ ਦੂਰੋਂ ਵੇਖ ਕੇ ਹੀ ਸਕੂਨ ਮਿਲਦਾ ਏ...। ਤੂੰ ਚਾਹੁੰਨਾਂ ਏਂ ਆਪਣੀ ਜ਼ਿੰਦਗੀ ਦੀ ਬੇੜੀ ਇਸੇ ਤਰ੍ਹਾਂ ਠੇਲ੍ਹਦੀ ਰਹੇ ਤਾਂ ਕਦੇ ਮੇਰੇ ਖਾਮੋਸ਼ ਪਾਣੀਆਂ 'ਚ ਇਸ ਤੋਂ ਬਾਅਦ ਕੁੱਦਣ ਦੀ ਕੋਸ਼ਿਸ਼ ਨਾ ਕਰੀਂ...ਮੈਂ ਉਹ ਨਦੀ ਬਣ ਚੁੱਕੀ ਹਾਂ...ਜੋ ਦੂਜੀਆਂ ਨਦੀਆਂ ਨੂੰ ਵਹਿੰਦਾ ਦੇਖ...ਤ੍ਰਿਪਤ ਹੁੰਦਾ ਦੇਖ...ਖ਼ੁਦ ਪਿਆਸੀ ਰਹਿ ਸਕਦੀ ਏ...ਤੇਰੀ ਇਹ ਜ਼ਿੰਦਗੀ ਤੈਨੂੰ ਮੁਬਾਰਕ...ਰਮਣੀਕ!"

ਨੀਲੀ ਕਿੱਟ ਨੂੰ ਹੱਥਾਂ ਨਾਲ ਪਲੋਸਦਿਆਂ ਉਹ ਬੋਲੀ ਸੀ। ਮੈਂ ਕੀ ਬੋਲਦਾ। ਚੁੱਪ ਵੱਟ ਲਈ ਸੀ।

* * *

ਉਸ ਦਿਨ ਸੁਹਜ ਦਾ ਜਨਮ ਦਿਨ ਸੀ...। ਬੇਟੀ ਡੇਵੀ ਤੇ ਬੇਟੇ ਰੋਹਤਾਸ਼ ਨੇ ਇਸਨੂੰ ਸੈਲੀਬ੍ਰੇਟ ਕਰਨ ਲਈ ਡਲਹੌਜ਼ੀ ਜਾਣ ਦਾ ਮਨ ਬਣਾਇਆ। ਡਲਹੌਜ਼ੀ ਤੋਂ ਪਹਿਲਾਂ ਹੀ ਹੋਟਲ ਸੀ ਇਕ। ਉੱਥੇ ਰਹਿਣ ਲਈ ਉਸਦੀ ਆਨਲਾਈਨ ਬੁਕਿੰਗ ਵੀ ਕਰਵਾ ਦਿੱਤੀ। ਬੱਚੇ ਇਸਨੂੰ ਇੰਜੁਆਏ ਕਰਨਾ ਚਾਹੁੰਦੇ ਸਨ। ਅਗਲੇ ਸਾਲ ਡੇਵੀ ਨੇ ਅਮਰੀਕਾ ਚਲੇ ਜਾਣਾ ਸੀ। ਤੇ ਰੋਹਤਾਸ਼ ਨੇ ਬੈਂਗਲੁਰੂ। ਬੱਚੇ ਸਾਡੀ ਕਿੰਨੇ ਸਾਲਾਂ ਤੋਂ ਚੱਲੀ ਆ ਰਹੀ ਨੀਰਸ ਜ਼ਿੰਦਗੀ ਨੂੰ ਖੁਸ਼ਹਾਲ ਕਰਨ ਲਈ ਉਤਸੁਕ ਸਨ। ਤੇ ਬੱਚਿਆਂ ਦੀ ਖ਼ੁਸ਼ੀ ਲਈ ਮੈਂ ਸੁਹਜ ਨੂੰ ਹੱਥ ਜੋੜ-ਜੋੜ ਰਾਜ਼ੀ ਕੀਤਾ ਸੀ ਜਾਣ ਲਈ।

"ਮੇਰੇ ਕੋਲੋਂ ਇਕੱਲਿਆਂ ਨਹੀਂ ਚੱਲਿਆ ਜਾਣਾ ਤੇਰੇ ਨਾਲ ਰਮਣੀਕ...!" ਸੁਣ ਕੇ ਉਹ ਬੋਲੀ ਸੀ।

"ਕਿਉਂ?...ਆਖ਼ਿਰ ਬੱਚੇ ਵੀ ਤਾਂ ਜਾ ਰਹੇ ਨੇ...?" ਮੈਂ ਕਿਹਾ ਤਾਂ ਉਹ ਬੋਲੀ-

"ਪਰ ਫਿਰ ਵੀ ਮੈਨੂੰ ਜਾਪਦੈ...ਅਜਿਹੇ ਸਮੇਂ 'ਚ ਕਿਸੇ 'ਨਰੂਪਖਾ' ਨੂੰ...!" ਉਹ ਕਹਿੰਦੀ-ਕਹਿੰਦੀ ਗੱਲ ਚੱਬ ਗਈ ਸੀ। ਪਰ ਉਸਦਾ ਵਿਅੰਗ ਮੇਰੇ ਧੁਰ ਅੰਦਰ ਕਿਸੇ ਤੀਰ ਵਾਂਗ ਆ ਵੱਜਾ ਸੀ।

"ਨਰੂਪਖਾ...! ਕੀ ਮਤਲਬ...?" ਮੈਨੂੰ ਬੜਾ ਗੁੱਸਾ ਚੜ੍ਹ ਰਿਹਾ ਸੀ।

"ਹੁਣ ਮੈਂ ਤੈਨੂੰ ਮਤਲਬ ਵੀ ਕਿਸ ਤਰ੍ਹਾਂ ਦੱਸ ਸਕਦੀ ਹਾਂ...ਰਮਣੀਕ...! ਤਲਬ ਇਕੱਲਿਆਂ ਤੈਨੂੰ ਤਾਂ ਨ੍ਹੀਂ ਉੱਠ ਸਕਦੀ...ਮੈਂ ਵੀ ਤਾਂ ਇਨਸਾਨ ਹਾਂ...ਉਣੀ ਹਾਂ...ਤੇ ਜੇ ਮੈਨੂੰ ਤਲਬ ਉੱਠ ਗਈ ਉੱਥੇ ਤਾਂ...!" ਉਹ ਜਿਵੇਂ ਬੇਹੋਸ਼ੀ 'ਚ ਬੁੜਬੁੜਾ ਰਹੀ ਹੋਵੇ...।

ਪਰ ਮੈਨੂੰ ਪਤੈ, ਉਸਦੇ ਅਜਿਹੇ ਸਵਾਲ, ਅਜਿਹੇ ਵਾਕ, ਕਿੰਨਾ ਕੁਰੇਦਦੇ ਹਨ। ਕਰਨਾ ਕੀ ਸੀ, ਮੈਂ ਹੀ ਬਹਾਨਾ ਲਗਾਇਆ ਬੱਚਿਆਂ ਨੂੰ, 'ਬੇਟੇ ਅਗਲੀ ਵਾਰ ਪੱਕਾ, ਇਸ ਵਾਰ ਨ੍ਹੀਂ ਜਾ ਹੋਣਾ...ਸ਼ਨੀਵਾਰ ਸਾਡੇ ਕਾਲਿਜ ਦੇ ਕੈਂਪ ਲੱਗ ਰਹੇ ਨੇ...ਤੇ ਬਤੌਰ ਰਿਸੋਰਸ ਪਰਸਨ ਮੇਰਾ ਇੱਥੇ ਸ਼ਾਮਿਲ ਹੋਣਾ ਬੜਾ ਜ਼ਰੂਰੀ ਏ...।"

ਬੱਚਿਆਂ ਨੇ ਤਾਂ ਕੀ ਬੋਲਣਾ ਸੀ, ਉਹ ਚੁੱਪ ਹੋ ਗਏ। ਦੁੱਖ ਤਾਂ ਬੜਾ ਹੋਇਆ ਸੀ ਕਿ ਮੈਂ ਆਪਣੇ ਬੱਚਿਆਂ ਨੂੰ ਵੀ ਕੋਈ ਖੁਸ਼ੀ ਚੱਜ ਨਾਲ ਨਹੀਂ ਦੇ ਸਕਿਆ, ਸੁਹਜ ਕਾਰਨ...। ਫਿਰ ਚੁੱਪ ਹੋ ਜਾਣਾ ਹੀ ਬਿਹਤਰ ਸਮਝਿਆ। ਅਗਲੇ ਸਾਲ ਬੇਟਾ ਤੇ ਬੇਟੀ ਆਪੋ ਆਪਣੀ ਮੰਜ਼ਿਲ ਲਈ ਰਵਾਨਾ ਹੋ ਗਏ। ਬੇਟੀ ਕੈਲੀਫੋਰਨੀਆ ਯੂਨੀਵਰਸਿਟੀ 'ਚ ਚਲੀ ਗਈ। ਤੇ ਬੇਟਾ ਸਿਨੇਮਾ ਦੀ ਫੋਟੋਗ੍ਰਾਫ਼ੀ ਦੇ

ਕੋਰਸ ਲਈ ਬੈਂਗਲੁਰੂ।

ਫਿਰ ਅਜਿਹਾ ਸਬੱਬ ਕਦੇ ਬਣਿਆ ਹੀ ਨਾ...ਬੱਚੇ ਉਚੇਰੀ ਪੜ੍ਹਾਈ ਲਈ ਬਾਹਰ ਚਲੇ ਗਏ। ਤੇ ਅਸੀਂ ਕਦੇ ਜਨਮ ਦਿਨ ਮਨਾਉਣ ਬਾਰੇ ਸੋਚਿਆ ਹੀ ਨਾ...। ਜੇ ਮੈਂ ਕਦੇ ਸੋਚ ਵੀ ਲੈਂਦਾ ਤਾਂ ਪਤਾ ਸੀ, ਕੋਈ ਨਾ ਕੋਈ ਹੰਗਾਮਾ ਹੀ ਹੋਣਾ ਸੀ ਘਰ 'ਚ...ਤੇ ਮੈਂ ਨਹੀਂ ਚਾਹੁੰਦਾ ਸੀ ਕਿ ਇਸ ਤਰ੍ਹਾਂ ਦਾ ਹੰਗਾਮਾ ਹੋਵੇ।

ਤੇ ਅਗਲੇ ਜਨਮ ਦਿਨ ਬਾਰੇ ਪਤਾ ਚਾਹੇ ਸੁਹਜ ਨੂੰ ਵੀ ਸੀ। ਤੇ ਮੈਨੂੰ ਵੀ। ਪਰ ਅਸੀਂ ਇਸਦਾ ਕੋਈ ਸੈਲੀਬ੍ਰੇਸ਼ਨ ਨਾ ਸਾਂਝਾ ਕਰ ਸਕੇ।

* * *

ਸਾਂਝਾ ਤਾਂ ਇਹ ਸਭ ਕੁਝ ਮੈਂ ਕਿਸੇ ਨਾਲ ਵੀ ਨਹੀਂ ਕਰਨਾ ਚਾਹੁੰਦਾ ਸਾਂ ਪਰ ਮੇਰੇ ਅੰਦਰ ਵੀ ਇਕ ਮਰਦ ਸੀ। ਆਖ਼ਰ ਮਰਦ ਜਾਤ ਦੀ ਹੈਂਕੜ ਸੁਹਜ ਦੇ ਤਿੱਖੇ-ਤਿੱਖੇ ਵਾਰਾਂ ਅੱਗੇ ਬੇਵੱਸ ਹੋ ਗਈ ਇਕ ਦਿਨ।

'ਨਰੂਪਖਾ-ਨਰੂਪਖਾ', ਜੋ ਇਹ ਅਕਸਰ ਨੀਲੀ ਕਿੱਟ ਹੱਥ 'ਚ ਫੜੀ ਮੂੰਹੋਂ ਬੁੜਬੁੜਾਉਂਦੀ ਰਹਿੰਦੀ ਹੈ, ਇਹ ਮੇਰੇ ਵੱਲੋਂ ਲਿਖੇ ਇਕ ਨਾਟਕ ਦੀ ਪਾਤਰ ਸੀ। ਹੋ ਸਕਦਾ ਹੈ, ਇਹ ਨਰੂਪਖਾ, ਅਨੁਪਮਾ ਨੂੰ ਆਖਦੀ ਹੋਵੇਗੀ...ਇਹਦੇ ਅੰਦਰ ਇੰਨੀ ਘ੍ਰਿਣਾ ਤਾਂ ਸ਼ਾਇਦ ਉਸੇ ਕਾਰਨ ਹੀ ਏ...। ਤਾਹੀਂ ਤਾਂ ਅਜਿਹੇ ਵਾਰ ਕਰਦੀ ਏ ਮੇਰੇ 'ਤੇ...। ਜਦੋਂ ਅਸੀਂ ਕਿਸੇ ਨਾਟਕ ਦੀ ਰਿਹਰਸਲ ਕਰ ਰਹੇ ਹੁੰਦੇ। ਅਨੁਪਮਾ ਮੇਰੇ ਕੋਲ ਹੁੰਦੀ। ਕੋਈ ਡਾਇਲਾਗ ਬਾਰੇ ਪੁੱਛ ਰਹੀ ਹੁੰਦੀ ਤਾਂ ਸੁਹਜ ਚਿੜ੍ਹ ਉੱਠਦੀ। ਨਰੂਪਖਾ ਇਕ ਘ੍ਰਿਣਾਯੋਗ ਔਰਤ ਪਾਤਰ ਸੀ, ਤੇ ਨਾਟਕ ਦੇ ਅੰਤ 'ਚ ਨਾਇਕਾ ਕੋਲ਼ੋਂ ਉਸਦਾ ਪ੍ਰੇਮੀ ਖੋਹ ਲੈਣ 'ਚ ਕਾਮਯਾਬ ਹੋ ਜਾਂਦੀ ਹੈ।

ਪਰ ਇਹ ਮੇਰੇ 'ਤੇ ਇਸ ਤਰ੍ਹਾਂ ਦੇ ਵਾਰ ਕਿਉਂ ਕਰਦੀ ਰਹਿੰਦੀ ਹੈ? ਇਹ ਮੈਂ ਅਕਸਰ ਸੋਚਦਾ ਪਰ ਇਸਦਾ ਨਿਧਾਨ ਮੇਰੇ ਕੋਲੋਂ ਨਾ ਹੁੰਦਾ। ਜਦੋਂ ਉਸਦੇ ਵਾਰਾਂ ਦੇ ਜ਼ਖ਼ਮਾਂ ਦੀ ਤਾਬ ਨਾ ਝੱਲੀ ਗਈ ਤਾਂ ਦਵੰਦ 'ਚ ਪਏ ਨੇ ਇਸਦਾ ਸਮਾਧਾਨ ਲੱਭਣ ਲਈ ਕਿੰਨੀਆਂ ਕਿਤਾਬਾਂ ਛਾਣ ਮਾਰੀਆਂ। ਪਰ ਹੱਲ ਨਾ ਨਿਕਲਦਾ ਦੇਖ ਇਕ ਦਿਨ ਮੋਹਾਲੀ ਵਿਖੇ ਮਨੋਰੋਗ ਮਾਹਿਰ ਡਾ. ਉਪਮਾ ਦੇ ਕਲੀਨਿਕ ਦੇ ਦਰਵਾਜ਼ੇ ਦੀ ਜਾ ਰਿੰਗ ਦਬਾਈ।

ਡਾ. ਉਪਮਾ ਬਹੁਤ ਹੀ ਸੁਲਝੀ ਹੋਈ ਜਾਪੀ ਸੀ ਪਹਿਲੀ ਦਿੱਖ ਦੌਰਾਨ ਹੀ। ਮੇਰੀ ਗੱਲ ਸੁਣ ਕੇ ਉਸਨੇ ਪਹਿਲਾਂ ਸੁਹਜ ਨੂੰ ਦੇਖਣ, ਉਸਦੀ ਕੌਂਸਲਿੰਗ ਕਰਨ ਲਈ ਮੈਨੂੰ ਰਾਏ ਦਿੱਤੀ। ਪਰ ਮੈਨੂੰ ਪਤਾ ਸੀ ਕਿ ਸੁਹਜ ਇਸ ਲਈ ਕਦੇ ਵੀ ਰਜ਼ਾਮੰਦ ਨਹੀਂ ਹੋਵੇਗੀ। ਉਹ ਵੀ ਪੜ੍ਹੀ-ਲਿਖੀ ਸੀ। ਸੈਕੰਡਰੀ ਸਕੂਲ 'ਚ ਹਿੰਦੀ ਦੀ ਲੈਕਚਰਰ।

"ਦੇਖੋ, ਪਤੀ-ਪਤਨੀ ਦਾ ਰਿਸ਼ਤਾ ਦੋ ਪਹੀਆਂ ਜਿਹਾ ਹੁੰਦਾ ਹੈ। ਦੋਵੇਂ ਪਹੀਏ ਜੇ ਬਰਾਬਰ ਚੱਲਦੇ ਹਨ ਤਾਂ ਸਕੂਨ ਤੇ ਆਰਾਮਦਾਇਕ ਜ਼ਿੰਦਗੀ।...ਪਰ ਤੁਹਾਡੇ ਤਾਂ ਬਰਾਬਰ ਦੀ ਜਗ੍ਹਾ ਇਕ-ਦੂਜੇ ਤੋਂ ਕਾਫ਼ੀ ਅਗਾਂਹ-ਪਿਛਾਂਹ ਨੇ...ਫਿਰ ਵੀ ਜਿੱਥੋਂ ਤਕ ਮੈਂ ਸਮਝਿਆ ਏ... ਤੁਹਾਡੀ ਮਿਸਿਜ਼ ਦਾ ਦੋਸ਼ ਘੱਟ, ਤੇ ਤੁਹਾਡਾ ਜ਼ਿਆਦਾ ਏ...। ਚਲੋ, ਕੋਈ ਨ੍ਹੀਂ...ਮੈਂ ਤਿੰਨ ਗੋਲੀਆਂ ਲਿਖੀਆਂ ਨੇ, ਦੋ ਰਾਤ ਨੂੰ, ਤੇ ਇਕ ਸਵੇਰੇ ਉੱਠਣ ਸਾਰ। ਇਹ ਮਾਈਂਡ ਨੂੰ ਤਾਕਤ ਦੇ ਕੇ ਬੁਰੇ ਵਿਚਾਰਾਂ ਨੂੰ ਦਿਮਾਗ਼ 'ਚੋਂ ਬਾਹਰ ਕੱਢਣ ਲਈ ਬਿਹਤਰ ਰਹੇਗਾ। "

ਮੈਨੂੰ ਡਾ. ਉਪਮਾ ਨੇ ਕੁਝ ਗਾਈਡਲਾਈਨ ਦੇ ਦਿੱਤੀਆਂ ਸਨ। ਮਸਲਨ ਉਸ ਕਿਹਾ ਸੀ ਕਿ ਜਿਵੇਂ ਸੁਹਜ ਨੂੰ ਸਕੂਨ ਮਿਲਦਾ ਹੈ, ਤੁਸੀ ਉਵੇਂ ਕਰਨਾ ਹੈ। ਉਸ ਅੰਦਰ ਇਹ ਗਹਿਰਾ ਸਦਮਾ ਹੈ। ਉਹ ਤੁਹਾਨੂੰ ਬਹੁਤ ਚਾਹੁੰਦੀ ਹੈ। ਸਮਾਜ 'ਚ ਇਸ ਤਰ੍ਹਾਂ ਦੇ ਬਹੁਤ ਘੱਟ ਜਜ਼ਬਾਤੀ ਲੋਕ ਹੁੰਦੇ ਹਨ। ਤੁਹਾਡੀ ਪਤਨੀ ਵੀ ਇਨ੍ਹਾਂ 'ਚ ਸ਼ਾਮਿਲ ਏ...। ਅਜਿਹੇ ਇਨਸਾਨ ਜ਼ਰਾ ਜਿਹੀ ਠੇਸ ਪਹੁੰਚਣ 'ਤੇ ਇਸਦਾ ਵਿਕਰਾਲ ਰੂਪ ਧਾਰਨ ਕਰ ਲੈਂਦੇ ਹਨ। ਉਸਦਾ ਨੀਲੀ ਕਿੱਟ ਨੂੰ ਹੱਥਾਂ 'ਚ ਫੜ ਘੁੱਟੀ ਰੱਖਣਾ...ਆਪਣੀਆਂ ਵਸਤਾਂ ਨੂੰ ਅਲੱਗ ਤੌਰ 'ਤੇ ਸਾਂਭ-ਸਾਂਭ ਰੱਖਣਾ...ਇਹੋ ਤਾਂ ਇਸ਼ਾਰਾ ਕਰਦਾ

ਏ। ਤੁਸੀਂ ਇੰਝ ਕਰੋ...ਇਹ ਦਵਾ ਉਸਨੂੰ ਕਿਸੇ ਚੀਜ਼ 'ਚ ਮਿਲਾ ਕੇ ਪਿਲਾਉਂਦੇ ਰਹੋ...ਇਸ ਨਾਲ ਦਿਮਾਗ਼ ਦਾ ਸਟਰੈੱਸ ਥੋੜ੍ਹਾ ਘਟੇਗਾ।... ਇਹ ਸਾਰਾ ਕੁਝ ਤਦ ਹੀ ਸੰਭਵ ਹੋ ਸਕੇਗਾ, ਜੇਕਰ ਤੁਸੀਂ ਖ਼ੁਦ ਨੂੰ ਮਜ਼ਬੂਤ ਬਣਾ ਕੇ ਰੱਖੋਂਗੇ...। ਬਾਕੀ ਇਹ ਕਾਰਡ ਰੱਖ ਲਓ, ਇਸ ਨੰਬਰ 'ਤੇ ਸੰਪਰਕ ਕਰਕੇ ਮੇਰੇ ਨਾਲ ਇਸ ਸਮੱਸਿਆ ਲਈ ਰਾਬਤਾ ਬਣਾਈ ਰੱਖਣਾ। ਓਕੇ...!"

ਰਾਬਤੇ 'ਚ ਰਹਿਣ ਦਾ ਤਾਂ ਹੀ ਸਾਰਾ ਭੜਥੂ ਪਿਆ ਸੀ। ਅਨੁਪਮਾ ਦਾ ਚਿਹਰਾ ਅੱਖਾਂ ਮੂਹਰੇ ਆ ਗਿਆ। ਕਾਲਿਜ ਲਾਈਫ ਤੋਂ ਬਾਅਦ ਜਿਵੇਂ ਉਹ ਵੀ ਹਰੀ ਹੋ ਗਈ ਹੋਵੇ। ਆਪਣੀ ਹਾਰ ਬਰਦਾਸ਼ਤ ਨਹੀਂ ਹੋ ਰਹੀ ਸੀ ਉਸ ਕੋਲੋਂ...ਜਿਵੇਂ। ਮੈਂ ਜਿੰਨਾ ਉਸ ਨੂੰ ਸਾਡੇ ਘਰ ਤੋਂ ਦੂਰ, ਸੁਹਜ ਤੋਂ ਦੂਰ ਰਹਿਣ ਲਈ ਘੂਰਦਾ। ਉਹ ਉੱਨਾ ਹੀ ਜਾਣ-ਬੁੱਝ ਕੇ ਆਉਂਦੀ...। ਸ਼ਾਇਦ ਉਸਨੂੰ ਵੀ ਅੰਦਾਜ਼ਾ ਸੀ, ਸੁਹਜ ਦਾ, ਸੁਹਜ ਦੇ ਸੁਭਾਅ ਦਾ। ਆਖ਼ਰ ਉਹ ਦੋਵੇਂ ਤਿੰਨ ਸਾਲ ਤਕ ਇਕੱਠੀਆਂ ਰਹੀਆਂ ਸਨ ਯੂਨੀਵਰਸਿਟੀ 'ਚ।

* * *

"ਤੂੰ ਮੈਨੂੰ ਚਾਹੁੰਦਾ ਸੀ ਕਿ ਅਨੁਪਮਾ ਨੂੰ, ਰਮਣੀਕ?" ਇਕ ਦਿਨ ਬੈੱਡ 'ਤੇ ਪਈ ਸੁਹਜ ਨੀਲੀ ਕਿੱਟ ਨੂੰ ਹੱਥਾਂ 'ਚ ਪਲੋਸਦੇ ਬੋਲੀ ਸੀ। ਮੈਂ ਉਸਨੂੰ ਗੋਲੀ ਦੇ ਕੇ ਸੁਆਉਣ ਦੀ ਕੋਸ਼ਿਸ਼ ਕਰ ਰਿਹਾ ਸਾਂ ਪਰ ਨੀਂਦ ਸੀ ਕਿ ਉਸਦੇ ਨੇੜੇ-ਤੇੜੇ ਵੀ ਆਉਣ ਦਾ ਨਾਮ ਨਹੀਂ ਲੈ ਰਹੀ ਸੀ।

"ਸੌਂ ਜਾਹ, ਸੁਹਜ, ਹੁਣ ਇੰਨੇ ਸਾਲ ਪੁਰਾਣੀਆਂ ਗੱਲਾਂ ਨੂੰ ਛੇੜਣ ਦਾ ਕੀ ਫਾਇਦਾ?...ਦੇਖ ਆਪਾਂ ਕਿੰਨੇ ਚੰਗੇ...ਪਰਮਾਤਮਾ ਨੇ ਦੋ ਬੱਚੇ ਦਿੱਤੇ...ਵਧੀਆ ਨੌਕਰੀਆਂ ਦਿੱਤੀਆਂ, ਚੰਗਾ ਘਰ-ਬਾਰ...ਸਭ ਕੁਝ ਤਾਂ ਹੈ...ਉਸ ਪਰਮਾਤਮਾ ਦਾ ਸ਼ੁਕਰ ਕਰਿਆ ਕਰ...ਆਪਾਂ ਇਕ-ਦੂਜੇ ਨੂੰ ਪਿਆਰ ਕਰਨ ਵਾਲੇ...ਦੇਖ ਕੋਈ ਆਖ ਸਕਦਾ ਕਿ ਆਪਣੀ ਲਵ-ਮੈਰਿਜ਼ ਹੋਈ ਸੀ ਕਦੇ...ਕਿੰਨੀ ਨੀਰਸ ਜ਼ਿੰਦਗੀ ਬਣਾ ਲਈ ਏ ਆਪਾਂ..." ਮੈਂ ਉਸਨੂੰ ਪੁਚਕਾਰਦਿਆਂ ਕਿਹਾ ਸੀ।

"ਇਹੋ ਤਾਂ ਦੁੱਖ ਏ ਰਮਣੀਕ...ਮੈਂ ਤੈਨੂੰ ਬਹੁਤ ਪਿਆਰ ਕੀਤਾ। ...ਦੁੱਖ ਤਾਂ ਮੈਨੂੰ ਇਹੋ ਏ...ਪਰ ਤੂੰ ਮੈਨੂੰ ਪਿਆਰ ਨ੍ਹੀਂ ਕੀਤਾ।....ਤੇਰੇ ਅੰਦਰ ਸੰਪੂਰਨ ਕੁਝ ਵੀ ਨਹੀਂ...ਹੁਣ ਮੈਂ ਸੰਪੂਰਨ ਹੋ ਕੇ ਵੀ ਕੀ ਕਰ ਸਕਦੀ ਹਾਂ...। ਜਾਣਦਾ ਏਂ...। ਇਸੇ ਲਈ ਤੇਰੀ ਖ਼ੁਸ਼ੀ 'ਚ ਮੈਨੂੰ ਸਕੂਨ ਮਿਲ ਰਿਹਾ ਏ...ਮੇਰੀ ਇਹ ਆਦਤ ਬਣ ਗਈ ਏ...ਤੂੰ ਕਿੰਨਾ ਮਰਜ਼ੀ ਖ਼ੁਦ ਨੂੰ ਜਸਟੀਫਾਈ ਕਰੀ ਚੱਲ...ਪਰ ਮੇਰੇ ਅੰਦਰ ਇਹ ਇਕ ਰੋਗ ਵਾਂਗ ਪਲ ਰਿਹਾ ਏ...ਕਿਸੇ ਨਾਮੁਰਾਦ ਬਿਮਾਰੀ ਵਾਂਗ...।" ਉਹ ਬੋਲਦੀ ਹੋਈ ਰੁਕ ਕੇ ਖੰਘੀ ਤੇ ਫਿਰ ਕੁਝ ਦੇਰ ਬਾਅਦ ਬੋਲਣ ਲੱਗੀ-

"ਜਾਣਦਾ ਏਂ...ਜਦੋਂ ਮੈਂ ਤੈਨੂੰ ਨੇੜੇ ਹੋ ਮਹਿਸੂਸ ਕਰਦੀ ਹਾਂ...ਤਾਂ ਮੈਨੂੰ ਤੇਰੇ ਜਿਸਮ 'ਚੋਂ ਅਜਿਹਾ ਸਕੂਨ ਨ੍ਹੀਂ ਮਿਲਦਾ...ਜੋ ਕਦੇ ਪਹਿਲਾਂ ਮਿਲਦਾ ਹੁੰਦਾ ਸੀ...ਹੁਣ ਤਾਂ ਅਨੁਪਮਾ ਦੇ ਪਰਫਿਊਮ ਦੀ ਮਹਿਕ ਸਾਹ ਅੰਦਰ ਲੰਘ ਕੇ, ਮੇਰੇ ਸਾਰੇ ਜਿਸਮ ਅੰਦਰ ਫੈਲ ਜਾਂਦੀ ਏ। ਮੈਂ ਬਹੁਤ ਤੜਫਦੀ ਹਾਂ...ਤੂੰ ਮੈਨੂੰ ਧੋਖਾ ਦਿੱਤਾ...ਤੂੰ ਮੇਰੇ ਪਿਆਰ ਦਾ ਮਜ਼ਾਕ ਉਡਾਇਆ...ਤੂੰ ਬੜਾ ਕਾਇਰ ਏਂ...ਮੈਂ ਤੈਨੂੰ ਕਦੇ ਮੁਆਫ਼ ਨ੍ਹੀਂ ਕਰ ਸਕਦੀ...ਹੁਣ ਮੈਂ ਵੀ ਸਨਕੀ ਹੋ ਗਈ ਹਾਂ...ਮੇਰੇ ਮਨ 'ਤੇ ਇਹੋ ਗੰਢ ਬੱਝ ਗਈ ਏ...ਇਸਦਾ ਰਸਾਵ ਹੁਣ ਤੂੰ ਇਸ ਤਰ੍ਹਾਂ ਹੀ ਕਰਿਆ ਕਰ...। ਮੈਨੂੰ ਸਰੀਰਿਕ ਤੇ ਮਾਨਸਿਕ ਸੰਤੁਸ਼ਟੀ ਇੰਝ ਹੀ ਮਿਲਣ ਲੱਗੀ ਏ...ਜਿਵੇਂ ਪਿਛਲੇ ਕਈ ਸਾਲਾਂ ਤੋਂ ਚੱਲ ਰਿਹਾ ਏ...ਇਹ ਸਿਲਸਿਲਾ ਬੱਸ ਇਕ ਵਾਰ ਹੋਰ ਚੱਲ ਜਾਣ ਦੇ...। ਪਲੀਜ਼...ਇਕ...।" ਉਹ ਬੋਲੀ ਹੀ ਜਾ ਰਹੀ ਸੀ।

ਉਸਦਾ ਇਰਾਦਾ ਮੈਨੂੰ ਦੁਬਾਰਾ ਉਸਦੇ ਬਣਾਏ ਉਸੇ ਮੰਚ 'ਤੇ ਨਾਟਕ ਕਰਨ ਦਾ ਸੀ। ਇਸ ਵਾਰ ਇਸ ਦੀ ਨਾਇਕਾ ਕੋਈ ਹੋਰ ਸੀ। ਪਤਾ ਨਹੀਂ ਸੁਹਜ ਇਸ ਤਰ੍ਹਾਂ ਦੀਆਂ ਨਾਇਕਾਵਾਂ ਕਿੱਥੋਂ ਤਲਾਸ਼ ਕੇ ਲੈ ਆਉਂਦੀ ਸੀ। ਪਰ ਮੇਰਾ ਕੋਰਾ ਜੁਆਬ ਸੀ ਉਸਨੂੰ।

"ਮੈਂ ਮੰਨਦਾ ਹਾਂ ਸੁਹਜ...ਪਰ ਹੁਣ ਮੇਰੇ ਕੋਲੋਂ ਵੀ ਐਦਾਂ ਨ੍ਹੀਂ ਹੁੰਦਾ...। ਮੈਨੂੰ ਬਹੁਤ ਤ੍ਰਿਸਕਾਰ ਮਹਿਸੂਸ ਹੁੰਦਾ ਏ...। ਕੁਝ ਪਲ ਦੀ ਲਾਲਸਾ ਲਈ ਜੋ ਮੇਰੇ ਕੋਲੋਂ ਗਲਤੀ ਹੋਈ...ਉਹ ਹੁਣ ਤਕ ਮੈਂ

ਦੋਸ਼ਪੂਰਨ ਹੋ ਕਰਦਾ ਰਿਹਾ ਹਾਂ ਪਰ ਤੂੰ ਤਾਂ ਮੈਨੂੰ ਜਾਣ-ਬੁਝ ਕੇ ਹੋਰ ਵੀ ਡੂੰਘਾ ਧਕੇਲਦੀ ਜਾ ਰਹੀ ਏਂ।... ਮੇਰੀ ਵੀ ਕੀ ਜ਼ਿੰਦਗੀ ਏ... ਨਾ ਕਿਸੇ ਨੂੰ ਇਸ ਬਾਰੇ ਕੁਝ ਦੱਸ ਸਕਦਾ ਹਾਂ... ਤੇ ਨਾ ਕਿਸੇ ਅੱਗੇ ਆਪਣਾ ਢਿੱਡ ਫੋਲ ਸਕਦਾ ਹਾਂ... ਮਰਦ ਹੋ ਕੇ ਵੀ ਔਰਤਾਂ ਵਰਗਾ ਜ਼ਿਹਨ ਹੋ ਗਿਆ ਹੈ ਮੇਰਾ।

ਜ਼ਲਾਲਤ ਹੀ ਤਾਂ ਸੀ ਇਹ...ਹਰ ਰੋਜ਼ ਮਰੂੰ-ਮਰੂੰ ਕਰ ਕੇ ਜਿਉਣਾ। ਕਿਸੇ ਸਜ਼ਾ ਭੁਗਤ ਰਹੇ ਕੈਦੀ ਵਾਂਗ ਇਕੱਲਿਆਂ ਨਪੀੜੇ ਜਾਣਾ।... ਮੇਰੀ ਇਕ ਗ਼ਲਤੀ ਦੀ ਇੰਨੀ ਵੱਡੀ ਸਜ਼ਾ। ਨਹੀਂ, ਤੂੰ ਇੰਝ ਨ੍ਹੀਂ ਕਰ ਸਕਦੀ ਸੁਹਜ...।" ਮੈਂ ਵੀ ਤੜਫ ਗਿਆ ਸਾਂ, ਇਸ ਰੋਜ਼-ਰੋਜ਼ ਦੀ ਜਲਾਲਤ ਤੋਂ।

* * *

"ਸਜ਼ਾ, ਇਹ ਤੂੰ ਕਹਿ ਰਿਹਾ ਏਂ ਰਮਣੀਕ...।" ਉਹ ਚਿੱਲਾਈ, ਤੇ ਫਿਰ ਸਹਿਜ ਹੋ ਬੋਲੀ, "ਸਜ਼ਾ ਤਾਂ ਮੈਂ ਖ਼ੁਦ ਨੂੰ ਦੇ ਰਹੀ ਹਾਂ ਰਮਣੀਕ...। ਤੈਨੂੰ ਕੀ ਜਾਪਦੈ, ਮੈਂ ਤੈਨੂੰ ਕਿਸੇ ਹੋਰ ਦੇ ਹਵਾਲੇ ਕਰ ਸੰਤੁਸ਼ਟ ਹੁੰਦੀ ਹਾਂ।... ਇਸ ਤਰ੍ਹਾਂ ਦੀ ਸੰਤੁਸ਼ਟੀ ਰੱਬ ਕਿਸੇ ਨੂੰ ਵੀ ਨਾ ਦੇਵੇ, ਰਮਣੀਕ!... ਉਹ ਦੇਖ... ਉੱਧਰ ਉੱਪਰ ਨੀਲੀ ਕਿੱਟ ਦਿੱਸਦੀ ਏ ਨਾ ਪਈ...।" ਉਹਨੇ ਸਾਹਮਣੇ ਪਈ ਅਲਮਾਰੀ ਦੇ ਉਤਾਂਹ ਵੱਲ ਇਸ਼ਾਰਾ ਕੀਤਾ। ਉਹ ਨੀਲੀ ਕਿੱਟ ਲੈ ਕੇ ਆ..." ਕਹਿੰਦੇ ਸਮੇਂ ਉਸਦੇ ਚਿਹਰੇ 'ਤੇ ਥੋੜ੍ਹੀ ਜਿਹੀ ਸ਼ਾਂਤੀ ਪੱਸਰੀ ਨਜ਼ਰ ਆਈ ਮੈਨੂੰ। ਲੱਗਾ ਸਾਲਾਂ ਬਾਅਦ ਜਿਵੇਂ ਉਸਨੇ ਮੈਨੂੰ ਪਿਆਰ ਨਾਲ ਕੁਝ ਕਿਹਾ ਹੈ। ਡਾ. ਉਪਮਾ ਦੀ ਦਵਾ ਦਾ ਅਸਰ ਹੋਣਾ ਸ਼ੁਰੂ ਹੋ ਗਿਆ ਹੋਵੇ ਜਿਵੇਂ। ਦਿਮਾਗ਼ ਦਾ ਡੋਪਾਮੀਨ ਜਿਵੇਂ ਬਰਾਬਰ ਹੁੰਦਾ ਜਾ ਰਿਹਾ ਸੀ, ਸੁਹਜ ਦਾ। ਮੈਨੂੰ ਇਵੇਂ ਲੱਗਾ ਸੀ। ਯੂਨੀਵਰਸਿਟੀ 'ਚ ਡਰਾਮੇ ਦੀਆਂ ਰਿਹਰਸਲਾਂ ਵੇਲ਼ੇ ਸੁਹਜ ਇੰਝ ਹੀ ਤਾਂ ਮੇਰੇ ਨਾਲ ਬੋਲਦੀ ਹੁੰਦੀ ਸੀ। ਉਹੋ ਸਕੂਨ ਮੈਨੂੰ ਉਸਦੇ ਚਿਹਰੇ 'ਤੇ ਅੱਜ ਮੁੜ ਨਜ਼ਰ ਆਇਆ ਸੀ। ਮੈਂ ਵੀ ਕੁਝ ਪਲ ਦੀ ਖੁਸ਼ੀ ਮਹਿਸੂਸ ਕਰਦਾ, ਉੱਠ ਕੇ ਉਹ ਨੀਲੀ ਕਿੱਟ ਚੁੱਕ ਲਿਆਇਆ ਸੀ।

"ਲਿਆ ਮੈਨੂੰ ਦੇ...।" ਉਹਨੇ ਆਪਣੇ ਹੱਥ ਤੇਜ਼ੀ ਨਾਲ ਕਿੱਟ ਵੱਲ ਵਧਾਏ ਸਨ, ਜਿਵੇਂ ਉਸਨੂੰ ਮੇਰੇ ਹੱਥਾਂ 'ਚੋਂ ਖੋਹਣਾ ਚਾਹੁੰਦੀ ਹੋਵੇ। ਕਿੱਟ ਫੜ ਉਹ ਸਿਰਹਾਣੇ ਨੂੰ ਬੈੱਡ ਦੀ ਢੋਅ ਨਾਲ ਲਾ ਕੇ ਬੈਠ ਗਈ। ਜਿਵੇਂ ਕੋਈ ਕੀਮਤੀ ਚੀਜ਼ ਉਸਦੇ ਹੱਥਾਂ 'ਚ ਆ ਗਈ ਹੋਵੇ। ਮੈਂ ਵੀ ਕਿਸੇ ਰਹੱਸ ਵਾਂਗ ਉਸਨੂੰ ਕਿੱਟ ਦੀ ਜ਼ਿੱਪ ਖੋਲ੍ਹਦੇ ਦੇਖ ਰਿਹਾ ਸਾਂ। ਪਤਾ ਨਹੀਂ ਉਸਨੇ ਇਸ ਵਿਚ ਕੀ ਸੰਭਾਲਿਆ ਸੀ, ਜੋ ਇੰਨੀ ਮਗਨਤਾ ਨਾਲ ਉਸਨੂੰ ਖੋਲ੍ਹ ਰਹੀ ਸੀ।

ਕਿੱਟ 'ਚੋਂ ਇਕ ਲਿਫ਼ਾਫ਼ੇ ਨੂੰ ਉਸ ਬਾਹਰ ਕੱਢਿਆ, ਤੇ ਫਿਰ ਲਿਫ਼ਾਫ਼ੇ 'ਚੋਂ ਇਕ ਬੁਗਚੂ ਆਪਣੇ ਹੱਥਾਂ 'ਚ ਫੜ ਖਾਲੀ ਲਿਫ਼ਾਫ਼ਾ ਉਹਨੇ ਹੇਠਾਂ ਸੁੱਟ ਦਿੱਤਾ। ਮੈਨੂੰ ਉਸਦੇ ਹੱਥਾਂ 'ਚ ਫੜਿਆ ਪੁਰਾਣਾ ਬੁਗਚੂ ਦੇਖ ਬੜੀ ਹੈਰਾਨੀ ਹੋਈ। ਪਰ ਫਿਰ ਵੀ ਮੈਂ ਉਸ ਵੱਲ ਦਿਲਚਸਪੀ ਨਾਲ ਦੇਖਦਾ ਰਿਹਾ।

"ਇਹ ਬੁਗਚੂ, ਮੇਰੇ ਬਾਪੂ ਦਾ ਏ...ਮੰਮੀ ਨੇ ਸਾਰੀ ਉਮਰ ਸੰਭਾਲੀ ਰੱਖਿਆ ਸੀ, ਇਸਨੂੰ...। ਜਾਣਦਾ ਏਂ ਰਮਣੀਕ, ਮੇਰਾ ਬਾਪੂ ਢਾਡੀ ਸੀ...ਆਲ਼ੇ-ਦੁਆਲ਼ੇ ਦੇ ਪਿੰਡਾਂ 'ਚ ਉਸਦੀ ਕਾਫ਼ੀ ਪਛਾਣ ਸੀ। ਲੋਕ ਉਸਦੀ ਕਵੀਸ਼ਰੀ ਦੇ ਕਾਇਲ ਸਨ। ਉਸਦੇ ਬੁਗਚੂ ਦੀ ਆਵਾਜ਼ ਜਦੋਂ ਕੰਨਾਂ 'ਚ ਪੈਂਦੀ ਤਾਂ ਸਭ ਨੂੰ ਮਸਤ ਕਰ ਦਿੰਦੀ ਸੀ।...ਤੇ ਇਸੇ ਬੁਗਚੂ ਦੀ ਆਵਾਜ਼ ਮਾਂ ਨੂੰ ਵੀ ਕਾਇਲ ਕਰ ਦਿੰਦੀ ਸੀ। ਉਸ ਸਮੇਂ ਜਦੋਂ ਬਾਪੂ ਕਿੰਨੇ ਦਿਨਾਂ ਬਾਅਦ ਘਰ ਵਾਪਸ ਪਰਤਦਾ ਸੀ। ਉਹ ਰਾਤ ਮਾਂ ਲਈ ਵੱਖਰੀ ਟੁਣਕਾਰ ਬਖੇਰਦੀ ਸੀ।... ਕਿੰਨੇ ਕਿੱਸੇ ਤੇ ਵਾਰਾਂ ਦਾ ਗਾਇਣ ਕਰ-ਕਰ ਉਹਨੇ ਆਪਣਾ ਨਾਮ ਕਮਾਇਆ ਸੀ। ਪਰ ਇਹ ਸਾਰੀ ਕਮਾਈ, ਉਸ ਦਿਨ ਧਰੀ ਦੀ ਧਰੀ ਰਹਿ ਗਈ, ਜਦੋਂ ਇਕ ਦਿਨ ਮਾਂ ਤੇ ਸਾਨੂੰ ਇਕੱਲਿਆਂ ਛੱਡ ਕੇ ਬਾਪੂ ਕਿਸੇ ਹੋਰ ਤੀਵੀਂ ਨਾਲ ਅਜਿਹਾ ਬਾਹਰ ਗਿਆ ਕਿ ਮੁੜ ਕੇ ਕਦੇ ਵਾਪਸ ਨਹੀਂ ਪਰਤਿਆ ਸੀ। ਮੇਰੀ ਮਾਂ ਨੇ ਸਾਰੀ ਉਮਰ ਰੋ-ਰੋ ਕੇ ਬਤੀਤ ਕੀਤੀ।

ਇਹ ਬੁਗਚੂ ਸਾਡੇ ਘਰ ਪਿਆ ਰਹਿ ਗਿਆ।... ਜਾਂ ਪਤਾ ਨਹੀਂ ਮਾਂ ਨੇ ਹੀ ਲੁਕੋ ਕੇ ਰੱਖ ਲਿਆ ਸੀ, ਬਾਪੂ ਕੋਲੋਂ।

'ਇਸ ਬੁਗਚੂ ਨਾਲ ਮੈਂ ਕਿੰਨੇ ਸਾਲ ਇਕੱਲਿਆਂ ਬਤੀਤ ਕੀਤੇ ਨੇ...ਕਦੇ ਵੀ ਇੰਝ ਪ੍ਰਤੀਤ ਨਹੀਂ ਹੋਇਆ ਕਿ ਤੇਰਾ ਪਿਓ... ਮੇਰੇ, ਕੋਲੋਂ ਦੂਰ ਰਹਿ ਰਿਹਾ ਏ।' ਮਾਂ ਕਹਿੰਦੀ ਹੁੰਦੀ ਸੀ ਅਕਸਰ,

'ਇਹ ਬੁਗਚੂ ਹੀ ਏ, ਜੋ ਘਰ 'ਚ ਉਸਦੀ ਨਿਸ਼ਾਨੀ ਏ...। ਇਕ ਵਾਰ ਉਹ ਘਰ ਆਇਆ ਸੀ, ਕਈ ਸਾਲਾਂ ਬਾਅਦ...ਨਾਲ ਉਹ ਕੁਲਹਿਣੀ ਵੀ ਸੀ। ਕਿਸੇ ਗੁਰਦੁਆਰੇ 'ਚ ਰਹਿਣ ਲੱਗੇ ਸੀ ਉਹ ਦੋਵੇਂ...ਰਾਜਸਥਾਨ ਵੱਲ...। ਜਾਣ ਲੱਗਿਆਂ ਮੇਰੀ ਮਾਂ ਨੂੰ ਪਤਾ ਕੀ ਕਹਿੰਦੀ, 'ਇਹਦਾ ਇੱਥੇ ਬੁਗਚੂ ਰਹਿ ਗਿਆ...ਉਹ ਦੇ ਮੈਨੂੰ...। ਜਦੋਂ ਮੇਰੇ ਨੇੜੇ ਹੁੰਦਾ ਏ ਤਾਂ ਤੈਨੂੰ ਯਾਦ ਕਰਨ ਲੱਗ ਪੈਂਦਾ ਏ...। ਕਹਿੰਦਾ- 'ਉਹ ਅਕਸਰ ਕਹਿੰਦੀ ਹੁੰਦੀ ਸੀ ਕਿ ਤੂੰ ਬੁਗਚੂ ਬੜਾ ਵਧੀਆ ਵਜਾਉਂਦਾ ਏਂ...ਤੇਰਾ ਬੁਗਚੂ ਅੰਦਰ ਤਕ ਰਸ ਘੋਲ ਦਿੰਦਾ ਏ...ਇੰਝ ਲਗਦੈ ਮੇਰੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਗਈਆਂ ਹੋਣ।...ਉਹ ਮੇਰੀ ਘਰਵਾਲੀ ਸੀ, ਮੇਰੇ ਬੱਚਿਆਂ ਦੀ ਮਾਂ, ਉਹ ਤੂੰ ਕਿਵੇਂ ਬਣ ਸਕਦੀ ਏਂ...। ਘਰ ਵਰਗਾ ਸੁਆਦ ਕਿੱਥੇ ਬਾਹਰ ਪਰਦੇਸਾਂ 'ਚ...। ਲਿਆ ਮੇਰਾ ਬੁਗਚੂ ਫੜਾ ਮੈਨੂੰ...।" ਉਸ ਦਿਨ ਤੋਂ ਇਸਨੂੰ ਲੁਕੋ ਕੇ ਰੱਖ ਲਿਆ ਸੀ ਮਾਂ ਨੇ। ਫਿਰ ਉਹ ਵੀ ਚਲੀ ਗਈ, ਮੁੜ ਕੇ ਕਦੇ ਨਹੀਂ ਆਈ ਸੀ ਇੱਧਰ।

ਉਸ ਰਾਤ ਮੈਂ ਮਾਂ ਨਾਲ ਸੁੱਤੀ ਪਈ ਸੀ, ਉਹ ਜਦੋਂ ਸੁੱਤੀ ਪਈ ਸੀ, ਇਕੱਲੀ ਹੀ ਬੁੜਬੁੜਾਉਂਦੀ ਰਹੀ ਨੀਂਦ 'ਚ, 'ਚੱਲ ਕਿੰਨਾ ਮਰਜ਼ੀ ਰੱਖ ਲੈ ਇਸਨੂੰ...ਪਰ ਰਹੂ ਤਾਂ ਇਹ ਮੇਰਾ ਹੀ...ਤੈਨੂੰ ਵੀ ਪੂਰਾ ਨ੍ਹੀਂ ਮਿਲਦਾ ਕਦੇ...ਮੈਨੂੰ ਰੁਆਉਣ ਵਾਲੀਏ...ਹੁਣ ਤੂੰ ਵੀ ਇੰਝ ਕਲਪਿਆ ਕਰੇਂਗੀ ...ਹਰ ਰਾਤ...।'

...ਇਹ ਤਾਂ ਸੱਚ ਹੈ ਕਿ ਕਿਸੇ ਨੂੰ ਤੜਪਾਉਣ ਵਾਲਾ, ਖ਼ੁਦ ਵੀ ਤੜਫਦਾ ਰਹਿੰਦਾ ਏ। ਹੈ ਨਾ ਰਮਣੀਕ?...ਜਦੋਂ ਮੈਂ ਤੇਰੇ ਨਾਲ ਵਿਆਹ ਕਰਵਾਉਣ ਲਈ ਮਾਂ ਕੋਲ਼ ਗੱਲ ਕਰੀ ਸੀ, ਤਾਂ ਉਹਨੇ ਇਹ ਸਭ ਮੈਨੂੰ ਦੱਸਦਿਆਂ ਕਿਹਾ ਸੀ ਕਿ ਧੀਏ...ਜ਼ਿੰਦਗੀ 'ਚ ਕਦੇ ਆਪਣੇ ਪਤੀ ਨੂੰ ਵੱਖ ਨਾ ਹੋਣ ਦੇਈਂ।...ਇਹ ਬੁਗਚੂ ਰੱਖ ਲੈ, ਇਸ ਨਾਲ ਤੈਨੂੰ ਆਪਣੇ ਘਰ ਵਾਲੇ ਦੀ ਗ਼ੈਰਤ ਹਮੇਸ਼ਾ ਅੰਗ ਸੰਗ ਮਿਲਦੀ ਰਹੂਗੀ...।"

"ਪਰ ਮੈਨੂੰ ਕੀ ਪਤਾ ਸੀ ਕਿ ਮੇਰੀਆਂ ਰਾਤਾਂ ਵੀ ਸੱਖਣੀਆਂ ਹੋ ਜਾਣਗੀਆਂ ਇਕ ਦਿਨ...।" ਉਹ ਕਲਪੀ ਸੀ। ਉਸਦੇ ਇੰਝ ਕਲਪਨ ਨਾਲ ਪਹਿਲੀ ਵਾਰ ਮੈਨੂੰ ਹਮਦਰਦੀ ਪ੍ਰਗਟ ਹੋਈ ਸੀ।

* * *

ਰਾਤ ਕਾਫ਼ੀ ਪਸਰ ਗਈ ਹੈ। ਪਾਰਕ 'ਚ ਬਿਲਕੁਲ ਸ਼ਾਂਤੀ ਪਸਰ ਗਈ ਹੈ। ਕੋਈ ਕੋਈ ਵਿਰਲਾ ਹੀ ਸੈਰ ਕਰਦਾ ਦਿਸ ਰਿਹਾ ਹੈ। ਮੈਂ ਉੱਥੋਂ ਉੱਠ ਕੇ ਘਰ ਆ ਗਿਆ ਹਾਂ। ਦੇਖਦਾ ਹਾਂ, ਬੈੱਡ 'ਤੇ ਸੁਹਜ ਅਰਾਮ ਨਾਲ ਸੌਂ ਰਹੀ ਹੈ। ਕੁਝ ਪਲ ਲਈ ਹੀ ਸਹੀ, ਚਲੋ, ਥੋੜ੍ਹਾ ਰਿਲੈਕਸ ਤਾਂ ਹੋਵੇਗੀ। ਮੈਂ ਉਹਦੇ ਮੱਥੇ 'ਤੇ ਹੱਥ ਧਰ ਦੇਖਦਾ ਹਾਂ। ਹੁਣ ਉਹ ਸ਼ਾਂਤ ਦਿਸ ਰਹੀ ਹੈ। ਡੋਪਾਮੀਨ ਸ਼ਾਇਦ ਬਰਾਬਰ ਹੋ ਰਿਹਾ ਹੋਵੇਗਾ ਉਸਦਾ।

ਡਾ. ਉਪਮਾ ਦੀ ਗੱਲ ਚੇਤੇ ਆਉਂਦੀ ਏ-...'ਔਰਤ ਜੇ ਪਿਆਰ ਕਰਦੀ ਏ...ਤਾਂ ਕੁਰਬਾਨ ਹੋ ਜਾਂਦੀ ਏ... ਰਮਣੀਕ, ਖੁਸ਼ਨਸੀਬ ਸਮਝੋ ਖ਼ੁਦ ਨੂੰ ਕਿ ਤੁਹਾਨੂੰ ਇੰਨਾ ਪਿਆਰ ਕਰਨ ਵਾਲਾ ਜੀਵਨ ਸਾਥੀ ਮਿਲਿਆ ਏ।...ਖੁਦ ਦੀ ਲਾਲਸਾ ਨੂੰ ਕਾਬੂ ਕਰ ਇਹਦਾ ਖਿਆਲ ਰੱਖੋ...ਇਸ ਤੋਂ ਕੀਮਤੀ ਜ਼ਿੰਦਗੀ 'ਚ ਕੋਈ ਆਨੰਦ ਨ੍ਹੀਂ ਹੁੰਦਾ।"

ਸੁਹਜ ਦੇ ਪੈਰਾਂ ਕੋਲ਼ ਪਈ ਚਾਦਰ ਮੈਂ ਖੋਲ੍ਹ ਕੇ ਉਸ ਉੱਪਰ ਕਰਨ ਲੱਗਾ ਤਾਂ ਦੇਖਦਾਂ ਉਸਨੇ ਆਪਣੇ ਹੱਥਾਂ 'ਚ ਉਹੋ ਬੁਗਚੂ ਅਜੇ ਵੀ ਘੁੱਟ ਕੇ ਫੜਿਆ ਹੋਇਆ ਹੈ।000

***(aneman101@gmail.com)***

r

*ਢਾਹਾਂ ਇਨਾਮ ਜੇਤੂ ਨਾਵਲ*

# ਬਲਬੀਰ ਪਰਵਾਨਾ: 'ਰੌਲ਼ਿਆਂ ਵੇਲੇ' ਦੀ ਰਚਨਾ ਪ੍ਰਕਿਰਿਆ

*ਵਿਸ਼ਵਾ-ਮਿੱਤਰ ਨੇ ਜਵਾਬ ਦਿੱਤਾ, 'ਹੇ ਭੈਣ ਸਮਾਨ ਨਦੀਓ, ਮੇਰੇ ਬੇਨਤੀ-ਕਰਤਾ ਦੇ ਬਚਨਾਂ ਨੂੰ ਸੁਣੋ! ਮੈਂ ਬੈਲ-ਗੱਡੀ ਤੇ ਰੱਥ ਦੀ ਸਹਾਇਤਾ ਨਾਲ ਦੂਰ ਦੇਸ਼ ਤੋਂ ਤੁਹਾਡੇ ਕੋਲ਼ ਪੁੱਜਿਆ ਹਾਂ। ਤੁਸੀਂ ਨੀਵੀਆਂ ਤੇ ਆਸਾਨੀ ਨਾਲ ਪਾਰ ਕਰਨ ਦੇ ਯੋਗ ਬਣ ਜਾਓ! ਹੇ ਨਦੀਓ, ਤੁਸੀਂ ਮੇਰੇ ਰੱਥ ਦੇ ਪਹੀਆਂ ਦੇ ਹੇਠਲੇ ਹਿੱਸੇ ਨੂੰ ਛੂੰਹਦੀਆਂ ਹੋਈਆਂ ਵਹੋ!'* -ਰਿਗਵੇਦ (ਮੰਡਲ 3, ਸੂਕਤ 33, ਸਲੋਕ 9)

*ਸਿਆਲਾਂ ਬੈਠ ਕੇ ਸੋਚ-ਵਿਚਾਰ ਕੀਤੀ, ਭਲੇ ਆਦਮੀ ਗ਼ੈਰਤਾਂ ਪਾਲਦੇ ਨੀ।*
*ਯਾਰੋ ਗੱਲ ਮਸ਼ਹੂਰ ਜਹਾਨ ਉੱਤੇ, ਸਾਨੂੰ ਮੇਹਣੇ ਹੀਰ ਸਿਆਲ ਦੇ ਨੀ।*
*ਪੱਤ ਰਹੇਗੀ ਨਹੀਂ ਜੇ ਟੋਰ ਦਿੱਤੀ, ਨੱਢੀ ਨਾਲ ਮੁੰਡੇ ਮਹੀਂਵਾਲ ਦੇ ਨੀ।*
*ਫੱਟ ਜੀਭ ਦੇ, ਕਾਲਖ ਬੇਟੀਆਂ ਦੀ, ਐਬ ਜਵਾਨੀ ਦੇ ਮੇਹਣੇ ਗਾਲ੍ਹ ਦੇ ਨੀ।*

-ਹੀਰ, ਵਾਰਿਸ ਸ਼ਾਹ, ਸੰਪਾਦਕ ਜੀਤ ਸਿੰਘ ਸੀਤਲ

ਪਹਿਲੀ ਲਿਖਤ ਢਾਈ ਹਜ਼ਾਰ ਸਾਲ ਤੋਂ ਸਾਢੇ ਤਿੰਨ ਹਜ਼ਾਰ ਸਾਲ ਦੇ ਵਿਚਾਲੇ ਦੇ ਕਿਸੇ ਵੇਲੇ ਦੀ ਹੈ (ਰਿਗਵੇਦ ਦਾ ਰਚਨਾ ਕਾਲ 1500 ਈਸਵੀ ਪੂਰਵ ਤੋਂ 500 ਈ. ਪੂਰਵ), ਉਸ ਵੇਲ਼ੇ ਦੀ ਤਸਵੀਰਕਸ਼ੀ ਕਰਦੀ ਹੋਈ। ਆਵਾਜਾਈ ਦੇ ਸਾਧਨ ਕੀ ਸਨ? ਦਰਿਆ, ਨਦੀਆਂ-ਨਾਲੇ ਸਫ਼ਰ 'ਚ ਕਿੰਨੀਆਂ ਰੋਕਾਂ ਖੜ੍ਹੀਆਂ ਕਰਦੇ। ਮਨੁੱਖ ਲਈ ਪਰ ਇਹ ਨਦੀਆਂ-ਨਾਲੇ ਓਪਰੇ ਨਾ ਹੋ ਕੇ ਉਸਦੀ ਹੋਂਦ ਦਾ ਹਿੱਸਾ ਸਨ, ਉਸਦੇ ਭੈਣ-ਭਰਾ। ਵਿਸ਼ਵਾ ਮਿੱਤਰ ਉਹਨਾਂ ਨੂੰ ਆਪਣੀ ਸਹਾਇਤਾ ਲਈ ਅਰਦਾਸ ਕਰਦਾ ਹੈ, ਤੇ ਇਹ ਵੀ ਕਿ ਪੁਲ਼ ਅਜੇ ਬਣਨੇ ਸ਼ੁਰੂ ਨਹੀਂ ਸੀ ਹੋਏ।

ਦੂਸਰੀ ਲਿਖਤ ਅਠਾਰਵੀਂ ਸਦੀ ਦੀ ਮਾਨਸਿਕਤਾ ਨੂੰ ਪ੍ਰਗਟਾਉਂਦੀ ਹੈ (ਹੀਰ ਦਾ ਰਚਨਾ ਕਾਲ 1767 ਈ.)। ਉਸ ਵੇਲ਼ੇ ਵਿਆਹ ਮੁੰਡੇ-ਕੁੜੀ ਦੀ ਮਰਜ਼ੀ ਨਾ ਹੋ ਕੇ, ਇਕ ਭਾਈਚਾਰੇ ਵੱਲੋਂ ਦੂਸਰੇ ਭਾਈਚਾਰੇ ਨਾਲ ਸੰਬੰਧਾਂ ਨੂੰ ਮਜ਼ਬੂਤ ਕਰਨ ਦਾ ਅਧਾਰ ਸੀ। ਕੁੜੀ ਨੂੰ ਭਾਈਚਾਰੇ ਦੀ ਅਣਖ, ਇੱਜ਼ਤ ਵਜੋਂ ਵੱਧ ਚਿਤਵਿਆ ਜਾਂਦਾ; ਤੇ ਉਸਦਾ ਮਰਜ਼ੀ ਨਾਲ ਕਿਸੇ ਮੁੰਡੇ ਨੂੰ ਚੁਣਨਾ ਭਾਈਚਾਰੇ ਦੀ ਅਣਖ ਨੂੰ ਵੰਗਾਰ। ਵਾਰਿਸ, ਇਹਨਾਂ ਚਹੁੰ ਲਾਇਨਾਂ ਵਿਚ ਉਸ ਵੇਲੇ ਦੀ ਸਮਾਜਕ-ਰਹਿਤਲ ਨੂੰ ਜੀਵੰਤ ਰੂਪ 'ਚ ਸਾਕਾਰ ਕਰ ਦਿੰਦਾ। ਸਮੁੱਚੀ ਹੀਰ ਤਾਂ ਇਤਿਹਾਸ, ਮਿਥਿਹਾਸ, ਸਮਾਜਕ ਰਹੁ-ਰੀਤਾਂ, ਧਰਮ, ਨਿਆਂ, ਰਿਸ਼ਤੇ-ਨਾਤਿਆਂ ਦੀ ਦ੍ਰਿਸ਼ਕਾਰੀ ਨਾਲ ਭਰੀ ਪਈ ਹੈ। ਪ੍ਰਸਿੱਧ ਇਤਿਹਾਸਕਾਰ ਜੇ.ਐੱਸ. ਗਰੇਵਾਲ ਨੇ ਹੀਰ ਬਾਰੇ ਲਿਖਦਿਆਂ ਕਿਹਾ, "ਜੇ ਇਤਿਹਾਸ ਦੀਆਂ ਸਾਰੀਆਂ ਪੁਸਤਕਾਂ ਇਕੱਠੀਆਂ ਕਰ ਦਿੱਤੀਆਂ ਜਾਣ (ਜਿਨ੍ਹਾਂ ਵਿਚ ਮੇਰੀਆਂ ਵੀ ਸ਼ਾਮਲ ਹਨ) ਤਾਂ ਵੀ ਇਨ੍ਹਾਂ ਨਾਲੋਂ ਵਾਰਿਸ ਦੀ ਹੀਰ ਵਿਚੋਂ ਸਾਨੂੰ ਇਤਿਹਾਸ ਬਾਰੇ ਵਧੇਰੇ ਪਤਾ ਲਗਦਾ ਹੈ।" ਇਹੋ ਹੀ ਕਿਸੇ ਸਾਹਿਤਕ ਕ੍ਰਿਤ ਦੀ ਸਫਲਤਾ ਦਾ ਮਿਆਰ ਹੁੰਦਾ ਹੈ ਕਿ ਉਹ ਪਾਠਕਾਂ ਦੇ ਸਿਰ ਚੜ੍ਹ ਕੇ ਤਾਂ ਬੋਲੇ ਹੀ, ਉਸ ਦੌਰ ਨੂੰ ਜਾਨਣ/ਸਮਝਣ ਦਾ ਸਰੋਤ ਵੀ ਹੋ ਨਿਬੜੇ! ਨਾਵਲ ਬਾਰੇ ਮੇਰੇ ਮਨ 'ਚ ਕੁਝ ਇਹੋ ਜਿਹੀਆਂ ਹੀ ਧਾਰਨਾਵਾਂ ਵਸੀਆਂ ਹੋਈਆਂ ਹਨ ਕਿ ਉਹ ਜਿਸ ਕਾਲਖੰਡ 'ਚ ਸਿਰਜਿਆ ਜਾ ਰਿਹਾ ਹੋਵੇ, ਉਸਦੀ ਜੀਵੰਤ ਪੇਸ਼ਕਾਰੀ ਕਰੇ। ਕੇਂਦਰੀ ਕਹਾਣੀ, ਪਲਾਟ ਤਾਂ ਦਿਲਚਸਪ ਹੋਣ ਹੀ, ਕਿ ਉਨ੍ਹਾਂ ਤੋਂ ਬਿਨਾਂ ਪਾਠਕ ਪੜ੍ਹੇਗਾ ਕਿਉਂ, ਪਰ ਉਹ ਕਹਾਣੀ ਜਿਸ ਕਾਲ-ਖੰਡ 'ਚ ਵਾਪਰ ਰਹੀ ਹੈ, ਇਹ ਇਕ-ਇਕ ਸ਼ਬਦ 'ਚੋਂ ਗਹਿਗੱਚ ਹੋ ਕੇ ਆ ਰਿਹਾ ਹੋਵੇ!

ਪੰਜਾਬ ਦੀ ਵੰਡ ਬਾਰੇ ਬਚਪਨ (ਜਨਮ 1955) ਤੋਂ ਸੁਣਦਾ ਆ ਰਿਹਾ ਸੀ, ਜਿਉਂ ਹੋਸ਼ ਸੰਭਾਲੀ। ਭਾਵੇਂ ਉਦੋਂ ਤਕ ਇਸ ਮਹਾਂ-ਦੁਖਾਂਤ ਬਾਰੇ ਗੱਲਾਂ ਹੋਣੀਆਂ ਕਾਫੀ ਹੱਦ ਤਕ ਘਟ ਚੁੱਕੀਆਂ ਸਨ। ਇਸਦਾ ਇਕ ਕਾਰਨ ਸ਼ਾਇਦ ਇਹ ਸੀ ਕਿ ਸਾਡੇ ਪਿੰਡ 'ਚ ਮੁਸਲਮਾਨਾਂ ਦੇ ਬਹੁਤ ਘੱਟ ਘਰ ਸਨ; ਕੇਵਲ ਕੰਮੀਆਂ ਦੇ ਹੀ ਕੁਝ ਘਰ। ਉਹਨਾਂ ਨੂੰ ਪਿੰਡ ਵਾਲੇ ਆਪ ਮੁਸਾਹਿਬਪੁਰ ਦੇ ਸ਼ਰਨਾਰਥੀ ਕੈਂਪ 'ਚ ਛੱਡ ਕੇ ਆਏ। ਸਮੇਂ ਦਾ ਕਿਹੋ ਜਿਹਾ ਕਰੂਰ ਮਜ਼ਾਕ ਹੈ ਕਿ ਜਿਹੜੇ ਲੋਕ ਆਪਣੇ ਪਿੰਡ ਦੇ ਮੁਸਲਮਾਨਾਂ ਨੂੰ ਸੁਰੱਖਿਅਤ ਕੈਂਪ 'ਚ ਪਹੁੰਚਾ ਕੇ ਆਏ; ਉਹੀ ਹੋਰਨੀ ਥਾਵੀਂ ਮੁਸਲਮਾਨਾਂ ਨੂੰ ਲੁੱਟਣ, ਵੱਢ-ਟੁੱਕ ਕਰਨ ਲਈ ਬਣੇ ਜੱਥਿਆਂ 'ਚ ਸ਼ਾਮਲ ਵੀ ਹੁੰਦੇ ਰਹੇ। ਬਚਪਨ 'ਚ ਇਹ ਗੱਲਾਂ ਸੁਣਦਾ ਤਾਂ ਇਹ ਆਪਣੇ ਲੋਕਾਂ ਦੀ ਬਹਾਦਰੀ ਦੀਆਂ ਗੱਲਾਂ ਲੱਗਦੀਆਂ। ਇਹਨਾਂ ਗੱਲਾਂ 'ਚ ਪੰਜ-ਛੇ ਕਿਲੋਮੀਟਰ ਦੂਰ ਧੌਲੇ-ਖੇੜੇ ਵਾਲੀ ਘਟਨਾ ਦਾ ਖ਼ਾਸ ਜ਼ਿਕਰ ਆਉਂਦਾ, ਜਿੱਥੋਂ ਦੇ ਮੁਸਲਮਾਨ ਬੜੇ ਧੜੱਲੇ ਵਾਲੇ ਨਾਰੂ ਰਾਜਪੂਤ ਸਨ, ਖੁੱਲ੍ਹੀਆਂ ਜ਼ਮੀਨਾਂ ਦੇ ਮਾਲਕ। ਉਹ ਸਾਰਾ ਪਿੰਡ ਮੁਸਲਮਾਨਾਂ ਦਾ ਸੀ, ਪੰਡਿਤਾਂ ਦੇ ਇਕ-ਦੋ ਘਰਾਂ ਨੂੰ ਛੱਡ ਕੇ। ਤੇ ਉਹ ਅੜੇ ਬੈਠੇ ਸਨ, "ਸਾਡੀਆਂ ਪਾਤਾਲ 'ਚ ਜੜ੍ਹਾਂ...ਸਾਨੂੰ ਕੌਣ ਇੱਥੋਂ ਹਿਲਾ ਸਕਦਾ।" ਇਸ ਪਿੰਡ ਉੱਪਰ ਹਿੰਦੂ-ਸਿੱਖਾਂ ਦੇ ਜੱਥੇ ਹਮਲਾ ਕਰਨ ਲਈ ਜਾਂਦੇ, ਪਰ ਅੱਗਿਓਂ ਰਫ਼ਲ ਦਾ ਫੈਰ ਆਉਂਦਾ ਤਾਂ ਪਿੰਡ ਦੇ ਨੇੜੇ ਜਾਣ ਦਾ ਹੌਂਸਲਾ ਨਾ ਪੈਂਦਾ। ਇੰਦੌਰੇ ਵਾਲੇ ਚੌਧਰੀਆਂ 'ਚੋਂ ਕੋਈ ਫੌਜ 'ਚ ਵੱਡਾ ਅਫ਼ਸਰ ਸੀ, ਜਿਸਨੇ ਫਿਰ ਤੋਪ ਲਿਆਂਦੀ। ਬਾਬਾ ਇੰਦਰ ਸਿੰਘ ਦੱਸਦਾ ਹੁੰਦਾ ਸੀ, "ਇਲਾਕੇ ਭਰ ਦੇ ਲੋਕ ਇਸ ਜੱਥੇ 'ਚ ਸ਼ਾਮਲ ਸੀ। ਧੌਲੇ ਖੇੜੇ ਨੇੜੇ ਪੁੱਜੇ ਤਾਂ ਅੱਗੋਂ ਫਾਇਰ ਆਇਆ। ਇੱਥੇ ਬੰਨੇ ਦੀ ਆੜ ਲੈ ਕੇ ਤੋਪ ਬੀੜ ਕੇ ਗੋਲ਼ਾ ਦਾਗਿਆ ਤਾਂ ਉਹ ਕੱਚਾ ਚੁਬਾਰਾ ਪਹਿਲੇ ਗੋਲ਼ੇ ਨਾਲ ਹੀ ਢਹਿਢੇਰੀ ਹੋ ਗਿਆ, ਜਿੱਥੋਂ ਰਫ਼ਲ ਦਾ ਫ਼ੈਰ ਆਇਆ ਸੀ। ਨਾਲ ਹੀ ਅਗਾਂਹ ਭਾਜੜ ਮੱਚ ਗਈ। ਇੱਥੇ ਬਹੁਤ ਮਾਰਵੱਢ ਹੋਈ...ਜੱਥੇ ਵਾਲਿਆਂ ਦੇ ਹੱਥ ਲੁੱਟਮਾਰ ਦਾ ਬਹੁਤ ਸਾਮਾਨ ਵੀ ਆਇਆ।" ਅਜਿਹੀਆਂ ਗੱਲਾਂ ਵਰ੍ਹਿਆਂ ਦੇ ਵਰ੍ਹੇ ਮੇਰੇ ਨਾਲ ਤੁਰਦੀਆਂ ਰਹੀਆਂ; ਨਾਲ ਹੀ ਜ਼ਿਹਨ 'ਚ ਬਣੀਆਂ ਧਾਰਨਾਵਾਂ ਵੀ ਬਦਲਦੀਆਂ ਰਹੀਆਂ। ਕਦੀ ਇਸ ਬਟਵਾਰੇ ਨੂੰ ਲੈ ਕੇ ਲਿਖਣ ਦਾ ਮਨ 'ਚ ਆਉਂਦਾ, ਪਰ ਬੱਝਵੀਂ ਰੂਪਰੇਖਾ ਨਾ ਬਣਦੀ! ਇਲਾਕੇ 'ਚ ਹੋਏ ਉਜਾੜੇ, ਲੁੱਟਮਾਰ, ਮਾਰਵੱਢ ਤੇ ਜਵਾਨ ਔਰਤਾਂ ਦੇ ਉਧਾਲ਼ਿਆਂ ਦੇ ਕੁਝ ਵੇਰਵੇ ਮੇਰੇ ਪਹਿਲੇ ਨਾਵਲ 'ਬਹੁਤ ਸਾਰੇ ਚੁਰਸਤੇ' ਵਿਚ ਆਉਂਦੇ ਤਾਂ ਹਨ, ਪਰ ਗਹਿਗੱਚ ਹੋ ਕੇ ਨਹੀਂ, ਸਿਰਫ਼ ਚਲੰਤ ਵੇਰਵਿਆਂ ਵਜੋਂ ਹੀ, ਜਿਵੇਂ ਕਿ ਪਿੰਡ, ਇਲਾਕੇ ਦੇ ਲੋਕਾਂ ਦੇ ਮੂੰਹੋ ਸੁਣਦਾ ਰਿਹਾ। ਉਂਝ ਵੀ ਇਸ ਨਾਵਲ ਦਾ ਮੁਖ ਫੋਕਸ ਹਰੇ ਇਨਕਲਾਬ ਨਾਲ ਆਈ ਤਬਦੀਲੀ 'ਤੇ ਕੇਂਦਰਤ ਹੈ। ਵੰਡ ਦੇ ਵੇਰਵੇ ਤਾਂ ਪਿਛੋਕੜ ਦੇ ਰੈਫਰੈਂਸ ਵਜੋਂ ਹੀ ਹਨ। ਇੱਥੋਂ ਹੀ ਮੇਰੇ ਮਨ 'ਚ ਬਣਨਾ ਸ਼ੁਰੂ ਹੋਇਆ ਸੀ, ਪੰਜਾਬ ਦੀ ਇਸ ਮਹਾਂ-ਤ੍ਰਾਸਦੀ ਬਾਰੇ ਲਿਖਣਾ ਹੈ; ਕਿ ਇਸ ਤ੍ਰਾਸਦੀ ਨੂੰ ਜਾਣੇ ਬਿਨਾਂ ਪੰਜਾਬੀ-ਸਮਾਜ ਦੀਆਂ ਜੜ੍ਹਾਂ ਨੂੰ ਸਮਝਿਆ ਨਹੀਂ ਜਾ ਸਕਦਾ। ਤਿੰਨ-ਚਾਰ ਮਹੀਨਿਆਂ ਦੇ ਛੋਟੇ ਜਿਹੇ ਅਰਸੇ ਦੌਰਾਨ ਅੱਸੀ ਤੋਂ ਨੱਬੇ ਲੱਖ ਤਕ ਲੋਕਾਂ ਨੂੰ ਆਪਣੇ ਵਸੇ-ਵਸਾਏ ਘਰਾਂ 'ਚੋਂ ਅਚਨਚੇਤ ਉਜੜਨਾ ਪਿਆ; ਦੋ-ਦੋ, ਚਾਰ-ਚਾਰ ਮਹੀਨੇ ਕਾਫ਼ਲਿਆਂ 'ਚ ਤੁਰਿਆਂ ਮੁਸੀਬਤਾਂ ਝੱਲਦਿਆਂ ਨਵੀਂ ਧਰਤੀ ਵੱਲ ਸਫ਼ਰ, ਰਾਹਾਂ 'ਚ ਹੁੰਦੀ ਲੁੱਟਮਾਰ, ਕਤਲੋਗਾਰਤ। ਅੱਠ ਤੋਂ ਦਸ ਲੱਖ ਤਕ ਕਤਲ। ਇਕ ਲੱਖ ਦੇ ਲਗਪਗ ਜਵਾਨ ਔਰਤਾਂ ਉਧਾਲ਼ੀਆਂ ਗਈਆਂ, ਲੱਖਾਂ ਬੱਚੇ ਯਤੀਮ। ਇਸ ਵਰਤਾਰੇ ਬਾਰੇ ਕਿਧਰੋਂ ਵੀ ਕੁਝ ਨਜ਼ਰ ਪੈਂਦਾ, ਪੜ੍ਹਨ ਲੱਗਾ। ਪਰ ਲਿਖਣ ਦੀ ਨਿਸ਼ਚਤ ਰੂਪਰੇਖਾ ਨਾ ਬਣਦੀ; ਸਮਕਾਲ ਨਾਲ ਜੋੜ ਕੇ ਗੱਲ ਕਹਿਣ ਦੀ ਵਿਧੀ ਨਾ ਸੁੱਝਦੀ। ਇਸਦੇ ਬਾਵਜੂਦ ਇਸ ਵਰਤਾਰੇ ਨੂੰ ਸਮਝਣ ਲਈ ਡੂੰਘੇ ਅਧਿਐਨ 'ਚ ਉਤਰਦਾ ਗਿਆ। ਅਧਿਐਨ ਦੀ ਇਸ ਪ੍ਰਕਿਰਿਆ ਦੌਰਾਨ ਵੰਡ ਪਿੱਛੇ ਧਰਮ ਦੀ ਭੂਮਿਕਾ ਨਾਲੋਂ ਰਾਜਨੀਤੀ ਦੀ ਭੂਮਿਕਾ ਵਧੇਰੇ ਸਪੱਸ਼ਟ ਹੋਣ ਲੱਗੀ। ਆਗੂਆਂ ਦੀ ਕੁਰਸੀ ਤਕ ਪਹੁੰਚਣ ਦੀ ਹਵਸ ਕਿ ਕਿਵੇਂ ਇਕ ਦੂਸਰੇ ਨੂੰ ਠਿੱਬੀ ਲਾ ਕੇ ਆਪ ਕੁਰਸੀ ਤਕ ਪਹੁੰਚ ਸਕਣ! ਆਗੂਆਂ ਦੀਆਂ ਇਹ

ਕੋਸ਼ਿਸ਼ਾਂ 1935 ਤੋਂ ਤੇਜ਼ ਹੋਣ ਲੱਗ ਪਈਆਂ ਸਨ, ਭਾਵੇਂ ਆਮ ਲੋਕਾਂ 'ਚ ਇਹ 1946 ਦੇ ਅਖੀਰ ਤਕ ਕੋਈ ਸਪੱਸ਼ਟ ਜੜ੍ਹਾਂ ਨਾ ਲਾ ਸਕੀਆਂ। ਅੰਗਰੇਜ਼ਾਂ ਦੀ ਸ਼ੱਕੀ ਭੂਮਿਕਾ ਵੀ ਜਿਹੜੀ ਖਿੱਤੇ ਨੂੰ ਪਾੜਨ 'ਚ ਆਪਣਾ ਹਿੱਤ ਦੇਖਦੀ ਸੀ। ਇਸ ਸਾਰੇ ਪੜ੍ਹੇ ਸਮਝੇ ਹੋਏ ਨੂੰ ਮੈਂ ਨਾਵਲ ਵਿਚ ਸਮੇਟਣਾ ਚਾਹੁੰਦਾ ਸੀ।

ਜ਼ਿਲ੍ਹਾ ਹੁਸ਼ਿਆਰਪੁਰ ਦਾ 1883-84 ਵਾਲਾ ਗਜ਼ਟੀਅਰ ਪੜ੍ਹਦਿਆਂ, ਇਕ ਗੱਲ ਹੋਰ ਸਪੱਸ਼ਟ ਹੋਈ ਕਿ ਜ਼ਿਲ੍ਹੇ ਦੀ ਦਸੂਹਾ ਤਹਿਸੀਲ ਨੂੰ ਮੁੱਖ ਰੂਪ 'ਚ ਵਸਾਉਣ ਆਬਾਦ ਕਰਨ 'ਚ ਮੁਸਲਮਾਨ ਅਵਾਣ, ਡੋਗਰ, ਗੁੱਜਰ, ਪਠਾਣ, ਅਰਾਈਂ, ਨਾਰੂ ਰਾਜਪੂਤਾਂ ਦੀ ਮੁੱਖ ਭੂਮਿਕਾ ਰਹੀ ਹੈ। ਅੱਜ ਵੀ ਇਸ ਤਹਿਸੀਲ ਦੇ ਬਹੁਤੇ ਪਿੰਡਾਂ ਦੇ ਨਾਂ ਮੁਸਲਿਮ ਮੁਹਾਂਦਰੇ ਵਾਲੇ ਹਨ; ਤੇ ਇਕ-ਦੂਸਰੇ ਨਾਲ ਜੁੜਵੇਂ ਵੀ; ਕਿਤੇ ਦਰਜਨ, ਕਿਤੇ ਦੋ ਦਰਜਨ ਇਕੱਠੇ। ਅਵਾਣਾਂ ਦੇ ਛਿਆਲੀ ਪਿੰਡ ਨਾਲੋ-ਨਾਲ ਜੁੜਵੇਂ, ਜਿਨ੍ਹਾਂ 'ਚ ਇਨ੍ਹਾਂ ਦੀ ਹੀ ਜ਼ਮੀਨੀ ਮਾਲਕੀ ਸੀ। ਬਹੁਤੀਆਂ ਜ਼ੈਲਦਾਰੀਆਂ ਵੀ ਇਹਨਾਂ ਦੀਆਂ ਹੀ; ਨੰਬਰਦਾਰ, ਸਫੈਦਪੋਸ਼ ਵੀ ਇਹਨਾਂ ਦੇ ਹੀ। ਯੂ-ਟਿਊਬ ਤੋਂ ਉਸ ਦੌਰ ਦੇ ਬਜ਼ੁਰਗਾਂ ਦੀਆਂ ਮੁਲਾਕਾਤਾਂ ਵੀ ਸੁਣਨ ਲੱਗਾ, ਕਿਵੇਂ ਉਹਨਾਂ ਨੇ ਆਪਣੇ ਪਿੰਡੇ 'ਤੇ ਇਸ ਉਜਾੜੇ ਦੇ ਦਰਦ ਨੂੰ ਝੱਲਿਆ। ਇਕ ਹੋਰ ਪਹਿਲੂ ਵੀ ਉੱਭਰ ਕੇ ਸਾਹਮਣੇ ਆਉਂਦਾ ਗਿਆ ਕਿ ਬਹੁਤੇ ਪਿੰਡਾਂ 'ਚ; ਸ਼ਾਇਦ ਹੀ ਕਿਤੇ ਪਿੰਡ ਦੇ ਹਿੰਦੂ-ਸਿੱਖਾਂ ਨੇ ਆਪਣੇ ਪਿੰਡ ਦੇ ਮੁਸਲਮਾਨਾਂ 'ਤੇ ਹਮਲਾ ਕੀਤਾ ਹੋਵੇ ਜਾਂ ਲਹਿੰਦੇ ਪਾਸੇ ਦੇ ਪਿੰਡਾਂ 'ਚ ਹਿੰਦੂ-ਸਿੱਖਾਂ ਉੱਪਰ ਆਪਣੇ ਪਿੰਡ ਦੇ ਹੀ ਮੁਸਲਮਾਨਾਂ ਨੇ। ਅਜਿਹੇ ਮਸਾਂ ਦੋ-ਚਾਰ ਪ੍ਰਤੀਸ਼ਤ ਵਾਕੇ ਹੀ ਬਣਦੇ; ਉਹ ਵੀ ਬਹੁਤੇ ਅਜਿਹੇ ਪਿੰਡਾਂ 'ਚ ਜਿੱਥੇ ਜ਼ਮੀਨ ਜਾਇਦਾਦ ਦੇ ਝਗੜਿਆਂ ਕਰਕੇ ਪੁਰਾਣੀ ਲਾਗ-ਡਾਟ ਤੁਰੀ ਆਉਂਦੀ ਸੀ। ਆਮ ਕਰਕੇ ਹਮਲੇ ਬਾਹਰਲੇ ਧਾੜਵੀਆਂ ਨੇ ਕੀਤੇ; ਲੁੱਟਿਆ, ਅੱਗਾਂ ਲਾਈਆਂ ਤੇ ਨੌਜੁਆਨ ਔਰਤਾਂ ਖੋਹੀਆਂ। ਯੂ-ਟਿਊਬ ਉੱਪਰ ਸਾਂਵਲ ਧਾਮੀ, ਸੁਖਵਿੰਦਰ ਸਿੰਘ ਗਿੱਲ, ਸੁੱਖੀ ਮਘਾਣੀਆ, ਸੁਰੇਸ਼ ਮਹਿਤਾ ਜਿਹੇ ਯੂ-ਟਿਊਬਰ ਇਧਰ ਤੇ ਲਹਿੰਦੇ ਪੰਜਾਬ 'ਚ ਨਾਸਿਰ ਢਿੱਲੋਂ ਸਣੇ ਹੋਰ ਬਹੁਤ ਸਾਰੇ ਸੰਤੁਲਤ ਪਹੁੰਚ ਨਾਲ ਇਹ ਕੰਮ ਕਰ ਰਹੇ ਹਨ। ਇਹਨਾਂ ਮੁਲਾਕਾਤਾਂ ਨੇ ਇਸ ਦੌਰ ਨੂੰ ਸਮਝਣ 'ਚ ਜ਼ਮੀਨੀ ਸਮਝ ਦਿੱਤੀ। ਮੁਸਲਮਾਨਾਂ ਨੂੰ ਉਜਾੜਨ ਲਈ ਇਧਰਲੇ ਪਾਸੇ ਪਟਿਆਲਾ ਰਿਆਸਤ ਦੀ ਫੌਜ ਨੇ ਹਿੰਦੂ-ਸਿੱਖ ਧਾੜਵੀਆਂ ਦੀ ਮੱਦਦ ਕੀਤੀ ਤੇ ਉਧਰਲੇ ਪਾਸੇ ਮੁਸਲਮਾਨ ਧਾੜਵੀਆਂ ਦੀ ਬਲੋਚ ਫੌਜ ਨੇ। ਇਸ ਤੋਂ ਹੀ ਸੁੱਝਿਆ, ਕਿਉਂ ਨਾ ਮੁਖ-ਪਾਤਰ ਯੂ-ਟਿਊਬਰ ਬਣਾਇਆ ਜਾਵੇ। ਇਸ ਨਾਲ ਉਸ ਦੌਰ ਦੀ ਗੱਲ ਵੀ ਹੋ ਜਾਵੇਗੀ ਤੇ ਉਸ ਦੌਰ ਨਾਲ ਜੋੜਕੇ ਰਾਜਨੀਤੀ ਦੀ ਭੂਮਿਕਾ ਦੀ ਗੱਲ ਵੀ। ਇਸ 'ਚ ਹੋਰ ਸਪੱਸ਼ਟਤਾ ਲਿਆਉਣ ਲਈ, ਮੁਸਲਮਾਨ ਵਸੋਂ ਵਾਲੇ ਪਿੰਡਾਂ ਦਾ ਜੁਗਰਾਫ਼ੀਆ ਸਮਝਣ, ਉਸ ਵੇਲੇ ਦੇ ਰਾਹਾਂ-ਪਗਡੰਡੀਆਂ ਦਾ ਅੰਦਾਜ਼ਾ ਲਾਉਣ ਲਈ, ਉਹਨਾਂ ਪਿੰਡਾਂ 'ਚ ਘੁੰਮਿਆ। ਉਹਨਾਂ ਰਾਹਾਂ ਨੂੰ ਦੇਖਿਆ ਜਿੱਥੋਂ ਦੀ ਉਜੜ ਕੇ ਮੁਸਲਮਾਨ ਕੈਂਪਾਂ 'ਚ ਪੁੱਜੇ। ਕੈਂਪਾਂ ਵਾਲੀਆਂ ਥਾਵਾਂ ਦੇ ਨਾਲ-ਨਾਲ, ਦਸੂਹੇ ਦੇ ਉੱਤਰ-ਪੱਛਮ ਵੱਲ ਵੇਈਂ ਦੇ ਵਹਿਣ ਨੂੰ ਸਮਝਣ ਦੀ ਕੋਸ਼ਿਸ਼ ਵੀ ਕੀਤੀ। ਇਸ ਵੇਈਂ ਕੰਢੇ ਹੀ ਬਹੁਤੇ ਮੁਲਸਮਾਨਾਂ ਦੇ ਪਿੰਡ ਸਨ; ਇਸ ਖਿੱਤੇ ਦੇ ਪਹਿਲੇ ਸੂਫ਼ੀ ਸ਼ਾਇਰ ਤੇ ਚਿੰਤਕ ਮੌਲਵੀ ਗੁਲਾਮ ਰਸੂਲ (1849-1892) ਦਾ ਪਿੰਡ ਆਲਮਪੁਰ-ਕੋਟਲਾ ਵੀ ਇਸ ਵੇਈਂ ਦੇ ਕੰਢੇ ਹੀ ਹੈ। ਇਸ ਕੰਢੇ ਹੀ ਹੈ ਮਿਆਣੀ-ਪਠਾਣਾਂ ਨਾਂ ਦਾ ਉਹ ਪਿੰਡ, ਜਿੱਥੇ ਮੁਸਲਮਾਨਾਂ 'ਤੇ ਹਮਲਾ ਕਰਨ ਗਏ ਪੰਜ ਸੌ ਤੋਂ ਉੱਪਰ ਹਿੰਦੂ-ਸਿੱਖ ਧਾੜਵੀ ਵੇਈਂ ਦੇ ਹੜ੍ਹ 'ਚ ਰੁੜ੍ਹ ਗਏ ਸਨ। ਬਿਆਸ ਦੇ ਪੁਲ਼ ਤੋਂ ਕੁਝ ਪਹਿਲਾਂ ਗੁਡਾਣੇ ਵਾਲਾ ਉਹ ਥਾਂ ਵੀ ਦੇਖਿਆ, ਜਿੱਥੇ ਬਿਆਸ ਦਰਿਆ 'ਚ ਆਏ ਹੜ੍ਹ ਕਾਰਨ, ਪੂਰੇ ਦਾ ਪੂਰਾ ਮੁਸਲਮਾਨ ਸ਼ਰਨਾਰਥੀਆਂ ਦਾ ਕਾਫ਼ਲਾ ਰੁੜ੍ਹ ਗਿਆ ਸੀ। ਉਧਰਲੇ ਪਾਸੇ ਦੇ ਉਜਾੜੇ ਦੇ ਵਰਤਾਰੇ ਨੂੰ ਸਮਝਣ ਲਈ 'ਗੂਗਲ' ਉੱਪਰ ਨਕਸ਼ਿਆਂ ਨਾਲ ਮੱਥਾ ਮਾਰਦਾ। ਉਧਰੋਂ ਉਜੜ ਕੇ ਆਏ ਬਜ਼ੁਰਗਾਂ ਦੀਆਂ ਗੱਲਾਂ ਨੂੰ, ਇਹਨਾਂ ਨਕਸ਼ਿਆਂ ਸਹਾਰੇ ਸਮਝਣ ਦੀ ਕੋਸ਼ਿਸ਼ ਕਰਦਾ। ਇਸ ਲਈ ਬਹੁਤਾ

ਧਿਆਨ ਜੱਸੜ ਸਟੇਸ਼ਨ ਤੇ ਇਸਦੇ ਆਸਪਾਸ ਦੇ ਇਲਾਕੇ ਨੂੰ ਸਮਝਣ 'ਤੇ ਰੱਖਿਆ, ਜਿਵੇਂ ਇਧਰ ਦਸੂਹਾ ਕੇਂਦਰ 'ਚ ਹੈ। ਇਹ ਫੀਲਡ-ਵਰਕ ਕਰਦਿਆਂ ਪਾਤਰਾਂ ਦੀ ਕੁਝ ਰੂਪ-ਰੇਖਾ ਵੀ ਜ਼ਿਹਨ 'ਚ ਸਪੱਸ਼ਟ ਹੁੰਦੀ ਗਈ। ਦੋ ਸਾਲਾਂ 'ਚ ਏਨਾ ਕੁਝ ਸਪੱਸ਼ਟ ਹੋ ਚੁੱਕਾ ਸੀ ਕਿ ਲਿਖਣ ਲੱਗਾ ਤਾਂ ਤੇਤੀ ਦਿਨਾਂ 'ਚ ਇਸਦੀ ਪਹਿਲੀ ਡਰਾਫਟਿੰਗ ਮੁਕੰਮਲ ਕਰ ਲਈ। ਫਿਰ ਦਸ ਕੁ ਮਹੀਨੇ ਇਸ ਦੀ ਸੋਧ-ਸੁਧਾਈ 'ਚ ਲੱਗੇ। ਗੁਰਪ੍ਰੀਤ, ਆਬਿਦਾ ਦੇ ਮੁੱਖ-ਪਾਤਰਾਂ ਰਾਹੀਂ ਤਹਿਸੀਲ ਦਸੂਹਾ 'ਚ ਵਾਪਰੀ ਇਸ ਮਹਾਂ-ਤ੍ਰਾਸਦੀ ਦੀਆਂ ਬਹੁਤ ਸਾਰੀਆਂ ਸ਼ੇਡਜ਼ ਨੂੰ ਫੜਿਆ, ਨਾਲ ਦੀ ਨਾਲ ਬਹੁਤ ਸਾਰੇ ਸੁਆਲ ਵੀ ਖੜ੍ਹੇ ਕੀਤੇ ਹਨ। ਇਸਦਾ ਇਕ ਪਾਤਰ ਉਜਾਗਰ ਸਿੰਘ ਚੀਮਾ ਆਪਣੀਆਂ ਯਾਦਾਂ ਫਰੋਲਦਾ ਰਹਿੰਦਾ ਹੈ: *"ਬੜਾ ਸੌਖਾ ਹੈ ਇਹ ਕਹਿਣਾ ਦੇਸ਼ ਆਜ਼ਾਦ ਹੋ ਗਿਆ। ਸਾਨੂੰ ਪੁੱਛ ਕੇ ਦੇਖੋ? ਰਾਤ ਦੇ ਹਨੇਰੇ 'ਚ ਪਿੰਡੋਂ ਉੱਠ ਕੇ ਤੁਰੇ, ਕੋਈ ਰਾਹ ਨਈਂ? ਇਹ ਵੀ ਪਤਾ ਨਈਂ ਕਿੱਥੇ ਜਾਣਾ? ਜਿੱਥੇ ਪੁੱਜਾਂਗੇ, ਓਥੇ ਕੋਈ ਠਾਹਰ ਮਿਲੂ! ਡਰਦੇ, ਲੁਕਦੇ-ਲੁਕਾਂਦੇ ਤੁਰਨਾ। ਧਾੜਵੀਆਂ ਦੇ ਹਮਲੇ, ਵੱਢ-ਵਢਾਂਗਾ। ਇਕ ਕੈਂਪ ਤੋਂ ਦੂਜੇ ਕੈਂਪ ਦਾ ਮੁਸ਼ਕਲਾਂ ਭਰਿਆ ਸਫਰ...ਚਾਰ-ਚਾਰ, ਪੰਜ-ਪੰਜ ਸਾਲਾਂ ਦੇ ਬੱਚੇ, ਜਿਹਨਾਂ ਨੂੰ ਨਾ ਆਜ਼ਾਦੀ ਦੇ ਅਰਥ ਦਾ ਪਤਾ ਸੀ, ਨਾ ਮੁਲਕ ਦੇ; ਰੋਜ਼ ਦਾ ਪੰਦਰਾਂ-ਵੀਹ ਮੀਲਾਂ ਦਾ ਪੀੜ ਭਰਿਆ ਸਫ਼ਰ ਤੁਰਨਾ। ਭੁੱਖੇ ਢਿੱਡ। ਪਿਆਸੇ...ਤੁਰ-ਤੁਰਕੇ ਪੈਰ ਸੁੱਜ ਗਏ। ਕਦੀ ਮੁੱਠ ਛੋਲੇ ਚੱਬ ਲਏ, ਕਦੀ ਰੋਟੀ ਦਾ ਟੁੱਕ ਸੇਕ ਕੇ ਲੂਣ ਨਾਲ ਲੰਘਾ, ਪਾਣੀ ਦਾ ਘੁੱਟ ਪੀ ਲਿਆ, ਕਦੀ ਉਹ ਵੀ ਨਾ...ਤੇ ਇਧਰ ਆ ਕੇ ਕਿਸੇ ਨਾ ਪੁੱਛਿਆ, 'ਤੁਸੀਂ ਕੀ ਗਵਾ ਕੇ ਆਏ ਹੋ? ਤੁਹਾਡੇ ਕੋਲ ਉੱਥੇ ਕੀ ਸੀ, ਇੱਥੇ ਆ ਕੇ ਕੀ ਮਿਲਿਆ? ਸਾਲ ਭਰ ਭੁੰਜੇ ਪਰਾਲ਼ੀ ਵਿਛਾ ਕੇ ਸੌਂਦੇ ਰਹੇ। ਜਿਹਨਾਂ ਨੇ ਇੱਥੋਂ ਗਏ ਮੁਸਲਮਾਨਾਂ ਦੇ ਭਰੇ ਘਰਾਂ 'ਚੋਂ ਮੰਜੇ-ਪੀਹੜੇ ਲੁੱਟੇ; ਉਹ ਇਥੋਂ ਦੇ ਹਿੰਦੂ-ਸਿੱਖ ਹੀ ਸਨ...ਕਈ ਘਰਾਂ ਦੀਆਂ ਲਟੈਣਾਂ, ਬਾਲੇ ਵੀ ਲਾਹੇ ਹੋਏ।"*

*ਉਜਾਗਰ ਸਿੰਘ ਚੀਮੇ ਦੀਆਂ ਗੱਲਾਂ ਉਸਦੇ (ਗੁਰਪ੍ਰੀਤ) ਦੇ ਜ਼ਿਹਨ 'ਚ ਅਕਸਰ ਹਥੌੜੇ ਵਾਂਗ ਵੱਜਦੀਆਂ ਰਹਿੰਦੀਆਂ। ਦੁਖਾਂਤ ਚਿਤਰਣ ਦੇ ਨਾਲ-ਨਾਲ ਉਹ ਇਹਨਾਂ ਸੁਆਲਾਂ ਦੇ ਜੁਆਬ ਫਰੋਲਣ ਵੱਲ ਵੀ ਰੁਚਿਤ ਰਹਿੰਦਾ। ਵੰਡ ਮਜ਼ਹਬਾਂ ਦੇ ਆਧਾਰ 'ਤੇ ਸੀ ਕਿ ਲੀਡਰਾਂ ਦੀ ਹਉਮੈ, ਰਾਜਭਾਗ 'ਤੇ ਕਾਬਜ਼ ਹੋਣ ਦੀ ਹਵਸ ਨੇ ਕਰਵਾਈ, ਇਸ ਲਈ ਮਜ਼ਹਬਾਂ ਨੂੰ ਵਰਤਿਆ; ਤੇ ਜਿਉਂ ਹੀ ਕੁਰਸੀਆਂ 'ਤੇ ਬਹਿ ਗਏ, ਉਹ ਲੋਕ ਭੁੱਲ ਗਏ, ਜਿਹਨਾਂ ਨੂੰ ਭੀੜਾਂ 'ਚ ਬਦਲ ਲਾਮਿਸਾਲ ਇਕੱਠ ਕਰਦੇ ਰਹੇ... ਪ੍ਰੇਤ ਆਤਮਾਵਾਂ ਵਾਂਗ ਘੁੰਮਦੇ ਇਹ ਸੁਆਲ, ਉਸਨੂੰ ਨਾ ਦਿਨੇ ਚੈਨ ਲੈਣ ਦਿੰਦੇ, ਨਾ ਰਾਤੀਂ... ਲੱਖਾਂ ਲੋਕ ਇਧਰੋਂ-ਉਧਰ, ਉਧਰੋਂ-ਇਧਰ ਮੌਤ ਦਾ ਦਰਿਆ ਤਰ ਕੇ ਲੰਘੇ, ਪਰ ਉਹਨਾਂ ਨੂੰ ਨਵੀਂ ਜ਼ਿੰਦਗੀ ਸ਼ੁਰੂ ਕਰਨ ਲਈ ਦੇਸ਼ ਨੇ ਕੀ ਦਿੱਤਾ। ਜਿੰਨਾ ਵੱਡਾ ਲੀਡਰ, ਆਜ਼ਾਦੀ ਤੋਂ ਬਾਅਦ ਓਨਾ ਵੱਡਾ ਅਹੁਦਾ। ਉਹਨਾਂ ਦੀਆਂ ਸਹੂਲਤਾਂ ਨਾਲ ਕੱਟੀਆਂ ਜੇਲ੍ਹਾਂ ਲਈ ਮੈਡਲ, ਤਾਮਰ-ਪੱਤਰ ਮਿਲੇ, ਪੈਨਸ਼ਨਾਂ ਲੱਗੀਆਂ। ਸਰਕਾਰੇ-ਦਰਬਾਰੇ ਮਾਨ-ਸਨਮਾਨ। ਰਾਜਿਆਂ-ਮਹਾਂਰਾਜਿਆਂ ਵਾਂਗ ਉਹਨਾਂ ਦੇ ਕੁਨਬੇ ਵੀ ਤਰਨ ਲੱਗੇ। ਜਿਹੜੇ ਮਾਰੇ ਗਏ, ਤਬਾਹੀ ਕੰਢੇ ਜਾ ਪੁੱਜੇ, ਉਹਨਾਂ ਦੀ ਗੱਲ ਭੁੱਲ ਗਈ? ਉਹ ਇਸ ਤਲਾਸ਼ ਵਿਚ ਵੀ ਸੀ ਕਿ ਬੰਦੇ ਦੇ ਅੰਦਰ ਇਹ ਹਿੰਸਾ, ਵਹਿਸ਼ਤ ਆਉਂਦੀ ਕਿੱਥੋਂ ਹੈ, ਜਿਸਨੂੰ ਜਨੂੰਨ 'ਚ ਬਦਲ ਕੋਈ ਨਾ ਕੋਈ ਧਿਰ ਆਪਣਾ ਉੱਲੂ ਸਿੱਧਾ ਕਰਦੀ। ਚੁਰਾਸੀ, ਬਾਬਰੀ, ਆਸਾਮ, ਮਨੀਪੁਰ, ਨੂਹ ਬਹੁਤ ਸਾਰੀਆਂ ਲੜੀਆਂ ਜੁੜਦੀਆਂ ਦਿਸਦੀਆਂ; ਸੰਤਾਲੀ, ਸੰਤਾਲੀ ਨਾ ਰਹਿੰਦਾ; ਆਗੂਆਂ ਦੀ ਕੁਰਸੀ ਤਕ ਪਹੁੰਚਣ ਦੀ ਲਪਲਪਾਉਂਦੀ ਲਾਲਸਾ 'ਚ ਬਦਲ ਜਾਂਦਾ।* ('ਰੌਲ਼ਿਆਂ ਵੇਲੇ', ਸਫਾ 137-138)

ਤੇ ਉਧਰ ਉਜੜ ਕੇ ਗਿਆ ਬਸ਼ੀਰ ਮੁਹੰਮਦ (ਆਬਿਦਾ ਦਾ ਦਾਦਾ) ਸੁਆਲ ਖੜ੍ਹੇ ਕਰਦਾ: *"ਇਸ ਪਿੰਡ 'ਚ ਅਸੀਂ ਦੋ ਟੱਬਰ ਬੈਠੇ। ਖਾਲੀ ਘਰ। ਖੜ੍ਹੀਆਂ ਕੱਚੀਆਂ ਕੰਧਾਂ ਹੀ। ਸ਼ਤੀਰੀਆਂ, ਬਾਲੇ ਧਾੜਵੀਆਂ ਨੇ ਲਾਹ ਲਏ ਹੋਏ ਸੀ...ਉੱਪਰ ਕਾਨਿਆਂ ਦੀ ਛੱਤ ਪਾ ਕੇ ਸਿਰ ਢਕਣ ਕੀਤਾ।*

*ਕਿਸੇ ਮੁਸਲਮਾਨ ਨੇ ਸਾਨੂੰ ਗਲ਼ ਨਾਲ ਨਾ ਲਾਇਆ, ਸਾਡੇ ਮਜ਼ਹਬੀ ਭਰਾ ਆਏ ਐ...ਤੁਸੀਂ ਦੋ-ਚਾਰ ਦਿਨ ਸਾਡੇ ਘਰੋਂ ਰੋਟੀਆਂ ਖਾ ਲਓ, ਜਾਂ ਆਹ ਲਓ ਮਣ ਕਣਕ...ਨਾ ਕਿਸੇ ਕੋਈ ਢੱਗਾ ਦਿੱਤਾ... ਮਣ ਆਟਾ ਨਸੀਰ ਦੇ ਖਰਾਸ ਤੋਂ ਹੁਧਾਰ ਆਂਦਾ ਇਸ ਸ਼ਰਤ 'ਤੇ, ਫਸਲ ਆਈ ਤੋਂ ਡੂਢਾ ਦਿਆਂਗੇ... ਮੁਸੀਬਤਾਂ ਝੱਲਦੇ ਆਏ ਸੀ, ਪਰ ਮਨ 'ਚ ਆਸ ਸੀ...ਆਪਣੇ ਮਜ਼ਹਬੀ ਮੁਲਕ 'ਚ ਪੁੱਜ ਗਏ, ਸਭ ਦੁੱਖ ਦੂਰ ਹੋ ਜਾਣਗੇ...ਇੱਥੇ ਮੁਸਲਮਾਨਾਂ ਨੇ ਜੋ ਸਾਡੇ ਨਾਲ ਕੀਤਾ, ਉਸਨੇ ਰਾਹ ਦੇ ਦੁੱਖ ਹੋਰ ਹਰੇ ਕਰ ਦਿੱਤੇ। ਇਹ ਹੈ ਸਾਡੇ ਪਰਿਵਾਰ ਦੀ ਕਹਾਣੀ...ਅਸੀਂ ਇਸ ਮੁਲਕ ਲਈ ਕੀ ਕੁਰਬਾਨੀ ਕੀਤੀ, ਇਸ ਮੁਲਕ ਨੇ ਸਾਨੂੰ ਕੀ ਦਿੱਤਾ, ਇਸਦੀ ਚਸ਼ਮਦੀਦ ਗਵਾਹੀ ਵੀ।"* ('ਰੌਲ਼ਿਆਂ ਵੇਲੇ', ਸਫਾ 122)

ਉਜਾਗਰ ਸਿੰਘ ਚੀਮਾ ਜਾਂ ਬਸ਼ੀਰ ਮੁਹੰਮਦ ਦੇ ਇਹਨਾਂ ਸਵਾਲਾਂ ਦੇ ਜੁਆਬ ਤਾਂ ਹਕੂਮਤਾਂ ਤੇ ਰਾਜਨੀਤੀ ਨੂੰ ਦੇਣੇ ਹੀ ਪੈਣਗੇ! ਜਿਉਂ-ਜਿਉਂ ਸਾਜ਼ਿਸ਼ਾਂ ਦੀਆਂ ਹੋਰ ਪਰਤਾਂ ਸਾਹਮਣੇ ਆਉਂਦੀਆਂ ਜਾਣਗੀਆਂ, ਇਹ ਸਵਾਲ ਹੋਰ ਤੀਬਰਤਾ ਨਾਲ ਖੜ੍ਹੇ ਹੁੰਦੇ ਰਹਿਣਗੇ!

ਮੇਰੀ ਇਹ ਧਾਰਨਾ ਹੈ ਕਿ ਕਿਸੇ ਵੀ ਇਲਾਕੇ ਦੀ ਮਾਈਕਰੋ-ਸਟੱਡੀ, ਉਸ ਸਾਰੇ ਖਿੱਤੇ ਦੀ ਹਾਲਤ ਉਪਰ ਝਾਤ ਪੁਆ ਜਾਂਦੀ ਹੈ। ਜੇ ਕਿਸੇ ਇਕ ਇਕਾਈ ਦੀ ਮਾਈਕਰੋ-ਸਟੱਡੀ ਤਕ ਨਹੀਂ ਪਹੁੰਚਦੇ ਤਾਂ ਖਿੱਤੇ ਬਾਰੇ ਵੀ ਬਹੁਤ ਕੁਝ ਓਪਰਾ-ਓਪਰਾ ਜਿਹਾ ਰਹਿ ਜਾਂਦਾ; ਖ਼ਾਸ ਕਰਕੇ ਨਾਵਲ 'ਚ ਇਸ ਮਾਈਕਰੋ-ਸਟੱਡੀ ਦੀ ਬਹੁਤ ਜ਼ਰੂਰਤ ਹੁੰਦੀ ਹੈ। ਕਹਾਣੀ ਤੁਸੀਂ ਪਾਤਰਾਂ ਦੇ ਮਾਨਸਿਕ ਧਰਾਤਲ 'ਤੇ ਜ਼ੋਰ ਪਾ ਕੇ ਬੁਣ ਸਕਦੇ ਹੋ, ਪਰ ਨਾਵਲ ਸਿਰਫ ਪਾਤਰਾਂ ਦੇ ਮਾਨਸਿਕ ਧਰਾਤਲ ਆਸਰੇ ਲੰਮਾ ਨਹੀਂ ਖਿੱਚਿਆ ਜਾ ਸਕਦਾ। ਇਸ ਲਈ ਚੁਫੇਰੇ ਦੇ ਸਮਾਜਕ ਮਾਹੌਲ ਦੀ ਉਸਾਰੀ ਜ਼ਰੂਰੀ ਹੁੰਦੀ, ਜਿਸ 'ਚੋਂ ਉਹ ਪ੍ਰਵਾਨ ਚੜ੍ਹ ਰਹੇ ਹੋਣ; ਤੇ ਇਸ ਬਿਰਤਾਂਤ ਪਿੱਛੇ ਸਪੱਸ਼ਟਤਾ ਦੀ ਲੋੜ ਵੀ; ਜਿਹੜੀ ਸ਼ੁਰੂ ਤੋਂ ਅਖੀਰ ਤਕ ਕਿਸੇ ਸੇਧ 'ਚ ਤੁਰ ਰਹੀ ਹੋਵੇ। ਨਾਵਲ ਆਪਣੇ ਦੌਰ ਦੇ ਕਾਲ਼ਖੰਡ ਦਾ ਜੀਵੰਤ ਪ੍ਰਤੀਨਿਧ ਹੁੰਦਾ; ਉਸਦੀਆਂ ਇਤਿਹਾਸਕ, ਸਮਾਜਕ, ਧਾਰਮਿਕ ਤੇ ਲੋਕ-ਆਸਥਾ ਦੀਆਂ ਪਰਤਾਂ ਉਸ 'ਚੋਂ ਝਲਕਣੀਆਂ ਚਾਹੀਦੀਆਂ।

ਕੀ ਅਨੁਭਵ ਤੋਂ ਬਿਨਾਂ ਲਿਖਿਆ ਜਾ ਸਕਦਾ! ਜਿਸ ਜ਼ਿੰਦਗੀ 'ਚੋਂ ਸਿੱਧੇ ਨਾ ਵਿਚਰੇ ਹੋਈਏ ਜਾਂ ਜਿਹਨਾਂ ਘਟਨਾਵਾਂ 'ਚੋਂ ਖਹਿ ਕੇ ਨਾ ਲੰਘੇ ਹੋਈਏ; ਸ਼ਾਇਦ ਨਹੀਂ! ਤੇ ਅਗਲੀ ਗੱਲ, ਕੀ ਘਟਨਾਵਾਂ ਦਾ, ਕਿਸੇ ਦੌਰ ਦਾ ਅਧਿਐਨ ਕਰ ਕੇ ਉਸਦੀਆਂ ਜੜ੍ਹਾਂ ਨੂੰ ਗਲਪ 'ਚ ਢਾਲ਼ਿਆ ਜਾ ਸਕਦਾ ਹੁੰਦਾ! ਇਸ ਲਈ ਵੀ ਪਰ ਕੋਈ ਨਾ ਕੋਈ ਤੰਦ ਅਨੁਭਵ ਨਾਲ ਜੁੜੀ ਹੋਣੀ ਚਾਹੀਦੀ ਹੈ! 'ਰੌਲ਼ਿਆਂ ਵੇਲ਼ੇ' ਸੰਤਾਲੀ ਦੀ ਤ੍ਰਾਸਦੀ ਬਾਰੇ ਹੈ। ਇਸ ਤ੍ਰਾਸਦੀ ਦਾ ਮੈਨੂੰ ਸਿੱਧਾ ਅਨੁਭਵ ਨਹੀਂ। ਇਸਨੂੰ ਮੈਂ ਅਧਿਐਨ 'ਚੋਂ, ਪੁਰਾਣੀ ਪੀੜ੍ਹੀ ਦੀਆਂ ਗੱਲਾਂ 'ਚੋਂ ਸਮਝਿਆ; ਪਰ ਇੱਥੇ ਵੀ ਇਕ ਅਨੁਭਵ ਸੀ; ਤੇ ਉਹ ਸੀ ਉਹ ਇਲਾਕੇ ਦਾ ਜਿਸਨੂੰ ਮੈਂ ਇਸ ਨਾਵਲ ਦੀ ਸਥਾਨਕਤਾ ਵਜੋਂ ਚੁਣਿਆ। ਪਿੰਡਾਂ, ਥਾਵਾਂ, ਖਿੱਤੇ ਨੂੰ ਜਾਣਦਾ ਸੀ ਤੇ ਖਿੱਤੇ ਦੀ ਸਹਿਜ-ਰਹਿਤਲ ਨੂੰ ਵੀ। ਇਸ ਸਹਿਜ ਤੋਰ 'ਚੋਂ, ਆਪਣੀ ਹੋਸ਼ ਤੋਂ ਪਹਿਲਾਂ ਦੇ ਡੇਢ ਦਹਾਕੇ ਨੂੰ ਕਲਪਿਤ ਕੀਤਾ। ਪਰ ਮੇਰੇ ਕੋਲ਼ ਜੇ ਇਹ ਆਧਾਰ ਨਾ ਹੁੰਦਾ! ਕੀ ਪੜ੍ਹ ਕੇ, ਅਧਿਐਨ ਕਰ ਕੇ ਉੱਥੇ ਜਾਏ ਬਿਨਾਂ ਰੂਸ ਦੇ ਸਾਇਬੇਰੀਆ ਦੀ ਜ਼ਿੰਦਗੀ ਬਾਰੇ ਚੰਗਾ ਨਾਵਲ ਲਿਖਿਆ ਜਾ ਸਕਦਾ ਜਾਂ ਅਫ਼ਰੀਕਾ ਦੇ ਸਹਾਰਾ ਮਾਰੂਥਲ ਦੀ ਜ਼ਿੰਦਗੀ 'ਤੇ? ਇਹਨਾਂ ਬਾਰੇ ਲੇਖ ਲਿਖੇ ਜਾ ਸਕਦੇ ਹਨ, ਇਤਿਹਾਸ ਵੀ, ਪਰ ਗਲਪ ਲਿਖਣ ਲਈ ਅਨੁਭਵ ਦੀ ਕੋਈ ਨਾ ਕੋਈ ਤੰਦ ਜ਼ਰੂਰ ਹੀ ਚਾਹੀਦੀ ਹੈ, ਜਿਸ ਸਹਾਰੇ ਮਾਨਸਿਕਤਾ ਦੀਆਂ ਜੜ੍ਹਾਂ ਤਕ ਪਹੁੰਚਿਆ ਜਾ ਸਕੇ; ਜ਼ਿੰਦਗੀ ਦੇ ਜੀਵੰਤ-ਚਾਅ ਫੜੇ ਜਾ ਸਕਣ!

ਖਰੜੇ ਨੂੰ ਸੋਧਦਿਆਂ, ਕੱਟ-ਵੱਢ ਕਰਨੀ, ਪਾਤਰਾਂ ਨੂੰ ਸੁਰਸੇਧ 'ਚ ਕਰਨਾ, ਕੁਝ ਨਾ ਕੁਝ ਜੋੜਨਾ; ਇਹ ਜਮ੍ਹਾਂ-ਜੋੜ ਕਰਦਿਆਂ ਕਈ ਵਾਰ ਪਹਿਲੀ ਸ਼ੁਰੂਆਤ ਬਦਲੀ ਹੈ, ਕਈ ਵਾਰ ਅੰਤ! 'ਰੌਲ਼ਿਆਂ ਵੇਲੇ' ਦਾ ਮੌਜੂਦਾ ਅੰਤ ਤਾਂ ਇਹਦੀ ਪਰੂਫ ਰੀਡਿੰਗ ਕਰਦਿਆਂ ਸੁੱਝਿਆ। ਪਹਿਲੀ

ਡਰਾਫਟਿੰਗ ਵੇਲ਼ੇ ਸਮਾਪਤੀ ਕੁਝ ਹੋਰ ਤਰ੍ਹਾਂ ਕੀਤੀ ਸੀ। ਉਸ ਵੇਲ਼ੇ ਵੀ ਉਸ ਅੰਤ ਬਾਰੇ ਸ਼ੰਕਾ ਤਾਂ ਸੀ ਪਰ ਹੋਰ ਕੁਝ ਸੁੱਝੇ ਹੀ ਨਾ! ਮਨ 'ਚ ਸੀ ਗੁਰਪ੍ਰੀਤ ਤੇ ਆਬਿਦਾ ਦੀ ਦੋਸਤੀ ਤੇ ਨਿਰੰਤਰਤਾ ਕਾਇਮ ਰੱਖਣੀ; ਤੇ ਇਸ ਰਾਹੀਂ ਦੋਹਾਂ ਪੰਜਾਬਾਂ 'ਚ ਨਵੀਂ ਸਾਂਝ, ਸੁਨੇਹੇ ਦਾ ਮੌਕਾ ਪੈਦਾ ਕਰਨਾ। ਪਰੂਫ਼ ਪੜ੍ਹਦਿਆਂ ਅਚਾਨਕ ਲਾਇਨ ਸੁੱਝੀ:

"ਤੇ ਫਿਰ ਉਹ ਬਾਰਾਤ ਦੀ ਆਓ-ਭਗਤ ਤੇ ਪਰੋਸੇ ਜਾਣ ਵਾਲੇ ਖਾਣਿਆਂ ਦੀ ਰੂਪ-ਰੇਖਾ ਬਣਾਉਣ 'ਚ ਰੁੱਝ ਗਏ।" ਇਸਦਾ ਅੰਤ ਇਸ ਤੋਂ ਬਿਹਤਰ ਸ਼ਾਇਦ ਹੋ ਹੀ ਨਹੀਂ ਸੀ ਸਕਦਾ! ਇਸਦਾ ਨਾਇਕ ਜੱਸੀ ਕਦੀ ਨਕਸਲਬਾੜੀ ਲਹਿਰ ਦਾ ਹੋਲਟਾਈਮਰ ਰਿਹਾ। ਮਨਜੀਤ ਵੀ ਗਹਿਗੱਚ ਹੋ ਕੇ ਲਹਿਰ 'ਚ ਵਿਚਰਦੀ ਰਹੀ। ਦੋਵੇਂ ਜਿਸ ਸਥਾਪਤੀ ਦੇ ਖਿਲਾਫ ਲੜੇ, ਲੋਕਾਂ ਨੂੰ ਜਿਸ ਖਿਲਾਫ ਲਹਿਰ ਖੜ੍ਹੀ ਕਰਨ ਲਈ ਜੋੜਦੇ ਰਹੇ, ਭਾਸ਼ਨ ਕਰਦੇ, ਆਪਣਾ ਵਿਆਹ ਵੀ ਬੈਂਡ-ਵਾਜਿਆਂ ਦੀ ਥਾਂ ਬਹੁਤ ਹੀ ਸਾਦਾ, ਗੁਰਦੁਆਰੇ ਜਾ ਕੇ ਕਰਵਾਇਆ। ਕੋਈ ਦਾਜ ਨਹੀਂ, ਕੋਈ ਫਾਲਤੂ ਦੀਆਂ ਰਸਮਾਂ ਨਹੀਂ; ਪਰ ਆਪਣੀ ਕੁੜੀ ਦੇ ਵਿਆਹ ਮੌਕੇ ਉਸੇ ਸਥਾਪਤੀ ਦੀਆਂ ਨੀਹਾਂ ਪੱਕੀਆਂ ਕਰਨ ਦੇ ਰਾਹ ਤੁਰ ਪਏ!

ਤਸਕੀਨ ਮੇਰੇ ਬਹੁਤੇ ਖਰੜਿਆਂ ਦਾ ਪਹਿਲਾ ਪਾਠਕ ਵੀ ਹੈ ਤੇ ਸਖ਼ਤ ਆਲੋਚਕ ਵੀ। ਪੜ੍ਹ ਕੇ ਕਈ ਵਾਰ ਇੰਨੀ ਬੁਰੀ ਤਰ੍ਹਾਂ ਕਹਾਣੀ ਜਾਂ ਪਲਾਟ ਦੀਆਂ ਪਰਤਾਂ ਦੇ ਬਖੀਏ ਉਧੇੜ ਮਾਰਦਾ ਕਿ ਬੁਰਾ ਵੀ ਲਗਦਾ। ਉਸਦੀ ਇਹ ਗੱਲ ਤਾਂ ਕਦੀ ਨਹੀਂ ਭੁੱਲਦੀ, "ਤੇਰੇ ਸਮੇਤ ਸਾਡੇ ਨਾਵਲਕਾਰਾਂ ਨੂੰ ਪਤਾ ਨਹੀਂ ਕਿਉਂ ਫਤਵੇ ਦੇਣ ਦੀ ਆਦਤ ਹੈ। ਪਹਿਲੀ ਲਾਇਨ ਤੋਂ ਹੀ ਅਜਿਹੇ ਨਿਸ਼ਚਿਤਤਵਾਦੀ ਵਿਸ਼ੇਸ਼ਣ ਸ਼ੁਰੂ ਕਰ ਦੇਣਗੇ ਕਿ ਬਿਰਤਾਂਤ ਲਈ ਸਪੇਸ ਨਹੀਂ ਛੱਡਦੇ। ਜੋ ਤੁਸੀਂ ਕਹਿਣਾ ਚਾਹੁੰਦੇ ਹੋ, ਆਪ ਕਹੋ...ਵਿਸ਼ੇਸ਼ਣਾਂ ਦਾ ਸ਼ਾਰਟ-ਕਟ ਕਿਉਂ ਅਪਣਾਉਂਦੇ ਹੋ, ਜੱਜਮੈਂਟ ਕਿਉਂ ਦਿੰਦੇ ਹੋ? ਇਹ ਪਾਠਕ 'ਤੇ ਰਹਿਣ ਦਿਓ।" ਜਾਂ ਡਾਕਟਰ ਸੁਰਜੀਤ (ਪਟਿਆਲਾ) ਦੀ ਗੱਲ ਅਕਸਰ ਜ਼ਿਹਨ 'ਚ ਰਹਿੰਦੀ, "ਸਾਡੇ ਨਾਵਲਕਾਰ ਆਪਣੀ ਸਹੂਲਤ ਅਨੁਸਾਰ ਕਹਾਣੀ ਅਗਾਂਹ ਤੋਰਨ ਲਈ ਜਦੋਂ ਜੀਅ ਕਰਦਾ ਕਿਸੇ ਸਹਾਇਕ ਪਾਤਰ ਨੂੰ ਲੈ ਆਉਣਗੇ, ਜਦੋਂ ਉਲਝਣ ਲੱਗਣ ਤਾਂ ਉਸਨੂੰ ਅਚਨਚੇਤ ਗਾਇਬ ਕਰ ਦਿੰਦੇ। ਨਾ ਉਸਦੇ ਆਉਣ ਦਾ ਤਰਕ ਉਸਾਰਦੇ ਤੇ ਨਾ ਬਹੁਤੀ ਵਾਰ ਗ਼ਾਇਬ ਕਰਨ ਦਾ। ਉਸਦੀਆਂ ਤਾਰਾਂ ਬਿਰਤਾਂਤ 'ਚ ਫੈਲੀਆਂ ਨੀ ਦਿਸਦੀਆਂ। ਅਸਲ 'ਚ ਅਜਿਹਾ ਕੋਈ ਵੀ ਲੇਖਕ ਕਾਹਲ਼ ਤੇ ਮਿਹਨਤ ਤੋਂ ਬਚਣ ਲਈ ਕਰਦਾ ਹੈ। ਪੰਜਾਬੀ ਨਾਵਲ 'ਚ ਇਹ ਸਭ ਤੋਂ ਮਾੜਾ ਰੁਝਾਨ ਹੈ।" ਉਨ੍ਹਾਂ ਨੇ ਇਹ ਗੱਲ 'ਬਹੁਤ ਸਾਰੇ ਚੁਰਸਤੇ' ਬਾਰੇ ਬੋਲਦਿਆਂ ਕਹੀ ਸੀ। ਪੂਰਾ ਸੰਦਰਭ ਤਾਂ ਹੁਣ ਯਾਦ ਨਹੀਂ, ਪਰ ਇਹ ਮੇਰੇ ਕੰਮ ਬਹੁਤ ਆਈ। ਨਾਵਲ ਲਿਖਦਿਆਂ ਇਹ ਗੱਲਾਂ ਅਕਸਰ ਕਿਤੇ ਅਚੇਤ 'ਚ ਹੁੰਦੀਆਂ ਹਨ।

ਛਪਣ ਤੋਂ ਪਹਿਲਾਂ ਆਪਣਾ ਹਰ ਖਰੜਾ ਦੋਸਤਾਂ ਨੂੰ ਪੜ੍ਹਾਇਆ ਹੈ। ਉਹਨਾਂ ਦੀ ਰਾਇ ਲੈਂਦਾ ਹਾਂ। ਕਈ ਵਾਰ ਕਿਤੋਂ ਕੁਝ ਸੋਧਿਆ ਵੀ ਹੈ। ਇਸ ਨੇੜਲੇ ਘੇਰੇ ਦੇ ਦੋਸਤਾਂ 'ਚ ਪ੍ਰੋ. ਕੁਲਵੰਤ ਸਿੰਘ ਸੰਧੂ, ਰਜਨੀਸ਼ ਬਹਾਦਰ (ਹੁਣ ਮਰਹੂਮ), ਰਾਜਪਾਲ ਸਿੰਘ, ਸੁਕੀਰਤ, ਜਸ ਮੰਡ ਸਮੇਤ ਹੋਰ ਵੀ ਕਈ ਜਣੇ ਹਨ। ਨਾਵਲ ਮੇਰੇ ਲਈ ਆਪਣੇ ਸਮਕਾਲ ਨੂੰ ਸ਼ਬਦਾਂ 'ਚ ਪੁਨਰ-ਸਿਰਜਤ ਕਰਨਾ ਹੁੰਦਾ! ਇੰਝ ਕਰਦਿਆਂ ਹੋ ਰਹੀ ਗ਼ਲਤੀ ਜਾਂ ਲੱਗ ਰਹੇ ਕਿਸੇ ਟਪਲ਼ੇ ਬਾਰੇ ਕੋਈ ਧਿਆਨ 'ਚ ਲਿਆ ਦੇਵੇ ਤਾਂ ਇਸ ਨਾਲ ਲਿਖਤ ਬਿਹਤਰ ਹੀ ਹੁੰਦੀ ਹੈ। ਲਿਖਦਿਆਂ ਮਨ 'ਚ ਇਕ ਪਰਸਪੈਕਟਿਵ ਹੁੰਦਾ; ਪਾਠਕ ਪੜ੍ਹਦਾ ਤਾਂ ਉਸਦਾ ਵੀ ਇਕ ਪਰਸਪੈਕਟਿਵ ਬਣਦਾ; ਜਿਹੜਾ ਜ਼ਰੂਰੀ ਨਹੀਂ ਮੇਰੇ ਵਾਲਾ ਹੀ ਹੋਵੇ। ਕਹੀ ਗੱਲ ਨੂੰ ਖੁਲ੍ਹੇ ਮਨ ਨਾਲ ਵਿਚਾਰਦਾ ਹਾਂ। ਮੈਂ ਮੰਨਕੇ ਤੁਰਦਾਂ, ਲੇਖਕ ਕੋਈ ਔਲੀਆ ਨਹੀਂ ਹੁੰਦਾ, ਸਰਵ-ਗਿਆਤਾ ਜਾਂ ਕਰਤਾਰੀ-ਜੀਵ। ਉਹ ਸਾਧਕ ਹੁੰਦਾ ਤੇ ਸਹੀ ਬਿੰਦੂ ਤਕ ਪਹੁੰਚਣਾ ਉਸਦੀ ਸਾਧਨਾ ਹੋਣੀ ਚਾਹੀਦੀ ਹੈ। ਜੋ ਗੱਲ ਸਹੀ ਲੱਗੇ, ਉਸ ਲਈ ਪਰ ਡਟੇ ਵੀ ਰਹਿਣਾ ਚਾਹੀਦਾ।

ਮੇਰੀਆਂ ਲਿਖਤਾਂ, ਖ਼ਾਸ ਕਰ ਕੇ ਨਾਵਲਾਂ ਦੀ ਇਸ ਗੱਲੋਂ ਅਕਸਰ ਆਲੋਚਨਾ ਹੁੰਦੀ ਹੈ, ਮੈਂ ਔਰਤ-ਮਰਦ ਸੰਬੰਧਾਂ ਦੇ ਮਾਮਲੇ 'ਚ ਕੁਝ ਵਧੇਰੇ 'ਖੁਲ੍ਹੇ ਸ਼ਬਦ' ਵਰਤ ਲੈਂਦਾ ਹਾਂ। ਮੇਰੀ ਇਸ ਬਾਰੇ ਪੱਕੀ ਧਾਰਨਾ ਹੈ ਅੱਜ ਦੇ ਦੌਰ 'ਚ, ਜਦੋਂ ਹੱਥ 'ਚ ਫੜਿਆ ਸਮਾਰਟ-ਫੋਨ ਦੁਨੀਆਂ ਭਰ ਦੇ 'ਪੋਰਨ' ਨੂੰ ਹਰ ਵੇਲੇ ਸਾਹਮਣੇ ਪਰੋਸ ਰਿਹਾ ਹੈ ਤਾਂ ਇਸ ਦੌਰ ਦੇ ਸਾਹਿਤ ਦੀ ਬਿਰਤਾਂਤਕਾਰੀ ਤੇ ਪੇਸ਼ਕਾਰੀ 'ਚ ਤਬਦੀਲੀ ਆਏਗੀ ਹੀ ਆਏਗੀ; ਇਖ਼ਲਾਕ ਦੇ ਮਿਆਰਾਂ 'ਚ ਵੀ। ਅੱਜ ਦੇ ਇਖ਼ਲਾਕੀ ਮਿਆਰ ਬੀਤੀ ਸਦੀ ਦੇ ਸੱਠਵਿਆਂ, ਸੱਤਰਵਿਆਂ ਜਾਂ ਉਸ ਤੋਂ ਪਹਿਲਾਂ ਵਾਲੇ ਨਹੀਂ ਹੋ ਸਕਦੇ, ਜਦੋਂ ਮੇਲਿਆਂ 'ਚ 'ਕੋਕ-ਸ਼ਾਸ਼ਤਰ' ਵੀ ਪੀਲੇ ਮੋਮੀ ਕਾਗਜ਼ ਵਿਚ ਲਪੇਟਿਆ ਹੋਇਆ ਵਿਕਦਾ ਸੀ। ਇਸ ਨੂੰ ਕੋਈ ਖਰੀਦਣ ਲੱਗਾ ਆਸਪਾਸ ਦੇਖ ਕੇ ਲੈਂਦਾ ਤੇ ਚੋਰੀ-ਚੋਰੀ ਹੀ ਪੜ੍ਹਿਆ ਜਾਂਦਾ। ਚੋਰੀ ਪੜ੍ਹੇ ਜਾਂਦੇ 'ਕੋਕ-ਸ਼ਾਸ਼ਤਰੀ ਸਮੇਂ ਦੇ ਇਖ਼ਲਾਕੀ ਮਿਆਰਾਂ' ਅਨੁਸਾਰ, ਅੱਜ ਦੇ ਸਮਾਰਟ-ਫੋਨ ਵਾਲੀ ਮਾਨਸਿਕਤਾ ਨੂੰ ਕਿਵੇਂ ਫੜਿਆ ਜਾ ਸਕਦਾ! ਸਾਹਿਤ ਦਾ ਤਾਂ ਕੰਮ ਹੀ ਆਪਣੇ ਦੌਰ ਦੀ ਤਸਵੀਰਕਸ਼ੀ ਕਰਨਾ ਹੁੰਦਾ; ਇਸ 'ਚ ਸੋਚ ਦੀ ਟਵਿਸਟ ਪਰ ਸ਼ਬਦਾਂ ਨੂੰ ਸਾਹਿਤ ਬਣਾਉਂਦੀ ਹੈ।

ਆਪਣੀ ਗੱਲ ਦਾ ਅੰਤ ਕਰਨ ਤੋਂ ਪਹਿਲਾਂ ਮੈਂ ਮੁੜ ਸ਼ੁਰੂਆਤ ਦੀਆਂ ਲਾਇਨਾਂ ਵੱਲ ਮੁੜਨਾ ਚਾਹਾਂਗਾ। ਰਿਗਵੇਦ ਹਜ਼ਾਰਾਂ ਸਾਲਾਂ ਤੋਂ ਸਾਡੇ ਚਿੰਤਨ ਦਾ ਹਿੱਸਾ ਬਣਿਆ ਹੋਇਆ ਹੈ। ਇਹ ਸਿਰਫ ਆਸਥਾ ਕਰਕੇ ਹੀ ਨਹੀਂ, ਉਸ ਜੀਵੰਤ ਚਿਤਰਣ ਕਰਕੇ ਬਹੁਤਾ ਹੈ ਜਿਹੜਾ ਉਸ ਕਾਲਖੰਡ ਦੀ ਦ੍ਰਿਸ਼ਕਾਰੀ ਕਰਦਾ। ਅੱਜ ਜੇ ਅਸੀਂ ਉਸ ਦੌਰ ਨੂੰ ਸਮਝਣਾ ਹੈ ਤਾਂ ਇਸਦਾ ਦਸਤਾਵੇਜ਼ੀ ਸਬੂਤ। ਇਵੇਂ ਹੀ ਵਾਰਿਸ ਦੀ ਹੀਰ ਅਠਾਰਵੀਂ ਸਦੀ ਦੇ ਪੰਜਾਬ ਦਾ ਮੁਹਾਂਦਰਾ ਸਿਰਜਦੀ ਹੈ। ਸਾਡੀ ਲਿਖਤ ਇੰਝ ਦੀ ਹੋਣੀ ਚਾਹੀਦੀ ਹੈ ਕਿ ਉਸ ਸਮਕਾਲ ਦੀ ਦਸਤਾਵੇਜ਼ ਬਣ ਸਕੇ, ਜਿਸ 'ਚ ਉਹ ਲਿਖੀ ਜਾ ਰਹੀ ਹੈ; ਖ਼ਾਸ ਕਰਕੇ ਨਾਵਲ ਤੋਂ ਇਹ ਉਮੀਦ ਜ਼ਰੂਰ ਹੀ ਕੀਤੀ ਜਾਂਦੀ ਹੈ। ਇਸ ਵਿਚ ਬਹੁਤ ਸੰਭਾਵਨਾਵਾਂ ਹੁੰਦੀਆਂ। ਆਜ਼ਾਦੀ ਦੇ ਆਸ ਪਾਸ ਦੇ ਦਹਾਕਿਆਂ ਦੇ ਮਾਲਵੇ ਦੀ ਸਮਝ ਮੈਨੂੰ ਕੰਵਲ ਦੇ ਨਾਵਲ 'ਪੂਰਨਮਾਸ਼ੀ' (1949) 'ਚੋਂ ਵੱਧ ਆਈ ਹੈ ਤੇ ਹਰੇ-ਇਨਕਲਾਬ ਨਾਲ ਮੱਚੀ ਉਥਲ-ਪੁਥਲ ਬਾਰੇ ਗੁਰਦਿਆਲ ਸਿੰਘ ਦੇ 'ਮੜ੍ਹੀ ਦਾ ਦੀਵਾ' (1964) ਚੋਂ। ਅੱਜ ਪੰਜਾਬੀ ਰਹਿਤਲ ਕਾਰਪੋਰੇਟਾਂ ਦੇ ਜਬ੍ਹਾੜਿਆਂ 'ਚ ਬੁਰੀ ਤਰ੍ਹਾਂ ਲਹੂ-ਲੁਹਾਨ ਹੋ ਰਹੀ ਹੈ। ਇਸ ਲਹੂ-ਲੁਹਾਨ ਪੀੜ ਨੂੰ ਸ਼ਬਦਾਂ ਦੀ ਜ਼ੁਬਾਨ ਦੇਣੀ ਲੇਖਕ ਦਾ ਪਹਿਲਾ ਫਰਜ਼ ਹੈ ਕਿ ਲਫਜ਼ ਇਸ 'ਬਦਲਦੇ ਸਮੇਂ ਦੇ ਗਵਾਹ' ਬਣ ਸਕਣ; ਸੰਤੋਖ ਸਿੰਘ ਧੀਰ ਦੀ ਕਹਾਣੀ 'ਕੋਈ ਇਕ ਸਵਾਰ' ਜਾਂ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਤੂੜੀ ਦੀ ਪੰਡ' ਵਾਂਗ। 000

***(95-C Punjab Avenue, Subhana, JALANDHAR-144 022***
***ਈਮੇਲ: bparwana@gmail.com ਫੋਨ: +91-95309-44345)***

***ਸਾਲ 2025 ਦਾ ਕੌਮਾਂਤਰੀ ਢਾਹਾਂ ਸਾਹਿਤ ਇਨਾਮ ਬਲਬੀਰ ਪਰਵਾਨਾ ਨੂੰ ਉਸਦੇ ਨਾਵਲ 'ਰੌਲਿਆਂ ਵੇਲੇ' ਉੱਤੇ ਮਿਲਿਆ ਹੈ। ਦੂਜੇ ਸਥਾਨ ਵਾਲੇ ਦੋ ਫਾਈਨਲਿਸਟ ਇਨਾਮ ਕਹਾਣੀ ਸੰਗ੍ਰਹਿ 'ਡਲਿਵਰੀ ਮੈਨ' ਲਈ ਭਗਵੰਤ ਰਸੂਲਪੁਰੀ ਅਤੇ ਨਾਵਲ 'ਗੋਇਲ' ਲਈ ਮੁਦੱਸਰ ਬਸ਼ੀਰ ਦੀ ਝੋਲੀ ਪਏ ਹਨ। ਤਿੰਨਾਂ ਹੀ ਇਨਾਮ ਜੇਤੂ ਲੇਖਕਾਂ ਨੂੰ ਬਹੁਤ ਬਹੁਤ ਮੁਬਾਰਕਬਾਦ।***

# ਗੁਰਦੇਵ ਸਿੰਘ ਸਿੱਧੂ: ਲੇਖ: ਗ਼ਦਰੀ ਐਜੂਕੇਸ਼ਨਲ ਵਜ਼ੀਫੇ

ਭਾਈ ਜੁਆਲਾ ਸਿੰਘ ਪਿੰਡ ਠੱਠੀਆਂ ਜ਼ਿਲ੍ਹਾ ਅੰਮ੍ਰਿਤਸਰ (ਜਨਮ ਸਾਲ 1866 ਈਸਵੀ), ਵੀਹਵੀਂ ਦੀ ਦੇ ਪਹਿਲੇ ਦਹਾਕੇ ਰੁਜ਼ਗਾਰ ਦੀ ਭਾਲ ਵਿਚ ਅਮਰੀਕਾ ਆਇਆ। ਉਸਦੇ ਅਮਰੀਕਾ ਪੁੱਜਣ ਬਾਰੇ ਨਿਸ਼ਚਿਤ ਮਿਤੀ ਨਹੀਂ ਮਿਲੀ ਪਰ ਲਾਹੌਰ ਸਾਜ਼ਿਸ਼ ਮੁਕੱਦਮੇ ਦੇ ਮੁਲਜ਼ਮ ਵਜੋਂ ਦਿੱਤੇ ਬਿਆਨ ਵਿਚ ਉਸ ਨੇ 13 ਸਾਲ ਪਿੱਛੋਂ ਘਰ ਮੁੜਨ ਦੀ ਗੱਲ ਆਖੀ ਹੈ। ਇਉਂ ਜੁਆਲਾ ਸਿੰਘ ਦੇ ਅਮਰੀਕਾ ਆਉਣ ਦਾ ਸਮਾਂ ਵੀਹਵੀਂ ਸਦੀ ਦੇ ਚੜ੍ਹਦੇ ਸਾਲ ਬਣਦੇ ਹਨ। ਉਸ ਵੇਲ਼ੇ ਉਸ ਦੀ ਉਮਰ ਅਨੁਮਾਨਤ 35 ਸਾਲ ਦੇ ਨੇੜ ਹੋਵੇਗੀ।ਉਹ ਕੈਲੇਫੋਰਨੀਆ ਦੇ ਇਲਾਕੇ ਵਿਚ ਖੇਤੀ ਫਾਰਮਾਂ ਉੱਤੇ ਕੰਮ ਕਰਨ ਲੱਗਾ। ਇੱਥੇ ਹੀ ਉਸ ਦੀ ਮੁਲਾਕਾਤ ਆਪਣੇ ਇਲਾਕੇ ਤੋਂ ਆਏ ਭਾਈ ਵਸਾਖਾ ਸਿੰਘ ਨਾਲ ਹੋਈ। ਦੋਵਾਂ ਦੇ ਸੁਭਾਅ ਅਤੇ ਰੁਚੀਆਂ ਇਕਸਾਰ ਹੋਣ ਕਾਰਨ ਉਹਨਾਂ ਦੀ ਮਿੱਤਰਤਾ ਹੋ ਗਈ। ਸਮਾਂ ਪਾ ਕੇ ਉਹਨਾਂ ਨੇ ਹੋਲਟ ਫਾਰਮ ਠੇਕੇ ਉੱਤੇ ਲੈ ਕੇ ਖੇਤੀ ਕਰਨੀ ਸੁਰੂ ਕੀਤੀ। ਇੱਥੇ ਹੀ ਨੌਜਵਾਨ ਭਾਈ ਸੰਤੋਖ ਸਿੰਘ ਉਹਨਾਂ ਦਾ ਸਾਥੀ ਬਣਿਆ।

ਭਾਈ ਜੁਆਲਾ ਸਿੰਘ ਇਕ ਸਧਾਰਨ ਗ਼ੈਰ-ਕਿਸਾਨੀ ਪੇਂਡੂ ਪਰਿਵਾਰ ਵਿਚੋਂ ਹੋਣ ਕਾਰਨ ਗ਼ਰੀਬੀ ਅਤੇ ਤੰਗੀ ਤੁਰਸ਼ੀ ਦਾ ਨਿੱਜੀ ਅਨੁਭਵ ਰੱਖਦਾ ਸੀ ਅਤੇ ਇਸ ਅਨੁਭਵ ਨੇ ਉਸ ਨੂੰ ਲੋੜਵੰਦਾਂ ਦਾ ਮਸੀਹਾ ਬਣਨ ਦੇ ਰਾਹ ਪਾਇਆ। ਅਮਰੀਕਾ ਜਿਹੇ ਆਜ਼ਾਦ ਦੇਸ਼ ਵਿਚ ਥੋੜ੍ਹਾ ਸਮਾਂ ਗੁਜ਼ਾਰਨ ਨਾਲ ਪ੍ਰਾਪਤ ਜੀਵਨ ਤਜਰਬੇ ਕਾਰਨ ਉਸ ਨੇ ਆਪਣੇ ਦੇਸ਼ ਦੀ ਆਜ਼ਾਦੀ ਬਾਰੇ ਸੋਚਣਾ ਸ਼ੁਰੂ ਕੀਤਾ। ਪ੍ਰਸਿੱਧ ਦੇਸ਼ ਭਗਤ ਤਾਰਿਕ ਨਾਥ ਦਾਸ ਦੇ ਸੰਪਰਕ ਨੇ ਉਸ ਨੂੰ ਆਜ਼ਾਦੀ ਪ੍ਰਾਪਤੀ ਲਈ ਅਮਲੀ ਕਾਰਗੁਜ਼ਾਰੀ ਕਰਨ ਲਈ ਪ੍ਰੇਰਤ ਕੀਤਾ।ਤਾਰਿਕ ਨਾਥ ਦਾਸ ਦੀ ਸੋਚ ਸੀ ਕਿ ਹਿੰਦੁਸਤਾਨੀ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਾਪਤੀ ਲਈ ਅਮਰੀਕਾ, ਕੈਨੇਡਾ ਆਦਿ ਮੁਲਕਾਂ ਵਿਚ ਬੁਲਾਉਣਾ ਚਾਹੀਦਾ ਹੈ ਤਾਂ ਜੋ ਆਜ਼ਾਦ ਮੁਲਕਾਂ ਵਿਚਲੇ ਰਹਿਣ ਸਹਿਣ ਤੋਂ ਉਹ ਆਪਣੇ ਮੁਲਕ ਨੂੰ ਆਜ਼ਾਦ ਕਰਵਾਉਣ ਦੀ ਪ੍ਰੇਰਨਾ ਲੈਣ। ਭਾਈ ਜੁਆਲਾ ਸਿੰਘ ਨੂੰ ਇਹ ਗੱਲ ਚੰਗੀ ਲੱਗੀ ਅਤੇ ਉਸ ਨੇ ਇਸ ਅਨੁਸਾਰ ਅਮਲ ਕਰਨ ਦਾ ਮਨ ਬਣਾ ਲਿਆ। ਇਹਨੀਂ ਦਿਨੀਂ ਭਾਈ ਜੁਆਲਾ ਸਿੰਘ ਦਾ ਮੇਲ ਮਿਲਾਪ ਸੰਤ ਤੇਜਾ ਸਿੰਘ ਨਾਲ ਵੀ ਸੀ, ਸੋ ਉਸ ਦੀ ਸਲਾਹ ਨਾਲ ਭਾਈ ਜੁਆਲਾ ਸਿੰਘ ਨੇ ਇਕ ਵਜ਼ੀਫਾ ਯੋਜਨਾ ਤਿਆਰ ਕੀਤੀ ਜਿਸ ਨੂੰ "ਗੁਰੂ ਗੋਵਿੰਦ ਸਿੰਘ ਸਾਹਿਬ ਐਜੂਕੇਸ਼ਨਲ ਸਕਾਲਰਸ਼ਿਪਸ" ਦਾ ਨਾਉਂ ਦਿੱਤਾ ਗਿਆ। ਇਸ ਵਜ਼ੀਫਾ ਯੋਜਨਾ ਦਾ ਐਲਾਨ 27 ਦਸੰਬਰ 1911 ਨੂੰ ਹੋਲਟ ਫਾਰਮ ਉੱਤੇ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪੁਰਬ ਮਨਾਉਣ ਲਈ ਹੋਈ ਇਕੱਤਰਤਾ ਸਮੇਂ ਕੀਤਾ ਗਿਆ।

### ਵਜ਼ੀਫਾ ਯੋਜਨਾ ਦਾ ਵੇਰਵਾ

"ਗੁਰੂ ਗੋਵਿੰਦ ਸਿੰਘ ਸਾਹਿਬ ਐਜੂਕੇਸ਼ਨਲ ਸਕਾਲਰਸ਼ਿਪ" ਨਾਉਂ ਦੀ ਇਸ ਵਜ਼ੀਫਾ ਯੋਜਨਾ ਅਧੀਨ ਲਿੰਗ, ਨਸਲ, ਜਾਤ ਆਦਿ ਦਾ ਭਿੰਨ ਭੇਦ ਕੀਤੇ ਬਿਨਾਂ ਚਾਰ ਵਜ਼ੀਫੇ ਦੇਣ ਦਾ ਐਲਾਨ ਸਰਦਾਰ ਜੁਆਲਾ ਸਿੰਘ ਦੇ ਨਾਉਂ ਹੇਠ ਮੂਰਲੈਂਡ (ਕੈਲੀਫੋਰਨੀਆ) ਯੂ. ਐੱਸ. ਏ. ਤੋਂ 1 ਜਨਵਰੀ 1912 ਨੂੰ ਜਾਰੀ ਇਸ਼ਤਿਹਾਰ ਦੁਆਰਾ ਕੀਤਾ ਗਿਆ। ਵਜ਼ੀਫੇ ਦੀ ਅਵਧੀ ਤਿੰਨ ਸਾਲ, ਜੋ ਵਿਸ਼ੇਸ਼ ਹਾਲਤ ਵਿਚ ਵਧਾਈ ਜਾ ਸਕਦੀ ਸੀ, ਰੱਖੀ ਗਈ। ਵਜ਼ੀਫੇ ਦੀ ਰਾਸ਼ੀ ਨਕਦ ਨਹੀਂ ਸੀ ਦਿੱਤੀ ਜਾਣੀ ਸਗੋਂ "ਗੁਰੂ ਨਾਨਕ ਦੇਵ ਵਿਦਿਆਰਥੀ ਆਸ਼ਰਮ, ਬਰਕਲੇ (ਕੈਲੀਫੋਰਨੀਆ) ਵਿਚ ਮੁਫ਼ਤ ਰਿਹਾਇਸ਼ ਅਤੇ ਖਾਣੇ ਦੀ ਸਹੂਲਤ ਦੇ ਨਾਲ ਕੱਪੜੇ, ਕਿਤਾਬਾਂ, ਸਟੇਸ਼ਨਰੀ, ਦੁਆਈਆਂ, ਡਾਕ ਖਰਚੇ ਅਤੇ ਵਿਦਿਆਰਥੀ ਜੀਵਨ ਦੇ ਹੋਰ ਖ਼ਰਚਿਆਂ ਦੀ ਪ੍ਰਤੀਪੂਰਤੀ ਤੋਂ

ਛੁੱਟ ਕਾਲਿਜ ਫੀਸ ਦੀ ਅਦਾਇਗੀ ਦੇ ਰੂਪ ਵਿਚ ਸੀ। ਇਸ ਦੇ ਨਾਲ ਨਾਲ ਕੁੱਝ ਕੁ ਜੇਬ ਖਰਚੇ ਦੀ ਵਿਵਸਥਾ ਵੀ ਰੱਖੀ ਗਈ ਸੀ। ਮੈਡੀਕਲ ਵਿਦਿਆਰਥੀਆਂ ਨੇ ਕਾਲਿਜ ਅਤੇ ਲੈਬਾਰਟਰੀ ਫੀਸ 175 ਪੌਂਡ (525 ਰੁਪਏ) ਪ੍ਰਤੀ ਸਾਲ ਆਪਣੇ ਪੱਲਿਓਂ ਭਰਨੀ ਸੀ। ਚੁਣੇ ਗਏ ਹਰ ਸਕਾਲਰ ਨੇ ਦੇਸ ਤੋਂ ਅਮਰੀਕਾ ਪਹੁੰਚਣ ਦਾ ਖਰਚ ਆਪ ਸਹਿਣ ਕਰਨਾ ਸੀ ਪਰ ਸਫਲਤਾ ਸਹਿਤ ਤਿੰਨ ਸਾਲ ਦਾ ਕੋਰਸ ਪੂਰਾ ਕਰਨ ਉਪਰੰਤ ਦੇਸ ਵਾਪਸੀ ਲਈ ਉਸ ਨੂੰ ਤੀਜੇ ਦਰਜੇ (ਲੜਕੀਆਂ ਨੂੰ ਦੂਜੇ ਦਰਜੇ) ਦਾ ਕਿਰਾਇਆ ਦੇਣ ਦੀ ਵਿਵਸਥਾ ਰੱਖੀ ਗਈ ਸੀ।

ਇਹ ਵਜ਼ੀਫੇ ਇਤਿਹਾਸ; ਅਰਥ ਸ਼ਾਸਤਰ; ਅੰਗਰੇਜ਼ੀ ਸਾਹਿਤ; ਫਰਾਂਸੀਸੀ ਸਾਹਿਤ; ਜਰਮਨ ਸਾਹਿਤ; ਜਾਪਾਨੀ ਸਾਹਿਤ; ਸਿਵਲ, ਮਕੈਨੀਕਲ ਜਾਂ ਮਾਈਨਿੰਗ ਇੰਜੀਨੀਅਰਿੰਗ; ਵਣਜ; ਸੰਗੀਤ ਅਤੇ ਮੈਡੀਸਨ ਵਿਚੋਂ ਚੋਣਵੇਂ ਵਿਸ਼ਿਆਂ ਦੀ ਪੜ੍ਹਾਈ ਕਰਕੇ ਯੂਨੀਵਰਸਿਟੀ ਆਫ਼ ਬਰਕਲੇ (ਕੈਲੀਫੋਰਨੀਆ) ਦੀ ਐੱਮ.ਏ., ਐੱਮ.ਐੱਸਸੀ, ਪੀਐੱਚ.ਡੀ., ਐੱਮ.ਡੀ ਡਿਗਰੀ ਲਈ ਦਿੱਤੇ ਜਾਣੇ ਸਨ।

ਇਹ ਸਾਰੀ ਰੂਪ ਰੇਖਾ ਬਣਾ ਕੇ University of California, Burkley ਦੇ ਪ੍ਰੈਜ਼ੀਡੈਂਟ Mr. Benjamen Arthur Wheeler ਦੀ ਪ੍ਰਵਾਨਗੀ ਲਈ ਗਈ।

ਵਜ਼ੀਫੇ ਲਈ ਦਰਖਾਸਤਾਂ ਮਿਸਿਜ਼ ਬਰਥਾ ਗੱਲ. ਸੀ. ਪੋਪ, 2708, ਵਰਜੀਨੀਆ ਸਟਰੀਟ, ਬਰਕਲੇ (ਕੈਲੀਫੋਰਨੀਆ) ਕੋਲ 15 ਮਈ 1912 ਤਕ ਪੁੱਜਦੀਆਂ ਕੀਤੇ ਜਾਣ ਦੀ ਹਦਾਇਤ ਕੀਤੀ ਗਈ ਸੀ। ਯੂਨੀਵਰਸਿਟੀ ਵਿਚ ਪੜ੍ਹਾਈ ਸਤੰਬਰ 1912 ਤੋਂ ਸ਼ੁਰੂ ਹੋਣੀ ਸੀ।[1]

ਇਹ ਇਸ਼ਤਿਹਾਰ ਪ੍ਰਕਾਸ਼ਨ ਹਿਤ ਹਿੰਦੁਸਤਾਨ ਦੀਆਂ ਪ੍ਰਮੁੱਖ ਅਖ਼ਬਾਰਾਂ ਨੂੰ ਵੀ ਭੇਜੇ ਗਏ।

**ਵਜ਼ੀਫਾ ਯੋਜਨਾ ਦਾ ਸੰਸਥਾਪਕ ਕੌਣ?**

ਇਹਨਾਂ ਵਜ਼ੀਫਿਆਂ ਦੀ ਸ਼ੁਰੂਆਤ ਬਾਰੇ ਸਾਡੇ ਵਿਦਵਾਨ ਭੁਲੇਖੇ ਦਾ ਸ਼ਿਕਾਰ ਹਨ। ਰਾਜਸੀ ਕੰਮ ਵਿਚ ਲਾਲਾ ਹਰਦਿਆਲ ਅਤੇ ਭਾਈ ਪਰਮਾ ਨੰਦ ਨੂੰ ਮੁਹਰੈਲ ਦੱਸਣ ਵਾਂਗ ਉਹ ਵਜ਼ੀਫਾ ਸਕੀਮ ਵੀ ਉਹਨਾਂ ਦੇ ਦਿਮਾਗ਼ ਦੀ ਕਾਢ ਦੱਸਦੇ ਹਨ।ਗੁਰਚਰਨ ਸਿੰਘ ਸਹਿੰਸਰਾ ਲਿਖਤ ਗਦਰ ਪਾਰਟੀ ਦਾ ਇਤਿਹਾਸ (ਪਹਿਲਾ ਹਿੱਸਾ) ਵਿਚ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੇ ਬਿਆਨ ਤੇ ਭਾਈ ਪਰਮਾ ਨੰਦ ਦੀ 'ਆਪ ਬੀਤੀ) ਨੂੰ ਆਧਾਰ ਬਣਾ ਕੇ ਲਿਖਿਆ ਗਿਆ ਹੈ, "ਲਾਲਾ ਹਰਦਿਆਲ ਨੂੰ ਏਥੋਂ ਦੇ ਹਿੰਦੀਆਂ ਨਾਲ ਇਸ ਮੇਲ ਮਿਲਾਪ ਤੋਂ ਪਤਾ ਲੱਗਾ ਕਿ ਇਹਨਾਂ ਵਿਚ ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਨਫ਼ਰਤ ਪੈਦਾ ਹੋ ਰਹੀ ਹੈ ਤੇ ਹਿੰਦੀਆਂ ਦੇ ਇਸ ਰਾਜਸੀ ਮੁਹਾਣ ਦਾ ਲਾਲਾ ਜੀ ਦੇ ਖਿਆਲਾਂ 'ਤੇ ਵੀ ਅਸਰ ਪਿਆ। ਇਸ ਸਵਾਲ ਉੱਤੇ ਭਾਈ ਪਰਮਾ ਨੰਦ, ਲਾਲਾ ਹਰਦਿਆਲ, ਸੰਤ ਤੇਜਾ ਸਿੰਘ, ਹੋਲਟਵਿਲ ਫਾਰਮ ਤੇ ਸਟਾਕਟਨ ਦੇ ਲਾਗੇ ਬੰਨੇ ਦੇ ਹਿੰਦੀਆਂ ਵਿਚ ਗੱਲਾਂ ਬਾਤਾਂ ਤੇ ਵਿਚਾਰਾਂ ਹੁੰਦੀਆਂ ਤੇ ਕੋਈ ਕੰਮ ਕਰਨ ਦਾ ਰਾਹ ਸੋਚਿਆ ਜਾਂਦਾ। ਆਖਰ ਸ੍ਰੀ ਤਾਰਕਨਾਥ ਦਾਸ ਦੀ ਲੀਹ ਅਪਣਾਉਂਦਿਆਂ ਹੋਇਆਂ ਭਾਈ ਪਰਮਾ ਨੰਦ ਦੀ ਸਲਾਹ ਨਾਲ ਇਹ ਸਾਰੇ ਇਸ ਨਤੀਜੇ 'ਤੇ ਅੱਪੜੇ ਕਿ ਦੇਸ਼ ਦੇ ਲੋਕ ਅਜੇ ਅਗਿਆਨ ਦੇ ਚਿੱਕੜ ਵਿਚ ਫਸੇ ਹੋਏ ਹਨ। ਉਹਨਾਂ ਨੂੰ ਆਜ਼ਾਦੀ ਦਾ ਗਿਆਨ ਕਰਵਾਉਣ ਲਈ ਸਿਆਣੇ ਤੇ ਗਿਆਨਵਾਨ ਬੰਦਿਆਂ ਦੀ ਲੋੜ ਹੈ ਤੇ ਇਹ ਲੋੜ ਪੜ੍ਹੇ ਲਿਖੇ ਲੋਕ ਹੀ ਪੂਰੀ ਕਰ ਸਕਦੇ ਹਨ। ਪਰ ਦੇਸ਼ ਵਿਚ ਸਰਕਾਰੀ ਤੇ ਗ਼ੈਰ ਸਰਕਾਰੀ ਸਕੂਲਾਂ ਵਿਚ ਦਿੱਤੀ ਜਾ ਰਹੀ ਪੜ੍ਹਾਈ ਆਜ਼ਾਦੀ ਦਾ ਗਿਆਨ ਨਹੀਂ ਕਰਵਾਉਂਦੀ। ਇਸ ਲਈ ਹਿੰਦੁਸਤਾਨ ਦੇ ਵਿਦਿਆਰਥੀ ਅਮਰੀਕਾ ਵਰਗੇ ਆਜ਼ਾਦ ਦੇਸ਼ ਵਿਚ ਆ ਕੇ ਪੜ੍ਹਨੇ ਚਾਹੀਦੇ ਹਨ।...ਇਹਨਾਂ ਵਿਚਾਰਾਂ ਤੋਂ ਉਪਰੰਤ ਇਹ ਫੈਸਲਾ ਲਿਆ ਗਿਆ ਕਿ ਦੇਸ਼ ਵਿਚੋਂ ਉਹ ਵਿਦਿਆਰਥੀ ਵੀ ਸੱਦੇ ਜਾਣ ਜੋ ਆਪਣੇ ਖਰਚ ਉੱਤੇ ਪੜ੍ਹਾਈ ਨਾ ਕਰ ਸਕਦੇ ਹੋਣ, ਉਹਨਾਂ ਦਾ ਖਰਚ ਅਮਰੀਕਾ ਦੇ ਹਿੰਦੀ ਚੰਦਾ ਇਕੱਠਾ ਕਰਕੇ ਦੇਣ।"[2] ਇਸ ਪ੍ਰਸੰਗ ਵਿਚ ਡਾ. ਬਿਕਰਮ ਸਿੰਘ ਘੁੰਮਣ ਵੱਲੋਂ ਇੰਨ ਬਿੰਨ ਇਹੋ ਸ਼ਬਦ ਦੁਹਰਾਉਂਦਿਆਂ ਏਨਾ ਕੁ ਹੋਰ ਵਾਧਾ

ਕੀਤਾ ਗਿਆ ਹੈ ਕਿ "ਇਸ ਕੰਮ ਲਈ "ਗੁਰੂ ਨਾਨਕ ਐਜੂਕੇਸ਼ਨਲ ਸੁਸਾਇਟੀ" ਨਾਂ ਦੀ ਸੰਸਥਾ ਕਾਇਮ ਕੀਤੀ ਗਈ।"[3]

ਗੁਰੂ ਗੋਵਿੰਦ ਸਿੰਘ ਸਾਹਿਬ ਐਜੂਕੇਸ਼ਨਲ ਸਕਾਲਰਸ਼ਿਪਸ ਦੇ ਸੰਸਥਾਪਕ ਬਾਰੇ ਸਾਡੇ ਵਿਦਵਾਨ ਫਿਰ ਭੁਲੇਖੇ ਦਾ ਸ਼ਿਕਾਰ ਹੋ ਗਏ ਹਨ। ਅਸਲੀਅਤ ਇਹ ਹੈ ਕਿ ਭਾਈ ਜੁਆਲਾ ਸਿੰਘ ਨੇ ਦਸੰਬਰ 1911 ਵਿਚ ਗੁਰਪੁਰਬ ਮਨਾਏ ਜਾਣ ਤੋਂ ਪਹਿਲਾਂ ਹੀ ਦੇਸ਼ ਵਿਚੋਂ ਹੁਸ਼ਿਆਰ ਵਿਦਿਆਰਥੀਆਂ ਨੂੰ ਅਮਰੀਕਾ ਆ ਕੇ ਪੜ੍ਹਾਈ ਕਰਨ ਦਾ ਅਵਸਰ ਦੇਣ ਲਈ ਵਜ਼ੀਫੇ ਦੇਣ ਦਾ ਮਨ ਬਣਾਇਆ ਹੋਇਆ ਸੀ, ਉਸ ਨੇ ਆਪਣਾ ਇਹ ਨਿਰਣਾ ਇਕੱਤਰਤਾ ਨਾਲ ਕੇਵਲ ਸਾਂਝਾ ਹੀ ਕੀਤਾ। ਇਸ ਤੱਥ ਦੀ ਪੁਸ਼ਟੀ ਲਈ ਸਾਡੇ ਪਾਸ ਇਕ ਨਹੀਂ, ਕਈ ਪ੍ਰਮਾਣ ਹਾਜ਼ਰ ਹਨ।

ਪਹਿਲਾ: ਆਈਸਮੋਂਗਰ ਅਤੇ ਸਲੇਟਰੀ ਦੁਆਰਾ ਲਿਖਤ ਰੀਪੋਰਟ ਵਿਚ ਵਜ਼ੀਫੇ ਦੇਣ ਵਾਲੇ ਦਾ ਨਾਉਂ "ਮੂਰਲੈਂਡ, ਕੈਲੀਫੋਰਨੀਆ, ਦਾ ਜੁਆਲਾ ਸਿੰਘ" ਦੱਸਿਆ ਗਿਆ ਹੈ।[4]

ਦੂਜਾ: "ਗਦਰ ਡਾਇਰੈਕਟਰੀ" ਦੀ Introduction ਵਿਚ Mr. C. R. Cleveland, Director Criminal Intelligence, Government of India ਦੁਆਰਾ "ਗੁਰੂ ਗੋਬਿੰਦ ਸਿੰਘ ਸਕਾਲਰਸ਼ਿਪ" ਜੁਆਲਾ ਸਿੰਘ ਵੱਲੋਂ ਦਿੱਤੇ ਗਏ ਦੱਸੇ ਹਨ।[5]

ਤੀਜਾ: ਲਾਹੌਰ ਸਾਜ਼ਿਸ਼ ਮੁਕੱਦਮੇ ਦਾ ਵਾਅਦਾ ਮਾਫ਼ ਗਵਾਹ ਨਵਾਬ ਖਾਨ ਵਜ਼ੀਫਿਆਂ ਦਾ ਨਾਉਂ ਹੀ "ਜੁਆਲਾ ਸਿੰਘ ਸਕਾਲਰਸ਼ਿਪ" ਦੱਸਦਾ ਹੈ।

ਚੌਥਾ: ਵਜ਼ੀਫਾ ਯੋਜਨਾ ਦਾ ਵਿਸਥਾਰ ਦਿੰਦੇ ਅੰਗਰੇਜ਼ੀ ਵਿਚ ਛਪੇ ਇਸ਼ਤਿਹਾਰ ਉੱਤੇ ਗੁਰਪੁਰਬ ਤੋਂ ਕੁੱਝ ਹੀ ਦਿਨ ਪਿੱਛੋਂ ਦੀ ਭਾਵ 1 ਜਨਵਰੀ 1912 ਦੀ ਤਰੀਕ ਛਪੀ ਹੋਈ ਹੈ।ਇਹ ਵਜ਼ੀਫੇ ਦੇ ਕੇ ਬੁਲਾਏ ਜਾਣ ਵਾਲੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਆਫ਼ ਬਰਕਲੇ, ਕੈਲੀਫੋਰਨੀਆ ਵਿਚ ਦਾਖਲਾ ਦਵਾਇਆ ਜਾਣਾ ਸੀ। ਇਸ ਮਨੋਰਥ ਦੀ ਯੋਜਨਾ ਬਣਾ ਕੇ ਇਸ ਦੀ ਪ੍ਰਵਾਨਗੀ ਯੂਨੀਵਰਸਿਟੀ ਦੇ ਪ੍ਰਧਾਨ ਪਾਸੋਂ ਲਈ ਗਈ ਸੀ। ਇਸ ਸਾਰਾ ਕੁੱਝ ਇਕ ਦੋ ਦਿਨਾਂ ਵਿਚ ਹੋਣ ਵਾਲਾ ਨਹੀਂ ਸੀ, ਜਿਹੜਾ ਦਸੰਬਰ ਦੇ ਆਖਰੀ ਕੁੱਝ ਦਿਨਾਂ ਵਿਚ ਨਿਪਟਾ ਲਿਆ ਜਾਂਦਾ। ਉਂਝ ਵੀ ਦਸੰਬਰ ਦੇ ਆਖਰੀ ਹਫਤੇ ਕ੍ਰਿਸਮਿਸ ਦੀਆਂ ਛੁੱਟੀਆਂ ਹੋਣ ਕਾਰਨ ਦਫ਼ਤਰ ਬੰਦ ਰਹਿੰਦੇ ਹਨ। ਇਹਨਾਂ ਸਾਰੀਆਂ ਗੱਲਾਂ ਨੂੰ ਧਿਆਨ ਗੋਚਰੇ ਰੱਖਦਿਆਂ ਇਹ ਅਨੁਮਾਨ ਲੱਗਦਾ ਹੈ ਕਿ ਗੁਰਪੁਰਬ ਮਨਾਏ ਜਾਣ ਤੋਂ ਪਹਿਲਾਂ ਹੀ ਵਜ਼ੀਫਾ ਸਕੀਮ ਦੀ ਰੂਪ ਰੇਖਾ ਬਣਾ ਕੇ ਯੂਨੀਵਰਸਿਟੀ ਪਾਸੋਂ ਇਸ ਦੀ ਪ੍ਰਵਾਨਗੀ ਲਈ ਜਾ ਚੁੱਕੀ ਸੀ।

ਵਜ਼ੀਫੇ ਲਈ ਯੋਗ ਉਮੀਦਵਾਰਾਂ ਦੀ ਚੋਣ ਕਰਨ ਲਈ ਬਣਾਈ ਕਮੇਟੀ ਵਿਚ ਭਾਈ ਜੁਆਲਾ ਸਿੰਘ ਨੂੰ ਪਦਵੀ ਕਾਰਨ (ex-officio) ਮੈਂਬਰ ਰੱਖਿਆ ਜਾਣਾ ਇਸ ਪੱਖ ਵਿਚ ਪੰਜਵਾਂ ਅਤੇ ਅਕੱਟ ਪ੍ਰਮਾਣ ਹੈ।

### ਵਜ਼ੀਫਾਖਾਰ ਵਿਦਿਆਰਥੀ

ਵਜ਼ੀਫਾ ਯੋਜਨਾ ਵਾਂਗ ਵਜ਼ੀਫਾਖਾਰ ਵਿਦਿਆਰਥੀਆਂ ਬਾਰੇ ਵੀ ਰੋਲ ਘਚੋਲਾ ਪਿਆ ਮਿਲਦਾ ਹੈ।

ਡਾ. ਭਾਗ ਸਿੰਘ ਨੇ ਲਿਖਿਆ ਹੈ, "ਆਪ (ਭਾਵ ਭਾਈ ਜੁਆਲਾ ਸਿੰਘ) ਨੇ ਚਾਰ ਵਿਦਿਆਰਥੀ ਦੇਸ਼ ਤੋਂ ਮੰਗਵਾਏ ਤਾਂ ਕਿ ਉਹਨਾਂ ਨੂੰ ਉੱਚ ਵਿਦਿਆ ਨਾਲ ਸਸ਼ੋਭਿਤ ਕਰਕੇ ਦੇਸ਼ ਸੇਵਾ ਯੋਗ ਬਣਾਇਆ ਜਾ ਸਕੇ।....ਏਹਨਾਂ ਵਿਦਿਆਰਥੀਆਂ ਵਾਸਤੇ ਕਰਾਇਆ ਵੀ ਬਾਬਾ ਜੀ ਨੇ ਆਪਣੇ ਪਾਸੋਂ ਭੇਜਿਆ ਸੀ ਤੇ ਵਿਦਿਆ ਪ੍ਰਾਪਤੀ ਵਿਚ ਵਿਤੋਂ ਵਧ ਕੇ ਉਹਨਾਂ ਦੀ ਸਹਾਇਤਾ ਕਰਦੇ ਰਹੇ। ਉਹ ਚਾਰੇ ਬਾਬਾ ਜੀ ਦੀ ਮਿਹਰਬਾਨੀ ਨਾਲ ਉੱਚ ਵਿਦਿਆ ਪ੍ਰਾਪਤ ਕਰਨ ਵਿਚ ਕਾਮਯਾਬ ਹੋਏ ਪਰ ਸ਼ੋਕ ਬਾਬਾ ਜੀ ਦੀ ਮਨਸ਼ਾ ਪੂਰੀ ਨਾ ਹੋਈ।ਉਨ੍ਹਾਂ ਵਿਚੋਂ ਇਕ ਵੀ ਰਾਜਨੀਤੀ ਦੇ ਅਮਲੀ ਮੈਦਾਨ ਵਿਚ ਕੰਮ ਕਰਦਾ ਦਿਖਾਈ ਨਹੀਂ ਦਿੰਦਾ।"[6]

ਗੁਰਚਰਨ ਸਿੰਘ ਸਹਿੰਸਰਾ ਅਨੁਸਾਰ "ਵਜ਼ੀਫਿਆਂ ਦਾ ਇੰਤਜ਼ਾਮ ਕਰਨ ਤੇ ਵਿਦਿਆਰਥੀਆਂ

ਦੀ ਦੇਖ ਭਾਲ ਵਾਸਤੇ ਅਮਰੀਕਨ ਪ੍ਰੋਫੈਸਰ ਮਿਸਟਰ ਪੋਪ, ਉਹਦੀ ਵਹੁਟੀ ਸ੍ਰੀਮਤੀ ਪੋਪ, ਲਾਲਾ ਹਰਦਿਆਲ ਤੇ ਸੰਤ ਤੇਜਾ ਸਿੰਘ ਦੀ ਇਕ ਵਿਦਿਅਕ ਕਮੇਟੀ ਬਣਾਈ ਗਈ।"[7] ਪਰ ਸ੍ਰੀ ਗੋਬਿੰਦ ਬਿਹਾਰੀ ਲਾਲ ਅਨੁਸਾਰ ਡਾ. ਆਰਥਰ ਉਫਮ ਪੋਪ (ਚੋਣ ਕਮੇਟੀ ਦਾ ਮੁਖੀ), ਲਾਲਾ ਹਰਦਿਆਲ, ਤਾਰਕਨਾਥ ਦਾਸ, ਸੰਤ ਤੇਜਾ ਸਿੰਘ ਅਤੇ ਭਾਈ ਜੁਆਲਾ ਸਿੰਘ (ਪਦਵੀ ਕਾਰਨ ਮੈਂਬਰ) ਉੱਤੇ ਆਧਾਰਿਤ ਚੋਣ ਕਮੇਟੀ ਦਾ ਗਠਨ ਕੀਤਾ ਗਿਆ।[8] ਵਜ਼ੀਫਾਖਾਰ ਵਿਦਿਆਰਥੀਆਂ ਵਿਚੋਂ ਇਕ ਹੋਣ ਕਾਰਨ ਗੋਬਿੰਦ ਬਿਹਾਰੀ ਲਾਲ ਵੱਲੋਂ ਦਿੱਤੀ ਜਾਣਕਾਰੀ ਭਰੋਸੇਮੰਦ ਮੰਨੀ ਜਾਣੀ ਚਾਹੀਦੀ ਹੈ।

"ਗੁਰੂ ਗੋਵਿੰਦ ਸਿੰਘ ਸਾਹਿਬ ਐਜੂਕੇਸ਼ਨਲ ਸਕਾਲਰਸ਼ਿੱਪਸ" ਯੋਜਨਾ ਅਧੀਨ ਜੋ ਵਿਦਿਆਰਥੀ ਚੁਣੇ ਜਾਣ ਪਿੱਛੋਂ ਅਮਰੀਕਾ ਪੜ੍ਹਨ ਲਈ ਪੁੱਜੇ, ਗੁਰਚਰਨ ਸਿੰਘ ਸਹਿੰਸਰਾ ਅਨੁਸਾਰ "ਇਹ ਸਨ ਮਦਰਾਸ ਕਾਲਜ ਦਾ ਸ਼ਰਮਾ, ਬੰਬਈ ਇੰਜੀਨੀਅਰਿੰਗ ਕਾਲਜ ਦਾ ਨੰਦ ਸਿੰਘ ਸੀਹਰਾ, ਪੂਨਾ ਫਰਗੂਸਨ ਕਾਲਜ ਦਾ ਕੋਕਟਨੂਰ ਤੇ ਦਿੱਲੀ ਦੇ ਗੋਬਿੰਦ ਬਿਹਾਰੀ ਲਾਲ"।[9] ਸਹਿੰਸਰਾ ਨੇ "ਬਾਬਾ ਜੁਆਲਾ ਸਿੰਘ ਠੱਠੀਆਂ ਅਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੀਆਂ ਸਵੈ-ਜੀਵਨੀਆਂ ਦੇ ਆਧਾਰ ਉੱਤੇ" ਲਿਖਿਆ ਹੈ ਕਿ "ਇਕ ਹੋਰ ਵਿਦਿਆਰਥੀ ਵਿਲੀਅਮ ਪਾਂਡੀਅਨ (ਮਦਰਾਸੀ) ਦਾ ਖਰਚਾ ਪ੍ਰੋਫੈਸਰ ਪੋਪ ਨੇ ਆਪਣੇ ਜ਼ੁੰਮੇ ਲਿਆ।"[10] ਗੋਬਿੰਦ ਬਿਹਾਰੀ ਲਾਲ ਨੇ ਵੀ ਵਜ਼ੀਫਾਖਾਰ ਵਿਦਿਆਰਥੀਆਂ ਬਾਰੇ ਜਾਣਕਾਰੀ ਦਿੱਤੀ ਹੈ। ਗੋਬਿੰਦ ਬਿਹਾਰੀ ਲਾਲ ਦੇ ਹਵਾਲੇ ਨਾਲ ਮਿਸ. ਇਮਲੀ ਸੀ. ਬ੍ਰਾਊਨ ਨੇ ਵਜ਼ੀਫਾਧਾਰਕਾਂ ਦੀ ਇਹ ਸੂਚੀ ਦਿੱਤੀ ਹੈ: "ਪਹਿਲਾ: ਖਾਲਸਾ ਕਾਲਜ ਅੰਮ੍ਰਿਤਸਰ ਤੋਂ ਇਕ ਸਿੱਖ ਨੰਦ ਸਿੰਘ, ਦੂਜਾ: ਬੰਬਈ ਯੂਨੀਵਰਸਿਟੀ ਦਾ ਗ੍ਰੈਜੂਏਟ ਪੂਨੇ ਤੋਂ ਯੂ. ਆਰ. ਕੋਕਟਨਰ, ਤੀਜਾ: ਮਦਰਾਸ ਤੋਂ ਕਾਨੂੰਨ ਦਾ ਗ੍ਰੈਜੂਏਟ ਐੱਸ. ਸ਼ਰਮਾ, ਚੌਥਾ: ਐਂਗਲੋ-ਓਰੀਐਂਟਲ ਕਾਲਜ ਅਲੀਗੜ੍ਹ ਤੋਂ ਮਹਿਮੂਦ, ਪੰਜਵਾਂ: ਮਦਰਾਸ ਤੋਂ ਹੀ ਹਿੰਦੀ-ਈਸਾਈ ਐੱਚ. ਈ. ਪਾਂਡੇ ਉਰਫ ਪਾਂਡੀਅਨ, ਅਤੇ ਛੇਵਾਂ: ਗੋਬਿੰਦ ਬਿਹਾਰੀ ਲਾਲ।"[11] ਅਸਲ ਵਿਚ ਕੋਕਟਨੂਰ ਚੋਣਕਾਰਾਂ ਦੀ ਪਹਿਲੀ ਚੋਣ ਨਹੀਂ ਸੀ। ਉਹਨਾਂ ਨੇ ਪੱਛਮੀ ਹਿੰਦੁਸਤਾਨ ਵਿਚੋਂ ਪਹਿਲੇ ਨੰਬਰ ਉੱਤੇ ਫਰਗੂਸਨ ਕਾਲਜ ਪੂਨਾ ਵਿਚ ਸਹਾਇਕ ਪ੍ਰੋਫੈਸਰ ਐੱਸ. ਬੀ. ਹਾਰਡਲੀਕਰ ਨੂੰ ਰੱਖਿਆ ਸੀ। ਪਰ ਕਿਉਂ ਜੋ ਇਸ ਵਜ਼ੀਫੇ ਵਾਸਤੇ ਭੇਜੀ ਅਰਜ਼ੀ ਬਾਰੇ ਕੋਈ ਹੁੰਗਾਰਾ ਮਿਲਣ ਤੋਂ ਪਹਿਲਾਂ ਹੀ ਉਹ ਜਰਮਨੀ ਜਾਣ ਦਾ ਇੰਤਜ਼ਾਮ ਕਰ ਚੁੱਕਾ ਸੀ, ਇਸ ਲਈ ਉਸ ਨੇ ਚੋਣਕਾਰਾਂ ਦੀ ਹਦਾਇਤ ਅਨੁਸਾਰ ਇਹ ਚੋਣਪੱਤਰ ਸ੍ਰੀ ਕੋਕਟਨੂਰ ਨੂੰ ਸੌਂਪ ਦਿੱਤਾ ਜੋ ਉਹਨੀਂ ਦਿਨੀਂ 'ਰਾਨਾਡੇ ਇੰਡਸਟਰੀਅਲ ਐਂਡ ਇਕਨੌਮਿਕ ਇੰਸਟੀਚਿਊਟ, ਪੂਨਾ" ਵਿਚ ਨੌਕਰੀ ਕਰ ਰਿਹਾ ਸੀ ਅਤੇ ਇਸ ਵਜ਼ੀਫੇ ਦੀ ਪ੍ਰਾਪਤੀ ਲਈ ਅਰਜ਼ੀ ਦਿੱਤੀ ਹੋਈ ਸੀ।[12] ਮਹਿਮੂਦ ਨੂੰ ਸੱਦੇ ਜਾਣ ਪਿੱਛੇ ਇਕ ਲੰਮੀ ਕਹਾਣੀ ਹੈ। ਉਸ ਨੇ ਵਜ਼ੀਫੇ ਵਾਸਤੇ ਦਰਖਾਸਤ ਦਿੱਤੀ ਸੀ ਪਰ ਉਸ ਦੀ ਚੋਣ ਨਹੀਂ ਸੀ ਹੋਈ। ਕੈਲੇਫੋਰਨੀਆ ਇਲਾਕੇ ਵਿਚ ਰਹਿੰਦੇ ਮੁਸਲਮਾਨ ਪਰਵਾਸੀਆਂ ਦਾ ਕਹਿਣਾ ਸੀ ਕਿ ਚੋਣ ਕਮੇਟੀ ਦੇ ਮੈਂਬਰ ਲਾਲਾ ਹਰਦਿਆਲ ਨੇ ਆਪਣੇ ਸਾਲ਼ੇ ਗੋਬਿੰਦ ਬਿਹਾਰੀ ਲਾਲ ਨੂੰ ਵਜ਼ੀਫਾ ਦੇਣ ਦੀ ਖਾਤਰ ਮਹਿਮੂਦ ਨੂੰ ਪਿੱਛੇ ਕਰ ਦਿੱਤਾ ਸੀ। ਇਸ ਗੱਲੋਂ ਮੁਸਲਮਾਨ ਪਰਵਾਸੀਆਂ ਦੇ ਮਨਾਂ ਵਿਚਲੇ ਰੋਸ ਨੂੰ ਦੂਰ ਕਰਨ ਲਈ ਮਹਿਮੂਦ ਨੂੰ ਵੀ ਸੱਦ ਲਿਆ ਗਿਆ। ਇਉਂ ਵਜ਼ੀਫਾਧਾਰਕਾਂ ਦੀ ਗਿਣਤੀ ਮੂਲ ਗਿਣਤੀ ਚਾਰ ਨਾਲੋਂ ਦੋ ਵਧ ਕੇ ਛੇ ਹੋ ਗਈ।

ਗਦਰ ਲਹਿਰ ਦੇ ਪੰਜਾਬੀ ਇਤਿਹਾਸਕਾਰ ਇਹਨਾਂ ਵਿਦਿਆਰਥੀਆਂ ਦੀ ਵਿਦਿਅਕ ਪ੍ਰਾਪਤੀ ਜਾਂ ਅਮਰੀਕਾ ਵਿਚ ਪੁੱਜਣ ਤੋਂ ਬਾਅਦ ਦੇ ਜੀਵਨ ਬਾਰੇ ਕੋਈ ਜਾਣਕਾਰੀ ਨਹੀਂ ਦਿੰਦੇ। ਮਹਿਮੂਦ ਦੇ ਅਗਲੇ ਜੀਵਨ ਬਾਰੇ ਤਾਂ ਕਿਸੇ ਵੀ ਹੋਰ ਵਸੀਲੇ ਤੋਂ ਜਾਣਕਾਰੀ ਉਪਲਭਦ ਨਹੀਂ। ਪਰ ਬਾਕੀਆਂ ਬਾਰੇ ਕੁੱਝ ਸੂਚਨਾ ਪ੍ਰਾਪਤ ਹੈ।

ਇਹ ਗੱਲ ਪੱਕੀ ਹੈ ਕਿ ਕੈਨੇਡਾ ਸਰਕਾਰ ਦੇ ਪ੍ਰਵਾਸ ਮਹਿਕਮੇ ਵਿਚ ਤੈਨਾਤ ਹਿੰਦੁਸਤਾਨੀ ਪਿਛੋਕੜ ਵਾਲਾ ਅਧਿਕਾਰੀ ਮਿਸਟਰ ਹਾਪਕਿਨਸਨ ਕੈਨੇਡਾ ਅਤੇ ਅਮਰੀਕਾ ਵਿਚ ਵਸਦੇ ਹਿੰਦੁਸਤਾਨੀਆਂ ਦੀਆਂ ਅੰਗਰੇਜ਼ ਸਰਕਾਰ ਵਿਰੋਧੀ ਗਤੀਵਿਧੀਆਂ ਉੱਤੇ ਨਜ਼ਰ ਰੱਖ ਰਿਹਾ ਸੀ। ਇਸ ਲਈ ਜਿਉਂ ਹੀ "ਗੁਰੂ ਗੋਵਿੰਦ ਸਿੰਘ ਸਾਹਿਬ ਐਜੂਕੇਸ਼ਨਲ ਸਕਾਲਰਸ਼ਿੱਪਸ" ਅਧੀਨ ਵਜ਼ੀਫਾਧਾਰਕ ਵਿਦਿਆਰਥੀ ਅਮਰੀਕਾ ਪੁੱਜੇ, ਮਿਸਟਰ ਹਾਪਕਿਨਸਨ ਨੇ ਉਹਨਾਂ ਨੂੰ ਪੱਟਣ ਦੀਆਂ ਕੋਸ਼ਸ਼ਾਂ ਸ਼ੁਰੂ ਕਰ ਦਿੱਤੀਆਂ। ਉਹ ਜਨਵਰੀ 1913 ਵਿਚ ਅਮਰੀਕਾ ਆਇਆ। 19 ਦਿਨਾਂ ਲਈ ਅਮਰੀਕਾ ਵਿਚ ਠਹਿਰਨ ਦੌਰਾਨ ਉਸ ਨੇ ਬਹੁਤੇ ਦਿਨ ਸਾਨ ਫ੍ਰਾਂਸਿਸਕੋ ਵਿਚ ਹੀ ਗੁਜ਼ਾਰੇ। ਉਹ ਲਾਲਾ ਹਰਦਿਆਲ ਵੱਲੋਂ ਸੰਬੋਧਤ ਮੀਟਿੰਗ ਵਿਚ ਵੀ ਸ਼ਾਮਲ ਹੋਇਆ। ਫਲਸਰੂਪ ਪਹਿਲਾਂ ਤਾਂ ਪਾਂਡੀਅਨ ਉਸ ਦੇ ਹੱਥਾਂ ਉੱਤੇ ਚੜ੍ਹ ਗਿਆ[13] ਅਤੇ ਫਿਰ ਸ਼ਰਮਾ ਅਤੇ ਕੋਕਟਨਰ ਵੀ ਉਸ ਨਾਲ ਘਿਉ ਖਿਚੜੀ ਹੋ ਗਏ। ਉਹਨਾਂ ਅਮਰੀਕਾ ਪਹੁੰਚਣ ਪਿੱਛੋਂ ਕੁੱਝ ਹੀ ਮਹੀਨਿਆਂ ਭਾਵ ਦਸੰਬਰ 1912 ਵਿਚ "The Young Indian Association" ਦਾ ਗਠਨ ਕਰ ਲਿਆ।[14] ਸ਼ਰਮਾ ਇਸ ਦਾ ਪ੍ਰਧਾਨ ਅਤੇ ਕੋਕਟਨੂਰ ਸਲਾਹਕਾਰ ਬਣਿਆ।[15] ਕੁਦਰਤੀ ਹੈ ਕਿ ਰਾਹ ਤੋਂ ਭਟਕ ਜਾਣ ਕਾਰਨ ਉਹਨਾਂ ਦਾ ਵਜ਼ੀਫਾ ਸੰਸਥਾਪਕਾਂ ਨਾਲ ਕੋਈ ਮਿਲਵਰਤਨ ਨਾ ਰਿਹਾ। ਗੋਬਿੰਦ ਬਿਹਾਰੀ ਲਾਲ, ਜੋ ਲਾਲਾ ਹਰਦਿਆਲ ਦਾ ਨਿਕਟੀ ਰਿਸ਼ਤੇਦਾਰ ਭਾਵ ਉਸ ਦੀ ਪਤਨੀ ਸੁੰਦਰ ਦਾ ਰਿਸ਼ਤੇ ਵਿਚੋਂ ਭਰਾ ਲੱਗਦਾ ਸੀ, ਲਾਲਾ ਹਰਦਿਆਲ ਦੇ ਅਮਰੀਕਾ ਰਹਿਣ ਤਕ ਲਾਲਾ ਹਰਦਿਆਲ ਦੇ ਨਾਲ ਰਿਹਾ। ਜਦ ਅਪਰੈਲ 1914 ਵਿਚ ਲਾਲਾ ਹਰਦਿਆਲ ਅਮਰੀਕਾ ਵਿਚੋਂ ਨਿਕਲ ਕੇ ਯੂਰਪ ਵੱਲ ਚਲਾ ਗਿਆ ਤਾਂ ਉਸ ਨੇ ਗੋਬਿੰਦ ਬਿਹਾਰੀ ਨੂੰ ਉਚੇਰੀ ਪੜ੍ਹਾਈ ਲਈ ਆਪਣੇ ਪਾਸ ਆਉਣ ਦਾ ਸੱਦਾ ਦਿੱਤਾ ਪਰ ਗੋਬਿੰਦ ਬਿਹਾਰੀ ਲਾਲ ਨੇ ਅਮਰੀਕਾ ਵਿਚ ਰਹਿਣ ਨੂੰ ਹੀ ਤਰਜੀਹ ਦਿੱਤੀ। ਪਹਿਲੀ ਸੰਸਾਰ ਜੰਗ ਸ਼ੁਰੂ ਹੋਣ ਪਿੱਛੋਂ ਗਦਰੀਆਂ ਨੇ ਅਮਰੀਕਾ ਵਸਦੇ ਹਿੰਦੀਆਂ ਨੂੰ ਗਦਰ ਕਰਨ ਲਈ ਦੇਸ ਵਾਪਸ ਪਹੁੰਚਣ ਲਈ ਪ੍ਰੇਰਨਾ ਸ਼ੁਰੂ ਕੀਤਾ। ਹਿੰਦੁਸਤਾਨ ਸਰਕਾਰ ਦੇ ਖੁਫ਼ੀਆ ਵਿਭਾਗ ਦੀ 20 ਅਕਤੂਬਰ 1914 ਦੀ 'ਗੁਪਤ ਰੀਪੋਰਟ' ਅਨੁਸਾਰ ਇਸ ਮਨੋਰਥ ਲਈ ਅਗਸਤ 1914 ਦੇ ਸ਼ੁਰੂ ਵਿਚ ਕੈਲੇਫੋਰਨੀਆਂ ਅਤੇ ਓਰੇਗਾਨ ਵਿਚ ਹਿੰਦੀਆਂ ਦੀਆਂ ਸਭਾਵਾਂ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਗੋਬਿੰਦ ਬਿਹਾਰੀ ਲਾਲ ਵੀ ਸ਼ਾਮਲ ਸੀ। ਸਾਰੇ ਆਗੂ ਦੇਸ਼ ਵਿਚ ਜਾ ਕੇ ਗ਼ਦਰ ਮਚਾਉਣ ਦੇ ਇਰਾਦੇ ਨਾਲ ਹਿੰਦੁਸਤਾਨ ਰਵਾਨਾ ਹੋ ਗਏ ਤਾਂ ਅਮਰੀਕਾ ਵਿਚ ਪੁਨਰ ਗਠਿਤ ਜਥੇਬੰਦੀ ਵਿਚ ਗੋਬਿੰਦ ਬਿਹਾਰੀ ਲਾਲ ਨੇ ਕੁੱਝ ਦੇਰ ਲਈ 'ਗ਼ਦਰ' ਅਖ਼ਬਾਰ ਦੇ ਐਡੀਟਰ ਦੀ ਜ਼ਿੰਮੇਵਾਰੀ ਵੀ ਨਿਭਾਈ।[16] ਉਸ ਨੂੰ ਅਮਰੀਕਾ ਵਿਚ ਚੱਲੇ ਪ੍ਰਸਿੱਧ 'ਸਾਨ ਫਰਾਂਸਿਸਕੋ ਮੁਕੱਦਮੇ' ਵਿਚ ਦੋਸ਼ੀ ਬਣਾਇਆ ਗਿਆ ਸੀ ਅਤੇ ਇਸ ਮੁਕੱਦਮੇ ਵਿਚ ਉਸ ਨੂੰ 10 ਮਹੀਨੇ ਕੈਦ ਦੀ ਸਜ਼ਾ ਹੋਈ। ਰਿਹਾਈ ਤੋਂ ਛੇਤੀ ਹੀ ਪਿੱਛੋਂ ਉਹ ਗ਼ਦਰੀ ਕਾਰਵਾਈਆਂ ਤੋਂ ਪਿੱਛੇ ਹਟਦਾ ਹੋਇਆ ਆਪਣਾ ਕੈਰੀਅਰ ਬਣਾਉਣ ਦੇ ਰਾਹ ਪੈ ਗਿਆ। ਸਮਾਂ ਪਾ ਕੇ ਉਹ 'ਸਾਨ ਫਰਾਂਸਿਸਕੋ ਐਗਜ਼ਾਮੀਨਰ' ਦਾ 'ਸਾਇੰਸ ਐਡੀਟਰ' ਬਣਿਆ ਅਤੇ 1937 ਵਿਚ ਪੱਤਰਕਾਰੀ ਦੇ ਖੇਤਰ ਵਿਚ 'ਪੁਲਿਟਜ਼ਰ ਪੁਰਸਕਾਰ' ਪ੍ਰਾਪਤ ਕਰਨ ਵਿਚ ਸਫਲ ਹੋਇਆ।

ਇਕੋ ਇਕ ਵਿਦਿਆਰਥੀ ਜੋ ਵਜ਼ੀਫਾ ਦੇਣ ਵਾਲਿਆਂ ਦੀਆਂ ਆਸਾਂ ਉਮੰਗਾਂ ਉੱਤੇ ਪੂਰਾ ਉੱਤਰਿਆ, ਉਹ ਸੀ ਛੇਵਾਂ ਵਿਦਿਆਰਥੀ ਨੰਦ ਸਿੰਘ ਸੀਹਰਾ। ਜ਼ਿਲ੍ਹਾ ਜਲੰਧਰ ਵਿਚ ਫਿਲੌਰ ਦੇ ਵਸਨੀਕ ਤਰਖਾਣ ਪਰਿਵਾਰ ਨਾਲ ਸੰਬੰਧਤ ਨੰਦ ਸਿੰਘ ਸੀਹਰਾ ਨੇ ਖਾਲਸਾ ਕਾਲਜ ਤੋਂ ਐੱਫ. ਏ. ਕਰਨ ਉਪਰੰਤ ਟੈਕਨੀਕਲ ਇੰਸਟੀਚਿਊਟ, ਬੰਬਈ ਤੋਂ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਅਤੇ ਫਿਰ ਭਾਈ ਜੁਆਲਾ ਸਿੰਘ ਵੱਲੋਂ ਸਥਾਪਤ ਵਜ਼ੀਫੇ ਲਈ ਚੁਣੇ ਜਾਣ ਉੱਤੇ ਉਹ ਅਮਰੀਕਾ ਆ ਗਿਆ। ਭਾਈ ਜੁਆਲਾ ਸਿੰਘ ਅਤੇ ਲਾਲਾ ਹਰਦਿਆਲ ਦੇ ਸੰਪਰਕ ਵਿਚ ਆ ਕੇ ਉਹ ਦੇਸ਼ ਪਿਆਰ ਦੇ ਰੰਗ ਵਿਚ ਰੰਗਿਆ ਗਿਆ ਅਤੇ ਫਿਰ ਪੜ੍ਹਾਈ ਨੂੰ ਵਿਸਾਰ ਕੇ ਦੇਸ਼ ਨੂੰ ਆਜ਼ਾਦ ਕਰਵਾਉਣ ਦੀ

ਦਿਸ਼ਾ ਵਿਚ ਸਰਗਰਮ ਹੋ ਗਿਆ। ਆਈਸਮੋਂਗਰ ਅਤੇ ਸਲੇਟਰੀ ਦੀ ਰੀਪੋਰਟ ਅਨੁਸਾਰ ਦਿੱਲੀ ਵਿਚ ਵਾਇਸਰਾਇ ਹਿੰਦ ਉੱਤੇ ਬੰਬ ਸੁੱਟੇ ਜਾਣ ਦੀ ਸੂਚਨਾ ਮਿਲਣ ਉੱਤੇ ਇਸ ਘਟਨਾ ਦਾ ਜਸ਼ਨ ਮਨਾਉਣ ਲਈ ਲਾਲਾ ਹਰਦਿਆਲ ਵੱਲੋਂ 25 ਦਸੰਬਰ 1912 ਨੂੰ ਦਿੱਤੇ ਗਏ ਰਾਤਰੀ ਭੋਜ ਵਿਚ ਨੰਦ ਸਿੰਘ ਵੀ ਸ਼ਾਮਲ ਸੀ।[17] ਜਦ ਕੈਨੇਡਾ ਵਿਚ ਵਸਦੇ ਹਿੰਦੀਆਂ ਨੇ ਦਸੰਬਰ 1912 ਦੇ ਅੰਤਲੇ ਦਿਨੀਂ ਇਕ ਮੀਟਿੰਗ ਕਰ ਕੇ ਆਪਣੇ ਦੁੱਖਾਂ ਦੀ ਨਵਿਰਤੀ ਲਈ ਇਕ ਡੈਪੂਟੇਸ਼ਨ ਓਟਵਾ ਅਤੇ ਲੰਡਨ ਭੇਜਣ ਦਾ ਫੈਸਲਾ ਕੀਤਾ ਤਾਂ ਉਹਨਾਂ ਅਮਰੀਕਾ ਵਸਦੇ ਹਿੰਦੀਆਂ ਦੇ ਪ੍ਰਤੀਨਿਧ ਵਜੋਂ ਭਾਈ ਜੁਆਲਾ ਸਿੰਘ ਨੂੰ ਸਲਾਹ ਮਸ਼ਵਰੇ ਲਈ ਸੱਦਾ ਦਿੱਤਾ।16 ਫਰਵਰੀ 1913 ਨੂੰ ਹੋਈ ਮੀਟਿੰਗ ਵਿਚ ਭਾਈ ਜੁਆਲਾ ਸਿੰਘ ਨੇ ਅਮਰੀਕਾ ਵਿਚ ਰਹਿਣ ਵਾਲੇ ਹਿੰਦੀਆਂ ਦੇ ਪ੍ਰਤੀਨਿਧ ਵਜੋਂ ਭਾਈ ਨੰਦ ਸਿੰਘ ਸੀਹਰਾ ਦਾ ਨਾਉਂ ਤਜਵੀਜ਼ ਕੀਤਾ ਜੋ ਪ੍ਰਵਾਨ ਕਰ ਲਿਆ ਗਿਆ।ਨੰਦ ਸਿੰਘ ਨੇ ਡੈਪੂਟੇਸ਼ਨ ਦੇ ਮੈਂਬਰ ਵਜੋਂ ਸਰਗਰਮੀ ਨਾਲ ਕੰਮ ਕੀਤਾ। ਜਦ ਇਹ ਡੈਪੂਟੇਸ਼ਨ ਲੰਡਨ ਤੋਂ ਪਿੱਛੋਂ ਮਦਰਾਸ ਅਤੇ ਬੰਬਈ ਹੁੰਦਾ ਹੋਇਆ ਲਾਹੌਰ ਪਹੁੰਚਿਆ ਤਾਂ 'ਟ੍ਰਿਬਿਊਨ' ਅਖ਼ਬਾਰ ਨੇ 6 ਜੁਲਾਈ ਦੇ ਅੰਕ ਵਿਚ ਨੰਦ ਸਿੰਘ ਦਾ ਇੰਟਰਵਿਊ ਪ੍ਰਕਾਸ਼ਤ ਕੀਤਾ, ਅਤੇ 'ਪੰਜਾਬੀ' ਅਖ਼ਬਾਰ ਨੇ ਨੰਦ ਸਿੰਘ ਲਿਖਤ ਇਕ ਲੰਮਾ ਲੇਖ ਛਾਪਿਆ। ਇਹ ਲੇਖ ਕਲਕੱਤੇ ਤੋਂ ਛਪਦੇ "ਮਾਡਰਨ ਰੀਵੀਊ" ਦੇ ਅਗਸਤ 1913 ਵਾਲੇ ਅੰਕ ਵਿਚ ਵੀ ਪ੍ਰਕਾਸ਼ਤ ਹੋਇਆ।ਇਸ ਡੈਪੂਟੇਸ਼ਨ ਨੇ 18 ਸਤੰਬਰ 1913 ਨੂੰ ਸ਼ਿਮਲੇ ਜਾ ਕੇ ਪੰਜਾਬ ਦੇ ਤਤਕਾਲੀਨ ਗਵਰਨਰ ਸਰ ਮਾਈਕਲ ਓਡਵਾਇਰ ਨਾਲ ਵੀ ਮੁਲਾਕਾਤ ਕੀਤੀ। ਓਡਵਾਇਰ ਨੇ ਆਪਣੀ ਪੁਸਤਕ "India As I Saw it" ਵਿਚ ਡੈਪੂਟੇਸ਼ਨ ਵਿਚ ਸ਼ਾਮਲ ਵਿਅਕਤੀਆਂ ਵਿਚੋਂ ਇਕ ਬਾਰੇ ਇਹ ਟਿੱਪਣੀ ਕੀਤੀ ਹੈ, " ...ਤੀਜੇ ਦੇ ਤੌਰ ਤਰੀਕੇ ਖਤਰਨਾਕ ਇਨਕਲਾਬੀਆਂ ਵਰਗੇ ਪ੍ਰਤੀਤ ਹੁੰਦੇ ਸਨ। ਉਹਨਾਂ ਵਾਇਸਰਾਇ ਨੂੰ ਮਿਲਣ ਦੀ ਇੱਛਾ ਜ਼ਾਹਰ ਕੀਤੀ ਅਤੇ ਮੈਂ ਉਹਨਾਂ ਨੂੰ ਵਾਇਸਰਾਇ ਵੱਲ ਭੇਜਦਿਆਂ ਵਾਇਸਰਾਇ ਨੂੰ ਇਸ ਵਿਅਕਤੀ ਬਾਰੇ ਖਾਸ ਤੌਰ ਉੱਤੇ ਸਾਵਧਾਨ ਕੀਤਾ।"[18] ਗਿਆਨੀ ਕੇਸਰ ਸਿੰਘ ਨੇ ਇਸ ਤੀਜੇ ਵਿਅਕਤੀ ਦੀ ਪਛਾਣ ਭਾਈ ਬਲਵੰਤ ਸਿੰਘ ਵਜੋਂ ਕੀਤੀ ਹੈ।[19] ਪਿੱਛੋਂ ਸੋਹਣ ਸਿੰਘ ਪੂਨੀ ਨੇ ਵੀ ਇਹ ਸ਼ਬਦ ਭਾਈ ਬਲਵੰਤ ਸਿੰਘ ਨਾਲ ਜੋੜੇ ਹਨ।[20] ਪਰ ਇੱਥੇ ਇਹ ਵਿਦਵਾਨ ਟਪਲਾ ਖਾ ਗਏ ਹਨ। ਸਹੀ ਇਹ ਹੈ ਕਿ ਓਡਵਾਇਰ ਦੇ ਇਹ ਸ਼ਬਦ ਭਾਈ ਨੰਦ ਸਿੰਘ ਸੀਹਰਾ ਵੱਲ ਸੰਕੇਤਕ ਸਨ ਨਾ ਕਿ ਭਾਈ ਬਲਵੰਤ ਸਿੰਘ ਵੱਲ। ਓਡਵਾਇਰ ਦੇ ਅਗਲੇ ਵਾਕ, ਜੋ ਇਸ ਵਿਅਕਤੀ ਦੀ ਹੋਰ ਪਛਾਣ ਦਿੰਦੇ ਹਨ, ਇਸ ਬਾਰੇ ਕੋਈ ਸ਼ੱਕ ਨਹੀਂ ਰਹਿਣ ਦਿੰਦੇ। ਓਡਵਾਇਰ ਅੱਗੇ ਲਿਖਦਾ ਹੈ, "ਜਿਸ ਆਦਮੀ ਬਾਰੇ ਮੈਂ ਲਾਰਡ ਹਾਰਡਿੰਗ ਨੂੰ ਚੌਕਸ ਕੀਤਾ ਸੀ, ਉਹ ਹਰਦਿਆਲ ਦਾ ਬਹੁਤ ਹੀ ਵਿਸ਼ਵਾਸਪਾਤਰ ਨਿਕਲਿਆ। ਉਹ 25 ਦਸੰਬਰ 1912 ਨੂੰ ਦੋ ਦਿਨ ਪਹਿਲਾਂ ਲਾਰਡ ਹਾਰਡਿੰਗ ਉੱਪਰ ਹੋਏ ਹਮਲੇ ਨੂੰ ਵਡਿਆਉਣ ਲਈ ਸਾਨ ਫਰਾਂਸਿਸਕੋ ਵਿਚ ਦਿੱਤੇ ਗਏ ਭੋਜ ਸਮੇਂ ਮੁਹਰੈਲੀਆਂ ਵਿਚੋਂ ਸੀ। ਫਿਰ ਵੀ ਕੁੱਝ ਮਹੀਨੇ ਪਿੱਛੋਂ ਇਹੋ 'ਬਦਮਾਸ਼' ਇਕ ਅਮਨ ਡੈਲੀਗੇਟ ਦੇ ਭੇਸ ਵਿਚ ਲਾਰਡ ਹਾਰਡਿੰਗ ਸਾਹਮਣੇ ਪੇਸ਼ ਹੋਇਆ।"[21] ਕਿਉਂ ਜੋ ਲਾਲਾ ਹਰਦਿਆਲ ਵੱਲੋਂ ਦਿੱਤੀ ਗਈ ਪਾਰਟੀ ਵਿਚ ਭਾਈ ਨੰਦ ਸਿੰਘ ਹੀ ਸ਼ਾਮਲ ਹੋਇਆ ਸੀ, ਜਿਸ ਦਾ ਜ਼ਿਕਰ ਪਹਿਲਾਂ ਕੀਤਾ ਜਾ ਚੁੱਕਾ ਹੈ, ਇਸ ਲਈ ਕੋਈ ਸੰਦੇਹ ਨਹੀਂ ਕਿ ਇਥੇ ਓਡਵਾਇਰ 'ਬਦਮਾਸ਼' ਵਿਸ਼ੇਸ਼ਣ ਭਾਈ ਨੰਦ ਸਿੰਘ ਲਈ ਹੀ ਵਰਤ ਰਿਹਾ ਹੈ। ਇਹ ਡੈਪੂਟੇਸ਼ਨ ਮਾਰਚ 1914 ਤਕ ਹਿੰਦੁਸਤਾਨ ਵਿਚ ਰਿਹਾ। ਹਿੰਦੁਸਤਾਨ ਸਰਕਾਰ ਦੇ ਖ਼ੁਫ਼ੀਆ ਵਿਭਾਗ ਦੀ 20 ਅਕਤੂਬਰ 1914 ਦੀ 'ਗੁਪਤ ਰੀਪੋਰਟ' ਅਨੁਸਾਰ ਅਕਤੂਬਰ 1914 ਦੌਰਾਨ ਭਾਈ ਨੰਦ ਸਿੰਘ ਕੈਨੇਡਾ ਵਿਚ ਹੀ ਸੀ ਅਤੇ ਉਸ ਨੇ ਕੈਨੇਡਾ ਸਰਕਾਰ ਪਾਸੋਂ 'ਕੈਨੇਡਾ ਵਸਦੇ ਹਿੰਦੀਆਂ ਨੂੰ ਸ਼ਾਂਤ ਕਰਨ ਲਈ' ਛੇ ਮਹੀਨੇ ਕੈਨੇਡਾ ਵਿਚ ਰਹਿਣ ਦੀ ਆਗਿਆ ਮੰਗੀ ਸੀ। ਰੀਪੋਰਟ ਅਨੁਸਾਰ "ਬਰਕਲੇ ਦਾ ਵਿਦਿਆਰਥੀ ਹੋਣ ਵਜੋਂ ਨੰਦ ਸਿੰਘ ਹਰਦਿਆਲ ਦਾ ਪਿਛਲੱਗ ਸੀ ਅਤੇ ਉਸ ਦਾ ਪ੍ਰਭਾਵ ਵੀ ਡੈਪੂਟੇਸ਼ਨ ਦੇ ਇਕ ਹੋਰ ਮੈਂਬਰ ਬਲਵੰਤ

ਸਿੰਘ, ਜਿਸ ਨੇ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਲਈ ਪਸਤੌਲ ਖ਼ਰੀਦੇ ਸਨ, ਨਾਲੋਂ ਚੰਗਾ ਹੋਣ ਦੀ ਸੰਭਾਵਨਾ ਨਹੀਂ ਸੀ।" ਹਾਪਕਿਨਸਨ ਵੀ ਨੰਦ ਸਿੰਘ ਦੀ ਲਾਲਾ ਹਰਦਿਆਲ ਨਾਲ ਨੇੜਤਾ ਹੋਣ ਦੀ ਪੁਸ਼ਟੀ ਇਹਨਾਂ ਸ਼ਬਦਾਂ ਵਿਚ ਕਰਦਾ ਹੈ, "ਡੈਲੀਗੇਸ਼ਨ ਦਾ ਇਕ ਮੈਂਬਰ ਨੰਦ ਸਿੰਘ ਪੰਜਾਬ ਪ੍ਰਾਂਤ ਤੋਂ ਹੈ ਜੋ ਪਿਛਲੇ ਸਾਲ ਕਿਸੇ ਸਮੇਂ ਸਨ ਫਰਾਂਸਿਸਕੋ ਆਇਆ ਸੀ। ਉਸ ਸ਼ਹਿਰ ਦੀ ਆਪਣੀ ਪਿਛਲੀ ਫੇਰੀ, ਜਿਸ ਬਾਰੇ ਮੈਂ ਪਹਿਲਾਂ ਹੀ ਤੁਹਾਨੂੰ ਦੱਸ ਚੁੱਕਾ ਹਾਂ, ਦੌਰਾਨ ਮੈਂ ਪੱਕ ਕੀਤਾ ਸੀ ਕਿ ਉਹ ਹਰਦਿਆਲ ਨੂੰ ਬਹੁਤ ਹੀ ਸਹਾਇਤਾ ਦੇਣ ਵਾਲੇ ਵਿਦਿਆਰਥੀਆਂ ਵਿਚੋਂ ਹੈ।"[22]

ਗਦਰ ਡਾਇਰੈਕਟਰੀ ਇਸ ਵਜ਼ੀਫਾ ਸਕੀਮ ਅਧੀਨ ਇਕ ਹੋਰ ਵਿਦਿਆਰਥੀ ਦੇ ਅਮਰੀਕਾ ਆਉਣ ਦੀ ਦੱਸ ਪਾਉਂਦੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਵਿਦਿਆਰਥੀ ਸੀ ਪਿੰਡ ਗੁੱਜਰਵਾਲ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਡਾਕਟਰ ਹੀਰਾ ਸਿੰਘ, ਜੋ ਕਿਸੇ ਸਮੇਂ ਰਾਵਲਪਿੰਡੀ ਵਿਚ ਸਹਾਇਕ ਹਾਊਸ ਸਰਜਨ ਵਜੋਂ ਤੈਨਾਤ ਸੀ, ਦਾ ਪੁੱਤਰ ਸ਼ਿਵਦੇਵ ਸਿੰਘ। ਸ਼ਿਵਦੇਵ ਸਿੰਘ ਨੇ ਸਰਕਾਰੀ ਕਾਲਿਜ ਲਾਹੌਰ ਤੋਂ ਸਾਇੰਸ ਵਿਸ਼ਿਆਂ ਨਾਲ ਗ੍ਰੈਜੂਏਸ਼ਨ ਕੀਤੀ ਸੀ ਅਤੇ ਉਹ "ਗੁਰੂ ਗੋਵਿੰਦ ਸਿੰਘ ਸਾਹਿਬ ਐਜੂਕੇਸ਼ਨਲ ਸਕਾਲਰਸ਼ੈੱਪ" ਪ੍ਰਾਪਤ ਕਰ ਕੇ 1912 ਵਿਚ ਬਰਕਲੇ ਯੂਨੀਵਰਸਿਟੀ ਵਿਚ ਪੜ੍ਹਨ ਲਈ ਅਮਰੀਕਾ ਆਇਆ। ਉਸ ਦੇ ਲਾਲਾ ਹਰਦਿਆਲ ਦੇ ਅਤਿ ਨਿਕਟਵਰਤੀ ਹੋਣ ਦਾ ਪਤਾ ਇਸ ਤੱਥ ਤੋਂ ਲੱਗਦਾ ਹੈ ਕਿ 25 ਦਸੰਬਰ 1912 ਨੂੰ ਦਿੱਲੀ ਵਿਚ ਵਾਇਸਰਾਇ ਉੱਤੇ ਸੁੱਟੇ ਗਏ ਬੰਬ ਦੀ ਖ਼ੁਸ਼ੀ ਵਿਚ ਲਾਲਾ ਹਰਦਿਆਲ ਵੱਲੋਂ ਦਿੱਤੇ ਰਾਤ ਦੇ ਖਾਣੇ ਵਿਚ ਬੁਲਾਏ ਚਾਰ ਵਿਅਕਤੀਆਂ ਵਿਚੋਂ ਇਕ ਸੀ।[23] ਪਰ ਸ੍ਰੀ ਗੋਬਿੰਦ ਬਿਹਾਰੀ ਲਾਲ ਵੱਲੋਂ ਦਿੱਤੀ ਜਾਣਕਾਰੀ ਵਿਚ ਉਸ ਦਾ ਜ਼ਿਕਰ ਨਾ ਹੋਣ ਤੋਂ ਗ਼ਦਰ ਡਾਇਰੈਕਟਰੀ ਦੀ ਸੂਚਨਾ ਸ਼ੱਕੀ ਪ੍ਰਤੀਤ ਹੁੰਦੀ ਹੈ। ਇਹ ਸ਼ਿਵਦੇਵ ਸਿੰਘ ਉਹ ਹੀ ਹੋ ਸਕਦਾ ਹੈ ਜਿਸ ਬਾਰੇ ਬਾਬਾ ਹਰਨਾਮ ਸਿੰਘ 'ਟੁੰਡੀਲਾਟ' ਨੇ ਦੱਸਿਆ ਹੈ ਕਿ "ਗ਼ਦਰ ਅਖ਼ਬਾਰ ਦੇ ਜਾਰੀ ਹੋਣ ਦੇ ਦੂਸਰੇ ਤੀਸਰੇ ਮਹੀਨੇ ਪਿੱਛੋਂ ਹੀ ਸ਼ਿਵਦੇਵ ਸਿੰਘ ਸਿਆਲਕੋਟੀ, ਬੂਟਾ ਸਿੰਘ ਰਈਸ ਦਾ ਭਾਣਜਾ, ਫਰਾਂਸਿਸਕੋ ਦੇ ਅੰਗਰੇਜ਼ੀ ਸਫੀਰ ਪਾਸੋਂ ਪੈਸੇ ਲੈ ਕੇ ਗ਼ਦਰ ਪਾਰਟੀ ਦੀ ਜਾਸੂਸੀ ਕਰਨ ਲੱਗ ਪਿਆ ਸੀ।...ਲਾਲਾ ਹਰਦਿਆਲ ਦੇ ਬਰਲਨ ਚਲੇ ਜਾਣ ਪਿੱਛੋਂ ਸ਼ਿਵਦੇਵ ਸਿੰਘ ਵੀ ਉਸ ਦੀ ਜਾਸੂਸੀ ਕਰਨ ਗਿਆ ਸੀ।" ਜਾਪਦਾ ਹੈ ਕਿ ਬਰਤਾਨਵੀ ਹਿੰਦੁਸਤਾਨ ਦੀ ਸਰਕਾਰ ਨੇ ਗ਼ਦਰ ਪਾਰਟੀ ਅਤੇ ਲਾਲਾ ਹਰਦਿਆਲ ਦੀਆਂ ਗਤੀਵਿਧੀਆਂ ਦਾ ਭੇਦ ਲੈਣ ਵਾਸਤੇ ਇਸ ਵਿਅਕਤੀ ਨੂੰ 'ਅਖੌਤੀ' ਵਜ਼ੀਫਾਖਾਰ ਵਿਦਿਆਰਥੀ ਬਣਾ ਕੇ ਅਮਰੀਕਾ ਭੇਜਿਆ ਹੋਵੇਗਾ।

### ਵਜ਼ੀਫਾ ਸਕੀਮ ਸਿਥਲ ਹੋਈ

"ਗੁਰੂ ਗੋਵਿੰਦ ਸਿੰਘ ਸਾਹਿਬ ਐਜੂਕੇਸ਼ਨਲ ਸਕਾਲਰਸ਼ਿਪ" ਦੇ ਕੇਵਲ ਸਾਲ 1912 ਦੇ ਦਾਖ਼ਲੇ ਲਈ ਹੀ ਵਿਦਿਆਰਥੀ ਬੁਲਾਏ ਗਏ, ਇਸ ਤੋਂ ਅੱਗੇ ਇਹ ਯੋਜਨਾ ਅਮਲ ਵਿਚ ਨਾ ਰਹਿ ਸਕੀ। ਇਸ ਯੋਜਨਾ ਦੇ ਫੇਲ੍ਹ ਹੋ ਜਾਣ ਬਾਰੇ "ਬਾਬਾ ਜੁਆਲਾ ਸਿੰਘ ਠੱਠੀਆਂ ਅਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੇ ਹੱਥੀਂ ਲਿਖੇ ਬਿਆਨ" ਦੇ ਹਵਾਲੇ ਨਾਲ ਸਹਿੰਸਰਾ ਨੇ ਲਿਖਿਆ ਹੈ, "1912 ਵਿਚ ਅਮਰੀਕਨ ਚੋਣਾਂ ਸਨ। ਇਹ ਵਪਾਰ ਦੀ ਠੱਲ੍ਹ ਦਾ ਸਾਲ ਸੀ। ਭਾਈ ਜੁਆਲਾ ਸਿੰਘ ਦੇ ਫਾਰਮ ਦੇ ਲੱਖਾਂ ਬੋਰੀਆਂ ਆਲੂ ਵਿਕਣੋਂ ਰਹਿ ਗਏ। ਮੰਦਵਾੜਾ ਆ ਗਿਆ। ਖੂੰਜੇ ਖਰਲੇ ਫਰੋਲ ਕੇ ਠੇਕਾ ਤਾਂ ਭਰ ਦਿੱਤਾ ਪਰ ਹੋਰ ਖਰਚ ਖਲੋ ਗਏ। ਵਜ਼ੀਫਿਆਂ ਲਈ ਦਿੱਤਾ ਡਾਲਰ ਲਾਲਾ ਜੀ ਨੇ ਵਿਦਿਆਰਥੀ-ਘਰ (ਸਟੂਡੈਂਟ ਹੋਮ) ਬਣਾਉਣ ਉੱਤੇ ਹੀ ਖਰਚ ਕਰ ਦਿੱਤਾ, ਆਏ ਵਿਦਿਆਰਥੀਆਂ ਲਈ ਖਰਚ ਕਰਨ ਦੀ ਰਕਮ ਉਸੇ ਤਰ੍ਹਾਂ ਖੜ੍ਹੀ ਸੀ। ਭਾਈ ਜੁਆਲਾ ਸਿੰਘ ਵਜ਼ੀਫਿਆਂ ਦੀ ਉਗਰਾਹੀ ਵਾਸਤੇ ਚੜ੍ਹੇ, ਔਰੇਗਨ ਤੇ ਕੈਨੇਡਾ ਤਕ ਗਏ, ਪਰ ਹਿੰਦੀਆਂ ਨੇ ਇਹਨਾਂ ਵਜ਼ੀਫਿਆਂ ਦੀ ਸਕੀਮ ਦੀ ਸਹਾਇਤਾ ਕਰਨ ਵੱਲ ਬਹੁਤ ਘੱਟ ਧਿਆਨ ਦਿੱਤਾ, ਬਾਬਾ ਸੋਹਣ ਸਿੰਘ ਤੇ ਪੰਡਤ ਕਾਂਸ਼ੀ ਰਾਮ ਦੇ ਗੜ੍ਹ ਪੋਰਟਲੈਂਡ ਤੋਂ ਕੁੱਝ ਵੀ ਨਾ ਉਗਰਿਆ। ਕੈਨੇਡਾ ਤੋਂ

ਵੀ ਬਹੁਤ ਘੱਟ ਰਕਮ ਹੱਥ ਲੱਗੀ।ਸੰਤ ਤੇਜਾ ਸਿੰਘ ਦੀ ਭਾਈ ਜੁਆਲਾ ਸਿੰਘ ਤੇ ਲਾਲਾ ਹਰਦਿਆਲ ਨਾਲ ਵਿਗੜ ਗਈ, ਇਸ ਅਜੋੜ ਨੇ ਵੀ ਵਜ਼ੀਫਿਆਂ ਦੀ ਸਕੀਮ ਦੀ ਹਮਾਇਤ ਨੂੰ ਘਟਾ ਦਿੱਤਾ। ਵਿਦਿਅਕ ਕਮੇਟੀ ਵੀ ਟੁੱਟ ਗਈ ਤੇ ਭਾਈ ਜੁਆਲਾ ਸਿੰਘ ਨੇ ਵਜ਼ੀਫਿਆਂ ਦਾ ਕੰਮ ਆਪਣੇ ਹੀ ਜ਼ੁੰਮੇ ਲੈ ਲਿਆ। "[24]

ਸਹਿੰਸਰਾ ਦੀ ਉਪਰੋਕਤ ਦਲੀਲ ਪੂਰੀ ਤਰ੍ਹਾਂ ਕਾਇਲ ਨਹੀਂ ਕਰਦੀ। ਬਾਬਾ ਜੁਆਲਾ ਸਿੰਘ ਅਤੇ ਹੋਲਟ ਖੇਤੀ ਫਾਰਮ ਦੀ ਆਰਥਿਕਤਾ ਵਿਚ ਆਈ ਖੜੋਤ ਵਜ਼ੀਫਿਆਂ ਦੀ ਲੜੀ ਟੁੱਟਣ ਦੇ ਕਾਰਨਾਂ ਵਿਚੋਂ ਇਕ ਕਾਰਨ ਤਾਂ ਹੋ ਸਕਦੀ ਹੈ, ਇਕੋ ਇਕ ਕਾਰਨ ਨਹੀਂ। ਇਸ ਦਾ ਵੱਡਾ ਕਾਰਨ ਭਾਈ ਜੁਆਲਾ ਸਿੰਘ ਨੂੰ ਵਜ਼ੀਫਾ ਪ੍ਰਾਪਤ ਕਰ ਕੇ ਅਮਰੀਕਾ ਆਉਣ ਵਾਲੇ ਵਿਦਿਆਰਥੀਆਂ ਦੇ ਵਿਹਾਰ ਤੋਂ ਨਿਰਾਸ਼ਾ ਵੀ ਹੋ ਸਕਦੀ ਹੈ। ਅਗਲੇ ਸਾਲ ਦੇ ਵਜ਼ੀਫਿਆਂ ਲਈ ਇਸ਼ਤਿਹਾਰ ਸਾਲ 1912 ਵਿਚ ਦਿੱਤਾ ਜਾਣਾ ਸੀ ਪਰ ਇਹ ਸਾਲ ਚੜ੍ਹਨ ਤੋਂ ਪਹਿਲਾਂ ਹੀ ਪਹਿਲੇ ਸਾਲ ਦੇ ਵਜ਼ੀਫਾਖਾਰ ਵਿਦਿਆਰਥੀ ਆਪਣੇ ਰੰਗ ਖਲੇਰਨ ਲੱਗ ਪਏ ਸਨ।ਇਉਂ, ਸੰਭਵ ਹੈ, ਮਨੋਰਥ ਦੀ ਪ੍ਰਾਪਤੀ ਨਾ ਹੁੰਦੀ ਵੇਖ ਭਾਈ ਜੁਆਲਾ ਸਿੰਘ ਨੇ ਇਸ ਸਕੀਮ ਨੂੰ ਛੱਡ ਦੇਣਾ ਹੀ ਬਿਹਤਰ ਸਮਝਿਆ ਹੋਵੇ।000

**ਹਵਾਲੇ:**


1. ਅੰਗਰੇਜ਼ੀ ਵਿਚ ਛਪਿਆ ਇਸ਼ਤਿਹਾਰ
2. ਆਤਮ ਕਥਾ ਸੰਤ ਬਾਬਾ ਵਸਾਖਾ ਸਿੰਘ, ਪੰਨਾ 40
3. ਗਦਰੀ ਬਾਬਾ ਵਸਾਖਾ ਸਿੰਘ (ਜੀਵਨੀ), ਪੰਨਾ 47
4. ਪੰਨਾ 16 ਅਤੇ ਪੰਨਾ 167
5. ਪੰਨਾ 5 ਅਤੇ ਪੰਨਾ 38
6. ਜੀਵਨੀ ਸ਼ਹੀਦ ਬਾਬਾ ਜੁਆਲਾ ਸਿੰਘ ਜੀ,, ਪੰਨਾ 14-15
7. ਗੁਰਚਰਨ ਸਿੰਘ ਸੈਂਸਰਾ ਦੁਆਰਾ 'ਗਦਰ ਪਾਰਟੀ ਦਾ ਇਤਿਹਾਸ' (ਭਾਗ ਪਹਿਲਾ), ਪੰਨਾ 41
8. Hardayal: Hindu Revolutionary and Rationalist, Emily C. Brown
9. ਉਹੀ ਸਥਾਨ
10. ਉਹੀ ਸਥਾਨ
11. ਉਹੀ ਪੁਸਤਕ, ਪੰਨਾ
12. ਗ੍ਰਹਿ ਰਾਜਸੀ 37-39ਬੀ, ਅਗਸਤ 1913
13. British Intellegence and the Defence of British Empire 1904-24 by Rich Poppliwett.
14. Emily C. Brown, ibid, p.
15. ਹੋਮ ਪੁਲਿਟੀਕਲ 37-39 ਬੀ, ਅਗਸਤ 1913
16. ਗੁਰਚਰਨ ਸਿੰਘ ਸੈਂਸਰਾ, ਉਹੀ ਪੁਸਤਕ, ਪੰਨਾ 258
17. ਪੰਨਾ 17
18. ਪੰਨਾ 191
19. Canadian Sikhs (Part I) and Komagata Maru Massacre, P.
20. ਕੈਨੇਡਾ ਦੇ ਗਦਰੀ ਯੋਧੇ, ਪੰਨਾ 111
21. ਉਹੀ ਸਥਾਨ
22. ਐਚ. ਪੀ. ਅਗਸਤ 1913, ਨੰਬਰ 37-39ਬੀ, ਹਾਪਕਿਨਸਨ ਵੱਲੋਂ ਕੈਨੇਡਾ ਸਰਕਾਰ ਦੇ ਇਨਟੀਰੀਅਰ ਮਹਿਕਮੇ ਵੱਲ 29 ਅਪ੍ਰੈਲ 1913 ਨੂੰ ਲਿਖਿਆ ਖਤ)
23. ਉਹੀ ਪੁਸਤਕ, ਪੰਨਾ 156
24. ਉਹੀ ਪੁਸਤਕ, ਪੰਨਾ 41



***(3154, ਸੈਕਟਰ 71, ਐੱਸ ਏ ਐੱਸ ਨਗਰ (ਮੁਹਾਲੀ)-160 071***
***ਈਮੇਲ: gssidhu03@gmail.com ਫੋਨ: +91-98170-49417)***

# ਵਰਿਆਮ ਸਿੰਘ ਸੰਧੂ ਦੀ ਕਾਵਿ-ਉਡਾਰੀ 'ਵਰ੍ਹਿਆਂ ਪਿੱਛੋਂ'

## ਰਾਜਿੰਦਰਪਾਲ ਸਿੰਘ

*ਦਰਵਾਜ਼ਾ ਬੜਾ ਛੋਟਾ ਸੀ, ਤੇ ਯਾਰਾਂ ਦਾ ਕੱਦ ਬਹੁਤ ਉੱਚਾ*
*ਦੋਸ਼ ਨੀਵੀਂ ਚੌਗਾਠ ਦਾ ਵੀ ਸੀ, ਤੇ ਉੱਚੇ ਕੱਦ ਦਾ ਵੀ*
*ਥਲਾਂ ਨੂੰ ਗਾਹੁਣ ਵਾਲੇ ਬਲੋਚਾਂ ਦੀ ਯਾਰੀ*
*ਸ਼ਹਿਰ ਦੀਆਂ ਭੀੜੀਆਂ ਗਲੀਆਂ ਸੰਗ*
*ਕਦੀ ਤੋੜ ਨਹੀਂ ਚੜ੍ਹਦੀ, ਕਦੀ ਪੁੱਗ ਨਹੀਂ ਸਕਦੀ*

ਵਰਿਆਮ ਸਿੰਘ ਸੰਧੂ ਸੋਹਣਾ, ਸੁਨੱਖਾ, ਸੁਹਿਰਦ, ਸਾਹਿਤਕ ਅਤੇ ਸਰੀਰਕ ਪੱਖੋਂ ਉੱਚੇ ਕੱਦ ਦਾ ਵਿਅਕਤੀ ਹੈ। ਉਸਦੀ ਦਸਤਾਰ, ਗੁਫ਼ਤਾਰ ਅਤੇ ਰਫ਼ਤਾਰ ਤਿੰਨਾਂ ਵਿਚ ਸਹਿਜ, ਸੁਹਜ ਅਤੇ ਰਵਾਨਗੀ ਹੈ। ਉਸ ਉਪਰ ਕੁਝ ਗੁਰਬਖਸ਼ ਸਿੰਘ ਪ੍ਰੀਤ ਲੜੀ ਦਾ ਪ੍ਰਭਾਵ ਸੀ ਪਰ ਵਧੇਰੇ ਸੋਹਣ ਸਿੰਘ ਸੀਤਲ ਦਾ ਵੀ ਹੈ। ਉਹ ਲੇਖਕ ਹੀ ਨਹੀਂ ਸਗੋਂ ਵਧੀਆ ਬੁਲਾਰਾ ਅਤੇ ਖ਼ੂਬਸੂਰਤ ਸ਼ਖ਼ਸੀਅਤ ਦਾ ਮਾਲਕ ਵੀ ਹੈ। ਉਹ ਸੱਚਮੁੱਚ ਦਾ ਬਹੁਵਿਧਾਈ ਲੇਖਕ ਹੈ। ਉਸ ਨੇ ਕਹਾਣੀ, ਜੀਵਨੀ, ਸਵੈ-ਜੀਵਨੀ, ਯਾਦਾਂ, ਸ਼ਬਦ ਚਿੱਤਰ, ਸਫਰਨਾਮੇ, ਲੇਖ, ਨਿਬੰਧ ਲਿਖੇ ਅਤੇ ਅਲੋਚਨਾ ਕੀਤੀ ਹੈ। ਭਾਵੇਂ ਉਸ ਦਾ ਕਹਾਣੀਕਾਰ ਵਜੋਂ ਨਾਂ ਵਧੇਰੇ ਪ੍ਰਸਿੱਧ ਹੈ ਪਰ ਬਾਕੀ ਵਿਧਾਵਾਂ ਵਿਚ ਵੀ ਕਲਾਤਮਕ ਅਤੇ ਵਿਚਾਰਾਤਮਕ ਪੱਖੋਂ ਉੱਚ ਪਾਏ ਦਾ ਲਿਖਿਆ ਹੈ। ਉਸ ਨੇ ਲਗਪਗ ਪੰਜਾਬੀ ਦੀਆਂ ਸਾਰੀਆਂ ਵਿਧਾਵਾਂ ਵਿਚ ਹੀ ਰਚਨਾ ਕੀਤੀ ਹੈ, ਕੇਵਲ ਨਾਟਕ ਅਤੇ ਨਾਵਲ ਨਹੀਂ ਲਿਖੇ, ਹਾਲਾਂਕਿ ਉਸ ਦੀਆਂ ਕਹਾਣੀਆਂ ਉੱਪਰ ਨਾਟਕ ਅਤੇ ਫਿਲਮਾਂ ਵੀ ਬਣੀਆਂ ਹਨ ਅਤੇ ਉਸ ਦੀਆਂ ਕਈ ਕਹਾਣੀਆਂ ਵਿਸ਼ਾ ਅਤੇ ਵਿਧਾ ਪੱਖੋਂ ਨਾ ਸਹੀ ਪਰ ਆਕਾਰ ਪੱਖੋਂ ਨਾਵਲ ਨਹੀਂ ਤਾਂ ਨਾਵਲਿਟ ਵਰਗੀਆਂ ਜ਼ਰੂਰ ਹਨ। ਉਸ ਨੇ ਵਿਅੰਗ ਨਹੀਂ ਲਿਖਿਆ ਪਰ ਉਸ ਦੀ ਬੋਲਚਾਲ ਵਿਚ ਟਿੱਚਰ ਸ਼ਾਮਲ ਹੈ, ਹੋਰ ਤੇ ਹੋਰ ਉਸਨੇ ਹਾਈਕੂ ਅਤੇ ਮਿੰਨੀ ਕਹਾਣੀ ਵਰਗੀ ਵਿਧਾ ਵਿਚ ਵੀ ਨਮੂਨੇ ਵਜੋਂ ਰਚਨਾ ਕੀਤੀ ਹੈ। ਉਹ ਖੁਦ ਚੰਗਾ ਸੰਪਾਦਕ ਵੀ ਹੈ, ਕੇਵਲ ਉਸਨੇ 'ਜੁਝਾਰ' ਹੀ ਨਹੀਂ ਕੱਢਿਆ ਸਗੋਂ ਬਹੁਤ ਸਾਰੀਆਂ ਪੁਸਤਕਾਂ ਦਾ ਵੀ ਸੰਪਾਦਨ ਕੀਤਾ ਹੈ ਅਤੇ 'ਸੀਰਤ' ਦਾ ਵੀ ਸੰਪਾਦਕ ਹੈ।

ਉਸ ਨੇ ਸਾਰੀ ਉਮਰ ਬੇਦਾਗ਼ ਜੀਵਨ ਜੀਵਿਆ ਹੈ। ਉਸ ਦਾ ਜਨਮ ਖੇਤੀਬਾੜੀ ਕਰਦੇ ਪਰਿਵਾਰ ਵਿਚ ਹੋਇਆ, ਸਕੂਲ ਮਾਸਟਰੀ ਕੀਤੀ, ਨੌਕਰੀ ਕਰਦਿਆਂ ਨਾਲੋ-ਨਾਲ ਪੜ੍ਹਾਈ ਚਾਲੂ ਰੱਖੀ ਅਤੇ ਪੀਐੱਚ ਡੀ ਤਕ ਦੀ ਡਿਗਰੀ ਪ੍ਰਾਪਤ ਕੀਤੀ, ਪੰਜਾਬੀ ਦਾ ਕਾਲਿਜ ਲੈਕਚਰਾਰ ਬਣਿਆ ਅਤੇ ਬਹੁਤ ਸਾਰੀਆਂ ਅਕਾਦਮਿਕ ਅਤੇ ਸਾਹਿਤਕ ਜ਼ਿੰਮੇਵਾਰੀਆਂ ਨਿਭਾਈਆਂ। ਜਵਾਨੀ ਸਮੇਂ ਨਕਸਲਬਾੜੀਆਂ ਨਾਲ ਮੇਲ-ਜੋਲ ਵੀ ਰਿਹਾ, ਸੰਘਰਸ਼ਾਂ ਵਿਚ ਜੇਲ੍ਹ ਹੀ ਨਹੀਂ ਕੱਟੀ ਸਗੋਂ ਪੋਸਟਰ ਬਣਾਉਣ, ਲਗਾਉਣ ਤੇ ਵੰਡਣ ਤੋਂ ਲੈ ਕੇ ਮਾਰਾਂ ਝੱਲਣ ਤਕ ਸਭ ਕੁਝ ਸ਼ਾਮਲ ਹੈ। ਸਾਰੀ ਉਮਰ ਉਹ ਵਿਚਾਰਧਾਰਕ ਤੌਰ 'ਤੇ ਪ੍ਰਤੀਬੱਧ ਰਿਹਾ ਹੈ। ਸੰਧੂ ਦੇ ਸਮਕਾਲੀ ਨਕਸਲਬਾੜੀ ਲਹਿਰ ਦੇ ਸਾਥੀਆਂ ਵਿਚੋਂ ਅੱਜ ਬਹੁਤੇ ਜਾਂ ਤਾਂ ਸੰਸਾਰ ਵਿਚ ਨਹੀਂ ਰਹੇ ਜਿਵੇਂ ਪਾਸ਼, ਸੰਤ ਰਾਮ ਉਦਾਸੀ, ਹਰਭਜਨ ਹਲਵਾਰਵੀ, ਲਾਲ ਸਿੰਘ ਦਿਲ, ਓਮ ਪ੍ਰਕਾਸ਼ ਸ਼ਰਮਾ ਜਾਂ ਫਿਰ ਉਸ ਦੀ ਵਿਚਾਰਧਾਰਾ ਵਿਚ ਤਬਦੀਲੀ ਆ ਗਈ ਜਿਵੇਂ ਅਮਰਜੀਤ ਚੰਦਨ ਅਤੇ ਪ੍ਰੇਮ ਪ੍ਰਕਾਸ਼ ਹੋਰੀਂ ਸਨ। ਕੇਵਲ ਅਤਰਜੀਤ, ਮਹਿੰਦਰਪਾਲ ਭੱਠਲ ਅਤੇ ਦਰਸ਼ਨ ਖਟਕੜ ਹੀ ਉਸਦੇ ਪੁਰਾਣੇ ਉਮਰ ਅਤੇ ਵਿਚਾਰਧਾਰਾ

ਪੱਖੋਂ ਸਾਥੀ ਬਚੇ ਹਨ। ਮਾਰਕਸਵਾਦੀ ਵਿਚਾਰਧਾਰਾ ਨੂੰ ਚੇਤਨ ਤੌਰ ‘ਤੇ ਚੁਣਨਾ ਅਤੇ ਉਸ ਉਪਰ ਪ੍ਰਤੀਬੱਧਤਾ ਨਾਲ ਪਹਿਰਾ ਦੇਣਾ ਉਸ ਦੀ ਵੱਡੀ ਦੇਣ ਹੈ। ਇਹ ਗੱਲ ਇਸ ਕਰਕੇ ਮਹੱਤਵਪੂਰਨ ਬਣ ਜਾਂਦੀ ਹੈ ਕਿ ਪੰਜਾਬ ਵਿਚ ਖੱਬੇ ਪੱਖੀ ਨਕਸਲਬਾੜੀ ਲਹਿਰ ਨਾਲ ਜੁੜੇ ਬਹੁਤ ਸਾਰੇ ਆਗੂ ਅਤੇ ਸਾਹਿਤਕਾਰ ਸਿੱਖ ਖਾੜਕੂ ਲਹਿਰ ਸਮੇਂ ਡਰ ਦੇ ਦਬਾਅ ਜਾਂ ਲਾਲਚ ਕਾਰਨ ਫਿਰਕਾਪ੍ਰਸਤੀ ਦੇ ਸ਼ਿਕਾਰ ਹੋ ਗਏ ਸਨ। ਬਾਕੀ ਸਰਕਾਰੀ ਧਿਰ ਵਿਚ ਸ਼ਾਮਲ ਹੋ ਕੇ ਸਟੇਟ ਦੀ ਬੋਲੀ ਬੋਲਣ ਲੱਗੇ ਸਨ। ਬਹੁਤ ਥੋੜ੍ਹੇ ਹੀ ਦੋਹਾਂ ਧਿਰਾਂ ਦੀ ਗ਼ਲਤ ਠੀਕ ‘ਤੇ ਉਂਗਲ ਰੱਖਦੇ ਸੀ, ਵਰਿਆਮ ਸੰਧੂ ਉਨ੍ਹਾ ਵਿਚੋਂ ਇਕ ਸੀ। ਅਜਿਹੇ ਸਮੇਂ ਨਿੱਜੀ ਤੌਰ ‘ਤੇ ਸੰਤੁਲਨ ਰੱਖਣਾ ਅਤੇ ਸਾਹਿਤਕ ਪੱਖ ਤੋਂ ਸੰਤੁਲਤ ਰਹਿਣਾ ਬਹੁਤ ਔਖਾ ਸੀ ਪਰ ਇਹ ਜ਼ਰੂਰੀ ਵੀ ਸੀ, ਖਾਸ ਕਰਕੇ ਜਦੋਂ ਖਾੜਕੂ ਲਹਿਰ ਦੇ ਸਮਰਥਕਾਂ ਵੱਲੋਂ ਪੰਜਾਬੀ ਦੀ ਖੱਬੇ ਪੱਖੀ ਲਹਿਰ ਦੇ ਵਿਚਾਰਾਂ, ਇਤਿਹਾਸ ਅਤੇ ਵਿਰਾਸਤ ਉੱਪਰ ਹਮਲਾ ਬੋਲਿਆ ਗਿਆ ਸੀ, ਉਸ ਦਾ ਢੁਕਵਾਂ ਤੇ ਕਰਾਰਾ ਜਵਾਬ ਵਰਿਆਮ ਸਿੰਘ ਸੰਧੂ ਨੇ ਹੀ ਦਿੱਤਾ ਹੈ।‘ਗ਼ਦਰੀ ਬਾਬੇ ਕੌਣ ਸਨ’, ‘ਗ਼ਦਰੀ ਲਹਿਰ ਦੀ ਗਾਥਾ’, ‘ਗ਼ਦਰੀ ਜਰਨੈਲ ਕਰਤਾਰ ਸਿੰਘ ਸਰਾਭਾ’, ‘ਭਾਈ ਮੇਵਾ ਸਿੰਘ ਲੋਪੋਕੇ’ ਆਦਿ ਲਿਖੀਆਂ ਜੀਵਨੀਆਂ ਅਤੇ ਇਤਿਹਾਸ ਦੀਆਂ ਪੁਸਤਕਾਂ, ਉਸ ਦੀ ਮੁਸ਼ੱਕਤ ਅਤੇ ਬੌਧਿਕ ਯੋਗਤਾ ਦੇ ਨਾਲ ਨਾਲ ਸਿਰਜਣਾਤਮਕ ਸਮਰੱਥਾ ਦਾ ਮੁਜ਼ਾਹਰਾ ਕਰਦੀਆਂ ਹਨ। ਉਸਨੇ ਪੰਜਾਬ ਦੀ ਇਨਕਲਾਬੀ ਵਿਰਾਸਤ ਨੂੰ ਨਾ ਕੇਵਲ ਸਹੀ ਪ੍ਰਸੰਗ ਵਿਚ ਸਮਝਿਆ ਅਤੇ ਸਮਝਾਇਆ ਹੀ ਹੈ ਸਗੋਂ ਇਸ ਦੀ ਪੈਰ ਗੱਡ ਕੇ ਰਾਖੀ ਵੀ ਕੀਤੀ ਹੈ। ਪਹਿਲਾਂ ਭਾਵੇਂ ਉਸਦਾ ਨੇੜ ਨਕਸਲਬਾੜੀਆ ਨਾਲ ਸੀ ਪਰ ਬਾਅਦ ਵਿਚ ਉਸ ਨੇ ਸਾਰੀਆਂ ਖੱਬੇ ਪੱਖੀ ਲਹਿਰਾਂ ਨਾਲ ਹਮਦਰਦੀ ਰੱਖੀ ਅਤੇ ਕੇਵਲ ਕਲਮ ਘਸਾਈ ਹੀ ਨਹੀਂ ਕੀਤੀ ਸਗੋਂ ਕਰਮ ਖੇਤਰ ਵਿਚ ਨਿੱਗਰ ਯੋਗਦਾਨ ਵੀ ਪਾਇਆ ਹੈ। ਲੰਮੇ ਜਨਤਕ ਜੀਵਨ ਵਿਚ ਵਿਚਾਰਧਾਰਕ ਤੌਰ ‘ਤੇ ਖੜ੍ਹੇ ਰਹਿਣਾ ਅਤੇ ਕਿਰਦਾਰ ਨੂੰ ਉੱਚਾ ਸੁੱਚਾ ਰੱਖਣਾ ਕੋਈ ਛੋਟੀ ਗੱਲ ਨਹੀਂ ਹੁੰਦੀ। ਵਰਿਆਮ ਸਿੰਘ ਸੰਧੂ ਦਾ ਜੀਵਨ ਹੋਵੇ ਜਾਂ ਸਾਹਿਤ ਹੋਵੇ, ਉਸ ਨੇ ਹਮੇਸ਼ਾ ਉੱਚੇ ਸੁੱਚੇ ਕਿਰਦਾਰ ਅਤੇ ਮਿਆਰ ਦੀ ਗੱਲ ਕੀਤੀ ਹੈ। ਜਦੋਂ ਪੰਜਾਬੀ ਕਹਾਣੀ ਵਿਚ ਔਰਤ ਮਰਦ ਸੰਬੰਧਾਂ ਦੇ ਮਨੋਵਿਗਿਆਨ ਨੂੰ ਦਰਸਾਉਣ ਦੇ ਨਾਂ ਥੱਲੇ ਕਾਮੁਕ (ਲੁੱਚੀਆਂ) ਕਹਾਣੀਆਂ ਲਿਖਣ ਦਾ ਰਿਵਾਜ ਪਿਆ ਤਾਂ ਵਰਿਆਮ ਸਿੰਘ ਸੰਧੂ ਇਸ ਰਾਹ ਨਹੀਂ ਗਿਆ। ਉਹ ਨਿੱਜੀ ਜੀਵਨ ਵਿਚ ਵੀ ਬਹੁਤ ਸੰਕੋਚੀ ਰਿਹਾ ਹੈ। ਉਸਦੇ ਕਹਾਣੀਆਂ ਦੇ ਵਿਸ਼ੇ ਅਤੇ ਜੀਵਨ ਦੇ ਮੁੱਖ ਸਰੋਕਾਰ ਰਾਜਸੀ ਸਮਾਜਕ ਸਰੋਕਾਰ ਹੀ ਰਹੇ ਹਨ। ਉਹ ਸ਼ਰਾਬ ਨਹੀਂ ਪੀਂਦਾ, ਸਿਗਰਟ ਨਹੀਂ ਪੀਂਦਾ, ਅਜਿਹੇ ਗੁਣਾਂ ਦੇ ਧਾਰਨੀ ਬੰਦੇ ਕੋਲ਼ ਸਾਹਿਤਕ ਹੁਨਰ ਵੀ ਹੋਵੇ ਅਤੇ ਬੁਲਾਰਾ ਵੀ ਚੰਗਾ ਹੋਵੇ ਤਾਂ ਨਿਸ਼ਚੇ ਹੀ ਥੋੜ੍ਹਾ ਸਵੈਮਾਣ ਵੀ ਆ ਜਾਂਦਾ ਹੈ। ਇਸ ਨੂੰ ਵਿਰੋਧੀ ਲੋਕ ਆਕੜ ਜਾਂ ਅਭਿਮਾਨ ਵੀ ਆਖ ਦਿੰਦੇ ਹਨ। ਇਹ ਸੰਧੂ ਵਿਚ ਔਗੁਣ ਹੈ ਕਿ ਉਹ ‘ਓਏ’ ਨਹੀਂ ਅਖਵਾਉਂਦਾ ਅਤੇ ਜੇ ਕੋਈ ਆਖ ਦੇਵੇ ਤਾਂ ਆਖਣ ਵਾਲੇ ਨੂੰ ਤਰਕ ਦਲੀਲਾਂ ਨਾਲ ਭਰੀ ਸਭਾ ਵਿਚ ਲਿਖ ਬੋਲ ਕੇ ਜਿੰਨਾ ਚਿਰ ਢਾਹ ਨਾ ਲਵੇ ਓਨਾ ਚਿਰ ਉਸ ਨੂੰ ਚੈਨ ਨਹੀਂ ਆਉਂਦੀ। ਆਪਣੇ ਸਹੀ ਹੋਣ ਅਤੇ ਸਹੀ ਪਾਸੇ ਖੜ੍ਹੇ ਹੋਣ ਦੀ ਜ਼ਿੱਦ ਹੀ ਉਸ ਨੂੰ ਵੱਡਾ ਸਹਿਤਕਾਰ ਵੀ ਬਣਾਉਂਦੀ ਹੈ।

ਪਹਿਲਾਂ ਹੀ ਵਿਚਾਰ ਹੋ ਚੁੱਕੀ ਹੈ ਕਿ ਉਹ ਬਹੁਤ ਵਿਧਾਈ ਲੇਖਕ ਹੈ ਪਰ ਉਸ ਦੀ ਵਧੇਰੇ ਚਰਚਾ ਕਹਾਣੀਕਾਰ ਅਤੇ ਵਾਰਤਕ ਲੇਖਕ ਵਜੋਂ ਹੀ ਹੋਈ ਹੈ। ‘ਵਰ੍ਹਿਆਂ ਪਿੱਛੋਂ’ ਉਸ ਦੀ ਕਵਿਤਾ ਦੀ ਪਲੇਠੀ ਪੁਸਤਕ ਹੈ ਜਿਸ ਦਾ ਨਾਂ ਵੀ ਇਹੋ ਸੁਝਾਉਂਦਾ ਹੈ ਕਿ ਉਸਨੇ ਵਰ੍ਹਿਆਂ ਪਿੱਛੋਂ ਮੁੜ ਕਵਿਤਾ ਲਿਖੀ ਹੈ। ਉਸਦੇ ਸਵੈ-ਇਕਬਾਲੀਆ ਬਿਆਨ ਅਨੁਸਾਰ, ਜੋ ਭੂਮਿਕਾ ਵਿਚ ਅਤੇ ਉਸ ਦੇ ਸਰਵਰਕ ‘ਤੇ ਦਰਜ ਹੈ: *“ਜਦੋਂ ਜੁਝਾਰ ਵਿਦਰੋਹੀ ਕਵਿਤਾ ਦਾ ਦੌਰ ਸਿਖਰ ’ਤੇ ਸੀ ਤਾਂ ਮੇਰਾ ਬਤੌਰ ਕਹਾਣੀਕਾਰ ਨਾਂ ਬਣ ਰਿਹਾ ਸੀ। ‘ਲੋਹੇ ਦੇ ਹੱਥ’ (1971) ਕਹਾਣੀ ਸੰਗ੍ਰਹਿ ਛਪਣ ਨਾਲ*

*ਕਹਾਣੀਕਾਰ ਵਜੋਂ ਮੇਰਾ ਵੱਜ ਬਣ ਗਿਆ ਤੇ ਮੈਂ ਆਪਣਾ ਧਿਆਨ ਕਹਾਣੀ 'ਤੇ ਕੇਂਦ੍ਰਿਤ ਕਰ ਲਿਆ। ਕਵਿਤਾ ਵਿਚ ਮੇਰਾ ਨਾਂ ਅੱਠਵੇਂ ਨੌਵੇਂ ਨੰਬਰ 'ਤੇ ਆਉਂਦਾ ਸੀ, ਇਨਕਲਾਬੀ ਚੱਸ ਵਾਲੀ ਕਹਾਣੀ ਲਿਖਣ ਵਾਲਿਆਂ ਵਿੱਚ ਮੈਂ ਪਹਿਲਿਆਂ ਵਿਚ ਸਾਂ। ਹੌਲੀ ਹੌਲੀ ਮੈਂ ਕਵਿਤਾ ਲਿਖਣੀ ਹੀ ਛੱਡ ਦਿੱਤੀ। ਭਾਵੇਂ ਮੇਰੇ ਕੁੱਝ ਸ਼ਾਇਰ ਤੇ ਲੇਖਕ ਦੋਸਤ ਮੇਰੀ ਸ਼ਾਇਰੀ ਦੀ ਤਾਰੀਫ਼ ਕਰਦੇ ਰਹਿੰਦੇ। ਪ੍ਰਸਿੱਧ ਨਾਟਕਕਾਰ ਸਤੀਸ਼ ਵਰਮਾ ਨੇ ਇਹ ਦੱਸ ਕੇ ਹੈਰਾਨ ਕਰ ਦਿੱਤਾ ਕਿ ਕਾਲਿਜ ਪੜ੍ਹਦਿਆਂ ਉਹਨੇ ਮੇਰੀ ਕਵਿਤਾ 'ਨਾ ਰੋ!' ਕਾਵਿ ਉਚਾਰਣ ਮੁਕਾਬਲਿਆਂ ਵਿਚ ਸੁਣਾ ਕੇ ਕਈ ਇਨਾਮ ਜਿੱਤੇ। ਇੰਝ ਦੀ ਗੱਲ ਹੀ ਸ਼ਾਇਰ ਰਵਿੰਦਰ ਸਹਿਰਾਅ ਕਹਿੰਦਾ ਹੈ ਕਿ ਉਹ ਮੇਰੀ ਨਜ਼ਮ 'ਦੀਵਾਰ 'ਤੇ ਲਟਕਿਆ ਲੈਨਿਨ' ਅਕਸਰ ਕਾਵਿ ਉਚਾਰਣ ਮੁਕਾਬਲਿਆਂ ਵਿਚ ਸੁਣਾਇਆ ਕਰਦਾ ਸੀ। ਸੁਰਿੰਦਰ ਧੰਜਲ ਨੇ ਤਾਂ ਲਿਖ ਕੇ ਇਹ ਗੱਲ ਮੰਨੀ ਹੋਈ ਹੈ ਕਿ ਜੁਝਾਰ ਵਿਦਰੋਹੀ ਦੌਰ ਦੇ ਜਿਨ੍ਹਾਂ ਨੌਂ ਕਵੀਆਂ ਤੋਂ ਉਹ ਮੁਤਾਸਰ ਹੋ ਕੇ ਕਵਿਤਾ ਲਿਖਣ ਲੱਗਾ, ਉਹਨਾਂ ਵਿਚ ਵਰਿਆਮ ਸਿੰਘ ਸੰਧੂ ਵੀ ਇਕ ਨਾਂ ਸੀ। ਪਿਛਲੇ ਪੰਦਰਾਂ ਕੁ ਸਾਲਾਂ ਤੋਂ ਅਚਨਚੇਤ ਕਵਿਤਾ ਮੁੜ ਮੇਰੇ ਵਿਹੜੇ ਵਿਚ ਬਰਸਣ ਲੱਗੀ। ਇਹਨਾਂ ਸਾਲਾਂ ਵਿਚ ਮੈਂ ਕਈ ਕਵਿਤਾਵਾਂ ਲਿਖੀਆਂ। ਕਦੀ ਕਦੀ ਮੇਰੇ ਮਨ ਵਿਚ ਇਹ ਖਿਆਲ ਆਉਂਦਾ ਕਿ ਮੈਨੂੰ ਆਪਣੀਆਂ ਨਵੀਆਂ ਪੁਰਾਣੀਆਂ ਕਵਿਤਾਵਾਂ ਇਕੱਠੀਆਂ ਕਰ ਕੇ ਇਕ ਥਾਂ ਸਾਂਭ ਲੈਣੀਆਂ ਚਾਹੀਦੀਆਂ ਨੇ। ਆਖਰਕਾਰ ਇਸ ਖਿਆਲ ਨੂੰ ਹਕੀਕਤ ਵਿਚ ਬਦਲਣ ਦਾ ਫੈਸਲਾ ਹੋ ਹੀ ਗਿਆ। ਇੰਝ 'ਵਰ੍ਹਿਆਂ ਪਿੱਛੋਂ' ਇਹ ਕਵਿਤਾ ਤੁਹਾਡੇ ਰੂ ਬ ਰੂ ਹੈ। ਕਵਿਤਾਵਾਂ ਦੋ ਭਾਗਾਂ ਵਿੱਚ ਵੰਡੀਆਂ ਗਈਆਂ ਹਨ। ਪਹਿਲੇ ਭਾਗ ਵਿਚ 'ਤਾਜ਼ਾ' ਕਵਿਤਾਵਾਂ ਨੇ ਤੇ ਦੂਜੇ ਭਾਗ ਵਿਚ ਪੰਜਾਹ ਸਾਲ ਪਹਿਲਾਂ ਲਿਖੀਆਂ 'ਪੁਰਾਣੀਆਂ ਕਵਿਤਾਵਾਂ।"*

ਅਸਲ ਵਿਚ ਤਾਂ ਕਵਿਤਾ ਉਸ ਦੇ ਆਰੰਭ ਤੋਂ ਹੀ ਅੰਗਸੰਗ ਰਹੀ ਹੈ, ਇਸ ਦੀ ਪੁਸ਼ਟੀ ਇਸ ਗੱਲ ਤੋਂ ਵੀ ਹੁੰਦੀ ਹੈ, ਨਕਸਲਬਾੜੀ ਲਹਿਰ ਦੇ ਆਰੰਭ ਸਮੇਂ ਹੀ ਇਸੇ ਨਾਮ ਦਾ ਸੰਗ੍ਰਹਿ 'ਆਰੰਭ' ਅਤੇ 'ਅਸੀਂ ਜਿਉਂਦੇ ਅਸੀਂ ਜਾਗਦੇ' ਪ੍ਰਕਾਸ਼ਤ ਹੋਏ ਸੀ, ਉਸ ਵਿਚ ਉਸ ਦੀਆਂ ਕਵਿਤਾਵਾਂ ਸ਼ਾਮਲ ਸਨ। ਸੰਗ੍ਰਿਹ ਵਿਚ ਸ਼ਾਮਲ *'ਚਿਰ ਹੋਇਆ ਕਵਿਤਾ ਨਹੀਂ ਆਈ', 'ਕਵਿਤਾ ਆਈ ਵਰ੍ਹਿਆਂ ਪਿੱਛੋਂ', 'ਕਿਹੋ ਜਿਹੀ ਹੈ ਮੇਰੀ ਕਵਿਤਾ', 'ਲਿਖੀਆਂ ਚਿੱਠੀਆਂ ਕਿਤੇ ਨਾ ਪੁੱਜੀਆਂ'* ਅਸਲ ਵਿਚ ਤਾਂ ਉਸ ਦਾ ਕਾਵਿ ਮੈਨੀਫੈਸਟੋ ਦਰਸਾਉਂਦੀਆਂ ਚਾਰ ਕਵਿਤਾਵਾਂ ਹਨ।

ਉਸ ਕੋਲ ਕਵਿਤਾ ਕਹਿਣ ਦੀਆਂ ਕਈ ਜੁਗਤਾਂ ਹਨ ਪਰ ਉਸਦੀ ਮਨਪਸੰਦ ਜੁਗਤ ਬਿਰਤਾਂਤ ਸਿਰਜਣਾ ਹੈ, ਕਹਾਣੀਕਾਰ ਜੁ ਹੋਇਆ; ਸੋ ਕਹਾਣੀ ਪਾਏ ਬਗ਼ੈਰ ਉਸ ਤੋਂ ਰਿਹਾ ਨਹੀਂ ਜਾਂਦਾ। ਪਰ ਇਹ ਕਹਾਣੀ ਮੱਧਕਾਲੀ ਬਿਰਤਾਂਤਕ ਕਵਿਤਾ ਤੋਂ ਤਾਂ ਵੱਖਰੀ ਹੈ ਹੀ, ਸਗੋਂ ਆਧੁਨਿਕ ਬਿਰਤਾਂਤ ਕਵਿਤਾ ਤੋਂ ਹੀ ਵੱਖਰੀ ਹੈ। ਉਸਦੀ ਬਿਰਤਾਂਤਕ ਕਵਿਤਾ ਸੰਖੇਪ ਤੇ ਤੇਜ਼ਚਾਲ ਕਵਿਤਾ ਵਾਂਗ ਇਸ਼ਾਰਿਆਂ ਵਿਚ ਸਾਰੀ ਗੱਲ ਕਹਿੰਦੀ ਜਾਂਦੀ ਹੈ। ਛੋਟੇ ਬਿੰਬਾਂ ਦੀ ਥਾਂ ਜਾਂ ਨਾਲ ਨਾਲ ਉਹ ਇਕ ਮਹਾ ਬਿੰਬ ਦੀ ਸਿਰਜਣਾ ਵੀ ਕਰਦਾ ਹੈ। ਮਿਸਾਲ ਵਜੋਂ *'ਅੰਬਾਂ ਵਾਲੀ ਬਾਲਟੀ'* ਵਿਚ ਅੰਬ ਜ਼ਿੰਦਗੀ ਦੇ ਕਮਾਏ ਹੋਏ ਰਸ ਦੀ ਆਖਰੀ ਮਿੱਠੀ ਘੁਟ ਦਾ ਹੀ ਪ੍ਰਤੀਕ ਨਹੀਂ ਰਹਿੰਦਾ ਸਗੋਂ ਬਹੁਤ ਕੁਝ ਹੋਰ ਵੀ ਸ਼ਾਮਲ ਹੋ ਜਾਂਦਾ ਹੈ। 23 ਸਤਰਾਂ ਦੀ ਕਵਿਤਾ ਇਕ ਦੰਪਤੀ ਦੀ ਸਮੁੱਚੀ ਜ਼ਿੰਦਗੀ ਦੀ ਲੋਚਾ ਦੇ ਨਾਲ ਨਾਲ ਰਿਸ਼ਤਿਆਂ ਦੇ ਮੋਹ ਅਤੇ ਕੁੜੱਤਣ ਨੂੰ ਇਕੋ ਵੇਲੇ ਪੇਸ਼ ਕਰਦੀ ਹੈ। ਇਹ ਕਵਿਤਾ ਬਹੁਤ ਕੁਝ ਅਣਕਿਹਾ ਵੀ ਪਾਠਕ ਦੇ ਸੋਚਣ ਵਿਚਾਰਨ ਲਈ ਛੱਡ ਜਾਂਦੀ ਹੈ। ਉਹ ਕਈ ਕਵਿਤਾਵਾਂ ਵਿਚ ਨਿੱਜੀ ਜਾਪਦੀ ਸਵੈ-ਜੀਵਨੀ ਮੂਲਕ ਸਚਾਈ ਨੂੰ ਸਰਬ ਸਾਂਝੀ ਦੂਸਰੇ ਦੀ ਕਾਵਿ ਕਹਾਣੀ ਬਣਾ ਦਿੰਦਾ ਹੈ। ਉਸ ਕੋਲ਼ ਸ਼ਬਦ ਚੋਣ ਸ਼ਬਦ ਜੋੜ ਦੇ ਰਾਹੀਂ ਬਿੰਬ ਸਿਰਜਣ ਦੀ ਅਨੂਠੀ ਕਲਾ ਹੈ ਜਿਵੇਂ ਇਸੇ ਕਵਿਤਾ ਵਿਚ ਹੀ ਉਹ *'ਟੂਟੀ ਦਾ ਮਹਿੰਗਾ ਪਾਣੀ', 'ਅੱਖਾਂ ਦਾ ਸਸਤਾ ਪਾਣੀ'* ਇਸ ਵਿਰੋਧ ਜੁੱਟ ਢੰਗ ਨਾਲ ਪੇਸ਼ ਕਰਦਾ ਹੈ ਕਿ ਸ਼ਬਦ ਕੇਵਲ ਅਭਿਧਾ ਅਰਥ ਉਤਪਾਦਨ

ਨਹੀਂ ਕਰਦੇ ਸਗੋਂ ਵਿਅੰਜਨਾਂ ਅਤੇ ਲਕਸ਼ਣਾ ਵੀ ਸਿਰਜਦੇ ਹਨ।

ਇਸੇ ਪ੍ਰਕਾਰ *'ਪਾਟਾ ਨੋਟ'* ਵਿਚ ਕਮਲੇ ਦਾ ਸਰੀਰ 'ਤੇ ਕਮਲਾ ਖੁਦਵਾਉਣਾ ਸਾਧਾਰਣ ਟੈਟੂ ਬਣਵਾਉਣਾ ਨਹੀਂ ਸਗੋਂ ਸੰਪੂਰਨ ਸਮਰਪਣ ਕਰਨਾ ਹੈ।

*ਮੈਂ ਕਿਹੜਾ ਹਾਂ ਬਾਬਾ ਵਾਰਿਸ*
*ਜਿਹੜਾ ਦਿਲ ਦਾ ਸਾਰਾ ਦਰਦ, ਨਿਚੋੜ ਕੇ ਅੱਖਰੀਂ*
*ਕਾਗਜ਼ ਉੱਤੇ ਲਿਖ ਸਕਦਾ ਹੈ!*
*ਮੈਂ ਤਾਂ ਆਪਣੇ ਦਿਲ ਦਾ ਦੁਖੜਾ, ਦਿਲ ਦੇ ਉੱਤੇ ਖੁਣ ਦਿੱਤਾ ਹੈ।*

*ਮੋਹ ਦਾ ਮੰਗਤਾ*
*ਮਾਇਆ ਮੰਗਾਂ, ਹਰ ਪਲ ਸੰਗਾਂ*

*ਜਾਣਾਂ ਇਹ ਵੀ, ਲੋਕੀਂ ਸਮਝਣ- ਸ਼ੁਹਦਾ, ਮਾਰਿਆ ਮੋਹ ਦਾ*
*ਕੀ ਦੱਸਾਂ ਮੈਂ ਹਾਲ ਆਪਣਾ, ਨਾਲੇ ਉਹਦਾ*

*ਮੈਂ ਹਾਂ ਤੇਰੇ ਸਾਹਵੇਂ, ਬੰਦਾ ਨੰਗ-ਧੜੰਗਾ*
*'ਕਮਲਾ' ਬਾਰੇ ਕੀ ਪੁਛਦੈਂ!*

*ਨਾਂ ਲੈ ਉਹਦਾ, ਉਸਨੇ - ਨਮਸਕਾਰ ਧਰਤੀ ਨੂੰ ਕੀਤੀ*
*ਆਪਣੇ ਖੋਲ੍ਹੇ ਹੱਥ ਆਕਾਸ਼ਾਂ ਵੱਲੇ*
*ਜਿੱਦਾਂ ਅੱਲਾ-ਪਾਕ ਦੀ, ਹੋਏ ਇਬਾਦਤ ਕੀਤੀ*
*ਰੋਂਦੀਆਂ ਅੱਖਾਂ ਵਿਚੋਂ ਹੱਸਿਆ*
*ਹਾਲ ਪਿਆਰੇ ਮਿੱਤਰ ਦਾ ਕੁੱਝ ਏਦਾਂ ਦੱਸਿਆ*

*-ਤੇਰੇ ਹੱਥ ਵਿਚ ਨੋਟ ਹੈ ਫੜਿਆ*
*ਜੇ ਮੈਂ ਇਹਨੂੰ ਖੋਹਣ ਲਈ ਤੈਥੋਂ, ਝਪਟ ਮਾਰ ਲਾਂ*
*ਐਪਰ ਤੂੰ ਨਾ ਹੱਥੋਂ ਛੱਡੇ*
*ਅੱਧਾ ਨੋਟ ਮੇਰੇ ਹੱਥ ਆਇਆ*
*ਅੱਧਾ ਰਹਿ ਗਿਆ. ਤੇਰੀ ਮੁੱਠ ਵਿੱਚ ਘੁੱਟਿਆ*

*ਪਾਟੇ ਨੋਟ ਨੂੰ - ਦੋਵੇਂ ਬਿਟ ਬਿਟ ਤੱਕੀਏ*
*ਨਾ ਕੰਮ ਤੇਰੇ, ਨਾ ਕੰਮ ਮੇਰੇ*
*ਪਾਟੇ ਨੋਟ ਦੀ ਕਾਹਦੀ ਕਿਸਮਤ!*

ਪਾਟਿਆ ਨੋਟ ਪਾਟੇ ਆਪੇ ਅਤੇ ਔਰਤ ਦੇ ਦਵੰਦ ਅਤੇ ਦਵੰਡ ਨੂੰ ਨਵੇਂ ਬਿੰਬ ਰਾਹੀ ਪੇਸ਼ ਕਰਦਾ ਹੈ। ਉਸ ਨੂੰ ਗਲਪੀ ਕੜੀਆਂ ਹੀ ਨਹੀਂ ਕਾਵਿ ਬਿੰਬਾਂ ਦੀਆਂ ਕੜੀਆਂ ਜੋੜ ਲੜੀ ਬਣਾਉਣੀ ਆਉਂਦੀ ਹੈ। ਉਸਦੀ ਸਿਰਜਣਾ ਨੂੰ ਸਲਾਮ।

ਕਵਿਤਾ *'ਗੁਰੂ ਘਰ ਵਿਚ ਕਾਹਦਾ ਡਰ'* ਦੇ ਪਿਛੋਕੜ ਵਿਚ ਬਚਪਨ ਦੀਆਂ ਯਾਦਾਂ ਅਤੇ ਪੰਜਾਬ ਸੰਕਟ ਦਾ ਪਰਛਾਵਾਂ ਵੀ ਹੈ:

*ਸੂਰਜ, ਤਾਰੇ - ਆਪਣਾ ਘਰ,  ਇਸਤੋਂ ਸੋਹਣਾ ਅੰਬਰਸਰ*
*ਅੰਬਰਸਰ ਵਿਚ ਗੁਰ ਦਾ ਘਰ, ਗੁਰ ਦੇ ਘਰ ਵਿਚ ਕਾਹਦਾ ਡਰ!*
*ਬਚਪਨ ਵਿਚ ਜਦ ਗੁਰ ਘਰ ਜਾਣਾ*
*ਅੰਮ੍ਰਿਤ-ਬਾਣੀ ਮਨ ਵਿਚ ਘੁਲ਼ਣੀ, ਸਵਾਦ ਸਵਾਦ ਹੋ ਜਾਣਾ*

*ਅਚਨਚੇਤ ਨਜ਼ਰਾਂ ਨੇ ਉਠਣਾ, ਪਰਿਕਰਮਾ ਵਿਚ ਲਿਖਿਆ ਪੜ੍ਹਨਾ*
*"ਜੇਬ ਕਤਰਿਆਂ ਤੇ ਗੱਠੜੀ ਚੋਰਾਂ ਤੋਂ ਬਚੋ ਜੀ।"*

*ਸਹਿਮ ਕੇ ਇਕ ਦਮ, ਬਾਪੂ ਦੀ ਉਂਗਲ ਫੜ ਲੈਣੀ*
*ਆਸੇ ਪਾਸੇ ਡਰ ਕੇ ਤੱਕਣਾ*
*ਹਰ ਇਕ ਬੰਦਾ ਲੱਗਣਾ ਜੇਬ-ਤਰਾਸ਼ , ਗਠੜੀ ਚੋਰ...*

*ਉਸ ਧੂੰਏ ਵਿਚ ਨਜ਼ਰ ਗਵਾਚੀ , ਰੋਮ ਰੋਮ ਵਿਚ ਬਹਿ ਗਿਆ ਡਰ*
*ਉਸ ਦਿਨ ਤੋਂ ਮੈਂ ਲੱਭਦਾ ਫਿਰਦਾਂ, ਕਿੱਥੇ ਹੈ ਮੇਰੇ ਗੁਰ ਦਾ ਘਰ?*

*ਅਜੇ ਵੀ ਏਥੇ ਅਕਸਰ ਹੀ ਤਲਵਾਰਾਂ ਲਿਸ਼ਕਣ, ਪੱਗਾਂ ਲੱਥਣ*
*ਵੇਖ ਕੇ ਸਭ ਕੁੱਝ, ਬਾਣੀ ਸੁਣਦੇ, ਮਾਸੂਮਾਂ ਦੇ ਬੁੱਲ੍ਹਾਂ 'ਤੇ ਮੁਸਕਾਨਾਂ ਸਿਸਕਣ*

*ਅਜੇ ਵੀ ਏਥੇ, ਖੜ੍ਹੇ ਡਿਓੜ੍ਹੀ ਦਰਸ਼ਨੀ*
*ਨਾਨਕ ਤੇ ਮਰਦਾਨਾ ਹੱਸਦੇ*
*ਦੂਰ ਖਲੋ ਕੇ ਬਾਣੀ ਸੁਣਦੇ, ਨਾਲੇ ਆਪਣਾ ਬਾਣਾ ਤੱਕਦੇ*
*ਬਰਛੇ ਵਾਲਾ ਸਿੰਘ ਵੇਖ ਕੇ*
*ਇੱਕ ਦੂਜੇ ਨੂੰ ,  ਲੱਗਦਾ ਏ ਕੁੱਝ ਪੁੱਛਦੇ-ਦੱਸਦੇ*

*ਹੁਣ ਵੀ ਜਦ ਅੰਬਰਸਰ ਜਾਵਾਂ, ਮਨ ਸਮਝਾਵਾਂ*
*ਅੰਬਰਸਰ ਸਿਫ਼ਤੀ ਦਾ ਘਰ, ਅੰਬਰਸਰ ਵਿਚ , ਗੁਰ ਦਾ ਘਰ*
*ਗੁਰ ਦੇ ਘਰ ਵਿਚ ਕਾਹਦਾ ਡਰ!*

ਪਰ ਮੂਲ ਸਮੱਸਿਆ ਹੈ ਕਿ ਉਸਦੀ ਨਜ਼ਰ ਨੂੰ ਧੁੰਦਲੀ ਕੌਣ ਕਰ ਰਿਹਾ ਹੈ। ਇਸ ਕਵਿਤਾ ਵਿਚ ਇਤਿਹਾਸ ਵੀ ਹੈ, ਧਰਵਾਸ ਵੀ ਹੈ, ਦਰਸ਼ਨ ਵੀ ਹੈ ਅਤੇ ਸਥਿਤੀ ਦੀ ਤਸਵੀਰਕਸ਼ੀ ਵੀ ਹੈ।

ਉਸਦੀ ਗ਼ਜ਼ਲਨੁਮਾ ਕਵਿਤਾ ਦੇ ਕਈ ਸ਼ੇਅਰ ਕਮਾਲ ਦੇ ਹਨ:

*ਮੈਂ ਗਵਾਚਾ ਲਫ਼ਜ਼ਾਂ ਅੰਦਰ। ਖ਼ਾਬਾਂ ਅੰਦਰ, ਖ਼ਬਰਾਂ ਅੰਦਰ।*
*ਮਰਨੋਂ ਪਹਿਲਾਂ ਦਫ਼ਨ ਹੋ ਗਿਆਂ, ਹੋ-ਗੁਜ਼ਰੇ ਦੀਆਂ ਕਬਰਾਂ ਅੰਦਰ।*
*ਟੁੱਟੀਆਂ ਸੂਈਆਂ ਕੀ ਸੀਣਾਂ ਏਂ, ਚੀਰੀ ਧਰਤੀ, ਪਾਟਾ ਅੰਬਰ।*
*ਮਰਦਾਨੇ ਦੇ ਸੰਗ-ਸਾਥ ਵਿਚ, ਨਾਨਕ ਲਈ ਵਰਜਿਤ ਹਰਿਮੰਦਰ।*
*ਮੇਰਾ ਕੋਈ ਨਹੀਂ ਮੇਰੇ ਬਾਝੋਂ, ਕੀ ਕਹਿੰਦਾ ਏ ਤੇਰਾ ਅੰਦਰ?*
*ਜ਼ਿੰਦਗਾਨੀ ਤਾਂ ਲੰਘ ਚੱਲੀ ਏ, ਗ਼ਰਜ਼ਾਂ, ਫ਼ਰਜਾਂ, ਕਰਜ਼ਾਂ ਅੰਦਰ।*

ਉਸ ਕੋਲ ਮਿੱਥ ਸਿਰਜਣਾ ਅਤੇ ਮਿਥ ਭੰਜਣਾ ਦੋਹਾਂ ਦੀ ਸ਼ਕਤੀਸ਼ਾਲੀ ਜੁਗਤ ਹੈ। ਉਹ ਕਾਵਿ

ਪਰੰਪਰਾ ਨਾਲ ਸੰਵਾਦ ਰਚਾਉਂਦਿਆਂ ਪ੍ਰਚਲਤ ਮਿੱਥ ਵਾਕਾਂ ਨੂੰ ਸਿਮਰਦਾ ਵੀ ਹੈ, ਢਾਉਂਦਾ ਵੀ ਹੈ ਤੇ ਨਵਾਂ ਵੀ ਸਿਰਜਦਾ ਹੈ। ਪ੍ਰੇਮਕਾ ਲਈ ਬਹੁਤ ਲੇਖਕ ਲਿਖਦੇ ਹਨ, ਪ੍ਰੇਮ ਕਾਵਿ ਇਸੇ ਦੁਆਲ਼ੇ ਹੀ ਬੁਣਿਆ ਹੁੰਦਾ ਹੈ, ਸੂਫੀ ਕਵਿਤਾ ਵਿਚ ਇਹ ਪ੍ਰਤੀਕ ਪੱਧਰ 'ਤੇ ਸਿਖਰ ਹੈ। ਪਰ ਆਧੁਨਿਕ ਕਵਿਤਾ ਵਿਚ ਇਹ ਔਰਤ ਮਰਦ ਸੰਬੰਧਾਂ ਨੂੰ ਪ੍ਰਗਟਾਉਂਦਾ ਹੈ, ਸਿਰਫ ਗੁਰਬਾਣੀ ਵਿਚ ਹੀ ਆਤਮਾ ਪਰਮਾਤਮਾ ਦੇ ਸੰਬੰਧਾਂ ਲਈ ਪਤੀ ਪਤਨੀ ਦਾ ਪ੍ਰਤੀਕ ਵਰਤਿਆ ਹੈ। ਆਧੁਨਿਕ ਕਵਿਤਾ ਵਿਚ ਪਤੀ ਪਤਨੀ ਦੀਆਂ ਬਹੁਤ ਥੋੜ੍ਹੀਆਂ ਹੀ ਕਵਿਤਾਵਾਂ ਹਨ ਪਰ ਵਰਿਆਮ ਸੰਧੂ ਨੇ ਪਤਨੀ ਲਈ ਲਿਖਿਆ ਹੈ, ਸ਼ਾਇਦ ਇਹ ਗੁਰਬਖਸ਼ ਸਿੰਘ ਪ੍ਰੀਤ ਲੜੀ ਦੀਆਂ *'ਚਿੱਠੀਆਂ ਜੀਤਾਂ ਦੇ ਨਾਂ'* ਦਾ ਪ੍ਰਭਾਵ ਵੀ ਹੋਵੇ। ਉਸਦੀਆਂ ਕਵਿਤਾਵਾਂ ਰਿਸ਼ਤਿਆਂ ਦੀ ਪਰਿਕਰਮਾ ਕਰਦੀਆਂ ਹਨ। ਪਤਨੀ, ਧੀਆਂ, ਪੁੱਤਰ ਬਾਰੇ ਉਸਦੀਆਂ ਕਵਿਤਾਵਾਂ ਪ੍ਰਚਲਤ ਧਾਰਨਾਵਾਂ ਨੂੰ ਉਲਟਾ ਦਿੰਦੀਆਂ ਹਨ। *'ਮਨ ਦਾ ਸੱਚ', 'ਇਕ ਪੀੜ'* ਇਕ ਵੱਡੇ ਅਸਤਿਤਵੀ ਸੰਕਟ ਦੇ ਪ੍ਰਸ਼ਨ ਨੂੰ ਦਰਸਾਉਂਦੀਆਂ ਹਨ ਕਿ ਆਖਰ ਸਭ ਕੁਝ ਸਹੀ ਹੁੰਦਿਆਂ ਸੰਘਰਸ਼ ਕਰਦਿਆਂ ਵੀ ਸਭ ਕੁਝ ਸਹੀ ਕਿਉਂ ਨਹੀਂ ਹੋਇਆ। ਇਸ ਵਿਚ ਕਿਤੇ ਨਾ ਕਿਤੇ ਖੱਬੀ ਧਿਰ ਦੀ ਸਮੂਹਕ ਨਾਕਾਮਯਾਬੀ ਵੀ ਹੈ ਅਤੇ ਜਿੰਦਗੀ ਵਿਚ ਪਰਿਵਾਰਕ ਪੱਧਰ 'ਤੇ ਸਭ ਕੁਝ ਇੱਛਤ ਨਾ ਹੋਣ ਵੱਲ ਵੀ ਇਸ਼ਾਰਾ ਕਰਦਾ ਹੈ। ਕਿਤੇ ਕਿਤੇ ਬਿਰਧ ਕਾਵਿ ਦਾ ਪਰਛਾਵਾਂ ਵੀ ਪੈਂਦਾ ਹੈ, ਇਸ ਕਿਸਮ ਦੀਆਂ ਕਵਿਤਾਵਾਂ ਮੋਹਨ ਸਿੰਘ ਦੇ ਵਿਚ ਵੀ 'ਤਿਲ ਥੋਰੜੇ' ਵੇਲੇ ਮੌਜੂਦ ਸਨ। ਸੁਰਜੀਤ ਹਾਂਸ ਦੇ ਕਾਵਿ ਵਿਚ ਵੀ ਕਿਤੇ ਕਿਤੇ ਅਜਿਹੇ ਭਾਵ ਮੌਜੂਦ ਹਨ। ਕਿਸਾਨ ਅੰਦੋਲਨ ਦਰਮਿਆਨ ਲਿਖੀਆਂ ਕਵਿਤਾਵਾਂ ਵਿਚ ਪੁਰਾਣਾ ਜੁਝਾਰੂ ਰੰਗ ਮੌਜੂਦ ਹੈ। ਜਿਸ ਵਿਚ ਜੋਸ਼ ਅਤੇ ਹੋਸ਼ ਦਾ ਸੰਤੁਲਨ ਹੈ।

ਜੁਝਾਰ ਕਾਵਿ ਦੇ ਆਰੰਭ ਸਮੇਂ ਭਾਵ ਅੱਜ ਤੋਂ 50 ਸਾਲ ਪਹਿਲਾਂ ਦੀਆਂ ਕਵਿਤਾਵਾਂ ਵਿਚ ਉਸ ਸਮੇਂ ਦੀ ਨਕਸਲਬਾੜੀ ਲਹਿਰ ਦੀ ਜੁਝਾਰ ਕਵਿਤਾ ਦੇ ਸਾਰੇ ਲੱਛਣ ਸਮਾਏ ਹੋਏ ਹਨ ਜਿਵੇਂ ਬੁਰਜੂਆ ਲੋਕਤੰਤਰੀ ਢਾਂਚੇ ਦਾ ਮਜ਼ਾਕ, ਆਪਣੇ ਇਨਕਲਾਬੀ ਵਿਰਸੇ 'ਤੇ ਮਾਣ, ਗ਼ਰੀਬਾਂ ਮਜ਼ਦੂਰਾਂ ਕਿਸਾਨਾਂ ਕਰਮਚਾਰੀਆਂ ਦੀ ਹਮਾਇਤ, ਜਗੀਰਦਾਰਾਂ, ਸਰਮਾਏਦਾਰਾਂ. ਸਿਆਸੀ ਨੇਤਾਵਾਂ, ਅਫਸਰਸ਼ਾਹਾਂ,ਖਾਸ ਕਰਕੇ ਪੁਲਿਸ ਅਤੇ ਉਸਦੇ ਮੁਖਬਰਾਂ ਦੀ ਨਿੰਦਿਆ ਪ੍ਰਮੁੱਖ ਸੀ। ਇਸ ਤੋਂ ਇਲਾਵਾ ਜੰਗ ਦਾ ਵਿਰੋਧ, ਅਖੌਤੀ ਦੇਸ਼ ਭਗਤੀ ਦਾ ਖੰਡਨ ਵੀ ਹੁੰਦਾ ਰਹਿੰਦਾ ਸੀ। ਉਸ ਸਮੇਂ ਖੁੱਲ੍ਹੀ ਕਵਿਤਾ, ਗੀਤ ਉਸਦੇ ਪ੍ਰਮੁੱਖ ਕਾਵਿ ਰੂਪ ਹਨ। ਇਤਿਹਾਸ ਦਾ ਪੁਨਰ ਲੇਖਣ ਅਤੇ ਮਿਥ ਭੰਜਨ ਉਸ ਦੀਆਂ ਪ੍ਰਮੁੱਖ ਕਾਵਿ ਜੁਗਤਾਂ ਹਨ। ਨਕਸਲਬਾੜੀ ਲਹਿਰ ਸਮੇਂ ਵੀ ਉਸ ਨੇ ਆਪਣੇ ਵਿਰੋਧੀਆਂ ਦਾ ਖੰਡਨ ਕੀਤਾ ਸੀ। *'ਮੇਰਾ ਖ਼ਿਆਲ' 'ਵਕਤ ਦੀ ਮੌਤ'* ਵਿਚ ਸਾਰਾ ਕੁਝ ਹੀ ਹੈ। *'ਨਪੁੰਸਕ ਸ਼ਾਇਰੀ'* ਹਰਭਜਨ ਸਿੰਘ ਦੀ ਕਵਿਤਾ ਦਾ ਪ੍ਰਤੀਕਰਮ ਹੈ। ਸੰਵਾਦ ਉਸਦੀ ਉਸ ਸਮੇਂ ਦੀ ਸ਼ਾਇਰੀ ਦਾ ਵੀ ਅਹਿਮ ਲੱਛਣ ਸੀ, ਵਿਅੰਗ ਸੁਰ ਬਹੁਤ ਖ਼ੂਬਸੂਰਤ ਹੈ।

ਇਹ ਉਸਦੀ ਨਿਮਰਤਾ ਹੈ ਕਿ ਜੁਝਾਰ ਕਵੀਆਂ ਵਿਚੋਂ ਆਪਣੇ ਆਪ ਨੂੰ ਅੱਠਵੇਂ, ਨੌਵੇਂ ਨੰਬਰ 'ਤੇ ਰੱਖਦਾ ਸੀ। ਮੈਂ ਸਮਝਦਾ ਹਾਂ ਕਿ ਉਹ ਚੋਟੀ ਦੇ ਦਸਾਂ ਵਿਚੋਂ ਬਿਨਾਂ ਕਿਸੇ ਪਹਿਲ ਦੂਜ ਦੇ ਸ਼ਾਮਲ ਸੀ। ਉਸ ਦੀ ਕਵਿਤਾ ਵਿਚ ਪਾਸ਼ ਵਾਲੀ ਮੂੰਹ ਜ਼ੋਰਤਾ, ਲਾਲ ਸਿੰਘ ਦਿਲ ਵਾਲੀ ਬੇਬਾਕੀ, ਉਦਾਸੀ ਤੇ ਖਟਕੜ ਵਾਲੀ ਲੋਕ ਵਿਰਸੇ ਦੀ ਸਮਝ, ਕਰਨੈਲ ਬਾਗੀ ਵਰਗੀ ਮਿਥ ਭੰਜਨਾ, ਚੰਦਨ ਵਾਲੀ ਬੌਧਿਕਤਾ ਤੇ ਹਲਵਾਰਵੀ ਵਾਲੀ ਵਿਚਾਰਧਾਰਕ ਸਪਸ਼ਟਤਾ ਅਤੇ ਮਹਿੰਦਰ ਪਾਲ ਭੱਠਲ ਵਾਲੀ ਲੋਕਧਾਰਾਈ ਸ਼ੈਲੀ ਬਹੁਤ ਕੁਝ ਸ਼ਾਮਲ ਹੈ। ਮੈਂ ਸਮਝਦਾ ਹਾਂ ਉਸ ਕੋਲ਼ ਪਾਤਰ ਵਾਲੀ ਸੰਵੇਦਨਾ ਵੀ ਹੈ। 000

***(ਫੋਨ: +91-98150-50617 ਈਮੇਲ: rpsbrar@gmail.com)***

## ਮਨਕਥੀਆਂ (ਕਹਾਣੀ ਸੰਗ੍ਰਹਿ) ਬਿੰਦਰ ਬਸਰਾ

ਅੱਜ ਦੇ ਤੇਜ਼ ਰਫਤਾਰੀ ਦੌਰ ਵਿਚ ਲਿਖੀ ਜਾ ਰਹੀ ਪੰਜਾਬੀ ਕਹਾਣੀ ਵਿਚ ਸਹਿਜ ਕਦਮੀਂ ਚੱਲਣ ਵਾਲਾ ਕਹਾਣੀਕਾਰ ਹੈ, ਬਿੰਦਰ ਬਸਰਾ। ਇਸ ਕਹਾਣੀਕਾਰ ਨੇ 'ਕਦਮ ਕਦਮ ਚੌਰਾਹੇ' ਤੋਂ ਬਾਅਦ ਹਾਲ 'ਚ ਹੀ 'ਮਨਕਥੀਆਂ' (ਪੰਨੇ 112, ਮੁੱਲ 200 ਰੁਪਏ, ਪੀਪਲਜ਼ ਫੋਰਮ, ਬਰਗਾੜੀ, ਪੰਜਾਬ) ਨਾਂ ਦਾ ਸੱਜਰਾ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਕਰਵਾਇਆ ਹੈ। ਸਾਫ-ਸੁਥਰੀਆਂ ਤੇ ਸਹਿਜੇ ਸਮਝ 'ਚ ਆਉਣ ਵਾਲੀਆਂ ਕਹਾਣੀਆਂ ਲਿਖਣ ਵਾਲਾ ਸਾਡਾ ਇਹ ਕਥਾ-ਸਿਰਜਕ ਅੱਜੋਕੇ ਵਰਤਾਰੇ ਵਿਚ ਘਟੀਂਦੀਆਂ ਘਟਨਾਵਾਂ 'ਚੋਂ ਉਗਮੀਆਂ ਸਮੱਸਿਆਵਾਂ ਨਾਲ ਜੂਝਦੇ ਵਿਅਕਤੀਆਂ ਦੇ ਸਮੱਸਿਆਕਾਰੀ ਪਹਿਲੂਆਂ ਨੂੰ ਆਪਣੀ ਨਿਵੇਕਲੀ ਗਲਪ-ਭਾਸ਼ਾ ਰਾਹੀਂ ਸੰਚਾਰਦਾ ਹੈ। ਇਕ ਬਿਰਤਾਂਤਕ ਬਿੰਦੂ ਤੋਂ ਕਹਾਣੀ ਨੂੰ ਉਸਾਰ ਕੇ ਕਹਾਣੀ ਦੇ ਵਾਤਾਵਰਣ ਵਿਚ ਫੈਲਾਉਣ ਉਪਰੰਤ ਸਮੇਟਣ ਦੀ ਕਲਾਤਮਕ ਜੁਗਤ ਦਾ ਇਸਤੇਮਾਲ ਕਰਨ ਵਿਚ ਮਾਹਿਰ ਸਾਡਾ ਇਹ ਕਹਾਣੀਕਾਰ ਸਮਾਜਕ ਸਰੋਕਾਰਾਂ ਨੂੰ ਪੇਸ਼ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਹੱਥਲੇ ਸੰਗ੍ਰਹਿ ਵਿਚ ਸ਼ਾਮਲ ਗਿਆਰਾਂ ਦੀਆਂ ਗਿਆਰਾਂ ਕਹਾਣੀਆਂ ਹੀ ਸਮਾਜਕ ਤੇ ਪਰਿਵਾਰਕ ਰਿਸ਼ਤਿਆਂ ਦੇ ਫਿੱਕੇ ਹੋ ਰਹੇ ਰੰਗਾਂ ਦੇ ਬਿਰਤਾਂਤ ਨੂੰ ਮਾਨਵੀ ਗੁਣਾਂ ਦੀ ਪਾਣ ਚੜ੍ਹਾ ਕੇ ਰਾਜਸੀ ਘੇਰੇ ਵਿਚ ਰੱਖ ਕੇ ਪੇਸ਼ ਕਰਦੀਆਂ ਹਨ। ਇਹਨਾਂ ਕਹਾਣੀਆਂ ਵਿਚ ਔਰਤ, ਦਲਿਤ ਤੇ ਰਾਜਨੀਤਕ ਕਾਰਕੁਨਾਂ ਦੇ ਪਾਤਰੀ ਰੂਪਾਂ ਨੂੰ ਸਮਾਜ ਦੀਆਂ ਵਿਭਿੰਨ ਸਮਾਜਕ ਵਿਵਸਥਾਵਾਂ ਨਾਲ ਜੂਝਦਿਆਂ ਵੇਖਿਆ ਜਾ ਸਕਦਾ ਹੈ। ਘਰੋਂ ਦਫਤਰ ਤੇ ਦਫਤਰੋਂ ਘਰ 'ਚ ਵਿਚਰਦੀ ਔਰਤ ਦੀਆਂ ਵਿਭਿੰਨ ਪ੍ਰਕਾਰ ਦੀਆਂ ਸਮੱਸਿਆਵਾਂ ਨੂੰ ਉਘਾੜਦਿਆਂ ਬਿੰਦਰ ਬਸਰਾ ਨੇ ਪੰਜਾਬੀ ਪੱਤਰਕਾਰੀ ਦੇ ਸੰਕਟਾਂ, ਬਿਰਧ ਆਸ਼ਰਮਾਂ ਦੀ ਲੋੜ ਤੇ ਉਨ੍ਹਾਂ ਦੇ ਹੋਰਨਾਂ ਪਹਿਲੂਆਂ, ਦੇਸ਼ 'ਚ ਨੌਕਰੀਆਂ ਨਾ ਮਿਲਣ ਕਰਕੇ ਵਿਦੇਸ਼ ਜਾਣ ਲਈ ਲੱਗੀਆਂ ਨੌਜਵਾਨਾਂ ਦੀਆਂ ਲੰਮੀਆਂ ਕਤਾਰਾਂ, ਵਿਦੇਸ਼ ਜਾਣ ਲਈ ਹੋ ਰਹੇ ਫਰਜ਼ੀ ਵਿਆਹਾਂ, ਘਰਾਂ 'ਚ ਹੁੰਦੀ ਨਿੱਕੀਆਂ ਨਿੱਕੀਆਂ ਗੱਲਾਂ ਉੱਤੇ ਪਰਿਵਾਰਕ ਮੈਂਬਰਾਂ ਦੀ ਇਕ ਦੂਸਰੇ ਨੂੰ ਟੋਕ-ਟਾਕੀ ਤੇ ਉਸ 'ਚੋਂ ਉਪਜਿਆ ਕਲਹ-ਕਲੇਸ਼, ਆਵਾਜਾਈ ਲਈ ਟੁੱਟੀਆਂ-ਭੱਜੀਆਂ ਸੜਕਾਂ, ਊਚ-ਨੀਚ ਦੀਆਂ ਭਾਵਨਾਵਾਂ, ਚੁਰਾਸੀ ਦੇ ਕਾਲ਼ੇ ਦਿਨਾਂ ਦੀ ਯਾਦ, ਪੁੱਤ ਹੱਥੋਂ ਪਿਓ ਦਾ ਕਤਲ, ਪਰਿਵਾਰ ਦੇ ਮਾੜੇ ਮਾਹੌਲ ਕਰਕੇ ਜ਼ਹਿਰ ਖਾ ਕੇ ਆਤਮ-ਹੱਤਿਆ ਕਰਦੀ ਔਰਤ, ਨੂੰਹ ਨੂੰ ਬਿਟਰ ਟਿਰ ਝਾਕਦਾ ਸਹੁਰਾ, ਸਾਧਾਂ ਦੇ ਡੇਰਿਆਂ ਦਾ ਸੱਚ, ਬੱਚੇ ਦੀ ਬਲੀ ਦੇਣ ਦੀ ਘਟਨਾ, ਲੋਕਾਂ ਦੇ ਭੂਤਾਂ-ਪ੍ਰੇਤਾਂ ਬਾਰੇ ਵਹਿਮ, ਮਲਟੀ ਨੈਸ਼ਨਲ ਕੰਪਨੀਆਂ ਵੱਲੋਂ ਆਪਣੇ ਕਾਮਿਆਂ ਦੀ ਕੀਤੀ ਜਾਂਦੀ ਲੁੱਟ, ਪ੍ਰਕਾਸ਼ਨ ਤੇ ਪ੍ਰਿੰਟਿੰਗ ਦੇ ਕੰਮਾਂ ਦੀ ਦੁਰਦਸ਼ਾ, ਚੋਰੀਆਂ ਕਰਦੇ ਵਿਅਕਤੀਆਂ ਦੀ ਜੀਵਨ-ਸਥਿਤੀ, ਕਿਸ਼ਤਾਂ 'ਤੇ ਲਏ ਘਰਾਂ ਕਾਰਨ ਪੈਦਾ ਹੋਈ ਆਰਥਿਕ ਤੰਗੀ, ਤਨਖਾਹ ਨਿਗਲਦਾ ਘਰਾਂ ਦਾ ਕਿਰਾਇਆ, ਸਮਾਜ ਵਿਚ ਪਿਆ ਨੰਗੇਜ ਤੇ ਕਾਮੁਕ ਸੰਬੰਧਾਂ ਦਾ ਗੰਦ, ਰਿਸਰਚ ਸਕਾਲਰਾਂ (ਕੁੜੀਆਂ) ਦਾ ਹੁੰਦਾ ਸਰੀਰਕ ਸ਼ੋਸ਼ਣ, ਮੀਡੀਆ ਤੇ ਸ਼ੋਸ਼ਲ ਮੀਡੀਆ ਦੀ ਮਾੜੀ ਭੂਮਿਕਾ, ਸੈਂਸਰ ਬੋਰਡਾਂ ਦਾ ਪੱਤਰਕਾਰਾਂ ਤੇ ਅਖਬਾਰਾਂ ਦੇ ਕਾਰਿੰਦਿਆਂ ਨੂੰ ਤੰਗ ਕਰਨਾ, ਕਮਿਆਂ ਦੇ ਸਿਰਾਂ 'ਤੇ ਲਟਕਦੀ ਕੱਚੀ ਨੌਕਰੀ ਦੀ ਤਲਵਾਰ, ਜਾਤ-ਪਾਤੀ ਸੰਸਥਾ ਦਾ ਵਿਆਹ ਦੀ ਸੰਸਥਾ ਉੱਤੇ ਭਾਰੂ ਹੋਣਾ, ਹੋਰਨਾਂ ਸੂਬਿਆਂ 'ਚੋਂ ਲਿਆਂਦੀ ਜ਼ਨਾਨੀ (ਕੁਦੇਸਣ)

ਬਾਰੇ ਰਵੱਈਆ ਬਦਲਣਾ, ਮਹਿੰਗਾਈ ਇੰਡੈਕਸ ਦੇ ਵਧਣ ਕਰਕੇ ਗੁਰਬਤ 'ਚ ਪਿਸ ਰਹੀ ਆਮ ਲੋਕਾਈ, ਆਲਮੀ ਤਪਸ਼, ਵਧ ਰਹੇ ਸ਼ੋਰ ਪ੍ਰਦੂਸ਼ਣ, ਰੁੱਖਾਂ ਦੀ ਅੰਨ੍ਹੇਵਾਹ ਕਟਾਈ, ਸੀਵਰਜ਼ ਤੇ ਫੈਕਟਰੀਆਂ ਦੇ ਜ਼ਹਿਰੀਲੇ ਪਾਣੀ ਨਾਲ ਪਲੀਤ ਹੁੰਦੀਆਂ ਨਹਿਰਾਂ ਤੇ ਦਰਿਆ, ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਦੀ ਚਿੰਤਾ, ਪੁਲਿਸ ਮੁਕਾਬਲੇ, ਫਿਲਮੀ ਜ਼ਿੰਦਗੀ ਜਿਉਂਦਾ ਮੱਧਵਰਗੀ ਮਨੁੱਖ, ਦੁਵੱਲੀ ਸੋਚ ਵਾਲੇ ਬੰਦਿਆਂ ਦੀ ਭਰਮਾਰ ...ਇਤਿਆਦਿ ਅਨੇਕਾਂ ਸਮਾਜਕ, ਆਰਥਿਕ ਤੇ ਰਾਜਨੀਤਕ ਪਹਿਲੂਆਂ ਨੂੰ ਸਹਿਜੇ ਹੀ ਪਾਤਰਾਂ ਦੇ ਜੀਵਨ-ਬਿਰਤਾਂਤ 'ਚੋਂ ਪਛਾਣਿਆ ਜਾ ਸਕਦਾ ਹੈ। ਕਿਉਂਜੁ ਪਾਤਰ ਸਿਰਜਣ ਲਈ ਬਸਰਾ ਨੇ ਪ੍ਰਭਾਵ ਸਿਰਜਣਈ ਜੁਗਤ ਦਾ ਇਸਤੇਮਾਲ ਕੀਤਾ ਹੈ, ਸ਼ਾਇਦ ਏਸੇ ਲਈ ਪੁਸਤਕ ਦਾ ਨਾਮ 'ਮਨਕਥੀਆਂ' ਰੱਖਿਆ ਹੋਵੇ।ਪਾਤਰਾਂ ਦੇ ਮਨਾਂ ਦੀਆਂ ਕਥਨੀਆਂ।

ਜੇ ਸਮੂਚਲੀਆਂ ਕਹਾਣੀਆਂ ਦੇ ਸਿਰਲੇਖਾਂ ਨੂੰ ਇਹਨਾਂ ਵਿਚਲੀ ਵਸਤੂ, ਵਿਧੀ ਤੇ ਵਿਚਾਰ ਪੱਖੋਂ ਵੇਖੀਏ ਤਾਂ ਪਤਾ ਚੱਲਦਾ ਹੈ ਕਿ ਇਨ੍ਹਾਂ ਵਿਚਲਾ ਆਪਸੀ ਤਾਲਮੇਲ ਸੰਤੁਲਨ ਦੀ ਹਾਲਤ 'ਚ ਹੈ।

ਮਸਲਨ, 'ਕੱਲ੍ਹ ਵੀ ਆਉਣੈ' ਕਹਾਣੀ ਵਿਚਲੀ ਮੁੱਖ-ਪਾਤਰ ਸ਼ਿਲਪੀ ਦੀਆਂ ਸੋਚਾਂ 'ਚ 'ਰੁਟੀਨ' ਨਾਮਕ ਇਕੋ ਸ਼ਬਦ ਦੇ ਕਾਰਜੀ ਰੂਪ ਨੂੰ ਸਾਕਾਰ ਹੁੰਦਾ ਵਿਖਾ ਕੇ ਕਹਾਣੀਕਾਰ ਇਹ ਵਿਚਾਰ ਦਿੰਦਾ ਹੈ ਕਿ ਹਰ ਬੰਦੇ ਦੀ ਜੀਵਨ-ਨੁਹਾਰ ਵੱਖਰੀ ਹੁੰਦੀ ਹੈ। ਇਹ ਉਸਦੇ ਸਮਾਜਕ ਵਰਤਾਰੇ ਤੇ ਮਾਨਸਿਕ ਪੱਧਰ ਉੱਤੇ ਨਿਰਭਰ ਹੈ ਕਿ ਉਹ ਚੰਗੇ ਤੱਤਾਂ ਦੇ ਲੜ ਲੱਗਦਾ ਹੈ ਕਿ ਮਾੜਿਆਂ ਦੇ। ਕਹਾਣੀ ਦੀ ਵਸਤੂ ਮਾੜੇ ਤੱਤਾਂ ਨੂੰ ਖਾਰਜ, ਤੇ ਚੰਗੇ ਤੱਤਾਂ ਨੂੰ ਅਪਨਾਉਣ ਦੀ ਹਾਮੀ ਭਰਦੀ ਹੈ। ਇਹਨਾਂ ਚੰਗੇ ਮਾੜੇ ਕਾਰਕਾਂ ਦੀ ਪੈਦਾਵਾਰ ਸਮਾਜਕ ਵਰਤਾਰੇ 'ਚੋਂ ਹੁੰਦੀ ਹੈ ਤੇ ਸਮਾਜਕ ਵਰਤਾਰੇ ਨਵੀਂ ਤੇ ਪੁਰਾਣੀ ਸੋਚ ਦੇ ਘੋਲ-ਮਥੋਲੇ ਦੀ ਉਪਜ ਹਨ। ਬਸਰਾ ਦੀ ਦ੍ਰਿਸ਼ਟੀ ਨਵੇਂ ਤੇ ਪੁਰਾਣੇ ਨੂੰ ਮਾਨਵਵਾਦੀ ਤਰਾਜ਼ੂ ਉੱਤੇ ਤੋਲਦੀ ਹੈ।ਵਿਅਕਤੀ ਨੂੰ ਕੋਈ ਵੀ ਸਮਾਜਕ ਫੈਸਲਾ ਲੈਣ ਤੋਂ ਪਹਿਲਾਂ ਆਪਣੀ ਤਰਕਵਾਦੀ ਦ੍ਰਿਸ਼ਟੀ ਦਾ ਇਸਤੇਮਾਲ ਕਰਨਾ ਸਿਖਾਉਂਦੀ ਹੈ।

'ਫੈਸਲੇ ਤੋਂ ਪਹਿਲਾਂ' ਨਾਂ ਦੀ ਕਹਾਣੀ ਦੀ ਮੁੱਖ ਪਾਤਰ ਨਵਰੀਤ ਦੀ ਆਪਣੇ (ਜਾਤ-ਬਰਾਦਰੀ ਤੋਂ ਬਾਹਰਲੇ) ਪ੍ਰੇਮੀ ਮਨਮੀਤ ਨੂੰ ਆਪਣਾ ਜੀਵਨ-ਸਾਥੀ ਚੁਣਨ ਲਈ ਕੀਤੀ ਮਾਨਸਿਕ ਜਦੋਜਹਿਦ ਦੀ ਉਧੇੜ-ਬੁਣਨੀ- ਜੁਗਤ ਨਾਲ ਲਿਖੀ ਕਹਾਣੀ ਨਾਰੀ ਚੇਤਨਾ ਦੇ ਇਸ ਪੱਖ ਨੂੰ ਸਾਹਵੇਂ ਲਿਆਉਂਦੀ ਹੈ ਕਿ ਨਾਰੀ ਲਈ ਸਿਰਫ ਘਰਬਾਰ ਹੀ ਸਭ ਕੁਝ ਨਹੀਂ ਹੁੰਦਾ। ਉਸਦੇ ਅਰਮਾਨ ਵੀ ਹੁੰਦੇ ਨੇ। ਉਸਨੂੰ ਇਸ ਕਾਬਿਲ ਬਣਨਾ ਚਾਹੀਦਾ ਹੈ ਕਿ ਪਰਿਵਾਰਕ ਤੇ ਸਮਾਜਕ ਵਰਤਾਰੇ ਉਸਦੀ ਬੇਕਦਰੀ ਕਰਨ ਦਾ ਹੀਆ ਨਾ ਕਰ ਸਕਣ। ਤੇ 'ਕਤਲ' ਨਾਂ ਦੀ ਕਹਾਣੀ ਦੀ ਆਰਤੀ ਨਾਮਕ ਇਸਤਰੀ ਪਾਤਰ ਵਾਂਗ ਉਸ ਕੋਲ ਅਜਿਹੀ ਅੱਖ ਹੋਣੀ ਚਾਹੀਦੀ ਹੈ ਜੋ ਅਜਿਹੇ ਮਰਦਾਂ ਨੂੰ ਪਛਾਣ ਸਕੇ ਜੋ ਔਰਤਾਂ ਨੂੰ ਕੇਵਲ ਤੇ ਕੇਵਲ ਭੋਗਣ ਲਈ ਤਰਲੋਮੱਛੀ ਰਹਿੰਦੇ ਹਨ। ਸਮਾਜ ਵਿਚ ਫੈਲੇ ਅਜਿਹੇ ਗੰਦ ਨੂੰ ਕਹਾਣੀਕਾਰ ਨੇ ਆਰਤੀ ਦੀ ਬੀਤੀ ਜ਼ਿੰਦਗੀ ਦੀਆਂ ਬਿਰਤਾਂਤਕ ਝਲਕਾਂ ਰਾਹੀਂ ਸਾਕਾਰ ਕੀਤਾ ਹੈ। ਨਾਰੀ ਚਲਿੱਤਰ ਰਾਹੀਂ ਉਸਦੇ ਚਰਿੱਤਰ ਦੀ ਇਕ ਮਹੀਨ ਤੰਦ ਨੂੰ ਪਰਿਵਾਰਕ/ਸਮਾਜਕ ਕਲੇਸ਼ ਦੇ ਵਿਭਿੰਨ ਰੂਪਾਂ ਨੂੰ 'ਇਨਸਾਈਡਰ' ਕਹਾਣੀ ਵਿਚ ਉਘਾੜਣ ਸਮੇਂ ਕਹਾਣੀਕਾਰ ਨੇ ਇਸ ਵਿਚਾਰ ਨੂੰ ਸਾਹਵੇਂ ਰੱਖਿਆ ਹੈ ਕਿ ਘਰ ਪਰਿਵਾਰ ਵਿਚ ਲੜਾਈ ਕੇਵਲ ਆਰਥਿਕ ਤੰਗੀ ਦੀ ਨਹੀਂ ਹੁੰਦੀ ਇਸ ਲਈ ਹੋਰ ਵੀ ਕਾਰਨ ਹੋ ਸਕਦੇ ਹਨ। ਅਜਿਹੇ ਅਨੇਕਾਂ ਕਾਰਨਾਂ ਵਿਚੋਂ ਬਿੰਦਰ ਬਸਰਾ ਨੇ ਇਕ ਔਰਤ ਦਾ ਆਪਣੀ ਭੈਣ ਦਾ ਸਾਕ ਆਪਣੇ ਘਰਵਾਲੇ ਦੇ ਭਰਾ ਨੂੰ ਨਾ ਹੋਣ ਉਪਰੰਤ ਬਣੀ ਉਸਦੀ ਭੈੜੀ ਮਾਨਸਿਕ ਸੋਚ ਨੂੰ ਬਣਾਇਆ ਹੈ। ਅਜਿਹੀ ਸੋਚ ਦੀ ਮਾਰ ਤੋਂ ਪਰਿਵਾਰ ਨੂੰ ਕਾਲੇ ਘੋੜੇ ਦੀ ਖੁਰੀ (ਲੋਕ ਵਹਿਮ) ਵੀ ਨਹੀਂ ਬਚਾ ਸਕੀ। ਸਹਿਮ ਤੇ ਵਹਿਮ ਵਰਗੀਆਂ ਭਾਵਨਾਵਾਂ ਕਹਾਣੀ ਦੀ

ਬਿਰਤਾਂਤਕ ਕਾਇਆ ਨੂੰ ਕੱਜ ਕੇ ਰੱਖਦੀਆਂ ਹਨ।

ਸਹਿਮ ਤੇ ਵਹਿਮ ਦੇ ਘੋਲ-ਮਥੋਲੇ 'ਚੋਂ ਉਪਜੀ ਇਕ ਹੋਰ ਕਹਾਣੀ ਹੈ: 'ਹੋੜ'। ਇਸ ਕਹਾਣੀ ਵਿਚਲੇ ਮੈਂ-ਪਾਤਰ ਦਾ ਫਿਕਰ ਅਜਿਹੀ ਵਿਚਾਰਧਾਰਾ ਨੂੰ ਸਾਹਵੇਂ ਲਿਆਉਂਦਾ ਹੈ ਕਿ ਜੇ ਬੰਦਾ ਨਿੱਕੀਆਂ ਨਿੱਕੀਆਂ ਭੁੱਲਾਂ ਨੂੰ ਨਜ਼ਰਅੰਦਾਜ਼ ਕਰ ਦੇਵੇ ਤਾਂ ਉਹ ਸਬਰ ਤੇ ਸ਼ੁਕਰ ਦਾ ਜੀਵਨ ਬਤੀਤ ਕਰ ਸਕਦੈ। ਐਪਰ, ਪੈਸਾ ਪ੍ਰਧਾਨ ਆਰਥਿਕ ਵਰਤਾਰਾ ਆਪਣਾ ਰੰਗ ਵਿਖਾਉਣੋਂ ਭਲਾਂ ਕਿਵੇਂ ਰਹਿ ਸਕਦੈ। ਅਜਿਹੇ ਰੰਗ ਦੇ ਵਿਭਿੰਨ ਰੂਪਾਂ ਨੂੰ ਪਕੜਨ ਲਈ ਕੈਨੇਡਾ, ਅਮਰੀਕਾ ਤੇ ਇੰਗਲੈਂਡ ਜਾਣ ਲਈ ਨਵੀਂ ਪੀੜ੍ਹੀ ਦੀ ਜਦੋਜਹਿਦ ਨੂੰ ਭਾਰਤ ਦੇਸ਼ ਦੇ ਰਾਜਸੀ ਤੇ ਆਰਥਿਕ ਹਾਲਾਤ ਦੇ ਪ੍ਰਸੰਗਾਂ 'ਚ ਰੱਖਦਿਆਂ 'ਕੋਈ ਹੋਰ ਨਹੀਂ' ਨਾਮਕ ਕਹਾਣੀ ਵਿਚ ਪੇਸ਼ ਕੀਤਾ ਗਿਆ ਹੈ। ਬੱਚਿਆਂ ਦੀ ਅਜਿਹੀ ਮਾਨਸਿਕਤਾ ਕਿਵੇਂ ਉਹਨਾਂ ਦੇ ਮਾਪਿਆਂ ਨੂੰ ਉਹਨਾਂ ਬਗੈਰ ਇਕੱਲੇ ਬੁਢੇਪਾ ਕੱਟਣ ਦੀ ਚਿੰਤਾ ਵਿਚ ਪਾ ਰਹੀ ਹੈ। ਪਰਿਵਾਰਕ / ਸਮਾਜਕ ਰਿਸ਼ਤਿਆਂ ਉੱਤੇ ਪੂੰਜੀ ਦਾ ਲੇਹਾ ਇਸ ਕਦਰ ਲੱਗ ਚੁੱਕਾ ਹੈ ਕਿ ਮੌਤ ਦੇ ਦੁੱਖ ਉੱਤੇ ਵਿਦੇਸ਼ ਜਾਣ ਦੇ ਸੁੱਖ ਮਾਨਣ ਦੀ ਤਰਲੋਮੱਛੀ ਇਹਨਾਂ ਨੂੰ ਹੋਰ ਤਾਰ-ਤਾਰ ਕਰ ਰਹੀ ਹੈ। ਇਸਦੇ ਵਿਭਿੰਨ ਰੂਪਾਂ ਨੂੰ 'ਆਪੋ ਆਪਣੇ ਮੋਰਚੇ' ਨਾਂ ਦੀ ਕਹਾਣੀ ਵਿਚੋਂ ਸਾਕਾਰ ਹੁੰਦੇ ਵੇਖ ਸਕਦੇ ਹੋ। ਜਾਂ ਫਿਰ , 'ਸੱਚ ਘਰ ਦਾ ਰਾਹ' ਕਹਾਣੀ ਵਿਚ ਸ਼ਮਸ਼ਾਨ ਘਾਟ ਤੇ ਕੁੰਨਾਂ ਵਾਲੀ ਥਾਂ ਉੱਤੇ ਪਾਰਕ ਬਣਨ ਤੇ ਪਾਰਕ ਦੇ ਪਿਛਲੇ ਪਾਸੇ ਵਾਲੀ ਜ਼ਮੀਨ ਨੂੰ ਸਰਪੰਚ ਦੇ ਭਤੀਜੇ ਵੱਲੋਂ ਕੌਡੀਆਂ ਦੇ ਭਾਅ ਖਰੀਦ ਕੇ ਉਸ ਉੱਤੇ ਪਲਾਟਾਂ ਦੀ ਉਸਾਰੀ ਕਰਨ ਅਤੇ ਮੈਰਿਜ ਪੈਲਸ ਦੇ ਉਦਘਾਟਨ ਵਾਲੇ ਘਟਨਾ-ਕ੍ਰਮ ਨੂੰ ਇਸ ਪ੍ਰਸੰਗ 'ਚ ਵਿਚਾਰਿਆ ਜਾ ਸਕਦਾ ਹੈ।

ਬਿੰਦਰ ਬਸਰਾ ਦੇ ਕਹਾਣੀ ਸੰਸਾਰ ਦਾ ਉਦੇਸ਼ ਨਾ ਕੇਵਲ ਪੂੰਜੀ ਤੇ ਦਲਿਤ ਕ੍ਰਿਤ ਵਰਤਾਰਿਆਂ ਦੀਆਂ ਦਮਨਸ਼ੀਲ ਸੁਰਾਂ ਨੂੰ ਅਲਾਪਣ ਨਾਲ ਹੈ ਬਲਕਿ ਉਹਨਾਂ ਨਾਲ ਸਿੱਝਣ ਲਈ ਸਾਫ-ਸ਼ਫਾਫ ਤੇ ਪਾਰਦਰਸ਼ੀ ਵਿਚਾਰਧਾਰਕ ਦ੍ਰਿਸ਼ਟੀ ਦਾ ਨਿਰਮਾਣ ਕਰਨਾ ਵੀ ਹੈ।'ਸੱਚ ਘਰ ਦਾ ਰਾਹ' ਵਿਚਲੇ ਕਾਮਰੇਡ ਬਲਦੇਵ ਤੇ ਕੁਲਦੀਪ, 'ਹੀਰ ਕਾਮਰੇਡ' ਵਿਚਲਾ ਕਾਮਰੇਡ ਵਿਨੋਦ ਅਤੇ 'ਜੋ ਕਦੇ ਹਾਰ ਨਹੀਂ ਮੰਨਦੇ' ਵਿਚਲਾ ਮਾਸਟਰ ਮਨਦੀਪ ਉਰਫ ਕਾਮਰੇਡ ਅਜੈਬ ਵਰਗੇ ਨਮੂਨੇ ਦੇ ਪਾਤਰਾਂ ਦੀ ਸਿਰਜਣਾ ਦਾ ਸ਼ਾਇਦ ਏਹੀ ਮਕਸਦ ਹੈ। ਨਮੂਨੇ ਦੇ ਇਨ੍ਹਾਂ ਪਾਤਰਾਂ ਰਾਹੀਂ ਕਹਾਣੀਕਾਰ ਨੇ ਪੰਜਾਬੀ ਸਮਾਜ ਵਿਚ ਜਾਤ ਤੇ ਜਮਾਤ ਦੇ ਸੰਕਲਪਾਂ ਨੂੰ ਸਮਝਣ ਦੀਆਂ ਵਿਚਾਰਧਾਰਕ ਨੀਹਾਂ ਤਕ ਪਹੁੰਚਣ ਦੀ ਕੋਸ਼ਿਸ਼ ਕੀਤੀ ਹੈ। ਤਰਕਵਾਦੀ ਦ੍ਰਿਸ਼ਟੀ ਅਪਨਾਉਂਦਾ ਹੋਇਆ ਕਹਾਣੀਕਾਰ ਇਸ ਵਿਚਾਰ ਦੀ ਪ੍ਰੋੜਤਾ ਕਰਦਾ ਹੈ ਕਿ ਸਿਧਾਂਤ ਤੇ ਵਿਹਾਰ ਅਤੇ ਪਦਾਰਥ ਤੇ ਚੇਤਨਾ ਦੇ ਪਾੜੇ ਨੂੰ ਸਮਝ ਕੇ ਮੇਟਣ ਵਾਲੇ ਸਮਾਜਕ ਵਿਵਹਾਰ ਹੀ ਅੰਬੇਦਕਰਵਾਦੀ ਤੇ ਮਾਰਕਸਵਾਦੀ ਸੋਚਾਂ ਨੂੰ ਪਰਨਾਏ ਵਿਅਕਤੀਆਂ ਨੂੰ ਸਹੀ ਦਿਸ਼ਾ ਪ੍ਰਦਾਨ ਕਰ ਸਕਦਾ ਹੈ ।ਇਸ ਲਈ ਉਹਨਾਂ ਕੋਲ ਆਪਣੇ ਆਪਣੇ ਸੰਕਲਪ ਸੂਤਰਾਂ ਨੂੰ ਸਮਾਜਕ ਵਿਹਾਰ ਦੀ ਛਾਣਨੀ 'ਚ ਪਾ ਕੇ ਛੱਟਣ ਵਾਲੀ ਤਰਕਸ਼ੀਲ ਸੋਚ ਦਾ ਹੋਣਾ ਜ਼ਰੂਰੀ ਹੈ। ਕਿਉਂਜੁ, ਇਹ ਵਿਚਾਰਧਾਰਾ ਦੇ ਨਾਲ ਨਾਲ ਸਮਾਜਕ ਵਤੀਰੇ ਨੂੰ ਸੋਧਣ ਦੀ ਲੜਾਈ ਵੀ ਹੈ। ਮਨੁੱਖੀ ਜ਼ਿੰਦਗੀ, ਸਮਾਜ ਤੇ ਰਾਜ ਪ੍ਰਬੰਧ ਦੀ ਕਾਰਜਗਤ ਨਬਜ਼ ਨੂੰ ਪਛਾਨਣ ਵਾਲੇ ਵਿਸ਼ੇਸ਼ ਵਿਅਕਤੀਆਂ ਕੋਲ ਵਿਚਾਰਧਾਰਕ ਸਪਸ਼ਟਤਾ ਹੋਣੀ ਚਾਹੀਦੀ ਹੈ। ਉਹਨਾਂ ਨੂੰ ਸੂਝ ਹੋਣੀ ਚਾਹੀਦੀ ਹੈ; ਭੇਖ ਬਦਲਣ ਵਾਲੇ ਬੰਦੇ ਦੀ, ਰਾਜਸੀ ਗੁੱਟਾਂ ਦੀ ਆਪਸੀ ਸਿਧਾਂਤਕ ਖਿੱਚੋਤਾਣ ਦੇ ਕਾਰਨਾਂ ਦੀ, ਕ੍ਰਾਂਤੀ ਲਈ ਬਣੇ ਨਿਯਮਾਂ ਦੀ ਪੁਣਛਾਣ ਕਰਨ ਦੀ। ਗੱਲ ਕੀ, ਰਾਜਸੀ ਸਵਾਲ ਕਰਨ ਲਈ ਸਿਰਜੀਆਂ ਕਹਾਣੀਆਂ ਦੇ ਬਿਰਤਾਂਤ ਅੰਦਰ ਬਿੰਦਰ ਬਸਰਾ ਨੇ ਨਕਸਲੀ ਲਹਿਰ ਨੂੰ, ਕਮਿਊਨਿਸਟ ਪਾਰਟੀ ਵਿਚ ਪਈਆਂ ਵੰਡੀਆਂ ਨੂੰ, ਖੱਬੇ ਪੱਖੀ ਮੁਹਾਜ਼ ਵਿਚ ਆਏ ਡੂੰਘੇ ਸੰਕਟਾਂ ਨੂੰ,

ਕਮਿਊਨਿਸਟ ਪਾਰਟੀ ਅੰਦਰਲੇ ਜਾਤ ਤੇ ਜਮਾਤ ਦੇ ਮਸਲਿਆਂ ਦੀ ਗਲਪੀ ਸਾਰ ਲਈ ਹੈ।

ਇਸ ਸੰਗ੍ਰਹਿ ਦੀ ਪ੍ਰਾਪਤੀ ਇਹ ਹੈ ਕਿ ਕਥਾ-ਪਾਤਰਾਂ ਦੀਆਂ ਮਨਕਥੀਆਂ ਅਥਵਾ ਸੋਚਾਂ ਦੀਆਂ ਘੁੰਮਣਘੇਰੀਆਂ ਨੂੰ ਆਧਾਰ ਬਣਾ ਕੇ ਲਿਖੀਆਂ ਇਹਨਾਂ ਕਹਾਣੀਆਂ ਦੀਆਂ ਤਹਿਆਂ ਨੂੰ ਜੇ ਧਿਆਨ ਲਗਾ ਕੇ ਫਰੋਲਿਆ ਜਾਵੇ ਤਾਂ ਇਹਨਾਂ 'ਚੋਂ ਪਾਠਕਾਂ ਨੂੰ ਅਛੋਪਲੇ ਹੀ ਸਮਾਜਕ ਤੇ ਰਾਜਸੀ ਜੀਵਨ ਜਿਊਣ ਦੀ ਸਰਲ ਵਿਧੀ ਲੱਭ ਸਕਦੀ ਹੈ **-ਚੰਦਰ ਮੋਹਨ**

## ਹਵੇਲੀਆਲ਼ਾ (ਨਾਵਲ) ਜਸਪਾਲ ਮਾਨਖੇੜਾ

ਜਸਪਾਲ ਮਾਨਖੇੜਾ ਪੰਜਾਬੀ ਸਾਹਿਤ ਜਗਤ ਵਿਚ ਆਪਣੀਆਂ ਰਚਨਾਵਾਂ ਨਾਲ ਨਾਮਵਰ ਗਲਪਕਾਰ ਵਜੋਂ ਆਪਣੀ ਪਛਾਣ ਬਣਾ ਚੁੱਕਾ ਹੈ। ਉਸਦਾ ਹੱਥਲਾ ਨਵਾਂ ਨਾਵਲ 'ਹਵੇਲੀਆਲ਼ਾ' (ਪੀਪਲਜ਼ ਫ਼ੋਰਮ ਬਰਗਾੜੀ, ਪੰਨੇ 150, ਮੁੱਲ 250 ਰੁਪਏ) ਉਕਤ ਕਥਨ ਦੀ ਪ੍ਰੋੜਤਾ ਕਰਦਾ ਹੈ। ਇਹ ਨਾਵਲ ਸਾਲ 1997 ਦੀ ਜੁਲਾਈ ਦੇ ਅੰਤਲੇ ਦਿਨ ਜਿਲ੍ਹਾ ਬਰਨਾਲਾ ਦੇ ਪਿੰਡ ਮਹਿਲਕਲਾਂ ਵਿਚ 17 ਸਾਲਾ ਵਿਦਿਆਰਥਣ ਕਿਰਨਜੀਤ ਕੌਰ ਨੂੰ ਅਗਵਾ ਕਰ ਕੇ ਬਲਾਤਕਾਰ ਕਰਨ ਉਪਰੰਤ ਮਾਰ ਕੇ ਖੇਤ ਵਿਚ ਦੱਬਣ ਦੇ ਇਨਸਾਫ ਲਈ ਚੱਲੇ ਸੰਘਰਸ਼ ਦੀ ਕਥਾ ਹੈ। ਇਸ ਸੰਘਰਸ਼ ਨੂੰ ਨਾਵਲੀ ਬਿਰਤਾਂਤ ਦਾ ਰੂਪ ਦੇ ਕੇ ਜਸਪਾਲ ਮਾਨਖੇੜਾ ਲੋਕ ਘੋਲ਼ਾਂ ਦੀ ਪੇਸ਼ਕਾਰੀ ਕਰਨ ਵਾਲੇ ਨਾਵਲਕਾਰਾਂ ਵਿਚ ਵੀ ਸ਼ੁਮਾਰ ਹੋ ਗਿਆ ਹੈ। ਇਸ ਤੋਂ ਪਹਿਲੇ ਨਾਵਲ 'ਹਰ ਮਿੱਟੀ ਦੀ ਆਪਣੀ ਖ਼ਸਲਤ' ਵਿਚ ਵੀ ਜਸਪਾਲ ਮਾਨਖੇੜਾ ਦਾ ਲੋਕ ਸੰਘਰਸ਼ਾਂ ਵੱਲ ਝੁਕਾਅ ਨਜ਼ਰ ਆਇਆ ਸੀ। ਲੋਕ ਘੋਲ਼ ਹਮੇਸ਼ਾ ਪ੍ਰੇਰਨਾਦਾਇਕ ਹੁੰਦੇ ਹਨ। ਇਹਨਾਂ ਨੂੰ ਲੜਨਾ ਅਤੇ ਜਿੱਤਣਾ ਹਮੇਸ਼ਾ ਚੁਣੌਤੀਪੂਰਨ ਕੰਮ ਰਿਹਾ ਹੈ। ਫਿਰ ਵੀ ਸੰਘਰਸ਼ਸ਼ੀਲ ਲੋਕ ਇਸਨੂੰ ਲੜਦੇ ਵੀ ਹਨ ਅਤੇ ਜਿੱਤਦੇ ਵੀ ਹਨ। ਲੋਕ ਘੋਲ਼ ਮਨੁੱਖੀ ਮਾਨਸਿਕਤਾ ਨੂੰ ਹਮੇਸ਼ਾ ਟੁੰਬਦੇ ਹਨ। ਬੇਸ਼ੱਕ ਬਹੁਤ ਸਾਰੇ ਲੋਕ ਇਹਨਾਂ ਘੋਲ਼ਾਂ ਵਿਚ ਆਪਣੀ ਮੌਜੂਦਗੀ ਦਰਜ ਨਹੀਂ ਕਰਾ ਪਾਉਂਦੇ ਪਰ ਫਿਰ ਵੀ ਜਦੋਂ ਕੋਈ ਅਨਿਆਂ ਹੁੰਦਾ ਹੈ ਤਾਂ ਹਰ ਕੋਈ ਚਾਹੁੰਦਾ ਹੈ ਕਿ ਘੋਲ਼ ਲੜੇ ਜਾਣ ਅਤੇ ਜਿੱਤੇ ਜਾਣ। ਲੋਕ ਘੋਲ਼ਾਂ ਦੇ ਲੜਨ ਅਤੇ ਜਿੱਤੇ ਜਾਣ ਦੀ ਸੰਭਾਵਨਾ ਇਸ ਗੱਲ 'ਤੇ ਵੀ ਨਿਰਭਰ ਕਰਦੀ ਹੈ ਕਿ ਘੋਲ਼ ਕਿਸ ਗੱਲ 'ਤੇ ਲੜਿਆ ਜਾ ਰਿਹਾ, ਘੋਲ਼ਾਂ ਦੀ ਅਗਵਾਈ ਕਰਨ ਵਾਲੇ ਆਗੂਆਂ ਦੀ ਜਥੇਬੰਦਕ ਸਮਝ, ਘੋਲ਼ਾਂ ਨੂੰ ਲੜਨ ਦੀ ਪ੍ਰੈਕਟਿਸ ਅਤੇ ਘੋਲ਼ ਵਿਚ ਆਮ ਲੋਕਾਂ ਦਾ ਮਿਲਣ ਵਾਲਾ ਸਾਥ ਕਿੰਨਾ ਲੰਬਾ ਹੈ। ਸਟੇਟ ਜਾਂ ਕਿਸੇ ਹੋਰ ਤਾਕਤਵਰ ਧਿਰ ਦੇ ਖਿਲਾਫ ਲੜੇ ਜਾਣ ਵਾਲੇ ਜਨਤਕ ਘੋਲ ਆਮ ਤੌਰ 'ਤੇ ਲਮਕਵੇਂ ਹੁੰਦੇ ਹਨ। ਲਮਕਵੇਂ ਜਾਂ ਲਟਕਵੇਂ ਘੋਲ਼ਾਂ ਵਿਚ ਆਮ ਲੋਕਾਂ ਦੇ ਹਤਾਸ਼ ਹੋਣ ਦਾ ਖਦਸ਼ਾ ਹੁੰਦਾ ਹੈ। ਪਰ ਅਜਿਹੇ ਲਮਕਵੇਂ ਘੋਲ਼ਾਂ ਵਿਚ ਪ੍ਰਾਪਤ ਕੀਤੀਆਂ ਜਿੱਤਾਂ ਦੀ ਇਤਿਹਾਸਕ ਜਾਣਕਾਰੀ ਨੇ ਸੰਘਰਸ਼ੀ ਯੋਧਿਆਂ ਨੂੰ ਅਗਲੇ ਸੰਘਰਸ਼ਾਂ ਲਈ ਉਤਸ਼ਾਹਤ ਕੀਤਾ ਹੈ।

ਹੱਥਲੇ ਨਾਵਲ ਵਿਚ ਅਜਿਹੇ ਹੀ ਲਮਕਵੇਂ ਘੋਲ਼ ਦੀ ਸ਼ਾਨਦਾਰ ਜਿੱਤ ਦਾ ਬਿਰਤਾਂਤ ਸਿਰਜਿਆ ਗਿਆ ਹੈ। ਨਾਵਲ ਦੀ ਕਹਾਣੀ ਕਾਲਿਜ ਪੜ੍ਹਦੀ ਰਿਸ਼ਮਦੀਪ ਦੇ ਗੁੰਮ ਹੋਣ ਦੇ ਬਿਰਤਾਂਤ ਤੋਂ ਸ਼ੁਰੂ ਹੁੰਦੀ ਹੈ। ਉਸਦੀ ਤਲਾਸ਼ ਨਾਲ ਜੁੜੇ ਬਿਰਤਾਂਤ ਨਾਲ ਨਾਵਲੀ ਕਥਾਨਕ ਅੱਗੇ ਵਧਦਾ ਹੈ ਅਤੇ ਨਿਆਂਪਾਲਿਕਾ ਦੇ ਵੱਖ-ਵੱਖ ਅੰਗਾਂ ਦਾ ਪਰਦਾ ਚਾਕ ਹੁੰਦਾ ਜਾਂਦਾ ਹੈ। ਜਸਪਾਲ ਮਾਨਖੇੜਾ ਦੇ ਨਾਵਲ ਦੀ ਖਾਸੀਅਤ ਇਸ ਗੱਲ ਵਿਚ ਵੀ ਨਿਹਤ ਹੈ ਕਿ ਇਸਦਾ ਬਿਰਤਾਂਤ ਇਨਸਾਫ਼ ਲਈ ਲੜੇ ਜਾਣ ਵਾਲੇ ਸੰਘਰਸ਼ ਦੀ ਜਿੱਤ ਦਾ ਬਿਰਤਾਂਤ ਹੋਣ ਤੋਂ ਇਲਾਵਾ ਸੱਤਾ ਦੇ ਹੰਕਾਰ ਨੂੰ ਤੋੜਨ ਦਾ ਬਿਰਤਾਂਤ ਵੀ ਹੈ। ਰਿਸ਼ਮਦੀਪ ਦੇ ਗੁੰਮ ਹੋਣ ਤੋਂ ਬਾਅਦ ਉਸਦੀ ਤਲਾਸ਼ ਵਿਚੋਂ ਪੁਲਿਸ ਦਾ ਰਵੱਈਆ ਸੱਤਾ ਨਾਲ ਸਾਂਝ ਭਿਆਲ਼ੀ ਧਿਰ ਦੇ ਰਵਾਇਤੀ ਰੰਗ ਵਾਲਾ ਹੈ। ਇਸਦੇ ਉਲਟ ਸੰਘਰਸ਼ ਕਮੇਟੀ ਦਾ ਗਠਨ ਤੇ ਉਸਦੀ ਲੜਾਈ ਪੁਲਿਸ ਤੇ ਗੁੰਡਾ ਧਿਰ ਦੇ ਗੱਠਜੋੜ

ਨੂੰ ਤੋੜ ਸਿੱਟਦੀ ਹੈ। ਸੰਘਰਸ਼ ਕਮੇਟੀ ਦੇ ਆਗੂ ਕੁਲਦੀਪ ਕਲੇਰ, ਅਜੈਬ ਨੱਤ, ਮੁਹੱਬਤਪਾਲ, ਚਿਮਨ, ਜਗਦੇਵ ਬੜੀ ਇਸ ਲਈ ਜਾਬਤੇਬੰਦ ਸੰਘਰਸ਼ ਉਲੀਕਦੇ ਹਨ। ਸੱਤਾ ਇਹਨਾਂ ਦੇ ਸੰਘਰਸ਼ ਨੂੰ ਫੇਲ੍ਹ ਕਰਨ ਲਈ ਹਰ ਤਰ੍ਹਾਂ ਦੇ ਹਰਬੇ ਵਰਤਦੀ ਹੈ ਪਰ ਲੋਕਾਂ ਦਾ ਇਕੱਠ ਜੁੜਦਾ ਜਾਂਦਾ ਹੈ ਅਤੇ ਦੋਸ਼ੀਆਂ ਨੂੰ ਉਮਰ ਕੈਦ ਕਰਵਾ ਦਿੱਤੀ ਜਾਂਦੀ ਹੈ। ਤਰੀਕ ਭੁਗਤਣ ਸਮੇਂ ਹੋਈ ਲੜਾਈ ਵਿਚ ਇਕ ਦੋਸ਼ੀ ਦੇ ਮਾਰੇ ਜਾਣ ਦੇ ਇਲਜ਼ਾਮ ਵਜੋਂ ਆਗੂਆਂ 'ਤੇ ਵੀ ਕੇਸ ਹੋ ਜਾਂਦਾ ਹੈ, ਇਕ ਪਾਸੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਦੂਜੇ ਪਾਸੇ ਆਗੂਆਂ ਨੂੰ ਝੂਠੀ ਸਜ਼ਾ ਤੋਂ ਬਚਾਉਣ ਲਈ। ਨਾਵਲ ਦੇ ਅੰਤ ਤਕ ਸੰਘਰਸ਼ ਵਿਚ ਅਨੇਕਾਂ ਉਤਰਾਅ-ਚੜ੍ਹਾਅ ਆਉਂਦੇ ਹਨ ਪਰ ਲੋਕ ਏਕਤਾ ਦੇ ਸਿੱਟੇ ਅਤੇ ਆਗੂਆਂ ਦੀ ਜੱਥੇਬੰਦਕ ਰਣਨੀਤੀ ਵਜੋਂ ਲੰਬੇ ਘੋਲ਼ ਵਿਚ ਜਿੱਤ ਪ੍ਰਾਪਤ ਹੁੰਦੀ ਹੈ। ਰਾਜਪਾਲ ਤੋਂ ਕੁਲਦੀਪ ਕਲੇਰ ਦੀ ਸਜ਼ਾ ਮੁਆਫ਼ ਕਰਵਾ ਲਈ ਜਾਂਦੀ ਹੈ।

ਨਾਵਲਕਾਰ ਨੇ ਇਸ ਸੰਘਰਸ਼ ਦਾ ਜੇਤੂ ਬਿਰਤਾਂਤ ਸਿਰਜਣ ਤੋਂ ਪਹਿਲਾਂ ਇਸਦੀ ਇਤਿਹਾਸਕ ਪਿੱਠ ਭੂਮੀ ਵੀ ਸਿਰਜੀ ਹੈ। ਹਵੇਲੀਆਲ਼ਾ ਬਰਨਾਲਾ ਜਿਲ੍ਹੇ ਦਾ ਪਿੰਡ ਹੈ, ਜੋ ਖਿੱਤਾ ਕਮਿਊਨਿਸਟ ਲਹਿਰ ਦਾ ਗੜ੍ਹ ਹੈ। ਇਸਦੇ ਆਸੇ ਪਾਸੇ ਦੇ ਪਿੰਡਾਂ ਵਿਚ ਇਤਿਹਾਸਕ ਨਾਇਕ, ਪਰਜਾ ਮੰਡਲ ਦੇ ਆਗੂ, ਕੂਕਾ ਅੰਦੋਲਨ ਅਤੇ ਗਦਰ ਲਹਿਰ ਦੇ ਯੋਧੇ ਵਸਦੇ ਰਹੇ ਹਨ। ਇਸ ਤਰ੍ਹਾਂ ਦੇ ਸੰਘਰਸ਼ੀ ਜੁਗਰਾਫੀਏ ਕਾਰਨ ਲੋਕਾਂ ਅੰਦਰ ਸੰਘਰਸ਼ ਦਾ ਮਾਦਾ ਹੋਰ ਖਿੱਤੇ ਦੇ ਲੋਕਾਂ ਨਾਲੋਂ ਵਧੇਰੇ ਹੈ। ਲੰਬੇ ਸੰਘਰਸ਼ ਵਿਚ ਇਸ ਇਤਿਹਾਸਕ ਪਿੱਠ ਭੂਮੀ ਦਾ ਵੀ ਅਹਿਮ ਹਿੱਸਾ ਰਿਹਾ ਹੈ। ਅਜਿਹੇ ਪਿੰਡਾਂ ਵਿਚ ਜਿੱਥੇ ਆਸੇ ਪਾਸੇ ਲੋਕ ਨਾਇਕਾਂ ਦਾ ਵਾਸਾ ਰਿਹਾ ਹੋਵੇ ਉੱਥੇ ਵਹਿਸ਼ੀ ਮਾਨਸਿਕਤਾ ਵਾਲੇ ਬਲਕਾਰੇ ਕੇ ਟੱਬਰ ਦਾ ਪਿਛੋਕੜ ਫ਼ਰੋਲਣਾ ਹੋਰ ਵੀ ਪ੍ਰਸੰਗਕ ਹੈ। ਇਹ ਟੱਬਰ ਕਿਸੇ ਹੋਰ ਪਿੰਡ ਤੋਂ ਏਥੇ ਆ ਕੇ ਵਸਿਆ ਹੈ। ਉਹਨਾਂ ਦੇ ਵੱਡ-ਵਡੇਰਿਆਂ ਨੇ ਰਾਜੇ ਨੂੰ ਆਪਣੀ ਧੀ ਦੇ ਕੇ ਬਦਲੇ ਵਿਚ ਮੁਰੱਬੇ ਹਾਸਲ ਕੀਤੇ ਸਨ। ਅਣਖ ਦੇ ਕੇ ਹਾਸਲ ਕੀਤੀ ਸੱਤਾ ਦੇ ਹੰਕਾਰ ਵਿਚ ਉਹ ਦੂਜਿਆਂ ਦੀ ਅਣਖ ਅਤੇ ਪੱਤ ਰੋਲਣਾ ਆਪਣਾ ਜਨਮ ਸਿੱਧ ਅਧਿਕਾਰ ਸਮਝਦੇ ਹਨ। ਨਾਵਲ ਵਿਚ ਉਹਨਾਂ ਦੇ ਇਸ ਹੰਕਾਰ ਨੂੰ ਤੋੜ ਕੇ ਲੋਕ ਸੰਘਰਸ਼ ਦੀ ਜਿੱਤ ਇਸ ਨਾਵਲ ਦਾ ਕੇਂਦਰੀ ਨੁਕਤਾ ਹੈ।

ਸਿਆਸੀ ਚੇਤਨਾ ਦੇ ਪੱਖ ਤੋਂ ਨਾਵਲ ਵਿਚ ਲੋਕਾਂ ਦੀ ਚੇਤਨਾ ਸਹਿਜ ਰੂਪ ਵਿਚ ਉਸਰਦੀ ਨਜ਼ਰ ਆਉਂਦੀ ਹੈ। ਜਦਕਿ ਸਿਆਸੀ ਧਿਰਾਂ ਦੀ ਚੇਤਨਾ ਭ੍ਰਾਂਤੀਮੂਲਕ ਚੇਤਨਾ ਵਜੋਂ ਪੇਸ਼ ਹੋਈ ਹੈ। ਸਿਆਸੀ ਆਗੂ ਆਪਣੀ ਸੱਤਾ ਦੀ ਕਾਇਮੀ ਲਈ ਲੋਕਾਂ ਨੂੰ ਹਮੇਸ਼ਾ ਅਸਲ ਚੇਤਨਾ ਤੋਂ ਭਟਕਾਉਂਦੇ ਰਹਿੰਦੇ ਹਨ। ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾ ਕੇ ਆਪਣੀ ਭੱਲ ਬਣਾਈ ਰੱਖਣ ਲਈ ਉਹ ਅਕਸਰ ਅਜਿਹੇ ਕੋਝੇ ਯਤਨ ਕਰਦੇ ਰਹਿੰਦੇ ਹਨ। ਨਾਵਲ ਵਿਚ ਨਜ਼ਰ ਆਉਂਦਾ ਹੈ ਕਿ ਰਿਸ਼ਮਦੀਪ ਦੀ ਅੰਤਿਮ ਅਰਦਾਸ ਸਮੇਂ ਲੋਕਾਂ ਦੇ ਇਕੱਠ ਨੂੰ ਰੋਕਣ ਲਈ ਉਸੇ ਦਿਨ ਕਿਸੇ ਸੰਤ ਦਾ ਬਰਸੀ ਸਮਾਗਮ ਰੱਖਣਾ, ਮੁੱਖ ਮੰਤਰੀ ਵੱਲੋਂ ਰਿਸ਼ਮਦੀਪ ਦੀ ਯਾਦ ਵਿਚ ਸਕੂਲ ਬਿਲਡਿੰਗ ਦਾ ਉਦਘਾਟਨ ਕਰਨਾ ਅਤੇ ਰਿਸ਼ਮਦੀਪ ਦੇ ਦਾਦੇ ਨਾਲ ਸਿਆਸੀ ਸਾਂਝ ਹੋਣ ਦਾ ਹਵਾਲਾ ਦੇਣਾ ਅਜਿਹੇ ਹੀ ਬਿਰਤਾਂਤ ਹਨ। ਇਸਦੇ ਉਲਟ ਆਗੂਆਂ ਦਾ ਸੰਘਰਸ਼ੀ ਪਿਛੋਕੜ ਨਾਇਕਤਵ ਗੁਣਾਂ ਵਾਲਾ ਹੈ।

ਨਾਵਲ ਦਾ ਕਲਾਤਮਿਕ ਪੱਖ ਨਾਵਲੀ ਗੁਣਾਂ ਨਾਲ ਲਬਰੇਜ਼ ਹੈ। ਨਾਵਲ ਦਾ ਕਥਾਨਕ ਸਹਿਜ ਰੂਪ ਵਿਚ ਕਹਾਣੀ ਨੂੰ ਅੱਗੇ ਵਧਾਉਂਦਾ ਹੈ। ਘਟਨਾਵਾਂ ਇਸਦੀ ਚਾਲ ਨੂੰ ਤੇਜ਼ ਕਰਦੀਆਂ ਹਨ। ਕੁਤੂਹਲ ਅੰਸ਼ ਨਾਵਲ ਦੇ ਅੰਤ ਤਕ ਕਾਇਮ ਰਹਿੰਦਾ ਹੈ। ਨਾਵਲਕਾਰ ਨੇ ਪਾਤਰਾਂ ਦੇ ਮਨੋਭਾਵ ਬੜੀ ਡੂੰਘਾਈ ਨਾਲ ਸਿਰਜੇ ਹਨ। ਰਿਸ਼ਮਦੀਪ ਦੇ ਗੁੰਮ ਹੋਣ ਸਮੇਂ ਪਰਿਵਾਰਕ ਮੈਂਬਰਾਂ ਦੇ ਮਨੋਭਾਵਾਂ ਦਾ ਕਰੁਣਾਮਈ ਸਰੂਪ ਪਾਠਕ ਨੂੰ ਭਾਵੁਕ ਕਰ ਦਿੰਦਾ ਹੈ। ਆਗੂਆਂ ਦਾ ਆਮ ਪਿਛੋਕੜ ਸਪੱਸ਼ਟ ਕਰਦਾ ਹੈ ਕਿ ਨਾਇਕ ਆਮ ਤੋਂ ਖਾਸ ਬਣ ਸਕਦੇ ਹਨ।

ਸਾਰੇ ਆਗੂਆਂ ਦੇ ਕਾਰਜ ਵਿਚੋਂ ਅਜਿਹੇ ਨਾਇਕ ਦਾ ਮਾਡਲ ਉਸਰਦਾ ਹੈ ਜਿਹੜਾ ਨਿੱਜੀ ਹਿੱਤਾਂ ਨੂੰ ਤਿਆਗ ਕੇ ਬਿਨਾਂ ਕਿਸੇ ਸਵਾਰਥ ਦੇ ਲੋਕ ਹਿਤਾਂ ਲਈ ਲੜ ਕੇ ਜਿੱਤ ਪ੍ਰਾਪਤ ਕਰਦਾ ਹੈ। ਸਮਕਾਲੀ ਦੌਰ ਨਾਇਕ ਵਿਹੂਣਾ ਦੌਰ ਹੈ। ਤਕਨਾਲੋਜੀ ਨੇ ਮਨੁੱਖ ਨੂੰ ਆਪਣਾ ਗੁਲਾਮ ਬਣਾ ਕੇ ਉਸਦੇ ਸੰਘਰਸ਼ੀ ਮਾਦੇ ਨੂੰ ਖਤਮ ਕਰ ਦਿੱਤਾ ਹੈ। ਇਸ ਦੌਰ ਦੇ ਬੰਦੇ ਅੰਦਰ ਬੰਦਿਆਈ ਖਤਮ ਹੋ ਰਹੀ ਹੈ। ਅਜਿਹੇ ਸਮੇਂ ਇਸ ਅਜਿਹੇ ਰੰਗ ਵਾਲੇ ਨਾਵਲ ਦੀ ਸਖਤ ਲੋੜ ਹੈ। ਜਸਪਾਲ ਮਾਨਖੇੜਾ ਅਜਿਹੀ ਕਿਰਤ ਲਈ ਵਧਾਈ ਦਾ ਹੱਕਦਾਰ ਹੈ। ਇਹਨਾਂ ਗੁਣਾਂ ਕਾਰਨ ਨਾਵਲ ਦਾ ਸਵਾਗਤ ਕਰਨਾ ਬਣਦਾ ਹੈ। **–ਹਰਿੰਦਰ ਸਿੰਘ ਬਰਾੜ**

## ਮੌਸਮ ਠੀਕ ਨਹੀਂ (ਕਹਾਣੀ ਸੰਗ੍ਰਹਿ) ਪ੍ਰਗਟ ਸਿੰਘ ਸਤੌਜ

ਸਮਕਾਲੀ ਨਾਵਲ ਅਤੇ ਕਹਾਣੀ ਦੇ ਖੇਤਰ ਵਿਚ ਪ੍ਰਗਟ ਸਿੰਘ ਸਤੌਜ ਪਾਠਕਾਂ ਦੇ ਪਸੰਦੀਦਾ ਰਚਨਾਕਾਰ ਵਜੋਂ ਜਾਣਿਆ ਜਾਂਦਾ ਹੈ। ਉਹ ਜਾਤੀ, ਜਮਾਤੀ ਅਤੇ ਮਰਦਾਵੇਂ ਪਿਤਾ ਤੰਤਰ ਵਾਲੇ ਸਮਾਜ ਦੀਆਂ ਸਥਾਪਤ ਮਾਨਤਾਵਾਂ ਵਿਚ ਘਿਰੀ ਸੰਵੇਦਨਸ਼ੀਲਤਾ ਦਾ ਪੇਸ਼ਕਾਰ ਹੈ। ਉਹ ਨਾਰੀ ਸਮੇਤ ਹੋਰ ਦਮਿਤ ਧਿਰਾਂ ਦੀਆਂ ਚੁੱਪਾਂ ਨੂੰ ਆਵਾਜ਼ ਦੇਣ ਵਾਲਾ ਕਥਾਕਾਰ ਹੈ। 'ਤੀਵੀਂਆਂ' ਨਾਵਲ ਵਿਚ ਉਸਨੇ ਦੇਸ ਵਿਹੂਣੀ 'ਕੁਦੇਸਣ ਹੋਂਦ' ਭੋਗਦੀਆਂ ਔਰਤਾਂ ਦੇ ਦਰਦ ਅਤੇ 'ਨਾਚ ਫਰੋਸ਼' ਨਾਵਲ ਵਿਚ ਪੁਰਸ਼ ਸੱਤਾ ਦੀਆਂ ਬੇਹੂਦਾ ਤੇ ਵਹਿਸ਼ੀ ਧੁਨਾਂ 'ਤੇ ਨੱਚਦੀਆਂ ਨਾਰੀ ਧਿਰਾਂ ਦੀ ਦਮਨਕਾਰੀ ਸਥਿਤੀ ਨੂੰ ਰੂਪਮਾਨ ਕੀਤਾ ਹੈ। ਇਸ ਤੋਂ ਇਲਾਵਾ ਉਸਦਾ ਨਾਵਲ '1947' ਦੇਸ਼ ਦੀ ਤਕਸੀਮ ਮੌਕੇ ਭੂਗੋਲਕ ਤੌਰ 'ਤੇ ਹੀ ਨਹੀਂ ਸਗੋਂ ਸਮਾਜਕ ਤੇ ਸੰਸਕ੍ਰਿਤਕ ਤੌਰ 'ਤੇ ਤਕਸੀਮ-ਦਰ-ਤਕਸੀਮ ਹੋਈ ਪੰਜਾਬੀਅਤ ਦੀ ਸਾਂਝੀ ਸੰਵੇਦਨਾ ਦੇ ਪੱਛੇ ਅਧਿਆਏ ਦੀ ਪੇਸ਼ਕਾਰੀ ਵਜੋਂ ਜਾਣੀ ਪਛਾਣੀ ਲਿਖਤ ਹੈ। ਪ੍ਰਗਟ ਸਿੰਘ ਸਤੌਜ ਨਾਵਲ ਦੇ ਨਾਲ ਨਾਲ ਕਹਾਣੀ ਸਿਰਜਣਾ ਵਿਚ ਵੀ ਸਰਗਰਮ ਕਲਮ ਹੈ। ਉਸਦਾ ਪਹਿਲਾ ਕਹਾਣੀ ਸੰਗ੍ਰਿਹ 'ਗਲਤ ਮਲਤ ਜ਼ਿੰਦਗੀ' ਮੱਧਵਰਗੀ ਜੀਵਨ ਬੋਧ ਦੀਆਂ ਮਾਨਸਿਕ ਗੁੰਝਲਾਂ ਅਤੇ ਵਰਗੀ ਸਮਾਜ ਤੋਂ ਪੈਦਾ ਵਿਸੰਗਤੀਆਂ ਦੇ ਭਾਵੁਕ ਕਥਾ ਬਿੰਬ ਹਨ। ਵਿਚਾਰਅਧੀਨ ਪੁਸਤਕ 'ਮੌਸਮ ਠੀਕ ਨਹੀਂ' (ਪੰਨੇ 152, ਮੁੱਲ 299 ਰੁਪਏ, ਕੈਲੀਬਰ ਪ੍ਰਕਾਸ਼ਨ, ਪਟਿਆਲਾ) ਲੇਖਕ ਦੀ ਦੂਜੀ ਕਥਾ ਪੋਥੀ ਹੈ, ਜਿਸ ਵਿਚ ਮੱਧਵਰਗੀ ਜੀਵਨ ਯਥਾਰਥ ਵਿਚ ਦੰਪਤੀ ਜੀਵਨ ਵਿਚਲੇ ਰਿਸ਼ਤਿਆਂ ਦੇ ਤਣਾਅ, ਨਾਰੀ ਦਮਨ, ਆਰਥਿਕ ਸਮਾਜਕ ਸੰਕਟਾਂ ਸਮੇਤ ਘਰ, ਪਰਿਵਾਰ ਤੇ ਸਮਾਜ ਦੀਆਂ ਸੰਸਥਾਵਾਂ ਦੀ ਟੁੱਟ-ਭੱਜ ਨੂੰ ਸਰਲਚਿੱਤ ਬਿਰਤਾਂਤਕ ਲਹਿਜੇ ਵਿਚ ਪੇਸ਼ ਕੀਤਾ ਗਿਆ ਹੈ। ਸਤੌਜ ਦੀ ਕਹਾਣੀ ਨੇ ਸਮਾਜਕ ਸਭਿਆਚਾਰਕ ਸੰਕਟਾਂ ਦੀ ਪੇਸ਼ਕਾਰੀ ਲਈ ਪਾਤਰਾਂ ਦੀ ਸਹਿਜ ਸੁਭਾਵਕ ਹੋਂਦ ਵਿਚ ਵਿਚਰਦੀਆਂ ਸਾਧਾਰਨ ਘਟਨਾਵਾਂ ਅਤੇ ਸੁਭਾਵਕ ਸਥਿਤੀਆਂ ਨੂੰ ਉਚੇਚੀਆਂ ਗੁੰਝਲਦਾਰ ਕਥਾ ਜੁਗਤਾਂ ਤੋਂ ਨਿਰਪੇਖ ਰੱਖ ਕੇ ਚਿਤਰਿਆ ਹੈ।

ਵਿਚਾਰਅਧੀਨ ਪੁਸਤਕ ਦੀਆਂ ਕਹਾਣੀਆਂ ਦਾ ਕੇਂਦਰੀ ਸੂਤਰ ਸਮਕਾਲੀ ਦੌਰ ਦੇ ਨਿੱਜਪ੍ਰਸਤ ਤੇ ਪਦਾਰਥਵਾਦੀ ਰੁਝਾਨਾਂ ਵਾਲੇ 'ਬੇਮੌਸਮੀ ਜੀਵਨ' ਵਿਚ ਖੰਡਤ ਹੋਈ ਮਾਨਵੀ ਸੰਵੇਦਨਾ ਨੂੰ ਕਲਾਮਈ ਢੰਗ ਨਾਲ ਪੇਸ਼ ਕਰਨਾ ਹੈ। ਲੇਖਕ ਦੀ ਕਥਾ ਦ੍ਰਿਸ਼ਟੀ ਮਨੁੱਖਤਾਵਾਦੀ ਕਦਰਾਂ-ਕੀਮਤਾਂ ਦੀ ਸਲਾਮਤੀ ਅਤੇ ਰਿਸ਼ਤਾਗਤ ਤੇ ਸਮਾਜਕ ਪ੍ਰਬੰਧ ਵਿਚ ਸਹਿਹੋਂਦ ਭਰੀ ਜੀਵਨ ਦ੍ਰਿਸ਼ਟੀ ਦੀ ਲੱਜਪਾਲਕ ਹੈ। ਉਹ ਸਮਾਜਕ ਤੰਤਰ ਅਤੇ ਰਿਸ਼ਤਾ ਨਾਤਾ ਪ੍ਰਬੰਧ ਵਿਚ ਕਿਸੇ ਸੱਤਾਧਾਰੀ ਧਿਰ ਦੀ ਅਧੀਨਗੀ ਵਿਚ ਵਿਚਰਦੀ ਮਾਨਵੀ ਹੋਂਦ ਦੀਆਂ ਸੰਤਾਪੀ ਸਥਿਤੀਆਂ ਦਾ ਪੇਸ਼ਕਾਰ ਹੈ। 'ਤੂੰ ਮੈਨੂੰ ਪਿਆਰ ਨਹੀਂ ਕਰਦਾ', 'ਟੀਨ ਏਜਰ', 'ਮੌਸਮ ਠੀਕ ਨਹੀਂ', 'ਆਖਰੀ ਰਾਤ', 'ਨਦੀ ਰਾਹ ਨਾ ਜਾਣਦੀ' ਆਦਿ ਕਹਾਣੀਆਂ ਵਿਚ ਦੰਪਤੀ ਜੀਵਨ ਦੇ ਤਨਾਜ਼ਿਆਂ, ਲਰਜ਼ਦੇ ਅਹਿਸਾਸਾਂ ਅਤੇ

ਤਣਾਵਾਂ ਨੂੰ ਕਲਾਤਮਿਕਤਾ ਨਾਲ ਪੇਸ਼ ਕੀਤਾ ਮਿਲਦਾ ਹੈ। ਲੇਖਕ ਦੀ ਕਹਾਣੀ ਦੇ ਸ਼ਿਲਪ ਵਿਧਾਨ ਵਿਚ ਉੱਤਮ ਪੁਰਖੀ ਬਿਰਤਾਂਤ ਸ਼ੈਲੀ, ਮਲਵਈ ਭਾਸ਼ਾ ਦੀ ਜੀਵੰਤਤਾ, ਪਾਤਰਾਂ ਦਾ ਸੁਭਾਵਕ ਮਨੋਵਿਸ਼ਲੇਸ਼ਣੀ ਚਿਤਰਣ ਅਤੇ ਸਹਿਜਚਿੱਤ ਬਿਰਤਾਂਤ ਜੁਗਤਾਂ ਪ੍ਰਧਾਨ ਹਨ ਜਿਸ ਨਾਲ ਉਹ ਹਰ ਮਾਨਸਿਕ ਪੱਧਰ ਦੇ ਪਾਠਕਾਂ ਤਕ ਆਪਣੀ ਕਥਾ ਦ੍ਰਿਸ਼ਟੀ ਦਾ ਸੰਚਾਰ ਕਰ ਜਾਂਦਾ ਹੈ।

ਪੁਸਤਕ ਦੀ ਕਹਾਣੀ 'ਐਪੀਲੈਪਸੀ ਵਾਰਡ' ਹਸਪਤਾਲਾਂ ਵਿਚ ਇਲਾਜ ਲਈ ਪੁੱਜਦੀ ਮਾਯੂਸ, ਉਦਾਸ ਅਤੇ ਨਿਰਾਸ ਜ਼ਿੰਦਗੀ ਨੂੰ ਜੀਣ ਥੀਣ ਦੇ ਮੁਹੱਬਤੀ ਅਤੇ ਉਤਸ਼ਾਹੀ ਆਵੇਸ਼ ਨਾਲ ਭਰਨ ਦੀ ਬਲਵੰਤ ਕਥਾ ਦ੍ਰਿਸ਼ਟੀ ਉਸਾਰਦੀ ਹੈ। ਕਹਾਣੀ ਦਾ ਉੱਤਮ ਪੁਰਖੀ ਬਿਰਤਾਂਤਕਾਰ ਪਾਤਰ ਆਪਣੀ ਪਤਨੀ ਦੇ ਸਿਰ ਦੇ ਅਪਰੇਸ਼ਨ ਲਈ ਹਸਪਤਾਲ ਪੁੱਜਦਾ ਹੈ ਜਿੱਥੇ ਇਲਾਜ ਲਈ ਆਏ 'ਬੇਗਾਨੇ' ਲੋਕਾਂ ਦੀ ਉਦਾਸੀ ਨੂੰ ਮੋਹ ਤੇ ਸਾਂਝ ਦੀ ਰੰਗਤ ਵਿਚ ਬਦਲ ਦਿੰਦਾ ਹੈ। ਵਾਰਡ ਦੇ ਇਕ ਕੋਨੇ 'ਤੇ ਬਜ਼ੁਰਗ ਪਾਤਰ ਇਲਾਜ ਲਈ ਪਿਆ ਹੈ ਜਿਸਦੇ ਮੁੰਡੇ ਨਾਲ ਬਿਰਤਾਂਤਕਾਰ ਪਾਤਰ ਦਾ ਪੁਰਾਣਾ ਝਗੜਾ ਵੀ ਹੁਣ ਮੱਧਮ ਪੈ ਜਾਂਦਾ ਹੈ। ਹਸਪਤਾਲ ਵਿਚ ਲੋਕਾਂ ਦੇ ਦੁੱਖਾਂ ਦੀ ਸਾਂਝ ਆਪਸ ਵਿਚ ਭਾਈਵਾਲਤਾ ਵਾਲਾ ਮਾਹੌਲ ਪੈਦਾ ਕਰਕੇ ਜ਼ਿੰਦਗੀ ਨੂੰ ਜਸ਼ਨਾਵੀ ਮੰਚ ਪ੍ਰਦਾਨ ਕਰਦੀ ਹੈ। ਲੇਖਕ ਨੇ ਦੁੱਖ, ਉਦਾਸੀ ਅਤੇ ਘੋਰ ਨਿਰਾਸ਼ਾ ਦੇ ਆਲਮ ਵਿਚ ਘਿਰੀ ਮਾਨਵੀ ਸੁਰਤ ਨੂੰ ਸਾਂਝ ਤੇ ਸਹਿਹੋਂਦੀ ਮਾਹੌਲ ਵਾਲੀ ਤੰਦ ਤਾਣੀ ਨਾਲ ਜੋੜਨ ਦਾ ਸੰਦੇਸ਼ਮਈ ਬਿਰਤਾਂਤ ਸਿਰਜਿਆ ਹੈ। 'ਤੂੰ ਮੈਨੂੰ ਪਿਆਰ ਨਹੀਂ ਕਰਦਾ' ਅਤੇ 'ਨਦੀ ਰਾਹ ਨਾ ਜਾਣਦੀ' ਕਹਾਣੀਆਂ ਪਰਿਵਾਰਕ ਰਿਸ਼ਤਿਆਂ ਵਿਚ ਘੁਲਦੀ ਕੜਵਾਹਟ ਦੇ ਮਨੋ ਸਮਾਜਕ ਪ੍ਰੇਰਕਾਂ ਨੂੰ ਪੇਸ਼ ਕਰਦੀਆਂ ਰਚਨਾਵਾਂ ਹਨ। 'ਨਦੀ ਰਾਹ ਨਾ ਜਾਣਦੀ' ਕਹਾਣੀ ਦੀ ਔਰਤ ਪਾਤਰ ਕਾਮੁਕ ਇੱਛਾਵਾਂ ਦੇ ਵੇਗ ਵਿਚ ਆਪਣੇ ਪਰਿਵਾਰ ਨੂੰ ਛੱਡ ਕੇ ਗੁਆਂਢ ਵਿਚ ਰਹਿੰਦੇ ਨਸ਼ੇੜੀ ਵਿਅਕਤੀ ਨਾਲ ਉੱਧਲ ਜਾਂਦੀ ਹੈ ਪਰ ਹਵਸ ਦੀ ਪੂਰਤੀ ਹੋਣ 'ਤੇ ਉਸਦਾ ਪ੍ਰੇਮੀ ਉਸਨੂੰ ਕੁੱਟਮਾਰ ਕਰ ਕੇ ਘਰੋਂ ਨਿਕਲਣ ਲਈ ਮਜਬੂਰ ਕਰ ਦਿੰਦਾ ਹੈ। ਲੇਖਕ ਉੱਧਲ ਜਾਂਦੀਆਂ ਔਰਤਾਂ ਦੇ ਪਤੀ ਤੇ ਬੱਚਿਆਂ ਵਾਲੇ 'ਘਰ' ਪ੍ਰਤੀ ਉੱਠਦੀਆਂ ਸਮਾਜਕ ਤੋਹਮਤਾਂ ਵਿਚ ਮਨੁੱਖ ਦੀ ਕਤਰਾ ਕਤਰਾ ਖੁਰਦੀ ਹੋਂਦ ਦਾ ਸਟੀਕ ਪ੍ਰਗਟਾਵਾ ਕਰਦਾ ਹੈ। ਕਹਾਣੀ ਵਿਚ ਬੱਚੇ ਮਾਨਵ ਦਾ ਮਾਂ ਦੇ ਰਿਸ਼ਤੇ ਤੋਂ ਵਿਰਵਾ ਬਚਪਨ ਅਤੇ ਸਮਾਜਕ ਤੋਹਮਤਾਂ ਭਰਿਆ ਭਵਿੱਖ ਦਰਸਾ ਕੇ ਅਜਿਹੇ ਬੱਚੇ ਦੀ ਤ੍ਰੇੜਾਂ ਭਰੀ ਸ਼ਖ਼ਸੀ ਉਸਾਰੀ ਬਾਰੇ ਚਿੰਤਨੀ ਨੀਝ ਪੈਦਾ ਕਰਦਾ ਹੈ। ਮਾਨਵ ਪਾਤਰ ਜਿਨ੍ਹਾਂ ਸੰਭਾਵੀ ਅਮਾਨਵੀ ਹਾਲਾਤ ਦੇ ਵੱਸ ਪੈਣ ਵਾਲਾ ਹੈ ਉਸਦੇ ਮਹੀਨ ਵੇਰਵੇ ਹੀ ਪਾਠਕਾਂ ਨੂੰ ਝੰਜੋੜ ਦਿੰਦੇ ਹਨ। ਪਰ ਕਹਾਣੀਕਾਰ ਦੇ ਅਵਚੇਤਨ ਵਿਚ ਰਿਸ਼ਤਿਆਂ ਪ੍ਰਤੀ ਰੁਮਾਂਸਿਕ ਤੇ ਆਦਰਸ਼ਕ ਯਥਾਰਥ ਵਾਲਾ ਬਿੰਬ ਮੌਜੂਦ ਹੈ ਜਿਹੜਾ ਕਹਾਣੀ ਅੰਦਰ ਉਦੋਂ ਪ੍ਰਗਟ ਹੁੰਦਾ ਹੈ ਜਦੋਂ ਪ੍ਰੇਮੀ ਦੀ ਕੁੱਟਮਾਰ ਤੋਂ ਦੁਖੀ ਉਕਤ ਔਰਤ ਖੁਦਕੁਸ਼ੀ ਕਰਨ ਬਾਰੇ ਸੋਚਦੀ ਹੈ ਪਰ ਉਸਦਾ ਪਹਿਲਾ ਪਤੀ ਆਪਣੇ ਟੁੱਟਦੇ ਘਰ ਦੀ ਸਲਾਮਤੀ ਲਈ ਉਸਨੂੰ ਦੁਬਾਰਾ ਘਰ ਲੈ ਆਉਂਦਾ ਹੈ। ਇਸੇ ਤਰ੍ਹਾਂ 'ਹਲਕਵਾਅ' ਕਹਾਣੀ ਵਿਚ ਸਥਿਤੀ ਦਾ ਦੂਜਾ ਪਾਸਾ ਪੇਸ਼ ਹੈ ਜਿੱਥੇ ਹਰਦੀਪ ਆਪਣੀ ਸੁਸ਼ੀਲ ਪਤਨੀ ਨੂੰ ਛੱਡ ਕੇ ਸ਼ਬਨਮ ਸਮੇਤ ਹੋਰ ਔਰਤਾਂ ਨਾਲ ਜਿਨਸੀ ਵਿਭਚਾਰ ਦੇ ਕੁਰਾਹੇ ਪੈ ਜਾਂਦਾ ਹੈ। ਕਹਾਣੀ ਦੇ ਕੇਂਦਰ ਵਿਚ ਪੂੰਜੀਵਾਦੀ ਚਕਾਚੌਂਧ ਵਿਚ ਨਿੱਜਪ੍ਰਸਤੀ ਭਰੀ ਸੋਚ ਤੇ ਪਦਾਰਥਕ ਇੱਛਾਵਾਂ ਦੀ ਪੈਦਾਇਸ਼ ਨਾਲ ਮਨੁੱਖ ਦੀ ਨੈਤਿਕਤਾ ਅਤੇ ਸਮਾਜਕ ਮੁੱਲ ਵਿਧਾਨ ਤੋਂ ਟੁੱਟਣ ਦੀ ਦਸ਼ਾ ਪੇਸ਼ ਹੋਈ ਹੈ। ਹਰਦੀਪ ਆਰਕੈਸਟਰਾ ਵਿਚ ਕੰਮ ਕਰਦੀ ਸ਼ਬਨਮ ਪ੍ਰਤੀ ਉਲਾਰ ਹੋ ਕੇ ਰਿਸ਼ਤੇ ਨਾਤਾ ਪ੍ਰਬੰਧ ਦੀ ਰਾਮਕਾਰ ਤੋਂ ਪਾਰ ਚਲਾ ਜਾਂਦਾ ਹੈ ਜਿਸ ਉਪਰੰਤ ਉਹ ਜਿਨਸੀ ਵਿਭਚਾਰ ਦੀ ਹਰ ਸੀਮਾਂ ਲੰਘ ਕੇ ਏਡਜ਼ ਵਰਗੀ ਬੀਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ। ਉਸਦੀ ਪਤਨੀ ਦੀਪਾ ਦੂਜਾ ਵਿਆਹ ਕਰਵਾ ਲੈਂਦੀ ਹੈ ਪਰ ਉਸਦੇ ਅੰਦਰ ਪਹਿਲੇ ਪਤੀ ਪ੍ਰਤੀ ਆਦਰਸ਼ਕ ਯਥਾਰਥ ਵਾਲਾ ਰਿਸ਼ਤਾ ਖਾਰਜ ਨਹੀਂ ਹੁੰਦਾ। ਉਕਤ ਦੋਵੇਂ

ਕਹਾਣੀਆਂ ਵਿਚ ਲੇਖਕ ਦਾ ਕਥਾ ਨਜ਼ਰੀਆ ਦੰਪਤੀ ਰਿਸ਼ਤਿਆਂ ਦੀ ਸਥਾਪਤ ਵਿਆਕਰਨ ਵਿਚ ਆਏ ਵਿਗਾੜਾਂ ਨੂੰ ਦੂਰ ਕਰ ਕੇ ਸਹਿਜਭਾਵੀ ਰਹਿਣ ਦਾ ਹੈ। 'ਤੂੰ ਮੈਨੂੰ ਪਿਆਰ ਨਹੀਂ ਕਰਦਾ' ਕਹਾਣੀ ਵੀ ਪਤੀ ਪਤਨੀ ਦੇ ਰਿਸ਼ਤੇ ਵਿਚ ਸ਼ੱਕ ਤੇ ਸੰਕੀਰਨ ਸੋਚ ਨਾਲ ਪੈਦਾ ਹੁੰਦੀਆਂ ਮਾਨਸਿਕ ਬੇਤਰਤੀਬੀਆਂ ਦੀ ਦਾਸਤਾਨ ਹੈ। ਕਹਾਣੀ ਦਾ ਪਾਤਰ ਸੁਖਦੇਵ ਇਕ ਲੇਖਕ ਹੈ ਜਿਸਦੇ ਸੰਪਰਕ ਵਿਚ ਆਉਣ ਵਾਲੀਆਂ ਔਰਤ ਲੇਖਕਾਵਾਂ ਪ੍ਰਤੀ ਸੁਖਦੇਵ ਦੀ ਪਤਨੀ ਹਮੇਸ਼ਾਂ ਸ਼ੱਕੀ ਲਹਿਜਾ ਰੱਖਦੀ ਹੈ। ਸੁਖਦੇਵ ਪਤਨੀ ਦੀ ਅਜਿਹੀ ਤਾੜਨਾ ਭਰੀ ਤੇ ਸ਼ੱਕੀ ਪ੍ਰਵਿਰਤੀ ਵਾਲੀ ਨਿਗਰਾਨੀ ਹੇਠ ਮਾਨਸਿਕ ਤੌਰ 'ਤੇ ਤਿੜਕ ਜਾਂਦਾ ਹੈ ਅਤੇ ਖੁਦਕੁਸ਼ੀ ਕਰਨ ਤਕ ਦੇ ਦਬਾਅ ਹੇਠਾਂ ਚਲਾ ਜਾਂਦਾ ਹੈ।

ਪ੍ਰਗਟ ਸਿੰਘ ਸਤੌਜ ਦੀਆਂ ਕਹਾਣੀਆਂ ਦਾ ਅਹਿਮ ਸੂਤਰ ਇਨ੍ਹਾਂ ਅੰਦਰਲੀ ਉਤਸੁਕਤਾ ਤੇ ਰੌਚਿਕ ਬਿਰਤਾਂਤਕ ਵੇਰਵੇ ਹਨ। ਉਹ ਕਹਾਣੀ ਦੇ ਪਾਤਰਾਂ ਦੇ ਅੰਦਰਲੇ ਸੰਸਾਰ ਤਕ ਪਹੁੰਚ ਕਰਨ ਲਈ ਨਿੱਕੇ ਨਿੱਕੇ ਵਾਕਾਂ ਦੁਆਰਾ ਸਹਿਜ ਕਦਮੀ ਤੁਰਦਾ ਹੈ। ਪਾਠਕਾਂ ਨੂੰ ਬਿਰਤਾਂਤਕ ਰਸ ਨਾਲ ਜੋੜੀ ਰੱਖਣ ਵਾਲੀਆਂ ਸੂਖ਼ਮੀ ਕਥਾ ਜੁਗਤਾਂ ਅਤੇ ਕਹਾਣੀ ਦੇ ਅੰਤ ਵਿਚ ਰੁਮਾਂਟਿਕ ਮਾਨਵਵਾਦੀ ਸਥਿਤੀਆਂ ਦਾ ਤੋੜਾ ਝਾੜਨ ਵਾਲੀ ਕਥਾਕਾਰੀ ਦਾ ਸਿਰਜਕ ਹੈ। ਉਹ ਕਥਾ ਟੈਕਸਟ ਨੂੰ ਕਿਸੇ ਸਤਹੀ ਉਪਦੇਸ਼ਕਾਰੀ ਦੀ ਥਾਂ ਗਹਿਰੀ ਸੰਦੇਸ਼ਕਾਰੀ ਨਾਲ ਜੋੜਦਾ ਹੈ। ਸੰਗ੍ਰਿਹ ਦੀ ਕਹਾਣੀ 'ਮਿੱਟੀ' ਵਿਚ ਲੇਖਕ ਨੇ ਉਸ ਕਿਸਾਨੀ ਅਵਚੇਤਨ ਨੂੰ ਪੇਸ਼ ਕੀਤਾ ਹੈ ਜਿਸਦੇ ਲਈ ਜ਼ਮੀਨ ਕੋਈ 'ਮਿੱਟੀ' ਨਹੀਂ ਸਗੋਂ ਇਕ ਅਹਿਸਾਸ ਹੈ। ਕਹਾਣੀ ਦੇ ਬਿਰਤਾਂਤਕਾਰ ਪਾਤਰ ਦਾ ਬਾਪੂ ਖੇਤਾਂ ਦੀ 'ਮਿੱਟੀ' ਨੂੰ ਪੁਰਖਿਆਂ ਨਾਲ ਜੁੜੇ ਵਿਰਾਸਤੀ ਨਾਤੂਆਂ ਵਜੋਂ ਦੇਖਦਾ ਹੈ ਪਰ ਅਗਲੀ ਪੀੜ੍ਹੀ ਇਸ ਜ਼ਮੀਨ ਨੂੰ ਮਹਿਜ਼ 'ਮਿੱਟੀ' ਵਜੋਂ ਦੇਖਦੀ ਹੈ। ਕਹਾਣੀ ਵਿਚ ਬਾਪੂ ਪਾਤਰ ਪੰਜਾਬ ਦੇ ਜਗੀਰੂ ਪ੍ਰਤਿਮਾਨਾਂ ਵਾਲੇ ਕੀਮਤ ਪ੍ਰਬੰਧ ਦਾ ਪ੍ਰਤੀਨਿਧ ਹੈ ਤੇ ਪੁੱਤਰ ਯੁੱਧਵੀਰ ਆਪਣੇ ਕੈਰੀਅਰ ਤੇ ਵਿਆਹ ਪ੍ਰਤੀ ਨਵੀਂ ਸੋਚ ਰੱਖਦੀ ਪੀੜ੍ਹੀ ਦਾ ਪ੍ਰਤੀਨਿਧ ਪਾਤਰ ਹੈ। ਯੁੱਧਵੀਰ ਤੇ ਪਤਨੀ ਸ੍ਰਿਸਟੀ ਦਾ ਅੰਤਰਜਾਤੀ ਵਿਆਹ ਅਤੇ ਪਰਵਾਸ ਗਮਨ ਸਮਾਜਕ ਤੌਰ 'ਤੇ ਬਦਲਦੇ ਮੁੱਲ ਵਿਧਾਨ ਦਾ ਪੇਸ਼ਕਾਰ ਹੈ। ਬਾਪੂ ਤੇ ਯੁੱਧਵੀਰ ਦੇ ਮਾਧਿਅਮ ਨਾਲ ਲੇਖਕ ਪੀੜ੍ਹੀ ਪਾੜੇ ਦੇ ਸੰਕਟਾਂ ਪਿੱਛਲੇ ਪ੍ਰੇਰਕਾਂ ਨੂੰ ਬਹੁਤ ਸੂਖਮ ਪਹੁੰਚ ਤੇ ਸਹਿਜਤਾ ਨਾਲ ਫੜਦਾ ਹੈ। 'ਜੜ੍ਹਾਂ ਵਿਹੂਣੇ' ਕਹਾਣੀ ਵਿਚ ਖਜਾਨ ਸਿੰਘ ਵਰਗਾ ਪਾਤਰ ਸੰਤਾਲੀ ਦੀ ਵੰਡ ਮੌਕੇ ਮਾਨਵਤਾ ਦਾ ਘਾਣ ਕਰਨ ਵਾਲੀਆਂ ਫਿਰਕਾਪ੍ਰਸਤ ਤਾਕਤਾਂ ਦੇ ਸਮਵਿੱਥ ਮਾਨਵੀ ਕਦਰਾਂ-ਕੀਮਤਾਂ ਦੀ ਰਾਖੀ ਵਾਲੇ ਜੀਵਨ ਮੁੱਲਾਂ ਦੀ ਪੈਰਵਾਈ ਕਰਨ ਵਾਲਾ ਹੈ ਜਿਹੜਾ 'ਮਿੱਟੀ' ਕਹਾਣੀ ਵਾਲੇ ਬਾਪੂ ਪਾਤਰ ਦੀ ਸੁਰਤੀ ਦਾ ਹੀ ਇਕ ਪਾਸਾਰ ਹੈ। ਮਿੱਟੀ ਤੇ ਜੜ੍ਹਾਂ ਦੇ ਮੈਟਾਫਰ ਇਨ੍ਹਾਂ ਕਹਾਣੀਆਂ ਨੂੰ ਪੰਜਾਬ ਦੀ ਮੂਲ ਖਸਲਤ ਵਾਲੀ ਮਾਨਵੀ ਰਹਿਤਲ ਭਰਪੂਰ ਗਹਿਰਾਈ ਨਾਲ ਜੋੜਦੇ ਹਨ।

'ਟੀਨ ਏਜਰ' ਕਹਾਣੀ ਅਧਿਆਪਕ ਪ੍ਰਤੀ ਭਾਵੁਕ ਉਲਾਰ ਹੋਣ ਵਾਲੀ ਅੱਲ੍ਹੜ ਵਰੇਸ ਦੀ ਵਿਦਿਆਰਥਣ ਦੀ ਮਨੋ ਦਸ਼ਾ ਦਾ ਬਿਰਤਾਂਤ ਹੈ ਜਿਸ ਮਨੋ ਦਸ਼ਾ ਨੂੰ ਕਹਾਣੀ ਦਾ ਆਦਰਸ਼ਵਾਦੀ ਅਧਿਆਪਕ ਗਲੈਮਰ ਦੇ ਇਸ ਯੁੱਗ ਵਿਚ ਕੁਰਾਹੇ ਪਾਉਣ ਦੀ ਥਾਂ ਬਹੁਤ ਸੂਝ ਬੂਝ ਨਾਲ ਉਸਾਰੂ ਵਾਤਾਵਰਣ ਦਿੰਦਾ ਹੈ। ਕਹਾਣੀ ਅਧਿਆਪਕ ਵਿਦਿਆਰਥੀ ਦੇ ਰਿਸ਼ਤੇ ਦਾ ਆਦਰਸ਼ਕ ਯਥਾਰਥ ਸਿਰਜਦੀ ਹੈ ਅਤੇ ਇਸ ਰਿਸ਼ਤੇ ਦੀ ਪਵਿੱਤਰਤਾ, ਵਿਸ਼ਵਾਸਯੋਗਤਾ ਅਤੇ ਸਦੀਵੀ ਸਾਂਝ ਦੇ ਪ੍ਰਤਿਮਾਨਾਂ ਨੂੰ ਕਾਇਮ ਕਰਦੀ ਹੈ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਮੌਸਮ ਠੀਕ ਨਹੀਂ' ਵਰਗੀ ਸਮਾਜ ਦੀਆਂ ਆਰਥਿਕ ਸਮਾਜਕ ਵਿਸੰਗਤੀਆਂ ਵਿਚ ਸਿਸਕਦੇ ਮਾਨਵੀ ਮੁੱਲਾਂ ਦੀ ਦੁਖਦ ਦਾਸਤਾਨ ਹੈ। ਕਹਾਣੀ ਵਿਚ ਸਹਿਪਾਠੀ ਰਹੇ ਗੁਰਜੀਤ ਤੇ ਰੂਬਲ ਆਰਥਿਕ ਵਿੱਥਾਂ ਕਾਰਨ ਵਿਆਹ ਦੀ ਸੰਸਥਾ ਵਿਚ ਜੁੜਨ ਤੋਂ ਵਾਂਝੇ ਰਹਿ ਜਾਂਦੇ ਹਨ। ਰੂਬਲ ਦਾ ਅਮੀਰ ਘਰ ਵਿਚ ਵਿਆਹ ਹੋ ਜਾਂਦਾ ਹੈ ਜਿੱਥੇ ਪਤੀ ਦੀ ਮਰਦਾਵੀਂ ਪਿੱਤਰ ਸੱਤਾ ਉਸਦੀ ਹੋਂਦ ਦਾ ਦਮਨ ਕਰਦੀ ਹੈ।

ਰੂਬਲ ਦੇ ਮਾਧਿਅਮ ਨਾਲ ਲੇਖਕ ਪੁਰਸ਼ ਪ੍ਰਧਾਨ ਪਿੱਤਰੀ ਬਣਤਰਾਂ ਵਿਚ ਔਰਤ ਦੀਆਂ ਦਮਨਕਾਰੀ ਸਥਿਤੀਆਂ ਨੂੰ ਉਸਦੇ ਪੇਕਾ ਤੇ ਸਹੁਰਾ ਪਰਿਵਾਰ ਦੀਆਂ ਸੰਸਥਾਵਾਂ ਵਿਚ ਬਰਾਬਰ ਨਿਭਦੇ ਦਿਖਾਉਂਦਾ ਹੈ। ਮਰਦਾਵੀਂ ਸੱਤਾ ਆਪਣਾ ਰੂਪ ਬਦਲ ਕੇ ਨਾਰੀ ਹੋਂਦ ਦੇ 'ਮੌਸਮ' ਨੂੰ ਕਦੇ ਵੀ ਖੁਸ਼ਗਵਾਰ ਨਹੀਂ ਹੋਣ ਦਿੰਦੀ।

ਕੁਲ ਮਿਲਾ ਕੇ ਪ੍ਰਗਟ ਸਿੰਘ ਸਤੌਜ ਦੀ ਕਹਾਣੀ ਸਮਾਜਕ ਯਥਾਰਥ ਦੀ ਕਰੂਰਤਾ ਵਾਲੇ ਸਮਿਆਂ ਵਿਚ ਵੀ ਉਦਾਰਵਾਦੀ ਤੇ ਮਾਨਵਪੱਖੀ ਕਦਰਾਂ-ਕੀਮਤਾਂ ਲਈ ਪ੍ਰਤੀਬੱਧ ਰਹਿ ਕੇ ਲੇਖਣੀ ਦਾ ਧਰਮ ਨਿਭਾਉਂਦੀ ਹੈ। ਬਿਖਮ ਹਾਲਾਤ ਵਿਚ ਵੀ ਮਾਨਵੀ ਜ਼ਿੰਦਗੀ ਨੂੰ ਰਵਾਂਦਾਰੀ, ਉਦਾਰਤਾ ਅਤੇ ਮਾਨਵੀ ਖਸਲਤ ਨਾਲ ਸੰਬੋਧਤ ਹੋਣ ਵਾਲੀ ਇਸ ਕਥਾ ਪੋਥੀ ਦਾ ਸਵਾਗਤ ਹੈ। **–ਜੇ ਬੀ ਸੇਖੋਂ**

## ਤੇਰੇ ਕਰਕੇ (ਕਵਿਤਾ) ਅਜੀਤ ਪਿਆਸਾ

ਅਜੀਤ ਪਿਆਸਾ ਪੰਜਾਬੀ ਸਾਹਿਤ ਦੇ ਪਿੜ ਅੰਦਰ ਨਸਰ ਅਤੇ ਨਜ਼ਮ 'ਚ ਇੱਕੋ ਜਿੰਨੀ ਸ਼ਿੱਦਤ ਨਾਲ ਨਿਭਣ ਦਾ ਨਾਂ ਹੈ। 'ਸ਼ੀਸ਼ੇ 'ਚ ਜੜਿਆ ਆਦਮੀ' (1976) ਤੋਂ ਲੈ ਕੇ 'ਬਿਰਹਾ ਦੀਆਂ ਬਰੂਹਾਂ' (2022) ਤਕ ਗਦ ਤੇ ਪਦ ਦੀਆਂ ਉਹ ਕੁੱਲ 10 ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲ਼ੀ ਪਾ ਚੁੱਕਿਆ ਹੈ। 'ਤੇਰੇ ਕਰਕੇ' (ਪੰਨੇ 83, ਮੁੱਲ 150 ਰੁਪਏ, ਗੋਰਕੀ ਪ੍ਰਕਾਸ਼ਨ, ਲੁਧਿਆਣਾ) ਉਸ ਦੀ ਨਵੀਂ ਕਾਵਿ-ਪੋਥੀ ਹੈ। ਅੱਧੀ ਸਦੀ ਤੋਂ ਵੱਧ ਦੇ ਆਪਣੇ ਸਾਹਿਤਕ ਸਫ਼ਰ ਦੌਰਾਨ ਉਹ ਪੂਰੀ ਇਮਾਨਦਾਰੀ, ਸ਼ਿੱਦਤ, ਲਗਨ ਅਤੇ ਦ੍ਰਿੜ੍ਹਤਾ ਨਾਲ ਹਰਫ਼ਾਂ ਸੰਗ ਦੋਸਤੀ ਨਿਭਾਉਂਦਿਆਂ ਲੋਕ ਚੇਤਨਾ ਦਾ ਝੰਡਾ ਬਰਦਾਰ ਬਣਿਆ ਰਿਹਾ ਹੈ। ਸਮਾਜ, ਮੁਹੱਬਤ ਦਾ ਦਰਸ਼ਨ, ਇਤਿਹਾਸ, ਸੱਭਿਆਚਾਰ ਦੇ ਵਿਹੜੇ 'ਚੋਂ ਨਿੱਜ ਤੋਂ ਸਮੂਹ ਦੇ ਫ਼ਿਕਰ ਦੀ ਪਰਿਕਰਮਾ ਅੰਦਰ ਸਮਕਾਲੀ ਸਥਿਤੀਆਂ-ਪਰਿਸਥਿਤੀਆਂ ਨੂੰ ਮੁਖ਼ਾਤਬ ਹੋਣ ਦਾ ਉਸ ਦਾ ਆਪਣਾ ਇਕ ਨਿਵੇਕਲਾ ਅੰਦਾਜ਼ ਹੈ।

ਇਕ ਸੰਵੇਦਨਸ਼ੀਲ ਲੇਖਕ ਹੋਣ ਵਜੋਂ ਸਾਹਿਤ ਅਤੇ ਸਮਾਜ ਪ੍ਰਤੀ ਅਜੀਤ ਪਿਆਸਾ ਦੀ ਪ੍ਰਤੀਬੱਧਤਾ ਬਰਾਬਰ ਦੀ ਭੂਮਿਕਾ ਵਾਲੀ ਰਹੀ ਹੈ। ਉਸ ਦੀ ਕਲਮ ਹਰਫ਼ਾਂ ਨਾਲ ਸੱਚਾ-ਸੱਚਾ ਇਸ਼ਕ ਨਿਭਾਉਂਦਿਆਂ ਮਨੁੱਖ ਦੋਖੀ ਕਦਰਾਂ-ਕੀਮਤਾਂ ਪ੍ਰਤੀ ਪ੍ਰਤੀਰੋਧ ਸਿਰਜਦੀ ਸਮਾਜ ਨੂੰ ਹਮੇਸ਼ਾ ਖ਼ੂਬਸੂਰਤ ਦੇਖਣਾ ਲੋਚਦੀ ਹੈ। ਹੱਥਲੀ ਪੁਸਤਕ ਵਿਚੋਂ ਗੁਜ਼ਰਦਿਆਂ ਇਹ ਅਹਿਸਾਸ ਵਾਰ-ਵਾਰ ਹੁੰਦਾ ਹੈ ਕਿ ਜੀਵਨ-ਸੱਚ ਦੀ ਸਰਦਲ ਦਾ ਮੱਥਾ ਚੁੰਮਦੇ ਇਸ ਦੇ ਕਾਵਿਕ ਹਰਫ਼ ਸਮਕਾਲੀ ਅਣਮਨੁੱਖੀ ਵਰਤਾਰਿਆਂ ਖ਼ਿਲਾਫ਼ ਸਿਰਫ਼ ਸਵਾਲ ਹੀ ਖੜ੍ਹਾ ਨਹੀਂ ਕਰਦੇ ਸਗੋਂ ਪਾਠਕ ਨੂੰ ਆਪਣੀ ਸੱਭਿਆਚਾਰਕ ਪਿੱਠ-ਭੂਮੀ 'ਚੋਂ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਵੀ ਕਰਦੇ ਹਨ। ਇਹ ਕਵਿਤਾ ਅਤੀਤ ਅਤੇ ਵਰਤਮਾਨ ਦੇ ਆਪਣੇ ਸਾਂਝੇ ਅਵਚੇਤਨ 'ਚੋਂ ਸ਼ਬਦ ਬੋਧ ਹਾਸਲ ਕਰਦੀ ਨਵੇਂ ਸਵੇਰਿਆਂ ਅੰਦਰ ਵਕਤ ਦੀ ਲੀਕ 'ਤੇ ਨਵੇਂ ਸੁਨੇਹੇ ਦੀ ਜਾਮਨ ਹੋਣ ਦਾ ਸਫ਼ਰ ਜਾਪਦੀ ਹੈ। ਇਸ ਕਵਿਤਾ ਦਾ ਆਪਣਾ ਮੁਹੱਬਤੀ ਪੈਗ਼ਾਮ, ਦਰਸ਼ਨ, ਸਮਕਾਲ ਦੇ ਵਿਭਿੰਨ ਮਸਲਿਆਂ ਨੂੰ ਮੁਖ਼ਾਤਬ ਹੋਣ ਦਾ ਇਜ਼ਹਾਰ ਅਤੇ ਇਸ ਦਾ ਮਾਨਵਵਾਦੀ ਸੁਭਾਅ ਹੈ, ਜੋ ਇਸ ਨੂੰ ਰਵਾਇਤੀ ਕਵਿਤਾ ਤੋਂ ਵੱਖਰਾ ਖੜ੍ਹਾ ਕਰਦਾ ਹੈ। ਇਸ ਦੀ ਇਹ ਵੀ ਖ਼ੂਬਸੂਰਤੀ ਹੈ ਕਿ ਜੀਵਨ-ਦਰਸ਼ਨ ਦੀ ਲੋਅ 'ਚੋਂ ਇਹ ਆਪਣਾ ਸਰੋਦੀ ਮੁਹਾਵਰਾ ਘੜਦੀ ਤੜਪ ਅਤੇ ਸੰਘਰਸ਼ ਦੇ ਸਾਂਝੇ ਸੁਮੇਲ ਅੰਦਰੋਂ ਆਪਣਾ ਕਾਵਿਕ ਮੁਹਾਵਰਾ ਲੋਕ ਮੁਹਾਵਰੇ 'ਚੋਂ ਸਿਰਜਦੀ ਹੈ। ਇਸ ਦਾ ਨਿੱਜ ਸਮੂਹ ਦੀ ਅਭਿਲਾਸ਼ਾ ਅੰਦਰ ਸਾਫ਼ ਟੋਹਿਆ ਅਤੇ ਪਛਾਣਿਆ ਜਾ ਸਕਦਾ ਹੈ। ਇਸ ਦੇ ਮੁਹੱਬਤ ਵਾਲਾ ਘਰ ਇਕਹਿਰੀ ਪਰਤ ਦਾ ਨਹੀਂ ਸਗੋਂ ਇਸ ਰਾਹ ਤੁਰਨ ਅਤੇ ਪਿਆਰੇ ਨਾਲ ਨਿਭਣ ਪੱਖੋਂ ਇਸ਼ਕ ਹਕੀਕੀ ਦੇ ਨਿਭਾਅ ਵਾਲਾ ਹੈ:

*ਅਹਿਸਾਸ ਉਸਦੇ ਹੋਣ ਦਾ / ਰਹਿੰਦਾ ਹੈ ਹੁਣ ਇਸ ਤਰ੍ਹਾਂ*
*ਜਿਵੇਂ ਘਰ ਅੰਦਰ ਓਹੀ / ਧੂਣੀ ਲਾ ਕੇ ਬਹਿ ਗਿਆ*

ਇਸ ਪੁਸਤਕ ਦਾ ਗੌਲਣਯੋਗ ਪਹਿਲੂ ਰਾਜਨੀਤਕ ਅਤੇ ਆਰਥਿਕ ਸਿਸਟਮ ਦੀ ਨੰਗੀ ਹਕੀਕਤ ਵੀ ਹੈ। ਇਸ ਅੰਦਰੋਂ ਮੰਡੀਕਰਨ ਦੀਆਂ ਠੰਢੀਆਂ ਹਵਾਵਾਂ ਵਿਚ ਆਮ ਮਨੁੱਖ ਦੀਆਂ ਕੰਬਦੀਆਂ ਹੱਡੀਆਂ ਦੀ ਰੜਕ ਸੁਣਦੀ ਹੈ। ਅੱਜ ਦਾ ਲੋਕਤੰਤਰ ਇਕ ਅਜਿਹਾ ਬਾਜ਼ਾਰ ਬਣ ਗਿਆ ਹੈ ਜਿਸ ਵਿਚ ਮਨੁੱਖੀ ਮੁੱਲਾਂ ਦੀ ਕੀਮਤ ਹਰ ਰੋਜ਼ ਘਟਦੀ ਹੈ ਅਤੇ ਨੋਟਾਂ ਦੀ ਖਣਕ ਵਧਦੀ ਹੈ। ਇਸ ਵਿਚਲੇ ਕਾਵਿ ਸ਼ਬਦ ਲੋਕਾਈ ਦੀ ਮੌਨ-ਚੀਖ ਹਨ—ਉਹ ਚੀਖ ਜੋ ਦਿਲਾਂ ਵਿਚ ਬੰਦ ਰਹਿ ਜਾਂਦੀ ਹੈ ਪਰ ਕਵਿਤਾ ਦੀ ਸਰਦਲ ’ਚੋਂ ਚਿੰਘਾੜਦੀ ਹੈ:

*ਲੁੱਟ ਮਚਾਉਂਦੇ, ਅੱਗਾਂ ਲਾਉਂਦੇ, ਲੁੱਟ ਰਹੇ ਮੌਜਾਂ*
*ਮਨਾ ਰਹੇ ਜਸ਼ਨ / ਮੁਫ਼ਤ ’ਚ ਮਿਲੀ ਆਜ਼ਾਦੀ ਦਾ*
*ਲੋਕਤੰਤਰ ਦੀਆਂ ਕੁਰਸੀਆਂ ’ਤੇ ਬੈਠੇ*
*ਵਿਸ਼ਵ ਗੁਰੂਆਂ ਦਾ ਹੈ ਜੀਹਨਾਂ ਨੂੰ ਥਾਪੜਾ*

ਧਰਮ ਅਤੇ ਕਰਮ-ਕਾਂਡਾਂ ਦੀ ਕਪਟਤਾ ’ਤੇ ਵੀ ਕਵੀ ਸਪਸ਼ਟ ਅਤੇ ਬੇਧੜਕ ਰੁਖ ਅਖ਼ਤਿਆਰ ਕਰਦਾ ਹੈ। ਉਹ ਬੜੀ ਬੇਬਾਕੀ ਨਾਲ ਆਖਦਾ ਹੈ ਕਿ ਝੂਠੇ ਪਾਖੰਡੀ ਰਸਮੋ-ਰਿਵਾਜਾਂ ਅਤੇ ਮਨੁੱਖੀ ਮਨ ਵਿਚ ਡਰ ਪੈਦਾ ਕਰਨ ਵਾਲੇ ਹੋਰ ਤਰੀਕਿਆਂ ਨੇ ਧਰਮ ਦੀ ਅਸਲ ਰੂਹ ਨੂੰ ਕਈ ਪਰਤਾਂ ਹੇਠਾਂ ਦੱਬ ਦਿੱਤਾ ਹੈ। ਹੱਥਲੀ ਪੁਸਤਕ ਵਿਚਲੀ ਕਵਿਤਾ ਇਹ ਸਪਸ਼ਟ ਕਹਿੰਦੀ ਹੈ ਕਿ ਸੱਚਾ ਧਰਮ ਮਨੁੱਖਤਾ ਦੀ ਸੇਵਾ ਵਿੱਚ ਹੈ, ਨਾ ਕਿ ਰਸਮਾਂ ਦੀ ਮੰਡਲੀ ਵਿਚ:

*ਮਨਾ ਉੱਥੇ ਦੀਵੇ ਨਹੀਂ/ ਉੱਥੇ ਤਾਂ ਬਲਦੇ ਨੇ/ ਮਨੁੱਖਤਾ ਦੇ ਸਿਵੇ*
*ਜਿਹਨਾਂ ਉੱਪਰ/ਵਿਕਾਸ ਦੇ ਨਾਂ ’ਤੇ ਵਿਉਪਾਰੀ/ਸੇਕਦੇ ਨੇ ਸਿਆਸੀ ਰੋਟੀਆਂ*
*ਰਿੰਨ੍ਹਦੇ ਰਹੇ ਧਰਮ ਦੇ ਪਤੀਲੇ ’ਚ/ਰਾਮ-ਰਾਜ ਦੀਆਂ ਬੋਟੀਆਂ*

ਹੱਥਲੀ ਪੁਸਤਕ ਔਰਤ ਦੀ ਪੀੜ, ਉਸ ਦੇ ਦੁੱਖ ਅਤੇ ਸਮਾਜ ਦੇ ਸ਼ੋਸ਼ਣ ’ਤੇ ਵੀ ਉਂਗਲ ਧਰਦੀ ਹੈ। ਕਵੀ ਇਸ ਸਮਾਜਕ ਮੰਜ਼ਰ ਦੀ ਬੇਰਹਿਮੀ ਨੂੰ ਉਘਾੜਦਾ ਹੈ ਕਿ ਕਿਵੇਂ ਪੁਰਾਤਨ ਸਮਿਆਂ ਤੋਂ ਲੈ ਕੇ ਆਧੁਨਿਕ ਖਪਤਕਾਰੀ ਯੁੱਗ ਤਕ ਔਰਤ ਨੂੰ ਹਮੇਸ਼ਾ ਮੰਡੀ ਦੀ ਵਸਤੂ ਬਣਾਇਆ ਗਿਆ ਹੈ। ਐਪਰ ਇਹ ਕਵਿਤਾ ਇਹ ਐਲਾਨ ਕਰਦੀ ਹੈ ਕਿ ਔਰਤ ਉਹ ਤਾਕਤ ਹੈ, ਜੋ ਸਮੇਂ-ਸਮੇਂ ’ਤੇ ਚੋਟਾਂ ਲੱਗਣ ਦੇ ਬਾਵਜੂਦ ਟੁੱਟੀ ਨਹੀਂ ਸਗੋਂ ਵਧੇਰੇ ਗਹਿਰੀ ਹੋਈ ਹੈ:

‘ਤੇਰੇ ਕਰਕੇ’ ਕਾਵਿ-ਸੰਗ੍ਰਹਿ ਪੰਜਾਬੀ ਲੋਕਧਾਰਾ, ਲੋਕ-ਸੱਭਿਆਚਾਰ ਅਤੇ ਮਿੱਟੀ ਦੀ ਮਹਿਕ ਨਾਲ ਭਰਪੂਰ ਹੈ। ਕਵਿਤਾ ਵਿਚਲੇ ਰੂਪਕ, ਬਿੰਬ ਅਤੇ ਪ੍ਰਤੀਕ ਝਾਂਜਰ, ਰੇਤ, ਮਾਰੂਥਲ, ਜੋਗ, ਝੱਖੜ, ਮੀਚੀ, ਘੁੰਗਰੂ, ਬੂੰਦਾਂ ਆਦਿ ਸਿੱਧੇ ਲੋਕ-ਜੀਵਨ ਤੋਂ ਲਏ ਹੋਏ ਹਨ। ਇਹ ਲੋਕਧਾਰਾਈ ਤੱਤ ਕਵਿਤਾ ਨੂੰ ਸੱਭਿਆਚਾਰਕ ਮਜ਼ਬੂਤੀ ਦਿੰਦੇ ਹਨ ਅਤੇ ਇਸ ਦੀ ਧਰਤੀ ਨਾਲ ਜੁੜੇ ਪਰਛਾਂਵੇਂ ਨੂੰ ਹੋਰ ਗੂੜ੍ਹਿਆਂ ਕਰਦੇ ਹਨ:

*ਲਕੀਰਾਂ ਦੇ / ਫ਼ਕੀਰਾਂ ਸੰਗ ਰਲ ਕੇ / ਮੀਲ-ਪੱਥਰਾਂ ਦੇ ਆਖੇ ਲੱਗ ਕੇ*
*ਪਿਆਸ ਕਿਵੇਂ ਪਹੁੰਚੇਗੀ ਅੜੀਏ! /ਆਪਣੇ ਖ਼ਿਆਲ ਦੇ ਗਰਾਂ*

ਅਜੀਤ ਪਿਆਸਾ ਦੀ ਕਵਿਤਾ ਸਮਕਾਲੀ ਮਨੁੱਖ ਦੀ ਤਬਾਹੀ, ਉਸ ਦੇ ਡਰ ਅਤੇ ਉਸ ਦੇ ਅੰਦਰਲੇ ਸੰਘਰਸ਼ ਨੂੰ ਦਰਸਾਉਂਦੀ ਹੈ, ਪਰ ਨਾਲ ਹੀ ਉਮੀਦ ਦਾ ਛੋਟਾ ਜਿਹਾ ਦੀਵਾ ਵੀ ਜਗਾਉਂਦੀ ਹੈ। ਬੁਰੇ ਸਮਿਆਂ ਦੇ ਟੇਢੇ-ਮੇਢੇ ਰਸਤੇ ਵਿਚਕਾਰ ਕਵੀ ਨੂੰ ਲੱਗਦਾ ਹੈ ਕਿ ਮਨੁੱਖੀ ਭਲਾਈ, ਨੇਕੀ, ਇਮਾਨਦਾਰੀ, ਸੱਚ ਅਤੇ ਪ੍ਰੇਮ ਅਜੇ ਵੀ ਬਚੇ ਹੋਏ ਹਨ ਅਤੇ ਇਹੀ ਰੌਸ਼ਨੀ ਕਿਸੇ ਵੀ ਹਨੇਰੇ ਨੂੰ ਦੂਰ ਕਰ ਸਕਦੀ ਹੈ:

*ਹੋ ਸਕਦੈ ਰੂਹ ਵਾਸਤੇ / ਰਜ਼ਾ ਇਸ਼ਕ ਦੀ*
*ਦਸਤਕ ਬਣ ਕੇ ਆਵੇ / ਨੈਣੀਂ ਸਪਨਾ ਪੈਰ ਧਰੇ*

ਕਵੀ ਦੀ ਭਾਸ਼ਾ ਬਹੁਤ ਸਰਲ ਸਪਸ਼ਟ ਹੈ ਅਤੇ ਇਸ ਵਿਚ ਸਮਾਈ ਭਾਵਨਾ ਅਤੇ ਵਿਚਾਰ ਗਹਿਰ-ਗੰਭੀਰ ਹਨ। ਉਹ ਰਵਾਇਤੀ ਕਾਵਿ-ਸ਼ੈਲੀ ਤੋਂ ਬਾਹਰ ਇਕ ਨਵੀਂ ਕਾਵਿ-ਭਾਸ਼ਾ ਘੜਦਾ ਹੈ, ਜੋ ਅਤੀਤ ਅਤੇ ਵਰਤਮਾਨ ਦੋਵਾਂ ਨੂੰ ਜੋੜ ਕੇ ਰੱਖਦੀ ਹੈ।

ਕੁੱਲ ਮਿਲਾ ਕੇ 'ਤੇਰੇ ਕਰਕੇ' ਇਕ ਬਹੁ-ਪੱਖੀ ਕਾਵਿ-ਸੰਗ੍ਰਹਿ ਹੈ ਜੋ ਮਨੁੱਖੀ ਅਨੁਭਵਾਂ ਦੀ ਡੂੰਘਾਈ, ਸਮਾਜਕ ਹਕੀਕਤਾਂ ਦੀ ਤਿੱਖੀ ਪਰਖ, ਲੋਕਧਾਰਾ ਦੀ ਮਿੱਠੀ ਮਹਿਕ ਅਤੇ ਮਨੁੱਖਤਾ ਦੀ ਉਮੀਦ ਨੂੰ ਇੱਕਠਿਆਂ ਗੁੰਨ੍ਹ ਕੇ ਇਕ ਮਜ਼ਬੂਤ ਕਾਵਿ-ਰਚਨਾ ਪੇਸ਼ ਕਰਦਾ ਹੈ। ਇਹ ਕਵਿਤਾ ਨਿੱਜ ਤੋਂ ਸਮੂਹ ਤਕ, ਮੋਹ ਤੋਂ ਸਮਾਜ ਤਕ ਅਤੇ ਚੋਟ ਤੋਂ ਚਾਨਣ ਤਕ ਦੀ ਯਾਤਰਾ ਹੋ ਨਿਬੜਦੀ ਹੈ।

**-ਦਵਿੰਦਰ ਸਿੰਘ ਬੋਹਾ**

## ਰਾਵੀ ਤੋਂ ਘੱਗਰ ਵਾਇਆ ਸਤਲੁਜ (ਨਾਵਲ) ਧਰਮ ਸਿੰਘ ਕੰਮੇਆਣਾ

ਧਰਮ ਸਿੰਘ ਕੰਮੇਆਣਾ ਪੰਜਾਬੀ ਸਾਹਿਤ ਜਗਤ ਵਿਚ ਇਕ ਨਾਮਵਰ ਹਸਤਾਖਰ ਹੈ। ਕੰਮੇਆਣਾ ਦੇ ਲਿਖੇ ਹੋਏ ਗੀਤ ਪੰਜਾਬੀ ਦੇ ਨਾਮਵਾਰ ਗਾਇਕਾਂ ਦੁਆਰਾ ਗਾਏ ਗਏ ਹਨ। ਉਸ ਦੀ ਪਛਾਣ ਜਿੱਥੇ ਇਕ ਗੀਤਕਾਰ ਵਜੋਂ ਹੈ, ਉੱਥੇ ਹੀ ਸਾਹਿਤਕ ਹਲਕਿਆਂ ਵਿਚ ਉਹ ਕਵੀ ਵਜੋਂ ਵਿਚਰਦਾ ਹੈ। ਹੁਣ ਤਕ ਉਸ ਨੇ 14 ਕਾਵ ਸੰਗ੍ਰਹਿ, ਚਾਰ ਗੀਤ ਸੰਗ੍ਰਹਿ, ਇਕ ਕਾਵ ਨਾਟ ਤੋਂ ਇਲਾਵਾ ਵਾਰਤਕ ਦੇ ਕਈ ਰੂਪਾਂ ਵਿਚ ਅਨੇਕਾਂ ਪੁਸਤਕਾਂ ਪਾਠਕਾਂ ਦੀ ਝੋਲੀ ਪਾਈਆਂ ਹਨ। ਉਸ ਨੇ ਨਾਵਲ ਵੀ ਲਿਖੇ ਹਨ ਅਤੇ ਹੁਣ ਉਹ ਆਪਣਾ ਸੱਤਵਾਂ ਨਾਵਲ 'ਰਾਵੀ ਤੋਂ ਘੱਗਰ ਵਾਇਆ ਸਤਲੁਜ' (ਪੰਨੇ 368, ਕੀਮਤ 795 ਰੁਪਏ, ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ) ਲੈ ਕੇ ਹਾਜ਼ਰ ਹੋਇਆ ਹੈ। ਇਸ ਨਾਵਲ ਨੂੰ ਤਿੰਨ ਭਾਗਾਂ ਰਾਵੀ, ਸਤਲੁਜ ਅਤੇ ਘੱਗਰ ਵਿਚ ਵੰਡ ਕੇ ਪੇਸ਼ ਕੀਤਾ ਗਿਆ ਹੈ। ਨਾਵਲਕਾਰ ਆਪ ਇਹ ਗੱਲ ਪ੍ਰਵਾਨ ਕਰਦਾ ਹੈ ਕਿ "ਮੇਰਾ ਇਹ ਨਾਵਲ ਆਮ ਧਾਰਨਾ ਅਨੁਸਾਰ ਵੇਖੀਏ ਤਾਂ ਤਿੰਨ ਵੱਖੋ ਵੱਖ ਨਾਵਲਾਂ ਦਾ ਸੰਗ੍ਰਹਿ ਲੱਗਦਾ ਹੈ। ਪਰ ਇਸ ਵਿਚਲਾ ਅਦ੍ਰਿਸ਼ ਪਾਤਰ ਪੰਜਾਬ ... ਇਸ ਨੂੰ ਤਿੰਨ ਭਾਗਾਂ ਵਿਚ ਵੰਡਿਆ ਇਕੋ ਨਾਵਲ ਬਣਾਉਂਦਾ ਹੈ। " ਇਸ ਤਰ੍ਹਾਂ ਨਾਵਲਕਾਰ ਪਹਿਲੇ ਵਿਸ਼ਵ ਯੁੱਧ ਤੋਂ ਲੈ ਕੇ ਵੀਹਵੀਂ ਸਦੀ ਦੇ ਆਖਰੀ ਦਹਾਕੇ ਤਕ ਪੰਜਾਬ ਦੇ ਸਫਰ ਨੂੰ ਬਿਆਨ ਕਰਨ ਦਾ ਯਤਨ ਕਰਦਾ ਹੈ।

ਨਾਵਲ ਦੇ ਪਹਿਲੇ ਭਾਗ ਰਾਵੀ ਵਿਚ ਬੰਤਾ ਸਿੰਘ ਦੇ ਪਰਿਵਾਰ ਦੀ ਕਹਾਣੀ ਨੂੰ ਮੁੱਖ ਬਿਰਤਾਂਤ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਬੰਤਾ ਸਿੰਘ ਜੋ ਪਹਿਲੀ ਵਿਸ਼ਵ ਯੁੱਧ ਵਿਚ ਬਹਾਦਰੀ ਨਾਲ ਲੜਿਆ, ਇਨਾਮ ਵਜੋਂ ਬਾਰ ਦੇ ਇਲਾਕੇ ਵਿਚ ਜ਼ਮੀਨ ਪ੍ਰਾਪਤ ਕਰਦਾ ਹੈ। ਇਨਾਮ ਵਿਚ ਪ੍ਰਾਪਤ ਬਾਰ ਦੀ ਜੰਗਲੀ ਜਮੀਨ ਨੂੰ ਆਬਾਦ ਕਰਨ ਲਈ ਆਪਣੇ ਨੌਂ ਕੁ ਸਾਲ ਦੇ ਪੁੱਤਰ ਫੌਜਾ ਸਿੰਘ ਤੇ ਪਰਿਵਾਰ ਸਮੇਤ ਬਾਰ ਵਿਚ ਚਲਾ ਜਾਂਦਾ ਹੈ। ਫੌਜਾ ਸਿੰਘ ਤੇ ਉਸ ਦਾ ਜਾਂਗਲੀ ਦੋਸਤ ਰਮਜਾਨ ਆਪਣੀ ਮਿਹਨਤ ਸਦਕਾ ਬਾਰ ਦੀ ਜ਼ਮੀਨ ਨੂੰ ਅਬਾਦ ਕਰਦੇ ਹਨ। ਫੌਜਾ ਸਿੰਘ ਦਾ ਜਾਂਗਲੀ ਕੁੜੀ ਨਾਲ ਪਿਆਰ ਦਾ ਸੰਬੰਧ ਵੀ ਕਾਇਮ ਹੁੰਦਾ ਹੈ ਜੋ ਧਾਰਮਿਕ ਤੇ ਸਮਾਜਕ ਵਖਰੇਵਿਆਂ ਕਾਰਨ ਪੂਰ ਨਹੀਂ ਚੜ੍ਹਦਾ।ਇਸ ਭਾਗ ਵਿਚ ਨਾਵਲਕਾਰ ਨੇ ਬਾਰ ਦੇ ਇਲਾਕੇ ਵਿਚ ਅੰਗਰੇਜ਼ ਸਰਕਾਰ ਅਧੀਨ ਆਏ ਸਮਾਜ ਸੱਭਿਆਚਾਰਕ ਅਤੇ ਆਰਥਿਕ ਪਰਿਵਰਤਨ ਨੂੰ ਪੇਸ਼ ਕੀਤਾ ਹੈ। ਇਸ ਭਾਗ ਵਿਚ ਅੰਗਰੇਜ਼ਾਂ ਦੇ ਉਦਮਾਂ ਅਤੇ ਪੰਜਾਬੀਆਂ ਦੀ ਮਿਹਨਤ ਨੂੰ ਰੂਪਮਾਨ ਕੀਤਾ ਗਿਆ ਹੈ। ਪਰ 1947 ਦੀ ਵੰਡ ਤੋਂ ਬਾਅਦ ਆਈ ਤਬਦੀਲੀ ਕਾਰਨ ਪੰਜਾਬ ਉਜਾੜੇ ਦੀ ਖੱਡ ਵਿਚ ਜਾ ਡਿੱਗਦਾ ਹੈ।

1947 ਤੋਂ ਬਾਅਦ ਫੌਜਾ ਸਿੰਘ ਪਟਿਆਲੇ ਅਲਾਟ ਹੋਈ ਜ਼ਮੀਨ ਵਿਚ ਆਪਣੇ ਆਪ ਨੂੰ ਸਥਾਪਤ ਕਰਨ ਵਿਚ ਕਾਮਯਾਬ ਹੁੰਦਾ ਹੈ। ਆਪਣੀ ਦੂਰ ਅੰਦੇਸ਼ੀ ਅਤੇ ਖੇਤੀ ਵਿਚ ਨਿਵੇਕਲੀ

ਪਹੁੰਚ ਕਾਰਨ ਉਹ ਜਲਦੀ ਹੀ ਸਰਦੇ ਪੁੱਜਦੇ ਸਰਦਾਰ ਦੀ ਹਸਤੀ ਪ੍ਰਾਪਤ ਕਰ ਲੈਂਦਾ ਹੈ। ਹਰੀ ਕ੍ਰਾਂਤੀ ਦੇ ਪ੍ਰਭਾਵ ਸਦਕਾ ਮਜ਼ਦੂਰਾਂ ਲਈ ਪੈਦਾ ਹੋਈ ਸਪੇਸ ਨੂੰ ਭਰਨ ਵਾਸਤੇ ਯੂਪੀ ਬਿਹਾਰ ਤੋਂ ਪ੍ਰਵਾਸੀ ਪੰਜਾਬ ਵੱਲ ਸਫਰ ਕਰਦੇ ਹਨ। ਇਸੇ ਪ੍ਰਵਾਸ ਦੌਰਾਨ ਰਾਮਪਾਲ, ਫੌਜਾ ਸਿੰਘ ਕੋਲ਼ ਆਉਂਦਾ ਹੈ ਅਤੇ ਉਸਦੀ ਖੇਤੀ ਵਿਚ ਹੰਦਾ ਲਵਾਉਂਦਾ ਹੈ। ਕੁਝ ਸਮੇਂ ਬਾਅਦ ਰਾਮਪਾਲ ਆਪਣੀ ਪਤਨੀ ਸਵਿਤਾ ਨੂੰ ਵੀ ਪੰਜਾਬ ਬੁਲਾ ਲੈਂਦਾ ਹੈ। ਫੌਜਾ ਸਿੰਘ ਦੀ ਪਤਨੀ ਦੇ ਮਰਨ ਬਾਅਦ ਉਸਦੇ ਸਵਿਤਾ ਨਾਲ ਨਾਜਾਇਜ਼ ਸੰਬੰਧ ਬਣਦੇ ਹਨ, ਜਿਨ੍ਹਾਂ 'ਚੋਂ ਸਵਿਤਾ ਦੇ ਮੁੰਡਾ ਪੈਦਾ ਹੁੰਦਾ ਹੈ। ਸਵਿਤਾ ਆਪਣੇ ਇਸ ਮੁੰਡੇ ਲਈ ਫੌਜਾ ਸਿੰਘ ਤੋਂ ਕੁਝ ਜ਼ਮੀਨ ਲੈਣ ਵਿਚ ਵੀ ਕਾਮਯਾਬ ਹੋ ਜਾਂਦੀ ਹੈ। ਇਸੇ ਭਾਗ ਵਿਚ ਹਰੀ ਸਿੰਘ ਪੂਨੀਆਂ ਦੇ ਪਰਿਵਾਰ ਦਾ ਬਿਰਤਾਂਤ ਵੀ ਸਿਰਜਿਆ ਗਿਆ ਹੈ ਜਿਸ ਵਿਚ ਹਰੀ ਸਿੰਘ ਦਾ ਪੁੱਤਰ ਬਾਗ ਸਿੰਘ ਆਪਣੀ ਕਬੀਲਦਾਰੀ ਨੂੰ ਅਗਾਂਹ ਵਧੂ ਪਹੁੰਚ ਸਹਿਤ ਸਮੇਟਦਾ ਹੈ। ਬਾਗ ਸਿੰਘ ਦਾ ਫੌਜੀ ਪੁੱਤਰ ਗੁਰਿੰਦਰ ਪਾਕਿਸਤਾਨ ਦੀ ਲੜਾਈ ਵਿਚ ਸ਼ਹੀਦ ਹੋ ਜਾਂਦਾ ਹੈ ਅਤੇ ਉਸਦੀ ਵਿਧਵਾ ਨੂੰ ਛੋਟੇ ਭਰਾ ਮਹਿੰਦਰ ਦੇ ਸਿਰ ਧਰ ਦਿੱਤਾ ਜਾਂਦਾ ਹੈ । ਬਾਗ ਸਿੰਘ ਦੀ ਅਧਿਆਪਕ ਬੇਟੀ ਰਾਜੀ ਪਰਿਵਾਰਕ ਸਹਿਮਤੀ ਨਾਲ ਫੌਜਾ ਸਿੰਘ ਦੇ ਪੁੱਤਰ ਰਵਨੀਤ ਨਾਲ ਵਿਆਹ ਕਰਵਾ ਲੈਂਦੀ ਹੈ। ਇਸ ਤਰ੍ਹਾਂ ਸਮਾਂ ਆਪਣੇ ਤੌਰ ਤੁਰਦਾ ਜਾਂਦਾ ਹੈ।

ਨਾਵਲ ਦੇ ਦੂਜੇ ਭਾਗ ਨੂੰ ਸਤਲੁਜ ਦਾ ਸਿਰਲੇਖ ਦਿੱਤਾ ਗਿਆ ਹੈ। ਇਸ ਵਿਚ ਪੰਜਾਬ ਦੇ ਸਤਲੁਜ ਤੋਂ ਘੱਗਰ ਦੇ ਦਰਮਿਆਨ ਦੇ ਇਲਾਕੇ ਦੀ ਬਾਤ ਛੂਹੀ ਗਈ ਹੈ। ਇਸ ਭਾਗ ਵਿਚ ਨਾਗਰ ਸਿੰਘ ਦੇ ਪਰਿਵਾਰ ਨੂੰ ਪੰਜਾਬ ਦੇ ਮੱਧ ਵਰਗੀ ਕਿਸਾਨ ਦੇ ਸਮਵਿੱਥ ਰੱਖ ਕੇ ਪੇਸ਼ ਕੀਤਾ ਗਿਆ ਹੈ। ਨਾਗਰ ਦੇ ਦੋ ਪੁੱਤਰ ਜਗਮੀਤ ਤੇ ਚੜ੍ਹਤ ਸਿੰਘ ਹਨ। ਜਗਮੀਤ ਆਪਣੀ ਪੜ੍ਹਾਈ ਦੇ ਬਲਬੂਤੇ ਸਰੀਰਕ ਸਿੱਖਿਆ ਦਾ ਪ੍ਰੋਫੈਸਰ ਬਣਨ ਤਕ ਦਾ ਸਫਰ ਤੈਅ ਕਰਦਾ ਹੈ। ਦੂਜਾ ਮੁੰਡਾ ਚੜ੍ਹਤ ਪੜਾਈ ਨੂੰ ਅੱਧ ਵਿਚਕਾਰ ਛੱਡ ਕੇ ਖੇਤੀਬਾੜੀ ਵਿਚ ਲੱਗ ਜਾਂਦਾ ਹੈ। ਜਿੱਥੇ ਜਗਮੀਤ ਨੌਕਰੀ ਕਾਰਨ ਆਪਣਾ ਜੀਵਨ ਸੁਖਾਲਾ ਬਤੀਤ ਕਰਦਾ ਹੈ ਉਥੇ ਹੀ ਚੜ੍ਹਤ ਸਿੰਘ ਕਿਸਾਨੀ ਕਰਜ਼ੇ ਦੀ ਦਲਦਲ ਵਿਚ ਫਸ ਜਾਂਦਾ ਹੈ। ਦਰਅਸਲ ਮੱਧ ਵਰਗੀ ਤੇ ਨਿਮਨ ਕਿਸਾਨੀ ਨੂੰ ਹਰੀ ਕ੍ਰਾਂਤੀ ਨੇ ਜ਼ਿਆਦਾ ਪ੍ਰਭਾਵਤ ਕੀਤਾ ਕਿਉਂਕਿ ਜਿਨ੍ਹਾਂ ਨੇ ਹਰੀ ਕ੍ਰਾਂਤੀ ਰਾਹੀਂ ਆਈ ਉਪਜ ਤੇ ਮਸ਼ੀਨੀਕਰਨ ਨੂੰ ਸਹੀ ਤਰੀਕੇ ਨਾਲ ਅਪਣਾ ਲਿਆ ਉਹ ਧਨੀ ਕਿਸਾਨੀ ਵਿਚ ਤਬਦੀਲ ਹੋ ਗਏ। ਪਰ ਜਿਨ੍ਹਾਂ ਕਿਸਾਨਾਂ ਨੇ ਇਸ ਤਬਦੀਲੀ ਨੂੰ ਸਹਿਜ ਰੂਪ ਵਿਚ ਨਹੀਂ ਲਿਆ ਉਹ ਕਰਜ਼ੇ ਦੀ ਦਲਦਲ ਵਿਚ ਫਸ ਗਏ। ਇਸ ਦੇ ਸਮਵਿੱਥ ਦੂਜਾ ਉਪ ਬਿਰਤਾਂਤ ਤੇਜੂ ਨਾਲ ਸੰਬੰਧਤ ਹੈ ਜੋ ਨਿਮਨ ਕਿਸਾਨੀ ਕਾਰਨ ਨਾ ਤਾਂ ਮਸ਼ੀਨਰੀ ਖਰੀਦ ਕੇ ਕਿਸਾਨੀ ਨੂੰ ਲਾਹੇਬੰਦ ਧੰਦਾ ਬਣਾ ਸਕਦਾ ਹੈ ਅਤੇ ਨਾ ਹੀ ਕਿਸੇ ਸਹਾਇਕ ਧੰਦੇ ਨੂੰ ਅਪਣਾ ਸਕਦਾ ਹੈ। ਇਸੇ ਕਰਕੇ ਤੇਜੂ ਆਪਣੇ ਜ਼ਮੀਨ ਵੇਚ ਕੇ ਟਰੱਕ ਖਰੀਦ ਲੈਂਦਾ ਹੈ ਅਤੇ ਅਖੀਰ ਤਕ ਟਰੱਕ ਡਰਾਈਵਰਾਂ ਦੇ ਜੀਵਨ ਦੀਆਂ ਸਮੱਸਿਆਵਾਂ ਨਾਲ ਜੂਝਦਾ ਹੋਇਆ ਐਚ ਆਈ ਵੀ ਏਡਸ ਵਰਗੀਆਂ ਬਿਮਾਰੀਆਂ ਸਹੇੜ ਲੈਂਦਾ ਹੈ।

ਨਾਵਲ ਦਾ ਤੀਜਾ ਭਾਗ ਘੱਗਰ ਸਿਰਲੇਖ ਹੇਠ ਦਰਜ ਹੈ ਜਿਸ ਵਿਚ ਜਗੀਰ ਵਪਾਰੀ, ਰੁਲ਼ੀਆ ਮਿਸਤਰੀ, ਮੱਢਾ ਨਾਈ, ਬਲਵਾਨ ਭਾਊ, ਪਿਪਲੀ ਦਲਿਤ, ਝੰਡਾ ਸਿੰਘ ਲੱਕੜਚੱਬ, ਡੂੰਗਰ ਲੁਹਾਰ, ਫੁੰਮਣ ਬਲੈਕੀਆ ਆਦਿ ਪਾਤਰਾਂ ਦੇ ਉਪ ਬਿਰਤਾਂਤ ਪੇਸ਼ ਕੀਤੇ ਗਏ ਹਨ। ਬਲਵਾਨ ਭਾਊ ਆਪਣੇ ਭਰਾ ਦੇ ਨਾਜਾਇਜ਼ ਸੰਬੰਧਾਂ ਕਾਰਨ ਮਾਰੇ ਜਾਣ ਉਪਰੰਤ ਪਿੰਡ ਵਿਚ ਪਈ ਦੁਸ਼ਮਣੀ ਕਰਕੇ ਮਾਝੇ ਤੋਂ ਮਾਲਵੇ ਵਿਚ ਆ ਕੇ ਵਸ ਜਾਂਦਾ ਹੈ ਅਤੇ ਅਖੀਰ ਪੰਜਾਬ ਸੰਕਟ ਦੌਰਾਨ ਆਪਣਾ ਪਰਿਵਾਰਕ ਤੇ ਸਮਾਜਕ ਮਾਣ ਗਵਾ ਕੇ ਦਿਮਾਗ਼ੀ ਸੰਤੁਲਨ ਗਵਾ ਬੈਠਦਾ ਹੈ। ਜਗੀਰ ਵਪਾਰੀ ਆਪਣੀ ਦੂਰ ਅੰਦੇਸ਼ੀ ਤੇ ਸਿਆਣਪ ਸਦਕਾ ਊਠਾਂ ਦੇ ਵਪਾਰ 'ਚੋਂ ਚੰਗੀ ਕਮਾਈ ਕਰਦਾ

ਹੈ ਅਤੇ ਪਰਿਵਾਰ ਦੀ ਆਰਥਿਕ ਸਥਿਤੀ ਨੂੰ ਬਿਹਤਰ ਬਣਾਉਂਦਾ ਹੈ। ਪਰ ਉਸ ਦਾ ਮੁੰਡਾ ਕੁਲਵੰਤ ਸਿੰਘ ਸੰਘਾ ਆਪਣੇ ਸਮਕਾਲ ਦੀ ਪ੍ਰਵਾਸ ਦੀ ਦੌੜ ਵਿਚ ਬਾਹਰ ਚਲਾ ਜਾਂਦਾ ਹੈ ਅਤੇ ਆਪਣੇ ਖਰੂਦੀ ਸੁਭਾਅ ਕਾਰਨ ਕੈਨੇਡਾ ਦੇ ਗੈਂਗਸਟਰਵਾਦ ਦਾ ਹਿੱਸਾ ਬਣ ਅਣਆਈ ਮੌਤ ਮਰ ਜਾਂਦਾ ਹੈ। ਦੂਜੇ ਪਾਸੇ ਕਿਰਤੀ ਜਮਾਤਾਂ ਦੇ ਪਾਤਰ ਰੁਲੀਆ ਮਿਸਤਰੀ ਤੇ ਪਿਪਲੀ ਵਰਗੇ ਹਨ ਜੋ ਆਪਣੀ ਮਿਹਨਤ ਤੇ ਲਗਨ ਸਦਕਾ ਚੰਗੀ ਜ਼ਿੰਦਗੀ ਬਤੀਤ ਕਰਦੇ ਹਨ।

ਇਸ ਭਾਗ ਵਿਚ ਦੁਰਗਾ ਤੇ ਹਰਮਨ ਦੇ ਅੰਤਰਜਾਤੀ ਵਿਆਹ ਦੇ ਸਿੱਟਿਆਂ ਨੂੰ ਵੀ ਪੇਸ਼ ਕੀਤਾ ਗਿਆ ਹੈ। ਦੂਜੇ ਪਾਸੇ ਕਿਰਤੀ ਰੁਲੀਆ ਦਾ ਪੁੱਤਰ ਗੁਰਮੇਲ ਵੀ ਅੰਤਰਜਾਤੀ ਵਿਆਹ ਮੀਰਾ ਬਿਹਾਰਨ ਨਾਲ ਕਰਵਾਉਂਦਾ ਹੈ। ਪਰ ਦੋਨਾਂ ਵਿਆਹਾਂ ਦੇ ਸਿੱਟੇ ਵੱਖੋ ਵੱਖਰੇ ਸਾਹਮਣੇ ਆਉਂਦੇ ਹਨ। ਅਸਲ ਵਿਚ ਪੰਜਾਬੀ ਹਉਮੈ ਅਤੇ ਅਣਖ ਆਪਣੀ ਧੀ ਭੈਣ ਨੂੰ ਅੰਤਰਜਾਤੀ ਵਿਆਹ ਕਰਵਾਉਣ ਦੀ ਆਗਿਆ ਕਿਸੇ ਕੀਮਤ ‘ਤੇ ਨਹੀਂ ਦਿੰਦੀ, ਜਦ ਕਿ ਮੁੰਡੇ ਅਕਸਰ ਹੀ ਬੇਜ਼ਮੀਨੇ ਜਾਂ ਘੱਟ ਜ਼ਮੀਨ ਵਾਲੇ ਹੋਣ ਕਾਰਨ ਅੰਤਰਜਾਤੀ ਵਿਆਹ ਕਰਵਾ ਲੈਂਦੇ ਹਨ ਤੇ ਸਮਾਜ ਉਹਨਾਂ ਨੂੰ ਪ੍ਰਵਾਨਗੀ ਵੀ ਦੇ ਦਿੰਦਾ ਹੈ। ਇਉਂ ਨਾਵਲ ਵਿਚ ਹਰਮਨ ਦਾ ਭਰਾ ਜਬਰ ਜੰਗ ਆਪਣੀ ਭੈਣ ਨੂੰ ਅੰਤਰਜਾਤੀ ਵਿਆਹ ਲਈ ਮਾਫ ਨਹੀਂ ਕਰਦਾ ਸਗੋਂ ਵਿਉਂਤਬੰਦੀ ਨਾਲ ਉਸਦੇ ਘਰ ਵਾਲੇ ਦੁਰਗਾ ਨੂੰ ਮਾਰ ਦਿੰਦਾ ਹੈ। ਦੂਜੇ ਪਾਸੇ ਰੁਲੀਆ ਮਿਸਤਰੀ ਆਪਣੇ ਮੁੰਡੇ ਗੁਰਮੇਲ ਦੇ ਮੀਰਾ ਨਾਲ ਵਿਆਹ ਕਰਨ ‘ਤੇ ਭਾਵੇਂ ਰਾਜ਼ੀ ਨਹੀਂ ਸੀ ਪਰ ਉਹਨਾਂ ਦੀ ਸੰਤਾਨ ਉਮੀਦ ਨੂੰ ਅਪਣਾ ਲੈਂਦਾ ਹੈ। ਇਸੇ ਭਾਗ ਵਿਚ ਪੰਜਾਬ ਸੰਕਟ ਦੇ ਸਮੇਂ ਨੂੰ ਵੀ ਪੇਸ਼ ਕੀਤਾ ਗਿਆ ਹੈ। ਗੁਰਮੇਲ ਤੇ ਮੀਰਾ ਮਾਰਕਸਵਾਦੀ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਹਨ ਅਤੇ ਆਪਣੀ ਵਿਚਾਰਧਾਰਾ ‘ਤੇ ਪਹਿਰਾ ਦਿੰਦੇ ਹੋਏ ਖਾੜਕੂਆਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣ ਜਾਂਦੇ ਹਨ। ਦੂਜੇ ਪਾਸੇ ਖਾੜਕੂਆਂ ਦੇ ਰੂਪ ਵਿਚ ਮਾਰੇ ਗਏ ਦੁਰਜਨ ਤੇ ਜਬਰ ਜੰਗ ਦੇ ਪਰਿਵਾਰਕ ਪਿਛੋਕੜ, ਵਿਅਕਤੀਗਤ ਵਿਹਾਰ ਤੇ ਪੁਲਿਸ ਨਾਲ ਮਿਲੀ ਭੁਗਤ ਤੋਂ ਖਾੜਕੂ ਲਹਿਰ ਦੇ ਆਮ ਲੁਕਾਈ ਤੋਂ ਟੁੱਟਣ ਦੇ ਕਾਰਨਾਂ ਦੀ ਨਿਸ਼ਾਨਦੇਹੀ ਹੁੰਦੀ ਹੈ।

ਨਾਵਲਕਾਰ ਨੇ ਪਹਿਲੇ ਵਿਸ਼ਵ ਯੁੱਧ ਤੋਂ ਲੈ ਕੇ ਪੰਜਾਬ ਸੰਕਟ ਤਕ ਦੇ ਸਮੇਂ ਨੂੰ ਨਾਵਲੀ ਕਥਾਨਕ ਵਿਚ ਸਮੇਟਿਆ ਹੈ। ਇਸ ਸਮੇਂ ਦੌਰਾਨ ਹੋਈਆਂ ਤਬਦੀਲੀਆਂ, ਵਾਪਰੀਆਂ ਘਟਨਾਵਾਂ ਤੇ ਚੱਲੀਆਂ ਲਹਿਰਾਂ ਨੂੰ ਵੀ ਨਾਵਲ ਵਿਚ ਪੇਸ਼ ਕੀਤਾ ਗਿਆ ਹੈ। ਨਾਵਲਕਾਰ ਦਾ ਵਿਸ਼ਾਲ ਅਨੁਭਵ ਨਾਵਲੀ ਬਿਰਤਾਂਤ ਦੀ ਪੇਸ਼ਕਾਰੀ ਦੌਰਾਨ ਸਾਫ ਝਲਕਦਾ ਹੈ। ਨਾਵਲੀ ਕਥਾ ਦੀ ਤੋਰ ਤੇਜ਼ ਹੈ ਅਤੇ ਘਟਨਾਵਾਂ ਬਿਰਤਾਂਤ ਨੂੰ ਤਿੜਕਣ ਤੋਂ ਬਚਾਉਂਦੀਆਂ ਹਨ। ਹਾਲਾਂਕਿ ਕਿਤੇ ਕਿਤੇ ਨਾਵਲਕਾਰ ਦਾ ਸਿੱਧਾ ਦਖਲ ਬਿਰਤਾਂਤ ਨੂੰ ਜਾਣਕਾਰੀ ਭਰਪੂਰ ਬਣਾਉਂਦਾ ਹੈ ਪਰ ਨਾਲ ਹੀ ਬਿਰਤਾਂਤ ਨੂੰ ਪੇਤਲਾ ਵੀ ਬਣਾਉਂਦਾ ਹੈ। ਨਾਵਲੀ ਪਾਤਰਾਂ ਦੀ ਭਾਸ਼ਾ ਉਹਨਾਂ ਨੂੰ ਸੰਜੀਵ ਬਣਾਉਂਦੀ ਹੈ ਅਤੇ ਨਾਲ ਹੀ ਪਾਤਰ ਉਸਾਰੀ ਵਿਚ ਵੀ ਅਹਿਮ ਭੂਮਿਕਾ ਅਦਾ ਕਰਦੀ ਹੈ। ਪੰਜਾਬੀ ਨਾਵਲ ਦੇ ਪਾਠਕਾਂ ਨੂੰ ਕੰਮੇਆਣਾ ਦੇ ਇਸ ਨਾਵਲ ਦਾ ਸਵਾਗਤ ਕਰਨਾ ਚਾਹੀਦਾ ਹੈ। **–ਪਰਗਟ ਸਿੰਘ ਬਰਾੜ**

---

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਮਜੈਸਟਿਕ ਪ੍ਰਿੰਟਿੰਗ ਪ੍ਰੈੱਸ, ਬੇਅ ਸ਼ਾਪ 7, ਫੇਜ਼ 7, ਸਾਹਮਣੇ- ਚਾਵਲਾ ਨਰਸਿੰਗ ਹੋਮ, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਜਨਵਰੀ, 2026

---

## ਅਵਤਾਰ ਸਿੰਘ ਬਿਲਿੰਗ ਦਾ ਨਾਵਲ
## 'ਹੋਇਆ ਦੇਸ ਪਰਾਇਆ'




ਅਵਤਾਰ ਸਿੰਘ ਬਿਲਿੰਗ ਨੇ ਆਪਣੇ ਨਵੇਂ ਅਤੇ ਨੌਵੇਂ ਨਾਵਲ 'ਹੋਇਆ ਦੇਸ ਪਰਾਇਆ' ਵਿਚ ਇਕ ਵਾਰ ਫਿਰ ਪਰਦੇਸ ਦੀ ਕਥਾ ਛੋਹੀ ਹੈ। ਇਸ ਤੋਂ ਪਹਿਲਾਂ ਉਸ ਨੇ ਆਪਣੇ ਨਾਵਲ 'ਰਿਜ਼ਕ' (2019) ਵਿਚ ਪਰਵਾਸ ਦਾ ਘੇਰਾ ਵਗਲਿਆ ਸੀ। 'ਹੋਇਆ ਦੇਸ ਪਰਾਇਆ' ਇਕ ਤਰ੍ਹਾਂ ਨਾਲ 'ਰਿਜ਼ਕ' ਤੋਂ ਅਗਲੀ ਕਹਾਣੀ ਹੈ। ਇਸ ਵਿਚ ਪੰਜਾਬ ਦੀ ਕਿਸਾਨੀ ਦੇ ਸਮੁੱਚੇ ਹਾਲਾਤ ਭਰਪੂਰ ਰੂਪ ਵਿਚ ਬਿਆਨ ਹੋਏ ਹਨ ਜਿਨ੍ਹਾਂ ਪਰਵਾਸ ਦੇ ਦਰ-ਦਰਵਾਜ਼ੇ ਚੁਪੱਟ ਖੋਲ੍ਹ ਦਿੱਤੇ ਹਨ।

ਪੰਨੇ 312 ਸੁੰਦਰ ਦਿੱਖ ਮੁੱਲ 450 ਰੁਪਏ

**ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**

**SIRJANA** Literary Punjabi Quarterly Chandigarh
No. 219 ISSN 2455-1058 January-March 2026
Registered with the Registrar of Newspapers for India vide R.N. 10215/65

ਢਾਹਾਂ ਸਾਹਿਤ ਇਨਾਮ
THE DHAHAN PRIZE For Punjabi Literature
ڈھاہاں ساہت انعام

ਹਰ ਸਾਲ ਗੁਰਮੁਖੀ ਜਾਂ ਸ਼ਾਹਮੁਖੀ ਵਿਚ ਛਪੀ ਉਤਮ ਗਲਪ ਰਚਨਾ ਨੂੰ
ਪੰਜਾਬੀ ਸਾਹਿਤ ਲਈ ਸਭ ਤੋਂ ਵੱਡਾ ਕੌਮਾਂਤਰੀ ਸਨਮਾਨ

## ਢਾਹਾਂ ਇਨਾਮ

25 ਹਜ਼ਾਰ ਕੈਨੇਡੀਅਨ ਡਾਲਰ ਦਾ ਪਹਿਲਾ
ਅਤੇ ਦਸ ਦਸ ਹਜ਼ਾਰ ਦੇ ਦੂਜੇ ਸਥਾਨ ਦੇ ਦੋ ਹੋਰ ਇਨਾਮ

**ਨਾਮਜ਼ਦਗੀਆਂ ਭਰਨ ਦੀ ਆਖਰੀ ਤਾਰੀਖ਼:**
**31 ਜਨਵਰੀ 2026**

ਲੇਖਕ ਖੁਦ, ਉਸ ਦੀ ਤਰਫੋਂ ਪ੍ਰਕਾਸ਼ਕ ਜਾਂ ਕੋਈ ਵੀ ਹੋਰ ਵਿਅਕਤੀ
ਸਾਲ 2025 ਵਿਚ ਛਪੇ ਨਾਵਲ ਜਾਂ ਕਹਾਣੀ ਸੰਗ੍ਰਹਿ ਦੀ ਨਾਮਜ਼ਦਗੀ
ਢਾਹਾਂ ਇਨਾਮ ਦੀ ਵੈਬਸਾਈਟ ਉੱਤੇ Submissions ਵਿਚ
ਉਪਲੱਬਦ ਫਾਰਮ ਰਾਹੀਂ ਭਰ ਸਕਦਾ ਹੈ।

ਨਾਮਜ਼ਦਗੀ ਭਰਨ ਲਈ ਪੁਸਤਕ ਦੀਆਂ ਤਿੰਨ ਕਾਪੀਆਂ
ਹੇਠਾਂ ਲਿਖੇ ਐਡਰੈੱਸ ਉਪਰ ਭੇਜਣੀਆਂ ਜ਼ਰੂਰੀ ਹਨ:

The Dhahan Prize, # 1058-2560 Shell Road
Richmond, BC V6X 0B8 Canada

ਇਸ ਦੇ ਨਾਲ ਟਾਈਟਲ ਤੇ ਬੈਕ ਕਵਰ ਸਮੇਤ ਕਿਤਾਬ ਦੀ PDF
ਅਤੇ ਲੇਖਕ ਦੀ ਫੋਟੋ

subimsisons@dhahanpirze.com

ਦੇ ਪਤੇ ਉੱਤੇ ਭੇਜੀਆਂ ਜਾਣ।

ਹੋਰ ਜਾਣਕਾਰੀ ਲਈ ਇਸੇ ਪਤੇ ਉਤੇ ਈ-ਮੇਲ
ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।